*Published in Punjabi & English*

**Distributed in Toronto, Calgary, Vancouver, Winnipeg and Online Worldwide.**

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 15, ਅੰਕ-9, ਸਤੰਬਰ 2025 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਇਜ਼ਰਾਇਲ ਦਾ ਕਰੂਰ ਚਿਹਰਾ-'ਗਾਜ਼ਾ ਸਿਟੀ ਯੋਜਨਾ'

ਇਜ਼ਰਾਇਲ ਦੀ ਸੁਰੱਖਿਆ ਕੈਬਨਿਟ ਵੱਲੋਂ 8 ਅਗਸਤ ਨੂੰ ਮਨਜ਼ੂਰ ਕੀਤੀ ਗਈ 'ਗਾਜ਼ਾ ਸਿਟੀ ਯੋਜਨਾ' ਗਾਜ਼ਾ ਦੀ ਹੋਂਦ ਨੂੰ ਪੂਰੀ ਤਰ੍ਹਾਂ ਮਿਟਾ ਦੇਣ ਦਾ ਐਲਾਨ ਹੈ। ਇਜ਼ਰਾਇਲੀ ਹਾਕਮਾਂ ਨੇ ਐਲਾਨ ਕੀਤਾ ਹੈ ਕਿ ਸੰਘਣੀ ਫ਼ਲਸਤੀਨੀਂ ਆਬਾਦੀ ਵਾਲੇ ਇਲਾਕੇ ਗਾਜ਼ਾ ਸਿਟੀ ਦੇ ਦਸ ਲੱਖ ਦੇ ਕਰੀਬ ਲੋਕਾਂ ਨੂੰ ਫ਼ੌਜੀ ਤਾਕਤ ਨਾਲ ਉਜਾੜਕੇ ਦੱਖਣ ਵੱਲ ਧੱਕ ਦਿੱਤਾ ਜਾਵੇਗਾ, ਸਾਰੇ ਮਕਾਨ ਢਾਹ ਦਿੱਤੇ ਜਾਣਗੇ ਤੇ ਹਮਾਸ ਦੇ 'ਆਖ਼ਰੀ ਗੜ੍ਹ' ਉੱਪਰ ਮੁਕੰਮਲ ਕਬਜ਼ਾ ਕਰ ਲਿਆ ਜਾਵੇਗਾ। ਸਤੰਬਰ ਦੇ ਸ਼ੁਰੂ 'ਚ 60000 ਰਿਜ਼ਰਵ ਫ਼ੌਜ ਨੂੰ ਇਸ ਹਮਲੇ ਲਈ ਤਾਇਨਾਤ ਕੀਤੇ ਜਾਣ ਦੀ ਤਜਵੀਜ਼ ਹੈ। ਬਸ ਨੇਤਨਯਾਹੂ ਵੱਲੋਂ ਅੰਤਮ ਮਨਜ਼ੂਰੀ ਦਿੱਤੀ ਜਾਣੀ ਬਾਕੀ ਹੈ।

ਇਜ਼ਰਾਇਲੀ ਫ਼ੌਜ ਨੇ ਇਸ ਵਿਆਪਕ ਵਿਨਾਸ਼ਕਾਰੀ ਯੋਜਨਾ ਦੇ ਮੁੱਢਲੇ ਪੜਾਅ ਵਜੋਂ ਹਮਲੇ ਪਹਿਲਾਂ ਹੀ ਤੇਜ਼ ਕਰ ਦਿੱਤੇ ਹਨ। ਇਜ਼ਰਾਇਲੀ ਟੈਂਕ ਗਾਜ਼ਾ ਸ਼ਹਿਰ ਦੇ ਹੋਰ ਨੇੜੇ ਪਹੁੰਚ ਗਏ ਹਨ। ਫ਼ੌਜ ਦਾ ਕਹਿਣਾ ਹੈ ਕਿ ਗਾਜ਼ਾ ਦੇ ਇਲਾਕੇ ਨੂੰ ਖਾਲੀ ਕਰਾਉਣਾ 'ਅਟੱਲ' ਹੈ। ਇਜ਼ਰਾਇਲ ਦਾ ਵਿੱਤ ਮੰਤਰੀ ਤੇ ਰੱਖਿਆ ਮੰਤਰੀ ਫ਼ੌਜ ਨੂੰ ਗਾਜ਼ਾ ਵਾਸੀਆਂ ਨੂੰ ਸਖ਼ਤ ਘੇਰੇ ਵਿਚ ਰੱਖਕੇ ਭੁੱਖੇ-ਤਿਹਾਏ ਮਾਰਨ ਦੇ ਆਦੇਸ਼ ਦੇ ਰਹੇ ਹਨ ਅਤੇ ਆਕੀ ਫ਼ਲਸਤੀਨੀਆਂ ਲਈ ਛੇਤੀਂ ਹੀ 'ਨਰਕ ਦੇ ਦਰਵਾਜ਼ੇ ਖੋਲ੍ਹਣ' ਤੇ ਗਾਜ਼ਾ ਸਿਟੀ ਨੂੰ ਵੀ ਪੂਰੀ ਤਰ੍ਹਾਂ ਥੇਹ ਕਰ ਦੇਣ ਦੇ ਐਲਾਨ ਕਰ ਰਹੇ ਹਨ। ਖਾਣਾ ਲੈਣ ਲਈ ਜੁੜਦੇ ਭੁੱਖੇ-ਤਿਹਾਏ ਫ਼ਲਸਤੀਨੀਆਂ, ਮੈਡੀਕਲ ਸਟਾਫ਼ ਤੇ ਪੱਤਰਕਾਰਾਂ ਦੇ ਕਰੂਰ ਕਤਲੇਆਮ ਅਤੇ ਮਨੋਵਿਗਿਆਨਕ ਯੁੱਧ ਰਾਹੀਂ ਇਹ ਹਾਲਾਤ ਬਣਾਏ ਜਾ ਰਹੇ ਹਨ ਕਿ ਗਾਜ਼ਾ ਵਾਸੀ ਫ਼ੌਜ ਦੇ ਅੱਗੇ ਵਧਣ ਤੋਂ ਪਹਿਲਾਂ ਹੀ ਇਲਾਕਾ ਛੱਡ ਜਾਣ।



ਗਾਜ਼ਾ ਦੀ 90% ਆਬਾਦੀ ਪਹਿਲਾਂ ਹੀ ਉਜਾੜੀ ਜਾ ਚੁੱਕੀ ਹੈ। ਇਜ਼ਰਾਇਲੀ ਫੋਰਸਾਂ ਵੱਲੋਂ ਮਾਰੇ ਗਏ ਛੇ ਫ਼ਲਸਤੀਨੀਆਂ ਪਿੱਛੇ ਪੰਜ ਆਮ ਨਾਗਰਿਕ ਹਨ। ਗਾਜ਼ਾ ਪੱਟੀ ਦੇ ਜ਼ਿਆਦਾਤਰ ਹਿੱਸੇ ਪਹਿਲਾਂ ਹੀ ਥੇਹ ਬਣ ਚੁੱਕੇ ਹਨ ਅਤੇ ਹੁਣ ਇਜ਼ਰਾਇਲੀ ਹਕੂਮਤ ਬਾਕੀ ਬਚਦੀ ਵਸੋਂ ਦਾ ਨਾਮੋ-ਨਿਸ਼ਾਨ ਮਿਟਾ ਦੇਣਾ ਚਾਹੁੰਦੀ ਹੈ। ਤਾਬੜ-ਤੋੜ ਇਜ਼ਰਾਇਲੀ ਹਮਲਿਆਂ ਅਤੇ ਅਕਾਲ ਦੀ ਭਿਆਨਕ ਹਾਲਤ ਦਾ ਸਾਹਮਣਾ ਕਰ ਰਹੇ ਜ਼ਿਆਦਾਤਰ ਗਾਜ਼ਾ ਵਾਸੀ ਭੁੱਖਮਰੀ ਕਾਰਨ ਐਨੇ ਕਮਜ਼ੋਰ ਹੋ ਚੁੱਕੇ ਹਨ ਕਿ ਉਨ੍ਹਾਂ 'ਚ ਇਕ ਥਾਂ ਤੋਂ ਉੱਠ ਕੇ ਦੂਜੀ ਥਾਂ ਚਲੇ ਜਾਣ ਦੀ ਤਾਕਤ ਨਹੀਂ ਬਚੀ ਹੈ। ਸ਼ਰਨਾਰਥੀ ਕੈਂਪਾਂ ਦੀ ਹਾਲਤ ਪਹਿਲਾਂ ਹੀ ਰਹਿਣ ਦੇ ਯੋਗ ਨਹੀਂ ਹੈ ਅਤੇ ਹੋਰ ਉਜਾੜੇ ਨਾਲ ਪਰਲੋ ਵਰਗੀ ਹਾਲਤ ਬਣ ਜਾਵੇਗੀ।

ਸੰਯੁਕਤ ਰਾਸ਼ਟਰ ਦੀ ਮੱਦਦ ਨਾਲ ਕੰਮ ਕਰਨ ਵਾਲੀ ਸੰਸਥਾ ਆਈਪੀਸੀ ਵੱਲੋਂ ਵੀ ਗਾਜ਼ਾ ਵਿਚ ਅਕਾਲ ਪੈਣ ਦੀ ਚੇਤਾਵਨੀ ਦਿੱਤੇ ਜਾਣ ਨੇ ਇਸ ਹਕੀਕਤ ਦੀ ਪੁਸ਼ਟੀ ਕਰ ਦਿੱਤੀ ਹੈ ਕਿ ਭੁੱਖਮਰੀ ਨੂੰ ਜੰਗ ਦਾ ਹਥਿਆਰ ਬਣਾਕੇ ਵਰਤਿਆ ਜਾ ਰਿਹਾ ਹੈ। ਪੰਜ ਲੱਖ ਚੌਦਾਂ ਹਜ਼ਾਰ ਗਾਜ਼ਾ ਵਾਸੀ, ਭਾਵ ਗਾਜ਼ਾ ਦੀ ਵਸੋਂ ਦਾ ਚੌਥਾ ਹਿੱਸਾ, ਵਿਨਾਸ਼ਕਾਰੀ ਹਾਲਾਤ ਦਾ ਸਾਹਮਣਾ ਕਰ ਰਹੇ ਹਨ ਅਤੇ ਇਹ ਗਿਣਤੀ ਛੇਤੀ ਹੀ ਸਾਢੇ ਛੇ ਲੱਖ ਤੱਕ ਪਹੁੰਚ ਜਾਣ ਦਾ ਡਰ ਹੈ। ਇਹ ਹਾਲਾਤ ਟਰੰਪ-ਨੇਤਨਯਾਹੂ ਦੀ ਗਿਣੀ-ਮਿੱਥੀ ਨੀਤੀ ਦਾ ਸਿੱਧਾ ਨਤੀਜਾ ਹਨ ਅਤੇ ਜੰਗੀ ਜੁਰਮ ਹਨ। ਉਹ ਫ਼ਲਸਤੀਨੀ ਲੋਕਾਂ ਨੂੰ ਭੁੱਖੇ-ਤਿਹਾਏ ਰੱਖਕੇ ਤੇ ਜਿਸਮਾਨੀਂ ਤੌਰ 'ਤੇ ਨਿਤਾਣੇ ਬਣਾਕੇ ਵਿਰੋਧ ਦਾ ਮਨੋਬਲ ਤੋੜਨ ਅਤੇ ਬੱਚਿਆਂ ਨੂੰ ਭੁੱਖ ਤੇ ਕੁਪੋਸ਼ਣ ਨਾਲ ਮਾਰ ਕੇ ਅਗਲੀ ਪੀੜ੍ਹੀ ਨੂੰ ਖ਼ਤਮ ਕਰਨ 'ਤੇ ਤੁਲੇ ਹੋਏ ਹਨ।

"ਜੰਗ ਤੋਂ ਪਿੱਛੋਂ ਦੇ ਗਾਜ਼ਾ" ਲਈ ਯੋਜਨਾਵਾਂ ਬਾਰੇ ਵਿਚਾਰ ਕਰਨ ਲਈ ਬਰਤਾਨੀਆ ਦੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ ਅਤੇ ਡੋਨਲਡ ਟਰੰਪ ਦੀ ਹਾਲੀਆ ਮੀਟਿੰਗ ਤੋਂ ਸਪਸ਼ਟ ਹੈ ਕਿ ਸਾਮਰਾਜੀ ਹਾਕਮ ਗਾਜ਼ਾ ਬਾਰੇ ਆਪਣੀਆਂ ਧਾੜਵੀ ਯੋਜਨਾਵਾਂ ਨੂੰ ਅੰਜਾਮ ਦੇਣ ਲਈ ਤਾਹੂ ਹਨ। ਟਰੰਪ ਨੇ ਫਰਵਰੀ 'ਚ ਹੀ ਕਹਿ ਦਿੱਤਾ ਸੀ ਕਿ ਉਹ ਗਾਜ਼ਾ ਵਾਸੀਆਂ ਨੂੰ ਪੱਕੇ ਤੌਰ 'ਤੇ ਹੋਰ ਮੁਲਕਾਂ 'ਚ ਵਸਾਉਣ ਬਾਰੇ ਵਿਚਾਰ ਕਰ ਰਹੇ ਹਨ ਅਤੇ ਅਮਰੀਕਾ ਇਸ ਖੇਤਰ ਨੂੰ ਕਬਜ਼ੇ 'ਚ ਲੈ ਕੇ 'ਮੱਧਪੂਰਬ ਦਾ ਰਿਵੇਰਾ' ਬਣਾ ਦੇਵੇਗਾ। ਇਜ਼ਰਾਇਲ ਨੂੰ ਜੰਗੀ, ਵਿੱਤੀ ਅਤੇ ਨੈਤਿਕ ਮੱਦਦ ਦੇਣ ਵਾਲੇ ਸਾਮਰਾਜੀਏ ਤੇ ਭਾਜਪਾ ਵਰਗੀਆਂ ਹਕੂਮਤਾਂ ਗਾਜ਼ਾ ਨੂੰ ਤਬਾਹ ਕਰਨ 'ਚ ਆਪਣੀ ਭੂਮਿਕਾ ਨੂੰ ਲੁਕੋ ਨਹੀਂ ਸਕਦੀਆਂ। ਕੁਝ ਪੱਛਮੀ ਸਾਮਰਾਜੀ ਹਕੂਮਤਾਂ ਵੱਲੋਂ ਹੁਣ ਉਪਰੋਕਤ ਯੋਜਨਾ ਉੱਪਰ ਪ੍ਰਗਟਾਈ ਜਾ ਰਹੀ 'ਚਿੰਤਾ' ਢੌਂਗੀ ਹੈ। ਜੰਗ ਨੂੰ ਰੋਕਣ ਲਈ ਕੋਈ ਠੋਸ ਕਦਮ ਚੁੱਕਣ ਦੀ ਬਜਾਏ ਉਨ੍ਹਾਂ ਨੇ ਤਾਂ ਹਮੇਸ਼ਾ ਇਜ਼ਰਾਇਲੀ ਹਮਲੇ ਨੂੰ ਜਾਇਜ਼ ਹੀ ਠਹਿਰਾਇਆ ਹੈ।

ਇਜ਼ਰਾਇਲ ਦੇ ਅੰਦਰੋਂ ਵੀ ਉਪਰੋਕਤ ਯੋਜਨਾ ਦਾ ਵਿਰੋਧ ਹੋ ਰਿਹਾ ਹੈ। ਜਿਹੜੇ ਇਜ਼ਰਾਇਲੀ ਜ਼ਿਓਨਵਾਦੀ ਨਸਲਵਾਦ ਦੇ ਜ਼ਹਿਰੀਲੇ ਪ੍ਰਭਾਵ ਹੇਠ ਨੇਤਨਯਾਹੂ ਸਰਕਾਰ ਦੇ ਹਮਾਇਤੀ ਸਨ ਉਹ ਵੀ ਗਾਜ਼ਾ ਦੀ ਤਬਾਹੀ ਦੇ ਮੰਜ਼ਰ ਅਤੇ ਜੰਗ ਉੱਪਰ ਆਰਥਕ ਵਸੀਲਿਆਂ ਦੀ ਬਰਬਾਦੀ ਤੋਂ ਅੱਕ ਚੁੱਕੇ ਹਨ। ਪਿਛਲੇ ਦਿਨੀਂ ਇਜ਼ਰਾਇਲ ਦੇ 600 ਰਿਟਾਇਰਡ ਸੁਰੱਖਿਆ ਅਧਿਕਾਰੀਆਂ ਨੇ ਟਰੰਪ ਨੂੰ ਚਿੱਠੀ ਲਿਖਕੇ ਨੇਤਨਯਾਹੂ ਦੀ ਹਮਾਸ ਦੇ ਬਹਾਨੇ ਜੰਗ ਭੜਕਾਈ ਰੱਖਣ ਦੀ ਨੀਤੀ ਨਾਲ ਅਸਹਿਮਤੀ ਪ੍ਰਗਟਾਈ ਹੈ। ਹੋਰ ਇਜ਼ਰਾਇਲੀ ਲੋਕ ਵੀ ਵਿਰੋਧ ਕਰ ਰਹੇ ਹਨ। ਹਮਾਸ ਵੱਲੋਂ ਜੰਗਬੰਦੀ ਦੀਆਂ ਤਜਵੀਜ਼ਾਂ ਨੂੰ ਸਹਿਮਤੀ ਦੇਣ ਦੇ ਬਾਵਜੂਦ ਨੇਤਨਯਾਹੂ ਜੰਗ ਨੂੰ ਹੋਰ ਕਰੂਰ ਬਣਾਉਣ ਲਈ ਬਜ਼ਿੱਦ ਹੈ। ਅਮਰੀਕਾ ਅਤੇ ਹੋਰ ਪੱਛਮੀ ਸਾਮਰਾਜੀ ਤਾਕਤਾਂ ਦੀ ਸ਼ਹਿ ਤੇ ਮੱਦਦ ਨਾਲ ਇਜ਼ਰਾਇਲੀ ਹਕੂਮਤ ਵੱਲੋਂ ਜੰਗਬੰਦੀ ਦੀ ਹਰ ਤਜਵੀਜ਼ ਨੂੰ ਠੁਕਰਾਉਂਦੇ ਜਾਣਾ ਇਜ਼ਰਾਇਲੀ ਪਸਾਰਵਾਦੀ ਪ੍ਰੋਜੈਕਟ ਦਾ ਮੂੰਹ ਬੋਲਦਾ ਸਬੂਤ ਹੈ। ਸੁਰੱਖਿਆ ਕੈਬਨਿਟ ਵੱਲੋਂ ਪਾਸ ਕੀਤੀ 'ਗਾਜ਼ਾ ਸਿਟੀ ਯੋਜਨਾ' ਉਸੇ ਪ੍ਰੋਜੈਕਟ ਦਾ ਵਧੇਰੇ ਕਰੂਰ ਚਿਹਰਾ ਹੈ।

ਪੱਛਮੀ ਸਰਕਾਰਾਂ ਆਪਣੀ ਸਾਮਰਾਜੀ ਖ਼ਸਲਤ ਕਾਰਨ ਜੰਗ ਨੂੰ ਰੋਕਣ ਲਈ ਕੁਝ ਨਹੀਂ ਕਰਨਗੀਆਂ। ਦੁਨੀਆ ਦੇ ਇਨਸਾਫ਼ਪਸੰਦ ਲੋਕਾਂ ਨੂੰ ਆਪਣੀਆਂ ਸਰਕਾਰਾਂ ਉੱਪਰ ਗਾਜ਼ਾ ਦੀ ਨਸਲਕੁਸ਼ੀ ਵਿਰੁੱਧ ਸਟੈਂਡ ਲੈਣ ਲਈ ਦਬਾਅ ਵਧਾਉਣਾ ਚਾਹੀਦਾ ਹੈ। ਫ਼ਲਸਤੀਨੀ ਸਮਾਜ ਦੀ ਹੋਂਦ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਮਿਟਦੇ ਵੇਖਦੇ ਰਹਿਣ ਨੂੰ ਇਤਿਹਾਸ ਮਾਫ਼ ਨਹੀਂ ਕਰੇਗਾ।

-ਸੰਪਾਦਕੀ ਬੋਰਡ

CALL NOW
FOR HOUSE BUYING & SELLING NEEDS.
BALJINDER SANGHA REALTOR®
(Certified Condominium Specialist)
403.680.3212
teamoraclehomes@gmail.com
EACH OFFICE INDEPENDENTLY OWNED AND OPERATED
RE/MAX MOUNTAIN VIEW

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • Home Insurance • Life Insurance • Critical illness • Disability Insurance • Car Loans • Business Insurance
SAVE UPTO 30%
• ਕਾਰ ਇੰਸ਼ੋਰੈਂਸ • ਹੋਮ ਇੰਸ਼ੋਰੈਂਸ • ਲਾਈਫ ਇੰਸ਼ੋਰੈਂਸ • ਕਰਿਟੀਕਲ ਇਲਨੈਸ ਇੰਸ਼ੋਰੈਂਸ • ਡਿਸਅਬਿਲਿਟੀ ਇੰਸ਼ੋਰੈਂਸ • ਕਾਰ ਲੋਨ • ਬਿਜ਼ਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

AMANDEEP S. RANIA
Immigration Consultant
RCIC Regulated Canadian Immigration Consultant
+1 (403) 436-6000
+1 (403) 406-2004
info@jfsimmigration.com
#2264 4310 104 Ave NE. Calgary, Alberta T3N 1W2
www.jfsimmigration.com

Insta Realty BUY SELL INSTANTLY
Residential | Commercial | Rural
Property Management
Harcharan Parhar
BROKER
403-681-8689
info@instarlt.com | www.instarlt.com
400, 3115-12th St NE Calgary AB T2E 7J2

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010

**ਡਾ. ਸਾਹਿਬ ਸਿੰਘ ਦਾ ਨਾਟਕ 'ਤੂੰ ਅਗਲਾ ਵਰਕਾ ਫੋਲ' ਅਤੇ 'ਬੇਸਮੈਂਟ 'ਚ ਤਰੇੜ ਹੈ' 27 ਸਤੰਬਰ ਨੂੰ ਕੈਲਗਰੀ 'ਚ ਖੇਡਿਆ ਜਾਵੇਗਾ**
(ਦੇਖੋ ਸਫ਼ਾ 39 'ਤੇ)



**ਤੀਜਾ ਪੁਸਤਕ ਮੇਲਾ, ਗਰੀਨ ਪਲਾਜ਼ਾ (ਡਾ. ਭੁੱਲਰ) ਵਿਖੇ 21 ਸਤੰਬਰ 2025 ਨੂੰ**
(ਦੇਖੋ ਸਫ਼ਾ 20 'ਤੇ)

NEW SERVICE BY CARE INC
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ
CARE AUDIOLOGY

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology ! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

Hearing Aid Brands we Carry
• Oticon • Unitron • Signia

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
1st Location : 124-4774 Westwinds Drive NE Calgary, Alberta
Email : westwinds@careine.ca
2nd Location : 2110-4250 109 Ave NE, Calgary, AB (The Port Plaza)
3rd Location : 45-250 Carrington Blvd NW Calgary, AB, T3P OC7
Phone : 403-605-6300 | Fax : 403-536-4057
Email : calgary@careinc.ca

15 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ


# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| | | | | | |
|---|---|---|---|---|---|
| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ ਸਿੰਘ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | (ਵਿਨੀਪੈੱਗ) | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |

SHAAN CONSTRUCTION LTD.
25+ years of experience
Call for a Free Estimate
MALKIT SWAICH
778.889.9526



• General Contracting
• Quality Custom Homes
• Quality Framing
• 2-5-10 Year Warranty




Call Romi Sidhu For Insurance & Financial Needs




StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS

Romi Sidhu, Agent
P02720CN




ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
Specialist in :
• Built Garage
• Garage Door Opener & Install
• New Garage Door
• Repair Old Garage Door
• Roofing, Fence, Deck
• New Houses Framing
• Old House Extension & any other add on construction Work
www.hmphome.com

HMP Custom Cabinets Ltd.
Specialist in :



Custom Kitchen, Bars, Washroom Vanity, Custom Bedroom Closet & All Commercial Mill Work

Free Estimate Paul Sekhon : 403-701-4947
Bay 11 2316 27 Ave. NE, Calgary



Harpinder Sidhu INSURANCE EXPERT
Punjab Insurance Inc

SUPER VISA INSURANCE
* LIFE INSURANCE * RESPs
# 5106-4310 104 Ave,
NE Calgary AB T3N 1W5



CALL FOR BEST RATES
HARPINDER SIDHU
LOVEPREET SIDHU
403 404 3500

**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Mehmoodpur
(Punjab)
946-347-4342
atoozed@gmail.com
Navkiran Singh Patti
+91 98885 44001
n4navkiran@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211


**Graphic Desinger**
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

TOP CHOICE
INSURANCE AGENCY INC
RAVINDERJIT BASRA
INSURANCE BROKER
416-845-6232
info@topchoiceinsurance.ca
topchoiceinsurance.ca
Hiring new and experienced insurance agents
Unit 6 - 11675 Mcvean Dr, Brampton, ON, L6P 4N5



Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!
Apinder Aujla
BSc.Pharm
Satvachan Lal
B.Sc.Pharm
#1150, 4818 Westwindus Drive NE. Calgary
403-293-9360






For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE® REALTOR®
REAL ESTATE BOARD
Taranjit "T. J." Mand
Real Estate Associate
Max Value Reality Ltd.



SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com





Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS, Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

## ਅਕਾਲੀ ਦਲ ਦੀ ਪੁਨਰ ਸੁਰਜੀਤੀ

# ਕੀ ਲੋਕਾਂ ਦੀਆਂ ਭਾਵਨਾਵਾਂ 'ਤੇ ਪਹਿਰਾ ਦੇ ਸਕੇਗਾ ?

**ਨਰਭਿੰਦਰ**
**93544-30211**

ਆਖਿਰ ਅਕਾਲ ਤਖਤ ਮਹਾਨ ਹੈ ਦੇ ਨਾਹਰਿਆਂ ਹੇਠਾਂ ਗੁਰਦੁਆਰਾ ਬੁਰਜ ਅਕਾਲੀ ਫੂਲਾ ਸਿੰਘ ਦੇ ਹਾਲ ਵਿਚ, ਸਾਬਕਾ ਜਥੇਦਾਰ ਅਕਾਲ ਤਖਤ ਗਿਆਨੀ ਹਰਪ੍ਰੀਤ ਸਿੰਘ ਨੂੰ ਪ੍ਰਧਾਨ ਚੁਣ ਕੇ 11 ਅਗਸਤ ਨੂੰ ਨਵੇਂ ਅਕਾਲੀ ਦਲ ਦਾ ਐਲਾਨ ਕਰ ਦਿੱਤਾ। ਇਸ ਦੇ ਨਾਲ ਹੀ ਪੰਥਕ ਕੌਂਸਲ ਦੀ ਮੈਂਬਰ ਬੀਬੀ ਸਤਵੰਤ ਕੌਰ ਨੂੰ ਵੀ ਚੁਣਿਆ ਗਿਆ। ਯਾਦ ਰਹੇ ਇਹ ਭਾਈ ਅਮਰੀਕ ਸਿੰਘ ਦੀ ਬੇਟੀ ਹੈ। ਇਸ ਨਵੇਂ ਅਕਾਲੀ ਦਲ ਨੇ ਦਾਅਵਾ ਕੀਤਾ ਹੈ ਕਿ ਉਹਨੇ 25 ਲੱਖ ਮੈਂਬਰਸ਼ਿਪ ਦੀਆਂ ਕਾਪੀਆਂ ਜਾਰੀ ਕੀਤੀਆਂ ਸਨ, ਜਿਨ੍ਹਾਂ 'ਚੋਂ 15 ਲੱਖ ਮੈਂਬਰਸ਼ਿਪ ਫਾਰਮ ਸਾਡੇ ਕੋਲ ਅੱਜ ਤੱਕ ਵਾਪਸ ਆਏ ਹਨ ਅਤੇ ਹਰ ਹਲਕੇ ਵਿਚ ਮੈਂਬਰਾਂ ਵਲੋਂ ਚੁਣੇ ਲਗਭਗ 528 ਡੈਲੀਗੇਟਾਂ ਵਿਚੋਂ 478 ਡੈਲੀਗੇਟਾਂ ਦੀ ਹਾਜ਼ਰੀ ਦਾ ਦਾਅਵਾ ਵੀ ਕੀਤਾ ਗਿਆ ਹੈ।

ਅਕਾਲੀ ਦਲ ਵਿਚ ਧੜਿਆਂ ਦਾ ਤਕਰਾਰ ਪਿਛਲੇਰੇ ਕੁਝ ਮਹੀਨਿਆਂ ਤੋਂ ਤਿੱਖੇ ਰੂਪ ਵਿਚ ਸਾਹਮਣੇ ਆ ਰਿਹਾ ਸੀ। 2017 ਤੋਂ ਪਿਛੋਂ ਲਗਾਤਾਰ ਚੋਣਾਂ ਹਾਰਨ ਅਤੇ ਲੋਕਾਂ ਵਿਚੋਂ ਕੱਟੇ ਜਾਣ ਉਪਰੰਤ ਸਥਾਪਤ ਲੀਡਰਸ਼ਿਪ ਉਤੇ ਉਂਗਲੀ ਉਠਣੀ ਸ਼ੁਰੂ ਹੋ ਗਈ ਸੀ। ਹਾਲਾਂਕਿ ਆਮ ਸਿੱਖ ਲੋਕਾਈ ਨੇ 2015 ਵਿਚ ਵੀ ਸਥਾਪਤ ਲੀਡਰਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਸੀ। ਜਦੋਂ ਪਹਿਲੇ ਬਰਗਾੜੀ 'ਚ ਗੁਰੂ ਗ੍ਰੰਥ ਸਾਹਿਬ ਦੇ ਚੋਰੀ ਹੋਣ ਤੇ ਫਿਰ ਅੰਗ ਪਾੜੇ ਜਾਣ ਦੀਆਂ ਘਟਨਾਵਾਂ ਵਾਪਰੀਆਂ ਸਨ ਅਤੇ ਪਿਛੋਂ ਇਸ ਵਿਰੁੱਧ ਰੋਸ ਪ੍ਰਗਟ ਕਰਦੇ ਲੋਕਾਂ ਉਤੇ ਬਹਿਬਲ ਕਲਾਂ ਤੇ ਕੋਟਕਪੂਰਾ ਵੀ ਗੋਲੀਆਂ ਚਲਾਈਆਂ ਗਈਆਂ ਸਨ। ਇਹੀ ਕਾਰਨ ਕਿ 2017 ਦੀਆਂ ਅਸੈਂਬਲੀ ਚੋਣਾਂ ਅਕਾਲੀ ਦਲ ਬੁਰੀ ਤਰ੍ਹਾਂ ਹਾਰ ਗਿਆ ਸੀ। ਹਾਲਾਂਕਿ ਇਹ ਬੇਅਦਬੀ ਦੀਆਂ ਘਟਨਾਵਾਂ ਦੀਆਂ ਘਟਨਾਵਾਂ ਇਕ ਯੋਜਨਾਬੱਧ ਢੰਗ ਨਾਲ ਆਰ.ਐਸ.ਐਸ. ਦੇ ਪੈਰ ਚਿੰਨ ਉਤੇ ਚਲਦਿਆਂ, ਲੋਕਾਂ ਤੇ ਫਿਰਕਿਆਂ ਨੂੰ ਆਪਸ ਵਿਚ ਲੜਾਉਣ, ਭੜਕਾਉਣ ਦੇ ਮਨਸ਼ੇ ਨਾਲ ਹੀ ਕਰਵਾਈਆਂ ਗਈਆਂ ਸਨ ਤੇ ਸੱਤਾ 'ਤੇ ਬੈਠਿਆਂ ਦੀ ਗਿਣਤੀ ਮਿਣਤੀ ਸੀ ਕਿ ਇਉਂ ਡੇਰਾ ਸੱਚਾ ਸੌਦਾ ਤੇ ਸਿੱਖ ਵਿਵਾਦ ਵਿਚ ਸਿੱਖ ਵੋਟਰਾਂ ਦਾ ਧਰੁਵੀਕਰਨ ਹੋ ਜਾਵੇਗਾ ਅਤੇ ਡੇਰੇ ਦੇ ਵੋਟ ਖਰੀਦੋ ਫਰੋਖਤ ਨਾਲ ਹਾਸਲ ਕਰਕੇ ਸੱਤਾ ਹਾਸਲ ਕਰ ਲਵਾਂਗੇ। ਸੁਖਬੀਰ ਬਾਦਲ ਤਾਂ 25 ਸਾਲ ਰਾਜ ਕਰਨ ਦੇ ਦਾਅਵੇਦਾਰੀ ਵੀ ਜਿਤਾ ਰਹੇ ਸਨ। ਪਰ ਇਹ ਖੇਡ ਉਲਟੀ ਪੈ ਗਈ। 2017 ਪਿਛੋਂ 2019, ਫੇਰ 2022 ਤੇ ਫਿਰ 2024 ਵਿਚ ਵੀ ਅਕਾਲੀ ਦਲ ਦੀ ਕਾਰਗੁਜ਼ਾਰੀ ਬੇਹੱਦ ਸ਼ਰਮਨਾਕ ਰਹੀ। ਜਿਸ ਨੇ ਪਾਰਟੀ ਦੇ ਅੰਦਰੋਂ ਸਵਾਲ ਖੜ੍ਹੇ ਕਰਨ ਦੀ ਜ਼ਮੀਨ ਤਿਆਰ ਕੀਤੀ, ਪ੍ਰਕਾਸ਼ ਸਿੰਘ ਬਾਦਲ ਦੇ ਜਿਉਂਦਿਆਂ ਜਿਹੜੇ ਬੋਲਦੇ ਨਹੀਂ ਸਨ ਉਹ ਪਿਛੋਂ ਖੁੰਭਾਂ ਵਾਂਗ ਉਭਰ ਆਏ। ਵਿਸ਼ੇਸ਼ ਕਰਕੇ ਸੁਖਬੀਰ ਬਾਦਲ 'ਤੇ ਸਿੰਘ ਸਾਹਿਬਾਨਾਂ ਵਲੋਂ ਸੌਦਾ ਸਾਧ ਨੂੰ ਮੁਆਫ਼ੀ ਦੇਣ ਦਾ ਮਾਮਲਾ ਭਖ ਕੇ ਸਾਹਮਣੇ ਆਇਆ। ਇਕ ਪਾਸੇ ਸੁਧਾਰ ਲਹਿਰ ਤੇ ਦੂਸਰੇ ਪਾਸੇ ਦਰਜਨ ਤੋਂ ਵੱਧ ਵਿਧਾਇਕ ਜਾਂ ਤਾਂ ਬਾਗੀ ਹੋ ਗਏ ਜਾਂ ਸੁਖਬੀਰ ਬਾਦਲ ਨੇ ਪਾਰਟੀ ਤੋਂ ਬਾਹਰ ਕਰ ਦਿੱਤਾ। ਇਹ ਮਾਮਲਾ ਅਕਾਲ ਤਖਤ ਉਤੇ ਪਹੁੰਚਿਆਂ ਤਾਂ ਅਕਾਲ ਤਖਤ ਨੇ ਸੁਖਬੀਰ ਬਾਦਲ ਤੇ ਹੋਰਾਂ ਨੂੰ ਤਲਬ ਕੀਤਾ ਤੇ ਭਰੇ ਇਕੱਠ 'ਚ ਅਕਾਲ ਤਖਤ ਦੇ ਸਾਹਮਣੇ ਪੰਜ ਸਿੰਘ ਸਾਹਿਬਾਨਾਂ ਨੇ ਨਾ ਸਿਰਫ਼ ਗੁਨਾਹ ਕਬੂਲ ਕਰਵਾਏ ਸਗੋਂ ਇਹ ਵੀ ਕਿਹਾ ਕਿ ਮੌਜੂਦਾ ਲੀਡਰਸ਼ਿਪ, ਸਿੱਖਾਂ 'ਚੋਂ ਆਪਣਾ ਭਰੋਸਾ ਗੁਆ ਚੁੱਕੀ ਹੈ। ਅਤੇ ਇਹ ਅਗਵਾਈ ਕਰਨ ਦੇ ਕਾਬਲ ਨਹੀਂ ਰਹੀ। ਇਸ ਮੰਤਵ ਲਈ ਅਕਾਲੀ ਦਲ ਦੀ ਮੁੜ ਮੈਂਬਰਸ਼ਿਪ ਕਰਕੇ ਚੋਣ ਕਰਾਉਣ ਦੇ ਆਦੇਸ਼ ਦਿੱਤੇ। ਜਿਸ ਲਈ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ ਨੂੰ ਇਸ ਦੀ ਮੁੱਖ ਜ਼ਿੰਮੇਵਾਰੀ ਸੌਂਪੀ ਪਰ ਧਾਮੀ ਸਾਹਿਬ ਅਸਤੀਫ਼ਾ ਦੇ ਗਏ ਅਤੇ ਇਕ ਹੋਰ ਮੈਂਬਰ ਵੀ ਸਿਹਤ ਇਜਾਜ਼ਤ ਨਾ ਦੇਣ ਦਾ ਬਹਾਨਾ ਲਾ ਕੇ ਲਾਂਭੇ ਹੋ ਗਏ।

ਦੂਸਰੇ ਪਾਸੇ ਸੁਖਬੀਰ ਬਾਦਲ ਨੇ ਗੁਨਾਹ ਕਬੂਲ ਵੀ ਕੀਤੇ ਤੇ ਲੱਗੀ ਸੇਵਾ (ਸ਼ਜਾ) ਵੀ ਨਿਭਾਈ। ਪਰ ਪਾਰਟੀ ਦੇ ਸਲਾਹਕਾਰ ਹਰਚਰਨ ਬੈਂਸ ਤੇ ਦਲਜੀਤ ਸਿੰਘ ਚੀਮਾ ਦੇ ਸੁਝਾਵਾਂ 'ਤੇ ਸਾਂਝੀ ਮੈਂਬਰਸ਼ਿਪ ਕਰਨ ਤੇ ਚੋਣ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਆਪਣੀ ਮੈਂਬਰਸ਼ਿਪ ਕੱਟ ਕੇ 12 ਅਪ੍ਰੈਲ ਨੂੰ ਸੁਖਬੀਰ ਸਿੰਘ ਬਾਦਲ ਨੂੰ ਮੁੜ ਪ੍ਰਧਾਨ ਚੁਣ ਲਿਆ।

ਹਾਲਤ ਚਿੰਤਾਜਨਕ ਬਣ ਗਈ। ਅਕਾਲ ਤਖਤ ਦੇ ਆਦੇਸ਼ ਦੀ ਅਵੇਗਿਆ ਦਾ ਇਲਜਾਮ ਲੱਗਾ ਤੇ ਭਗੌੜੇ ਦਾ ਖ਼ਿਤਾਬ ਮਿਲਿਆ। ਬਾਕੀ ਪੰਜ ਮੈਂਬਰਾਂ ਨੇ ਫਿਰ ਅਕਾਲ ਤਖਤ ਉਤੇ ਪੇਸ਼ ਹੋਏ ਤਾਂ ਆਦੇਸ਼ ਹੋਇਆ ਕਿ ਉਹ ਮੈਂਬਰਸ਼ਿਪ ਕਰਨ ਤੇ ਕਮਾਨ, ਮਨਪ੍ਰੀਤ ਸਿੰਘ ਇਯਾਲੀ ਨੂੰ ਸੌਂਪ ਦਿੱਤੀ ਗਈ। ਪੰਜ ਮੈਂਬਰੀ ਕਮੇਟੀ ਨੇ ਮੈਂਬਰਸ਼ਿਪ ਸ਼ੁਰੂ ਕੀਤੀ ਤਾਂ ਬੜੇ ਸਾਜ਼ਿਸ਼ੀ ਢੰਗ ਨਾਲ ਬੇਇੱਜ਼ਤ ਕਰਕੇ ਗਿਆਨੀ ਹਰਪ੍ਰੀਤ ਸਿੰਘ ਨੂੰ ਜਥੇਦਾਰੀ ਤੋਂ ਲਾਂਭੇ ਕਰ ਦਿੱਤਾ ਗਿਆ। ਇਸ ਦੇ ਨਾਲ ਭਾਈ ਸੁਲਤਾਨ ਸਿੰਘ ਜਥੇਦਾਰ ਵੀ ਸਨ। ਇਨ੍ਹਾਂ ਘਟਨਾਵਾਂ 'ਤੇ ਤਿੱਖੀ ਚਰਚਾ ਹੋਈ। ਬਾਦਲ ਪਰਿਵਾਰ 'ਤੇ ਇਲਜ਼ਾਮ ਲੱਗਾ ਕਿ ਇਹ ਅਕਾਲ ਤਖਤ ਦੇ ਜਥੇਦਾਰਾਂ ਨੂੰ ਆਪਣੇ ਮੁਲਾਜ਼ਮਾਂ ਤੋਂ ਸਿਵਾ ਹੋਰ ਕੁਝ ਨਹੀਂ ਸਮਝਦਾ।

ਅਕਾਲੀ ਦਲ ਵਿਚ ਦੋ ਕਿਸਮ ਦਾ ਕੇਡਰ ਰਿਹਾ ਹੈ। ਇਕ ਤਾਂ ਉਹ ਜਿਹੜਾ ਸੁਖਬੀਰ ਬਾਦਲ ਤੇ ਪ੍ਰਕਾਸ਼ ਬਾਦਲ ਦਾ ਅੰਨਾ ਭਗਤ ਹੈ। ਪ੍ਰਕਾਸ਼ ਸਿੰਘ ਬਾਦਲ ਨਾਲ ਤਾਂ ਪੁਰਾਣੇ ਟਕਸਾਲੀ ਤੇ ਪੰਥ ਹਿਤੈਸ਼ੀ ਸ਼ਰਧਾ ਭਾਵਨਾ ਨਾਲ ਜੁੜੇ ਹੋਏ ਸਨ ਪਰ ਜਦੋਂ ਸੁਖਬੀਰ ਦੇ ਹੱਥ ਪ੍ਰਧਾਨਗੀ ਆਈ ਤਾਂ ਇਹਨੇ ਟਕਸਾਲੀ ਅਕਾਲੀ ਆਗੂਆਂ ਨੂੰ ਲਾਂਭੇ ਕਰ ਦਿੱਤਾ ਅਤੇ ਨਵਾਂ ਯੂਥ ਸਾਹਮਣੇ ਲਿਆਂਦਾ। ਇਨ੍ਹਾਂ ਨੂੰ ਨਾ ਸਿੱਖ ਫਿਲਾਸਫੀ ਦਾ ਗਿਆਨ ਸੀ, ਨਾ ਕਦਰਾਂ ਕੀਮਤਾਂ ਰਵਾਇਤਾਂ ਦਾ ਤੇ ਨਾ ਹੀ ਇਨ੍ਹਾਂ ਦਾ ਬੋਲਚਾਲ ਵਿਉਪਹਾਰ ਹੀ ਸਿੱਖੀ ਦੇ ਅਨੁਕੂਲ ਸੀ। ਇਹ ਨਿਰੋਲ ਪੂੰਜੀ ਦੇ ਯੁੱਗ 'ਚ ਪਲਣ ਵਾਲੇ ਲਠੈਤ ਕਿਸਮ ਦੇ ਸਨ ਤੇ ਹਨ। ਇਨ੍ਹਾਂ ਉਘੜਵੀ ਮਿਸਾਲ ਵਿਰਸਾ ਸਿੰਘ ਵਲਟੋਹਾ ਦੀ ਹੈ ਤੇ ਬਾਕੀ ਉਹ ਸਾਰੇ ਜਿਹੜੇ ਕਦੇ 'ਮਰਾਸੀ' ਸ਼ਬਦਾਂ ਨਾਲ ਸੰਬੋਧਨ ਹੁੰਦੇ ਹਨ, ਕਦੇ 'ਦਲਿਤ' ਤੇ 'ਕੋਈ ਖੁਰਚਨੇ ਫੇਰਨ' ਤੱਕ ਪਹੁੰਚ ਜਾਂਦਾ ਹੈ।

ਪਿਛਲੇ 20 ਸਾਲਾਂ ਵਿਚ ਅਕਾਲੀ ਦਲ ਵਿਚ ਇਹ ਭਸੂੜੀ ਪਈ ਹੋਈ ਹੈ। ਬਾਦਲ ਪਰਿਵਾਰ ਨੇ 90ਵਿਆਂ ਤੋਂ ਪਿਛੋਂ ਸਿੱਖ ਸੰਸਥਾਵਾਂ ਵਿਚ ਆਪਣੀ ਸਰਦਾਰੀ ਬਣਾਈ ਹੋਈ ਹੈ। ਇਹ ਸਰਦਾਰੀ ਕੋਈ ਸਿੱਖ ਸਿਧਾਂਤਾਂ, ਰਵਾਇਤਾਂ ਦੇ ਕਾਰਨ ਨਹੀਂ, ਸਗੋਂ ਪੂੰਜੀ ਦੇ ਡੰਡੇ ਦੇ ਜ਼ੋਰ ਹੈ। ਦਰਅਸਲ ਅਕਾਲੀ ਦਲ ਦੀ ਆਰਿਥਕ ਸਾਹ ਰਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਹੀ ਹੈ। ਪ੍ਰਕਾਸ਼ ਸਿੰਘ ਬਾਦਲ ਇਹ ਜਾਣਦਾ ਸੀ ਕਿ ਇਸ 'ਤੇ ਕਾਬਜ਼ ਹੋਣ ਲਈ ਉਹਨੇ ਕੱਦਵਾਰ ਨੇਤਾ, ਤਲਵੰਡੀ, ਬ੍ਰਾਹਮਣਪੁਰਾ, ਟੌਹੜਾ, ਬਰਨਾਲਾ ਨੂੰ ਇਕ ਨੂੰ ਇਕ-ਇਕ ਕਰਕੇ ਪਾਸੇ ਹੀ ਨਹੀਂ ਕੀਤਾ ਕੈਪਟਨ ਕੰਵਲਜੀਤ ਤੇ ਜਗਦੇਵ ਸਿੰਘ ਖੁੱਡੀਆ ਵੀ ਰਹੱਸਮਈ ਢੰਗ ਨਾਲ ਅਲੋਪ ਹੋ ਗਏ। ਕਈ ਵਾਰ ਬਾਦਲ ਖਿਲਾਫ਼ ਬਗਾਵਤ ਹੋਈ ਪਰ ਸ਼ੈਤਾਨ ਦਿਮਾਗ ਬਾਦਲ ਹਰ ਵਾਰ ਅਜਿਹੀਆਂ ਆਵਾਜ਼ਾਂ' ਤੂੰ ਚੁੱਪ ਕਰਾਉਣ ਵਿਚ ਕਾਮਯਾਬ ਹੁੰਦਾ ਰਿਹਾ। ਪਰ ਵੱਡੇ ਬਾਦਲ ਦੇ ਜਾਣ ਤੋਂ ਪਿਛੋਂ ਸੁਖਬੀਰ ਸਿੰਘ ਬਾਦਲ ਦਾ ਕਿਰਦਾਰ ਤੇ ਵਿਉਹਾਰ ਸਭ ਲਈ ਗਲੇ ਦੀ ਹੱਡੀ ਬਣ ਗਿਆ। ਇਹੀ ਕਾਰਨ ਕਿ ਇਕਬਾਲ ਸਿੰਘ ਝੂੰਦਾ ਕਮੇਟੀ ਦੀ ਰਿਪੋਰਟ ਅੱਜ ਤੱਕ ਜ਼ਾਹਿਰ ਨਹੀਂ ਹੋਣ ਦਿੱਤੀ ਕਿਉਂਕਿ ਜ਼ਿਲ੍ਹੇ ਪੱਧਰ ਤੱਕ ਅਕਾਲੀਆਂ ਦੀਆਂ ਇਹ ਭਾਵਨਾਵਾਂ ਸਨ ਕਿ 'ਸੁਖਬੀਰ ਪ੍ਰਧਾਨਗੀ ਤੋਂ ਪਾਸੇ ਹੋਣਾ ਚਾਹੀਦਾ ਹੈ।'।



ਨਵੇਂ ਅਕਾਲੀ ਦਲ ਨੂੰ ਇਹੋ ਜ਼ਮੀਨੀ ਹੁੰਗਾਰਾ ਮਿਲ ਰਿਹਾ ਹੈ। ਹਾਲਾਂਕਿ ਇਨ੍ਹਾਂ ਵਿਚ ਵੀ ਬਹੁਤੇ ਚਿਹਰੇ ਉਹੀ ਹਨ ਜਿਨ੍ਹਾਂ ਦੇ ਅਕਸ ਦਾਗੀ ਹਨ। ਜਿਨ੍ਹਾਂ 'ਚ ਪ੍ਰੇਮ ਸਿੰਘ ਚੰਦੂਮਾਜਰਾ, ਬੀਬੀ ਜਗੀਰ ਕੌਰ ਤੇ ਅਜਿਹੇ ਕਈ ਹੋਰ ਹਨ।

ਨਵੇਂ ਅਕਾਲੀ ਦਲ ਦੀ ਵਾਗਡੋਰ ਗਿਆਨੀ ਹਰਪ੍ਰੀਤ ਸਿੰਘ ਨੂੰ ਸੌਂਪੀ ਗਈ ਹੈ ਤੇ ਸਬੱਬ ਨਾਲ ਇਹ ਉਹੀ ਜਥੇਦਾਰ ਹਨ ਜਿਨ੍ਹਾਂ ਨੇ 2 ਦਸੰਬਰ ਨੂੰ ਅਕਾਲ ਤਖਤ ਤੋਂ ਸੁਖਬੀਰ ਨੂੰ ਸਜ਼ਾ ਸੁਣਾਈ ਸੀ। ਉਨ੍ਹਾਂ ਨਾਲ ਪੰਥਕ ਕਮੇਟੀ ਦੇ ਮੁਖੀ ਬੀਬੀ ਸਤਵੰਤ ਕੌਰ ਹਨ ਭਾਈ ਅਮਰੀਕ ਸਿੰਘ ਦੀ ਪੁੱਤਰੀ ਜਿਹੜੇ ਭਿੰਡਰਾਂਵਲੇ ਸੰਤਾਂ ਨਾਲ ਹੀ ਰਹਿੰਦੇ ਸਨ। ਪ੍ਰਧਾਨਗੀ ਸੰਭਾਲਨ ਪਿਛੋਂ ਆਪਣੇ ਪਹਿਲੇ ਭਾਸ਼ਣ ਵਿਚ ਕਿਹਾ ਹੈ ਕਿ ਉਹ ਅਕਾਲੀ ਦਲ ਦਾ ਚੋਣ ਨਿਸ਼ਾਨ ਦਫ਼ਤਰ ਤੇ ਸ਼੍ਰੋਮਣੀ ਕਮੇਟੀ ਵੀ ਲੈਣਗੇ। ਜਿਸ ਨੂੰ ਲੈ ਕੇ ਵਿਵਾਦ 'ਖੁਰਚਨਿਆਂ' ਤੱਕ ਪਹੁੰਚ ਗਿਆ। ਪਰ ਜਵਾਬ ਮਿਲਿਆ ਕਿ ਇਹ ਖੁਰਚਨੇ ਉਦੋਂ ਕਿਥੇ ਸਨ, ਜਦੋਂ ਸੁਮੇਧ ਸੈਣੀ ਤੇ ਇਜ਼ਹਾਰ ਆਲਮ ਵਰਗੇ ਨੌਜਵਾਨਾਂ ਦੇ ਕਾਤਲ ਅਧਿਕਾਰੀਆਂ ਨੂੰ ਬਾਦਲ ਥਾਪੀ ਦੇ ਰਿਹਾ ਸੀ। ਮਾਮਲਾ ਤਾਂ ਇਹ ਵੀ ਆ ਗਿਆ ਕਿ ਜਿਸ ਪੁਲਿਸ ਅਫ਼ਸਰ ਘੋਟਨੇ ਨੇ ਜਥੇਦਾਰ ਕਾਉਂਕੇ ਨੂੰ ਤਸੀਹੇ ਦੇ ਕੇ ਮਾਰਿਆ ਸੀ, ਉਹ ਬਾਦਲ ਦੇ ਸੁਰੱਖਿਆ ਦਸਤੇ ਵਿਚ ਤਾਹਿਨਾਤ ਸੀ ਤੇ ਉਹ ਵੀ ਬੈਡਰੂਮ ਤੱਕ ਪਹੁੰਚ ਸੀ। ਬਾਦਲ ਦਾ ਅਜਿਹਾ ਚਿਹਰਾ ਕੌਣ ਭੁੱਲਿਆ ਹੈ ਪਰ ਇਨ੍ਹਾਂ ਵਿਚ ਕਿਸੇ ਇਕ ਨੇ ਵੀ ਇਹ ਨਹੀਂ ਕਿਹਾ ਕਿ 1972 ਵਿਚ ਬਣੀ ਪਹਿਲੀ ਸਰਕਾਰ ਵੇਲੇ ਇਨਕਲਾਬੀ ਕਮਿਊਨਿਸਟਾਂ ਨਕਸਲਬਾੜੀਆਂ ਨੂੰ ਫਰਜ਼ੀ ਪੁਲਿਸ ਮੁਕਾਬਿਲਆਂ ਵਿਚ ਮਰਵਾਉਣ ਵਾਲਾ ਪ੍ਰਕਾਸ਼ ਸਿੰਘ ਬਾਦਲ ਹੀ ਤਾਂ ਸੀ।

ਨਵੇਂ ਅਕਾਲੀ ਦਲ ਵਲੋਂ ਲੌਂਗੋਵਾਲ ਵਿਖੇ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ 'ਤੇ ਕਾਨਫਰੰਸ ਵੀ ਕੀਤੀ। ਕੀਤੀ ਤਾਂ ਰਵਾਇਤ ਮੁਤਾਬਕ ਪਹਿਲੇ ਸ਼੍ਰੋਮਣੀ ਅਕਾਲੀ ਨੇ ਵੀ। ਪਰ ਦੋਹਾਂ ਦੇ ਤੱਤ ਦਾ ਫਰਕ ਇਹ ਸੀ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਚੰਡੀਗੜ੍ਹ, ਪਾਣੀਆਂ ਦਾ ਮੁੱਦਾ, ਕਾਨੂੰਨੀ ਵੱਧ ਅਧਿਕਾਰ, ਬੰਦੀ ਸਿੰਘਾਂ ਦੀ ਰਿਹਾਈ ਸੀ, ਪੰਜਾਬੀ ਬੋਲਦੇ ਇਲਾਕੇ ਆਦਿ ਦਾ ਜ਼ਿਕਰ ਕੀਤਾ ਤੇ ਇਹ ਦਾਅਵਾ ਵੀਕੀਤਾ ਕਿ ਇਕ ਕਮੇਟੀ ਦਾ ਗਠਨ ਕਰਕੇ, ਬੁੱਧੀਜੀਵੀਆਂ ਦੀਆਂ ਸੇਵਾਵਾਂ ਲੈ ਕੇ ਕੋਈ ਠੋਸ ਪ੍ਰੋਗਰਾਮ ਉਲੀਕਾਂਗੇ। ਪਰ ਉਧਰ ਸੁਖਬੀਰ ਦੇ ਭਾਸ਼ਣ ਵਿਚ ਨਾ ਰਾਜਸੀ ਤੱਤ ਸੀ ਨਾ ਧਾਰਮਿਕ ਤੇ ਨਾ ਹੀ ਕੋਈ ਗੰਭੀਰ ਬੁਲਾਰੇ ਵਾਲੀ ਦਿਖ ਵੈਸੇ ਵੀ ਅਕਾਲੀ ਦਲ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮਨਾਉਣ ਦੀ ਦਾਅਵੇਦਾਰੀ ਕਿਵੇਂ ਕਰਦੇ ਹਨ, ਜਦੋਂਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਰਾਜੀਵ ਗਾਂਧੀ ਨਾਲ ਕੀਤਾ ਸਮਝੌਤਾ ਰੱਦ ਕਰਨ ਵਾਲਿਆਂ ਵਿਚ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਹੀ ਸੀ। ਜਦੋਂਕਿ ਸੰਤ ਲੌਂਗੋਵਾਲ ਨੇ ਇਹ ਸਮਝੌਤਾ ਉਸ ਸਮੇਂ ਬਾਦਲ ਤੇ ਟੌਹੜੇ ਦੀ ਰਜ਼ਾਮੰਦੀ ਤੇ ਸਲਾਹ ਨਾਲ ਹੀ ਕੀਤਾ ਸੀ। ਜੇ ਦੋਵੇਂ ਉਹਦੇ ਨਾਲ ਖੜ੍ਹ ਜਾਂਦੇ ਸ਼ਾਇਦ ਲੌਂਗੋਵਾਲ ਕਤਲ ਹੋਣ ਤੋਂ ਬਚ ਜਾਂਦੇ। ਅਸਿੱਧੇ ਰੂਪ ਵਿਚ ਲੌਂਗੋਵਾਲ ਦੇ ਕਤਲ ਵਿਚ ਇਹ ਵੀ ਸ਼ਾਮਲ ਹਨ। ਕਿਉਂਕਿ ਸਮਝੌਤੇ ਪਿਛੋਂ ਲੌਂਗੋਵਾਲ ਦਾ ਕੱਦ ਸਿੱਖ ਤੇ ਦੇਸ਼ ਵਿਚ ਵੱਧ ਗਿਆ ਸੀ ਤੇ ਇਹ ਬਾਦਲ ਨੂੰ ਹਜ਼ਮ ਨਹੀਂ ਸੀ। ਪਿਛੋਂ ਮਗਰਮੱਛੀ ਹੰਝੂ ਮਹਿਜ਼ ਸਿਵੇ ਪਿੱਟ ਕੇ ਵੋਟਾਂ ਹਾਸਲ ਕਰਨ ਦਾ ਹੀ ਸਬੱਬ ਬਣਦਾ ਰਿਹਾ ਹੈ।

ਦੋਹਾਂ ਦੀ ਬੋਲ ਬਾਣੀ ਵਿਚ ਇਕ ਹੋਰ ਪੱਖ ਵੀ ਨੋਟ ਕਰਨ ਵਾਲਾ ਹੈ ਜਿਥੇ ਨਵੇਂ ਅਕਾਲੀ ਦਲ ਦੇ ਪ੍ਰਧਾਨ ਨੂੰ ਮਰਾਸੀ ਤੇ ਦਲਿਤ ਕਹਿਣ ਅਤੇ ਨਵਾਂ ਚੁੱਲ੍ਹਾ ਕਹਿਣ ਦੀ ਸ਼ਬਦਾਵਲੀ ਦੀ ਵਰਤੋਂ ਹੋਈ ਹੈ। ਉਥੇ ਹਰਪ੍ਰੀਤ ਸਿੰਘ ਨੇ ਇਕ ਅੰਗਰੇਜ਼ੀ ਅਖ਼ਬਾਰ ਨਾਲ ਮੁਲਾਕਾਤ ਵਿਚ ਸਾਫ਼ ਕੀਤਾ ਕਿ ਉਨ੍ਹਾਂ ਦੇ ਅਕਾਲੀ ਦਲ ਵਿਚ ਅਲੱਗ ਐਸ.ਸੀ. ਵਿੰਗ ਲਈ ਕੋਈ ਥਾਂ ਨਹੀਂ ਹੋਵੇਗੀ ਸਗੋਂ ਹਰ ਕਮੇਟੀ ਵਿਚ ਉਨ੍ਹਾਂ ਦੀ ਨੁਮਾਇੰਦਗੀ ਸੁਨਿਸਚਿਤ ਹੋਵੇਗੀ। ਯਾਦ ਹੋਵੇਗਾ 1920 ਵਿਚ ਗੁਰਦੁਆਰਾ ਸੁਧਾਰ ਲਹਿਰ ਦਾ ਮੁੱਢ ਉਦੋਂ ਹੀ ਬੱਝਾ ਸੀ, ਜਦੋਂ ਅਕਾਲ ਤਖਤ ਸਾਹਿਬ ਉਤੇ ਮਜ਼੍ਹਬੀ ਸਿੱਖਾਂ ਲਈ ਅਰਦਾਸ ਅਤੇ ਗੁਰੂ ਰਾਮ ਦਾਸ ਲੰਗਰ ਵਿਚ ਮਜ਼੍ਹਬੀ ਸਿੱਖਾਂ ਲਈ ਅਲੱਗ ਪੰਗਤ ਦੀ ਰਵਾਇਤ ਨੂੰ ਤੋੜਿਆ ਸੀ। ਇਹ ਪਹਿਲਕਦਮੀ ਕਰਨ ਵਾਲੇ ਝਬਾਲੀਏ ਭਰਾ, ਅਮਰ ਸਿੰਘ, ਸੁਰਮੁੱਲ ਸਿੰਘ ਤੇ ਜਸਵੰਤ ਸਿੰਘ ਸਨ ਜਿਨ੍ਹਾਂ ਨੇ 1919 ਵਾਲੇ ਜਲ੍ਹਿਆਂਵਾਲੇ ਬਾਗ ਦੇ ਸਾਕੇ ਪਿਛੋਂ ਅਕਾਲ ਤਖਤ ਤੋਂ ਡਾਇਰ ਨੂੰ ਸਿਰੋਪਾ ਦੇਣ ਪਿਛੋਂ 1920 ਵਿਚ 500 ਮਜ਼੍ਹਬੀ ਸਿੱਖਾਂ ਦਾ ਜਥਾ ਜਲ੍ਹਿਆਂਵਾਲੇ ਬਾਗ ਵਿਚ ਇਕੱਠਾ ਕੀਤਾ, ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਤੇ ਫਿਰ ਅਕਾਲ ਤਖਤ 'ਤੇ ਅਰਦਾਸ ਕਰਨ ਲਈ ਬੇਨਤੀ ਕੀਤੀ। ਅਰਦਾਸ ਕਰਨ ਵਾਲੇ ਗ੍ਰੰਥੀ ਅਤੇ ਸਰਬਰਾਹ ਸਾਰੇ ਭੇਜ ਕੇ ਡੀ.ਸੀ. ਕੋਲ ਪਹੁੰਚੇ ਤਾਂ ਇਹ ਮਾਮਲਾ, ਨਿਰੋਲ ਧਾਰਮਿਕ ਕਹਿ ਕੇ ਉਹਨੇ ਪੱਲਾ ਛੁਡਾ ਲਿਆ। ਉਨ੍ਹਾਂ ਖ਼ੁਦ ਅਰਦਾਸ ਕੀਤੀ, ਦਰਬਾਰ ਸਾਹਿਬ ਮੱਥਾ ਟੇਕਿਆ ਤੇ ਫਿਰ ਲੰਗਰ ਵਿਚ ਪੰਗਤ ਵਿਚ ਮਜ਼੍ਹਬੀ ਸਿੱਖ ਤੇ ਜੱਟ ਸਿੱਖਾਂ ਨੇ ਇਕੱਠਿਆਂ ਬੈਠ ਕੇ ਲੰਗਰ ਵਰਤਾਇਆ ਤੇ ਛਕਿਆ। ਰਵਾਇਤੀ ਲਾਂਗਰੀ ਵਿਚੋਂ ਲੰਗਰ ਛੱਡ ਕੇ ਭੱਜ ਗਏ ਸਨ। ਬੇਸ਼ੱਕ ਇਨ੍ਹਾਂ ਝਬਾਲੀਏ ਭਰਾਵਾਂ ਨੂੰ ਇਤਿਹਾਸ ਵਿਚ ਉਹ ਥਾਂ ਨਹੀਂ ਮਿਲੀ ਪਰ ਦਰਬਾਰ ਸਾਹਿਬ ਵਿਚ ਗੈਰ ਸਿੱਖ ਰਵਾਇਤਾਂ ਨੂੰ ਤੋੜਨ ਵਿਚ ਉਨ੍ਹਾਂ ਨੇ ਅਹਿਮ ਭੂਮਿਕਾ ਨਿਭਾਈ ਸੀ ਤੇ ਫਿਰ ਸੁਖਬੀਰ ਬਾਦਲ ਵੇਲੇ ਦਲਿਤਾਂ ਤੇ ਮਜ਼੍ਹਬੀ ਸਿੱਖਾਂ ਨਾਲ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਵਿਚ ਵੀ ਦੁਵੈਤ ਹੋਣ ਲੱਗੀ। ਜਿਹੜੀ ਬੋਲੀ ਜਾ ਰਹੀ ਭਾਸ਼ਾ ਵਿਚੋਂ ਪ੍ਰਤੱਖ ਹੁੰਦੀ ਹੈ। ਰਵਾਇਤੀ ਸੁਖਬੀਰ ਬਾਦਲ ਧੜਾ ਇਸ ਤੋਂ ਵੀ ਖ਼ਫ਼ਾ ਹੈ ਕਿ ਇਕ ਹੇਠਲੇ ਵਰਗ 'ਚੋਂ ਗਿਆਨੀ ਹਰਪ੍ਰੀਤ ਸਿੰਘ ਉਨ੍ਹਾਂ ਦੇ ਸਿਰ ਚੜ੍ਹ ਰਿਹਾ ਹੇ।

ਅਸਲੀ ਅਕਾਲੀ ਦਲ ਤੇ ਨਕਲੀ ਅਕਾਲੀ ਦਲ ਦਾ ਫੈਸਲਾ ਤਾਂ ਲੋਕਾਂ ਦੇ ਦਿੱਤੇ ਫਤਵੇ ਪਿਛੋਂ ਹੀ ਸਾਹਮਣੇ ਆਵੇਗਾ। ਪਰ ਇਕ ਗੱਲ ਸਾਫ਼ ਹੈ ਕਿ ਸੁਖਬੀਰ ਬਾਦਲ ਧੜੇ ਦੀ ਗ੍ਰਿਫ਼ਤ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੈਣ ਦਾ ਸਵਾਲ ਵੀ ਐਨਾ ਸੁਖਾਲਾ ਨਹੀਂ। ਸਾਲ 2011 ਤੋਂ ਲੈ ਕੇ ਅੱਜ ਤੱਕ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੀ ਨਹੀਂ ਹੋਈਆਂ ਤੇ ਵੋਟਰ ਸੂਚੀਆਂ ਬਾਰੇ ਵੀ ਲਗਾਤਾਰ ਅਸਪਸ਼ਟਤਾ ਰਹੀ ਹੈ। ਹਾਲਾਂਕਿ ਪਿਛਲੇਰੇ ਸਾਲਾਂ ਤੋਂ ਇਹ ਮੰਗ ਉਠਦੀ ਰਹੀ ਹੈ।

ਨਵੇਂ ਅਕਾਲੀ ਦਲ ਲਈ ਰਵਾਇਤੀ ਲੀਡਰਸ਼ਿਪ ਨੂੰ ਲਾਂਭੇ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਬੇਸ਼ੱਕ ਸਿੱਖ ਭਾਵਨਾਵਾਂ ਹੋਣ ਪਰ ਹਕੀਕੀ ਤਸਵੀਰ ਇਹ ਹੈ ਕਿ ਲੱਖ ਵਿਰੋਧ ਦੇ ਬਾਵਜੂਦ ਜਿਹੜਾ ਵੱਡੀ ਪੂੰਜੀ ਦੇ ਸਰੋਤਾਂ 'ਤੇ ਵੱਡੀ ਪੂੰਜੀ ਨਾਲ ਯਾਰੀ ਰੱਖਦਾ ਹੈ ਕੁਰਸੀ ਦੀ ਸੱਤਾ ਉਸ ਕੋਲ ਹੀ ਸਲਾਮਤ ਰਹਿੰਦੀ ਹੈ। ਬਾਦਲ ਧੜੇ ਦੇ ਹਮਾਇਤੀ ਇਹ ਗੱਲ ਕਹਿੰਦੇ ਵੀ ਹਨ ਤੇ ਖੁਦ ਸੁਖਬੀਰ ਵੀ ਇਹ ਕਹਿੰਦਾ ਹੈ ਕਿ ਬੇਸ਼ੱਕ 2027 ਤੱਕ ਉਹ ਪੰਜਾਬ ਦੀ ਵਾਗਡੋਰ ਨਾ ਸੰਭਾਲ ਸਕਣ, ਪਰ ਪਾਰਟੀ ਦਾ ਭੋਗ ਨਹੀਂ ਪਵੇਗਾ। ਭਾਵ ਸਾਫ਼ ਹੈ ਕਿ ਪਾਰਟੀ ਆਰਥਿਕ ਸਰੋਤਾਂ ਨਾਲ ਚਲਦੀ ਹੈ ਨਹੀਂ ਤਾਂ ਕਈ ਸਾਲਾਂ ਤੋਂ ਸਾਬਕਾ ਜਥੇਦਾਰ ਰਣਜੀਤ ਸਿੰਘ ਜੋ ਬਾਦਲਾਂ ਵਿਰੁੱਧ ਮੁਹਿੰਮਾਂ ਚਲਾਉਣ ਵਿਚ ਲੱਗੇ ਹੋਏ ਸਨ, ਨੂੰ ਕੋਈ ਸਫ਼ਲਤਾ ਮਿਲ ਜਾਂਦੀ। ਇਨ੍ਹਾਂ ਤੋਂ ਇਲਾਵਾ ਅਕਾਲੀ ਦਲ (ਅੰਮ੍ਰਿਤਸਰ) ਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਵੀ ਹਨ ਜਿਨ੍ਹਾਂ ਦਾ ਰਟਨ ਮੰਤਰ ਖਾਲਿਸਤਾਨ ਤੋਂ ਬੇਸ਼ੱਕ ਉਸਦੀ ਵੀ ਇਨ੍ਹਾਂ ਕੋਲ ਕੋਈ ਰੂਪ ਰੇਖਾ ਨਹੀਂ ਹੈ।

ਵੱਡਾ ਸਵਾਲ ਇਹ ਹੈ ਕਿ ਅਜੋਕੇ ਸਮੇਂ ਵਿਚ ਕੋਈ ਅਕਾਲੀ ਦਲ ਪੰਜਾਬ ਦੇ ਅਵਾਮ ਦੇ ਹੱਕਾਂ ਦੀ ਰਾਖੀ ਲਈ ਅੱਗੇ ਆ ਕੇ ਕੋਈ ਸਾਰਥਿਕ ਭੂਮਿਕਾ ਨਿਭਾਅ ਸਕਦਾ ਹੈ? ਜਾਂ ਸਿੱਖ ਧਰਮ ਪ੍ਰਤੀ ਬਣਦੀ ਜ਼ਿੰਮੇਵਾਰੀ ਹੀ ਨਿਭਾਅ ਪਾਵੇਗਾ?

ਇਸ 'ਚ ਕੋਈ ਸ਼ੱਕ ਨਹੀਂ ਕਿ 1920 'ਚ ਹੋਂਦ 'ਚ ਆਇਆ ਅਕਾਲੀ ਦਲ ਬ੍ਰਿਟਿਸ਼ ਰਾਜ ਵਿਰੋਧੀ ਲੋਕਾਂ ਦੀਆਂ ਭਾਵਨਾਵਾਂ ਦੀ ਉਪਜ ਸੀ। 1915 ਵਿਚ ਗ਼ਦਰ ਪਾਰਟੀ, ਕਿਸਾਨੀ ਲਹਿਰਾਂ, ਰੌਲਟ ਐਕਟ ਵਿਰੁੱਧ ਲਹਿਰ, ਜਲਿਆਂਵਾਲਾ ਬਾਗ, ਛੂਆ-ਛਾਤ ਤੇ ਬੱਬਰ ਅਕਾਲੀ ਲਹਿਰ, ਕਾਮਾਗਾਟਾ ਮਾਰੂ ਇਹ ਸਾਰਾ ਮਾਹੌਲ ਸੀ ਜਿਸ ਨੇ ਸਿੱਖਾਂ ਦੇ ਅੰਦਰ ਗੁਰਦੁਆਰਿਆਂ 'ਤੇ ਕਾਬਜ਼ ਅੰਗਰੇਜ਼ਪ੍ਰਸਤਾਂ ਵਿਰੁੱਧ ਮੋਰਚਾ ਖੋਲ੍ਹਣ ਦੀ ਭੂਮਿਕਾ ਨਿਭਾਈ ਸੀ। ਪਰ 1942 ਤੱਕ ਆਉਂਦਿਆਂ-ਆਉਂਦਿਆ ਜਦੋਂ ਮਾਸਟਰ ਤਾਰਾ ਸਿੰਘ ਕਾਬਜ਼ ਹੋਏ ਤਾਂ ਅਕਾਲੀ ਦਲ ਥਿੜਕ ਗਿਆ। ਹਾਲਾਂਕਿ ਬੇਸ਼ੱਕ ਕਾਂਗਰਸ ਨਾਲ ਹੀ ਸਹੀ ਬਰਤਾਨਵੀ ਹਕੂਮਤ ਵਿਰੁੱਧ ਲਹਿਰਾਂ ਦਾ ਹਿੱਸਾ ਅਕਾਲੀ ਦਲ ਰਿਹਾ ਸੀ। 1942 ਵਿਚ ਦੂਸਰੀ ਸੰਸਾਰ ਜੰਗ ਸਮੇਂ ਅੰਗਰੇਜ਼ੀ ਫੌਜ ਵਿਚ ਸਿੱਖਾਂ ਦੀ ਭਰਤੀ ਲਈ ਮਾਸਟਰ ਤਾਰਾ ਸਿੰਘ ਵਲੋਂ ਨਿਭਾਈ ਭੂਮਿਕਾ ਸੱਤਾ 'ਚ ਕੁਝ ਲਾਹੇ ਲੈਣ ਤੱਕ ਹੀ ਸਿਮਟ ਗਈ ਤੇ 1947 ਪਿਛੋਂ ਤਾਂ ਹੋਰ ਵੀ ਸਿਮਟ ਗਈ। 1950-60 ਵਿਚ ਇਕ ਵੱਡੇ ਪੰਜਾਬ ਨੂੰ ਪੰਜਾਬੀ ਸੂਬੇ ਤੱਕ ਸਮੇਟਣ ਵਾਲੀ ਅਕਾਲੀ ਪਾਰਟੀ ਦੇ ਇਸ ਮੋਰਚੇ ਨੇ ਉਸੇ ਸਮੇਂ ਚਲ ਰਹੀ ਇਤਿਹਾਸਕ ਮੁਜ਼ਾਹਰਾ ਲਹਿਰ ਨੂੰ ਵੀ ਅਸਿੱਧੇ ਰੂਪ ਵਿਚ ਕਮਜ਼ੋਰ ਕਰਨ ਦੀ ਭੂਮਿਕਾ ਨਿਭਾਈ ਤੇ ਲੰਗੜਾ ਪੰਜਾਬੀ ਸੂਬਾ ਲੈਣ ਪਿਛੋਂ ਆਪਣੀ ਸੱਤਾ ਦੀ ਕੁਰਸੀ ਲਈ ਲਾਏ ਮੋਰਚਿਆ ਨੇ ਵਿਸ਼ਾਲ ਪੰਜਾਬੀ ਲੋਕਾਈ ਨੂੰ ਨਾਲ ਲੈਣ ਦੀ ਥਾਂ ਵੰਡੀਆਂ ਪਾਉਣ ਦਾ ਰੋਲ ਹੀ ਨਿਭਾਇਆ ਅਤੇ ਉਨ੍ਹਾਂ ਦੇ ਹੱਕੀ ਸੰਘਰਸ਼ਾਂ ਤੋਂ ਥਿੜਕਦਿਆਂ ਹਾਲਾਂਕਿ ਰਾਜਾਂ ਨੂੰ ਵੱਧ ਅਧਿਕਾਰ ਤੇ ਫੈਡਰਲ ਢਾਂਚੇ ਦੀ ਮੰਗ ਨੂੰ

ਦੇ ਵਿਸ਼ਾਲ ਮੋਰਚਾ ਬਣਦਾ, ਹੋਰ ਜ਼ੋਰਦਾਰ ਢੰਗ ਨਾਲ ਉਭਾਰਿਆ ਜਾ ਸਕਦਾ ਸੀ। ਯਾਦ ਹੋਵੇਗਾ ਕਿ 1930ਵਿਆਂ 40ਵਿਆਂ ਦੇ ਦੌਰਾਨ ਅਤੇ ਗੁਰਦੁਆਰਾ ਸੁਧਾਰ ਲਹਿਰ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਗ਼ਦਰ ਪਾਰਟੀ ਪਾਰਟੀ ਦੇ ਬਾਨੀਆਂ 'ਚੋਂ ਬਾਬਾ ਵਿਸਾਖਾ ਸਿੰਘ ਦਦੇਹਰ ਅਤੇ ਬਾਬਾ ਜਵਾਲਾ ਸਿੰਘ ਠੱਠੀਆਂ ਅਤੇ ਹੋਰ ਕਈ ਆਗੂ ਜਿਥੇ ਸ਼੍ਰੋਮਣੀ ਕਮੇਟੀ ਦੇ ਉਚ ਅਹੁਦਿਆਂ 'ਤੇ ਜ਼ਿੰਮੇਵਾਰੀ ਨਿਭਾਅ ਰਹੇ ਸਨ। ਉਸ ਮੌਕੇ ਕਿਸਾਨ ਸੰਘਰਸ਼ਾਂ ਦੀ ਵਾਗਡੋਰ ਵੀ ਉਨ੍ਹਾਂ ਹੱਥ ਸੀ। ਤੇਜਾ ਸਿੰਘ ਸੁਤੰਤਰ, ਸੋਹਨ ਸਿੰਘ ਜੋਸ ਵਰਗੇ ਤਾਂ ਹੀ ਇਨ੍ਹਾਂ ਸੁਧਾਰ ਲਹਿਰ ਹੇਠ ਚਲੇ ਮੋਰਚਿਆਂ ਵਿਚੋਂ ਹੀ ਨਿਕਲੇ ਲੋਕਾਂ ਦੀਆਂ ਲਹਿਰਾਂ ਵੱਲ ਆਏ ਸਨ। ਸਰਬੱਤ ਦੇ ਭਲੇ ਦੇ ਰਾਜ ਦਾ ਸੰਕਲਪ ਫਿਰ ਸਹਿਜੇ ਸਹਿਜੇ ਮੱਤ ਦੇ ਭਲੇ ਤੇ ਖੁਦ ਦੇ ਭਲੇ ਤੱਕ ਸਿਮਟ ਗਿਆ। ਇਕ ਆਮ ਸਿੱਖਾਂ ਦੀ ਹਮਦਰਦੀ ਵਾਲੀ ਇਹ ਲਹਿਰ ਸਹਿਜੇ ਸਹਿਜੇ ਜਗੀਰਦਾਰਾਂ ਤੇ ਫਿਰ ਵੱਡੇ ਪੂੰਜੀਪਤੀਆਂ ਦੇ ਹੱਥਾਂ ਤੱਕ ਸਿਮਟ ਗਈ। ਇਹ ਇਕ ਵੱਖਰਾ ਇਤਿਹਾਸ ਹੈ। 1978 ਦੇ ਸਾਲ ਦੀ ਗੱਲ ਹੈ ਜਦੋਂ ਅਕਾਲੀ ਦਲ ਸਰਕਾਰ ਵੇਲੇ ਦਲੀਪ ਸਿੰਘ ਤਲਵੰਡੀ ਪੰਜਾਬ ਸਰਕਾਰ 'ਚ ਮੰਤਰੀ ਬਣੇ ਸਨ ਤੇ ਉਨ੍ਹਾਂ ਦੀ ਪਤਨੀ ਪੰਜ ਬੋਰੀਆਂ ਸੀਮਿੰਟ ਲੈਣ ਲਈ ਬੀਡੀਓ ਦਫ਼ਤਰ ਦੀ ਲਾਈਨ ਵਿਚ ਲੱਗੀ ਸੀ। ਸ੍ਰ. ਮੋਹਨ ਸਿੰਘ ਤੁੜ ਜਿਹੜੇ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਪ੍ਰਧਾਨ ਰਹੇ, ਦਾ ਪੁੱਤਰ ਜਦੋਂ ਮੈਂਬਰ ਪਾਰਲੀਮੈਂਟ ਬਣਿਆ ਤਾਂ ਉਹ ਖ਼ੁਦ ਆਪਣੇ ਖੇਤਾਂ ਨੂੰ ਪਾਣੀ ਲਾਉਂਦਾ ਹੁੰਦਾ ਸੀ। ਬਾਡੀਗਾਰਡ ਖੂਹ ਦੇ ਰੁੱਖਾਂ ਹੇਠ ਬੈਠੇ ਹੁੰਦੇ ਸਨ। ਦੋ ਕਛਹਿਰਿਆਂ ਤੇ ਦੋ ਕੁੜਤੇ ਪਜਾਮਿਆਂ ਵਾਲੇ ਅਕਾਲੀ ਮੈਂਬਰ ਪਾਰਲੀਮੈਂਟ ਜਾਂ ਵਿਧਾਨ ਸਭਾ, ਮੰਤਰੀਆਂ ਲਈ 1980 ਤੋਂ ਪਿਛੋਂ ਕੋਈ ਥਾਂ ਨਹੀਂ ਸੀ ਤੇ ਸੁਖਬੀਰ ਨੇ ਜਿਹੜੀ ਕਾਇਆਕਲਪ ਬਦਲੀ ਹੈ ਤੇ ਨਵੇਂ ਅਕਾਲੀ ਦਲ ਦੇ ਆਲੇ ਦੁਆਲੇ ਕੌਲੀ ਚੱਟਾਂ ਦਾ ਜੋ ਟੋਲਾ ਛਾਇਆ ਹੋਇਆ ਹੈ ਉਸ ਤੋਂ ਅਜਿਹੇ ਕਾਲਪਨਿਕ ਅਕਾਲੀਆਂ ਦੀ ਉਮੀਦ ਨਹੀਂ ਕੀਤੀ ਜਾ ਸਕਦੀ।

ਦਰਅਸਲ 1970 ਤੋਂ 90 ਦੇ ਦਹਾਕੇ ਖੇਤਰੀ ਪਾਰਟੀਆਂ ਲਈ ਬੁਨਿਆਦੀ ਤਬਦੀਲੀ ਵਾਲੇ ਦਹਾਕੇ ਹਨ। ਇਨ੍ਹਾਂ ਦਹਾਕਿਆਂ 'ਚ ਅਰਥ ਵਿਵਸਥਾ ਹੀ ਨਹੀਂ ਬਦਲੀ, ਸਮਾਜਿਕ ਤਾਣਾ ਬਾਣਾ ਸਮਾਜਿਕ ਪਾੜਾ, ਜਮਹੂਰੀ ਕੀਮਤਾਂ, ਮਾਨਤਾਵਾਂ, ਸੰਸਥਾਵਾਂ ਦਾ ਭੋਗ ਪੈਣਾ ਵੀ ਸ਼ੁਰੂ ਹੋ ਗਿਆ ਤੇ ਪੂੰਜੀ ਦੇ ਤਾਨਾਸ਼ਾਹ ਵਰਤਾਰੇ ਦਾ ਯੁੱਗ ਸ਼ੁਰੂ ਹੋਇਆ। ਇਸ ਨੇ ਰਾਜਸੀ ਪਾਰਟੀਆਂ ਦੀ ਵਿਚਾਰਧਾਰਾ ਢਾਂਚੇ ਆਦਿ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਜਿਹੜੇ ਕਿਸੇ ਵੇਲੇ ਜਮਹੂਰੀ ਦਿੱਖ ਵਾਲੇ ਵਿਖਾਈ ਦਿੰਦੇ ਸਨ। ਉਨ੍ਹਾਂ ਵਿਚ ਬੁਨਿਆਦੀ ਤਬਦੀਲੀ ਆਈ, ਪੂੰਜੀ ਨੇ ਮਨੁੱਖੀ ਮਾਨਸਿਕਤਾ ਵਿਚ ਤਬਦੀਲੀ ਲਿਆਂਦੀ ਤੇ ਇਕ ਨਵਾਂਕਲਚਰ ਸਥਾਪਤ ਹੋਇਆ। ਇਹ ਸੀ ਸੱਤਾ ਮਾਨਣ ਤੇ ਤਜੌਰੀਆਂ ਭਰਨ ਤੋਂ ਲੈ ਕੇ ਸੱਤਾ ਦੇ ਹਰ ਅੰਗ ਤੇ ਪਾਰਟੀ ਦੇ ਹਰ ਵਿੰਗ ਨੂੰ ਨਿਰੰਕਸ਼ ਕਰਨ ਵੱਲ ਵਧਣਾ। 90 ਦੇ ਦਹਾਕੇ 'ਚ ਕਾਰਪੋਰੇਟ ਪੂੰਜੀ ਨੇ ਇਸ ਨੂੰ ਆਪਣੀ ਪਕੜ 'ਚ ਲੈ ਲਿਆ ਤੇ ਸੱਤਾ ਰਾਹੀਂ ਪੂੰਜੀ ਦਾ ਵਿਸਥਾਰ ਕਰਨ ਨੇ ਪਾਰਟੀ ਆਗੂਆਂ ਨੂੰ ਧੜਾ ਧੜ ਮਾਲਾ ਮਾਲ ਕੀਤਾ ਅਤੇ ਉਹ ਇਕ ਵਫਾਦਾਰ ਅਤੇ ਹਬਸ਼ੀ ਕੁੱਤੇ ਦੇ ਰੂਪ ਵਿਚ ਭੂਮਿਕਾ ਨਿਭਾਉਣ ਲੱਗੇ। ਪੰਜਾਬ ਸਮੇਤ ਸਾਰੇ ਰਾਜਾਂ ਵਿਚ ਇਸ ਵਰਤਾਰੇ ਨੂੰ ਵੇਖਿਆ ਜਾ ਸਕਦਾ ਹੈ। ਵੈਸੇ ਤਾਂ ਹਰ ਸੱਤਾ ਆਮ ਲੋਕਾਈ ਪ੍ਰਤੀ ਜ਼ਾਬਰ ਹੁੰਦੀ ਹੈ ਪਰ ਜਦੋਂ ਜਮਹੂਰੀਅਤ ਦਾ ਘੁੰਡ ਲਹਿ ਜਾਵੇ ਤਾਂ ਫਿਰ ਰਾਣੀ ਨੇ ਕਦੇ ਅੱਗਾ ਨਹੀਂ ਢੱਕਿਆ। ਅਕਾਲੀ ਦਲ ਜਿਹੜਾ ਸਿੱਖ ਭਾਵਨਾਵਾਂ ਦੀ ਜ਼ਮੀਨ ਉੱਤੇ ਉਸਰਿਆ ਵਿਚ ਵੀ ਇਹ ਤਬਦੀਲੀ ਇਵੇਂ ਹੀ ਆਈ ਤੇ 2007 ਤੋਂ 2017 ਦੇ ਦੌਰ ਦੀ ਨਿਰੰਕਸ਼ਤਾ ਨੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਈ। ਨਾ ਸਿਰਫ਼ ਲੋਕਾਂ ਤੇ ਜ਼ਬਰ ਪੱਖੋਂ ਸਗੋਂ ਸੱਤਾ ਹਾਸਲ ਲਈ ਧਾਰਮਿਕ ਭਾਵਨਾਵਾਂ ਨਾਲ ਖੇਡਣ ਤੋਂ ਵੀ ਗੁਰੇਜ਼ ਨਹੀਂ ਹੋਇਆ ਤੇ ਪੰਜਾਬ ਦੇ ਲੋਕਾਂ ਨੇ ਉਸ ਖੇਤਰੀ ਪਾਰਟੀ ਦੇ ਲਹੂ ਲਿਬੜੇ ਜਾਬਰੀ ਚਿਹਰੇ ਨੂੰ ਪਛਾਣਿਆ।

ਅੱਜ ਪੰਜਾਬ ਦੇ ਆਮ ਲੋਕਾਂ ਦੇ ਹਿੱਤਾਂ ਤੇ ਭਾਵਨਾਵਾਂ 'ਤੇ ਪਹਿਰਾ ਦੇਣ ਵਾਲੀ ਪਾਰਟੀ ਦੀ ਲੋੜ ਰੜਕਦੀ ਹੈ। ਸਾਲ 2022 ਵਿਚ ਇਸੇ ਭੁਲੇਖੇ ਵਿਚੋਂ ਉਹ ਇਸ ਵਿਚਾਰ ਵਿਹੂਣੀ ਪਾਰਟੀ ਦੀ ਚੋਣ ਕਰ ਬੈਠੀ ਅਤੇ 2024 ਵਿਚ ਵੀ ਦੋ ਹਲਕਿਆਂ 'ਚ ਜ਼ਜਬਾਤੀ ਫੈਸਲੇ ਲੈ ਲਏ।

ਅੱਜ ਪੰਜਾਬ ਨੂੰ ਇਕ ਐਸੀ ਪਾਰਟੀ ਦੀ ਲੋੜ ਹੈ ਜਿਹੜੀ 1925 ਵਾਂਗ ਸਾਮਰਾਜੀ ਕਾਰਪੋਰੇਟੀ ਪੂੰਜੀ ਤੋਂ ਮੁਕਤੀ ਲਈ ਅੱਗੇ ਆਵੇ। ਇਸੇ ਆਸ ਦੀ ਭਟਕਣ ਵਿਚ ਉਹ ਗਲਤ ਤੇ ਜਜ਼ਬਾਤੀ ਚੋਣ ਕਰਦੇ ਹਨ। ਕੀ ਨਵਾਂ ਅਕਾਲੀ ਦਲ ਉਨ੍ਹਾਂ ਦੇ ਹਿੱਤਾਂ ਤੇ ਭਾਵਨਾਵਾਂ ਉੱਤੇ ਖਰਾ ਉਤਰੇਗੀ ? ਇਹ ਬੁਨਿਆਦੀ ਸਵਾਲ ਹੈ।

ਪਹਿਲੀ ਸਮੱਸਿਆ ਕਿਸਾਨੀ ਦੀ ਵਿਸ਼ੇਸ਼ ਕਰਕੇ ਗਰੀਬ ਤੇ ਦਰਮਿਆਨੀ ਕਿਸਾਨੀ ਤੇ ਕਮਜ਼ੋਰ ਵਰਗ ਦੀ ਹੈ ਜਿਨ੍ਹਾਂ ਲਈ ਇਕ ਜਿਊਣਯੋਗ ਜ਼ਿੰਦਗੀ ਲਈ ਰੁਜ਼ਗਾਰ ਤੇ ਵਸੀਲੇ ਚਾਹੀਦੇ ਹਨ ਅਤੇ ਉਨ੍ਹਾਂ ਦੀ ਕਿਰਤ ਦਾ ਯੋਗ ਮੁੱਲ ਵੀ ਚਾਹੀਦਾ ਹੈ। ਰੁਜ਼ਗਾਰਹੀਣ ਨੌਜਵਾਨਾਂ ਨੂੰ ਧਾਰਮਿਕ ਕੱਟੜਤਾਵਾਦ ਦਾ ਲੜ ਫੜਾ ਕੇ ਸਮੱਸਿਆਵਾਂ ਤੋਂ ਪਾਸਾ ਨਹੀਂ ਮੋੜਿਆ ਜਾ ਸਕਦਾ ਤੇ ਨਾ ਹੀ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਹੋ ਕੇ ਦਫ਼ਤਰ ਹਾਸਲ ਕਰਕੇ ਇਹ ਹੱਲ ਕੀਤੀਆਂ ਜਾ ਸਕਦੀਆਂ ਹਨ। ਇਕ ਮਾਇਆਜਾਲ ਅਤੇ ਗੈਰ ਬਰਾਬਰੀ ਵਾਲੇ ਪ੍ਰਬੰਧ ਵਿਚ ਇਹ ਅਸੰਭਵ ਹੈ। ਪੰਜਾਬੀ ਸਮਾਜ ਵੀ ਇਸ ਵੇਲੇ ਬਾਬਰ ਦੇ ਦੌਰ ਵਾਂਗੂ ਜ਼ਾਲਮ ਰਾਜ ਪ੍ਰਬੰਧ ਦੀ ਗ੍ਰਿਫ਼ਤ ਵਿਚ ਹੈ। ਪੂਰੀ ਤਰ੍ਹਾਂ ਅਨਿਆਂ ਸੀ। ਹਰ ਪਾਸੇ 'ਕੂੜ ਪਸਰਿਆ' ਹੋਇਆ ਹੈ। ਇਸ ਨੂੰ ਜਾਬਰ ਬਣਾਉਣ ਵਿਚ, ਕਾਂਗਰਸ ਭਾਜਪਾ ਹੀ ਨਹੀਂ ਬਲਕਿ ਖੇਤਰੀ ਪਾਰਟੀਆਂ ਸਮੇਤ ਅਕਾਲੀ ਦਲ ਦੀ ਵੀ ਅਹਿਮ ਭੂਮਿਕਾ ਰਹੀ ਹੈ। ਨਵੇਂ ਅਕਾਲੀ ਲਈ ਇਸ ਵਿਰੁੱਧ ਸਮੁੱਚੇ ਆਵਾਮ ਨੂੰ ਲੈ ਕੇ ਖਲੋਣਾ ਕੀ ਸੰਭਵ ਹੋਵੇਗਾ ? ਲੋਕ ਜ਼ਾਬਰ ਰਾਜ ਤੋਂ ਮੁਕਤੀ ਤੇ ਨਿਆਂਸ਼ੀਲ ਪ੍ਰਬੰਧ ਚਾਹੁੰਦੇ ਹਨ। ਕੌਣ ਆਵਾਜ਼ ਉਠਾਵੇਗਾ ਉਨ੍ਹਾਂ ਲਈ ? ਮੌਜੂਦਾ ਹਾਲਤ ਵਿਚ ਕੋਈ ਵੀ ਸਮਰੱਥ ਨਹੀਂ।

ਪੰਜਾਬ ਦੇ ਸਭਿਆਚਾਰ, ਭਾਸ਼ਾ, ਇਤਿਹਾਸ, ਭਾਈਚਾਰਕ ਏਕਤਾ, ਧਰਮ ਤੇ ਹਮਲੇ ਹੋ ਰਹੇ ਹਨ। ਵਿਸ਼ੇਸ਼ ਕਰਕੇ ਸੰਘ ਤੇ ਭਾਜਪਾ ਜੋ ਸੱਤਾ ਜੋ ਸੱਤਾ 'ਤੇ ਕਾਬਜ਼ ਹਨ। ਸਿਲੇਬਸਾਂ ਤੱਕ ਦੀਆਂ ਕਿਤਾਬਾਂ ਵਿਚ ਵਿਗਾੜ ਪੈਦਾ ਕਰ ਰਹੇ ਹਨ। ਬ੍ਰਾਮਹਣੀ ਕਲਚਰ, ਰਹੁਰੀਤਾਂ ਦਾ ਪਾਸਾਰਾ ਤਾਂ ਗੁਰੂ ਘਰਾਂ ਤੱਕ ਪਸਰ ਚੁੱਕਾ ਹੈ। ਕੀ ਨਵਾਂ ਅਕਾਲੀ ਦਲ ਇਸ ਪ੍ਰਤੀ ਕੋਈ ਗੰਭੀਰ ਭੂਮਿਕਾ ਨਿਭਾਵੇਗਾ। ਪੰਜਾਬ ਦੀ ਖੇਤੀ ਤੇ ਜ਼ਮੀਨ ਦੀ ਤਬਾਹੀ ਦੀਆਂ ਬੁਣਤੀਆਂ ਬੁਣੀਆਂ ਜਾ ਰਹੀਆਂ ਹਨ। ਕੌਣ ਰਾਖੀ ਕਰੇਗਾ ਪੰਜਾਬ ਦੀ, ਚੋਣ ਨਿਸ਼ਾਨ, ਦਫ਼ਤਰ ਜਾਂ ਸ਼੍ਰੋਮਣੀ ਕਮੇਟੀ ਬਾਦਲ ਹੱਥ ਹੋਵੇ ਜਾਂ ਰੱਖੜੇ ਚੰਜੂਮਾਜਰੇ ਜਾਂ ਬੀਬੀ ਜਗੀਰ ਕੌਰ ਦੇ ਹੱਥ ਇਸ ਨਾਲ ਆਮ ਗਰੀਬ ਸਿੱਖ ਨੂੰ ਕੋਈ ਫਰਕ ਨਹੀਂ ਪੈਣ ਲੱਗਾ। ਉਹਦੇ ਬੱਚੇ ਤਾਂ ਕਮੇਟੀ ਦੇ ਸਕੂਲ, ਕਾਲਜਾਂ ਦੀਆਂ ਫੀਸਾਂ ਦੇਣ ਦੇ ਸਮਰੱਥ ਨਹੀਂ। (ਗੁਰੂ ਰਾਮ ਦਾਸ ਮੈਡੀਕਲ ਕਾਲਜ ਦੀ ਫੀਸ 25-30 ਲੱਖ ਹੈ) ਅਤੇ ਨਾ ਹੀ ਉਹ ਕਮੇਟੀ ਦੇ ਹਸਪਤਾਲਾਂ ਵਿਚ ਇਲਾਜ ਕਰਵਾ ਸਕਣ ਦੀ ਪਹੁੰਚ ਰੱਖਦੇ ਹਨ। ਇਸ ਊਚ ਨੀਚ/ਗੈਰ ਬਰਾਬਰੀ ਦੇ ਪਾੜੇ ਨੂੰ ਕੌਣ ਮੇਟੇਗਾ ?

ਇਹ ਦਰੁਸਤ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਇਕ ਪੜ੍ਹੇ ਲਿਖੇ, ਇਤਿਹਾਸ ਤੇ ਗੁਰਬਾਣੀ ਦੇ ਗੰਭੀਰ ਗਿਆਤਾ ਹਨ ਅਤੇ ਰਾਜਸੀ ਸੂਝ ਤੇ ਬੇਬਾਕ ਭਾਸ਼ਾ 'ਚ ਬੋਲ ਸਕਦੇ ਹਨ, ਜਿਹੜੇ ਗੁਣਾਂ ਤੋਂ ਸੁਖਬੀਰ ਬਾਦਲ ਵਿਹੂਣਾ ਹੈ। ਪਰ ਯਾਦ ਰੱਖੋ ਇਨ੍ਹਾਂ ਸੰਸਥਾਵਾਂ ਤੇ ਰਾਜਸੀ ਖੇਤਰੀ ਪਾਰਟੀਆਂ ਦੀ ਆਪਣੀ ਸੀਮਾ ਹੁੰਦੀ ਏ। ਅੱਜ ਜਿਹੜਾ ਲਾਣਾ ਨਵੇਂ ਅਕਾਲੀ ਦਲ 'ਚ ਹਰਲ ਹਰਲ ਕਰਦਾ ਫਿਰਦਾ ਹੈ ਉਸ ਨੂੰ ਕਾਰਪੋਰੇਟ ਪੂੰਜੀ ਦੀ ਇਕ ਬੁਰਕੀ ਪੈ ਗਈ ਜਾਂ ਘੁਰਕੀ ਵੱਜੀ ਤਾਂ ਪੂਛ ਦਬਾ ਕੇ ਖਿਸਕਦੇ ਜਾਣਗੇ ਜਾਂ ਉਨ੍ਹਾਂ ਦੀ ਝੋਲੀ ਪੈਣਗੇ। ਇਹ ਵੱਡੀ ਪੂੰਜੀ ਨੇ ਤਹਿ ਕਰਨਾ ਹੈ ਕਿ ਕਿਹੜੇ ਸਮੇਂ ਉਨ੍ਹਾਂ ਲਈ ਵੱਧ ਵਫਾਦਾਰ ਹੋ ਸਕਦਾ ਹੈ ਤੇ ਕਿਵੇਂ ਹੋ ਸਕਦਾ ਹੈ।

# ਦੂਸ਼ਿਤ ਹਵਾ-ਪਾਣੀ ਤੇ ਗੈਰ-ਗੰਭੀਰ ਇਨਕਲਾਬੀ !

ਪਰਮਜੀਤ ਰੋਡੇ
737 274 2370



ਹਵਾ-ਪਾਣੀ ਦੇ ਦੂਸ਼ਿਤ ਹੋਣ, ਧਰਤੀ ਦੇ ਬੰਜਰ ਹੋਣ ਅਤੇ ਸਮੁੱਚੇ ਵਾਤਾਵਰਣ ਦੇ ਪ੍ਰਦੂਸ਼ਿਤ ਹੋਣ ਦਾ ਚਰਚਾ, ਇੱਕ ਕੌੜੀ ਸਚਾਈ ਹੈ। ਇਹ ਵੀ ਕੌੜਾ ਸੱਚ ਹੈ ਕਿ ਜੋ ਸ਼ੁੱਧ ਵਾਤਾਵਰਣ ਅਤੇ ਕੁਦਰਤ ਨੂੰ ਪਿਆਰ ਨਹੀਂ ਕਰਦਾ ਅਤੇ ਇਸਦੀ ਸ਼ੁੱਧਤਾ ਲਈ ਲੜਾਈ ਨਹੀਂ ਲੜਦਾ ਉਹ ਇਨਕਲਾਬੀ ਨਹੀਂ ਹੋ ਸਕਦਾ। ਕੀ ਪੰਜਾਬ ਦੇ ਕਮਿ: ਇਨਕਲਾਬੀ, ਅਮਲ 'ਚ ਇਹ ਸ਼ਰਤ ਪੂਰੀ ਕਰਦੇ ਹਨ ? ਇਹ ਇੱਕ ਵੱਡਾ ਸਵਾਲ ਹੈ।

ਹਵਾ-ਪਾਣੀ ਦੇ ਦੂਸ਼ਿਤ ਹੋਣ ਤੇ ਕਾਰਣਾਂ ਅਤੇ ਮਨੁੱਖਤਾ ਲਈ ਇਸਦੇ ਨੁਕਸਾਨਾਂ ਦੀ ਬਰੀਕੀ ਨਾਲ ਸੂਚੀ ਤਿਆਰ ਕਰਨੀ ਹੋਵੇ ਤਾਂ ਇਹ ਲਿਸਟ ਲੰਬੀ ਹੋ ਸਕਦੀ ਹੈ! ਵਿਗਿਆਨਕ ਹਲਕੇ ਆਮ ਰੂਪ 'ਚ ਜਾਣਦੇ ਹਨ ਕਿ ਦੂਸ਼ਿਤ ਹਵਾ: ਫੇਫੜਿਆਂ ਅਤੇ ਦਿਲ ਦੀਆਂ ਬਿਮਾਰੀਆਂ, ਤੰਤੂ ਵਿਗਾੜ ਅਤੇ ਗਲੋਬਲ ਤਪਸ਼ (ਜੋ ਰੁੱਤਾਂ ਪੈਟਰਨ ਅਤੇ ਕੁਦਰਤ ਦਾ ਸੰਤੁਲਨ ਵਿਗਾੜਦੀ ਹੈ) ਦਾ ਕਾਰਨ ਬਣਦੀ ਹੈ। ਇਸੇ ਤਰ੍ਹਾਂ ਦੂਸ਼ਿਤ ਪਾਣੀ: ਮਨੁੱਖੀ ਸਿਹਤ ਲਈ ਤਾਂ ਘਾਤਕ ਹੈ ਈ (ਕਿਉਂਕਿ ਇਹ ਹੈਜ਼ਾ, ਟਾਈਫਾਈਡ, ਕੈਂਸਰ ਅਤੇ ਤੰਤੂ ਵਿਗਾੜ ਵਰਗੀਆਂ ਬੀਮਾਰੀਆਂ ਨੂੰ ਜਨਮ ਦਿੰਦੀ ਹੈ) ਇਹ ਪਾਣੀ-ਅਧਾਰਤ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਂਦੀ ਅਤੇ ਜੈਵ-ਵਿਭਿੰਨਤਾ (Biodiversity) ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ! ਜੇ ਸਮੁੱਚਤਾ 'ਚ ਗੱਲ ਕਰੀਏ ਤਾਂ ਕਹਿ ਸਕਦੇ ਹਾਂ ਕਿ ਦੂਸ਼ਿਤ ਹਵਾ ਤੇ ਦੂਸ਼ਿਤ ਪਾਣੀ; ਮੌਤ ਦਰ ਅਤੇ ਨਿਪੁੰਸਕਤਾ ਦੋਵਾਂ ਨੂੰ ਹੀ ਵਧਾਉਂਦੇ ਹਨ।

ਇਹ ਠੀਕ ਹੈ ਕਿ ਸਮੁੱਚੇ ਤੌਰ ਤੇ ਪ੍ਰਦੂਸ਼ਣ ਖਿਲਾਫ਼ ਲੜਾਈ ਲੰਬੀ ਹੈ ਅਤੇ ਇਹ ਸਮੁੱਚੇ ਇਨਕਲਾਬੀ ਪ੍ਰੋਗਰਾਮ ਦਾ ਅੰਗ ਬਣਾਕੇ ਹੀ ਲੜੀ ਜਾਣੀ ਹੈ! ਪਰ ਮਸਲੇ ਦੇ ਅੰਸ਼ਕ ਪੱਖ 'ਤੇ ਅਤੇ ਅੰਸ਼ਕ ਰੂਪ 'ਚ ਘੋਲ ਵੀ ਤਾਂ ਸਮੇਂ ਸਮੇਂ ਚੱਲਣੇ ਹੀ ਚਾਹੀਦੇ ਨੇ।

ਸਭ ਜਾਣਦੇ ਹਨ ਕਿ ਜਦੋਂ ਕਿਸਾਨ ਝੋਨੇ ਦੀ ਪਰਾਲੀ ਨੂੰ ਅੱਗ ਲਾਉਂਦੇ ਹੈ ਤਾਂ ਮਹੀਨਾਂ-ਭਰ ਹਵਾ ਕਿੰਨੀ ਪ੍ਰਦੂਸ਼ਿਤ ਹੁੰਦੀ ਹੈ। ਇਹ ਵੀ ਸਭ ਜਾਣਦੇ ਹਨ ਕਿ ਦੂਸ਼ਿਤ ਹਵਾ ਨਾਲ ਹੋਣ ਵਾਲੇ ਨੁਕਸਾਨ ਤੋਂ ਇਲਾਵਾ, ਸਮਾਜ ਨੂੰ ਇਸ ਨਾਲ ਜੁੜੀਆਂ ਹੋਰ ਕਈ ਸਮੱਸਿਆਵਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ! ਇਹ ਵੀ ਸਭ ਜਾਣਦੇ ਹਨ ਕਿ ਜਦੋਂ ਪ੍ਰਸ਼ਾਸਨ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਦਾ ਅਤੇ ਸਜਾਵਾਂ ਦੇਣ ਦੀ ਗੱਲ ਕਰਦਾ ਹੈ ਤਾਂ ਕਿਸਾਨ ਜਥੇਬੰਦੀਆਂ ਦੇ 'ਇਨਕਲਾਬੀ' ਆਗੂ, ਕਿਸਾਨਾਂ ਦੇ ਕੋਲ ਖੜ੍ਹਕੇ ਉਨ੍ਹਾਂ ਤੋਂ ਪਰਾਲੀ ਨੂੰ ਅੱਗ ਲੁਆਉਂਦੇ ਹਨ ਅਤੇ ਪ੍ਰਸ਼ਾਸਨ ਨੂੰ ਚੈਲੰਜ ਵੀ ਕਰਦੇ ਹਨ ਕਿ ਜੇ ਹਿੰਮਤ ਹੈ ਤਾਂ ਉਹ ਰੋਕ ਕੇ ਦਿਖਾਵੇ! ਜੇ ਤੁਸੀਂ ਉਨ੍ਹਾਂ ਨਾਲ ਗੱਲ ਕਰੋ ਤਾਂ ਇਸ ਕਾਰਵਾਈ ਦੇ ਹੱਕ 'ਚ ਉਹ ਅਜੀਬੋ-ਗਰੀਬ ਦਲੀਲਾਂ ਦਿੰਦੇ ਹਨ; 1) ਪ੍ਰਦੂਸ਼ਣ ਕਿਹੜਾ ਸਿਰਫ਼ ਕੱਲੀ ਪਰਾਲੀ ਸਾੜਨ ਨਾਲ ਹੀ ਹੁੰਦਾ ਹੈ ? 2) ਜੇ ਸਰਕਾਰ ਪਰਾਲੀ ਸਾਂਭਣ ਦਾ ਕੋਈ ਪ੍ਰਬੰਧ ਨਹੀਂ ਕਰਦੀ ਤਾਂ ਵਿਚਾਰੇ ਕਿਸਾਨ ਪਰਾਲੀ ਨਾਂ ਸਾੜਨ ਤਾਂ ਹੋਰ ਕੀ ਕਰਨ ? ਅਸਲ ਗੱਲ ਇਹ ਹੈ ਕਿ ਇਹ ਕਿਸਾਨ ਆਗੂ, ਇਹ ਨਹੀਂ ਚਾਹੁੰਦੇ ਕਿ ਕਿਸਾਨਾਂ ਦਾ ਭੋਰਾ-ਭਰ ਵੀ ਆਰਥਿਕ ਨੁਕਸਾਨ ਹੋਵੇ! ਭਾਵ ਹੋਰ ਜੋ ਮਰਜ਼ੀ ਹੋਈ ਜਾਵੇ,ਉਹ ਇਸਦੀ ਪਰਵਾਹ ਨਹੀਂ ਕਰਦੇ! ਵਾਹ! ਲੋਕਾਂ ਦੀ ਸਿਆਸੀ ਚੇਤਨਾ ਉੱਪਰ ਚੁੱਕਣ ਦਾ ਇਹ ਕਿਆ ਕਰਾਮਾਤੀ ਢੰਗ ਹੈ ?

ਪੰਜਾਬ ਦਾ ਧਰਤੀ ਹੇਠਲਾ ਪਾਣੀ ਪ੍ਰਦੂਸ਼ਿਤ ਹੋਣ ਕਰਕੇ ਪੀਣ ਵਾਲੇ ਪਾਣੀ ਦੀ ਸਮੱਸਿਆ ਖੜ੍ਹੀ ਹੋ ਗਈ ਹੈ। ਇਹਦੇ ਲਈ ਮੁੱਖ ਤੌਰ ਤੇ ਜ਼ਿੰਮੇਵਾਰ ਤਾਂ ਕਾਰਖਾਨਿਆਂ ਵੱਲੋਂ ਛੱਡਿਆ ਜਾਂਦਾ ਅਸ਼ੁਧ, ਰਸਾਇਣਕ ਤੇ ਜ਼ਹਿਰੀਲਾ ਪਾਣੀ ਹੈ ਪਰ ਇਹਦੇ 'ਚ ਕਿਸਾਨਾਂ ਵੱਲੋਂ ਬੇ-ਰੋਕ ਵਰਤੀ ਜਾਂਦੀ ਰਸਾਇਣਕ ਖਾਦ ਅਤੇ ਕੀਟਨਾਸ਼ਕ ਦਵਾਈਆਂ ਦਾ ਵੀ ਹਿੱਸਾ ਹੈ। ਪਾਣੀ ਦੀ ਇਸ ਤੋਂ ਵੀ ਵੱਡੀ ਇਕ ਹੋਰ ਸਮੱਸਿਆ ਵੀ ਹੈ ? ਉਹ ਹੈ ਮੁੱਕ ਰਿਹਾ ਧਰਤੀ ਹੇਠਲਾ ਪਾਣੀ ਅਤੇ ਛੇਤੀ ਹੀ ਧਰਤੀ ਦੇ ਬੰਜਰ ਹੋਣ ਦਾ ਹਕੀਕੀ ਖ਼ਤਰਾ! ਇਹਦੇ ਲਈ ਮੁੱਖ ਜੁਮੇਵਾਰ ਹਨ ਸਰਕਾਰੀ ਨੀਤੀਆਂ ਅਤੇ ਕਿਸਾਨਾਂ ਵੱਲੋਂ ਬੀਜੀ ਜਾਂਦੀ ਝੋਨੇ ਦੀ ਫ਼ਸਲ!

ਧਰਤੀ ਨੂੰ ਬੰਜਰ ਹੋਣ ਤੋਂ ਬਚਾਉਣ ਦਾ ਸਿੱਕੇਬੰਦ ਹੱਲ ਤਾਂ ਪੰਜਾਬ ਸਰਕਾਰ ਵੱਲੋਂ ਫੌਰੀ ਤੌਰ 'ਤੇ ਅਤੇ ਸੀਮਤ ਸਮੇਂ ਲਈ ਝੋਨੇ ਦੀ ਪੈਦਾਵਾਰ 'ਤੇ ਪਾਬੰਦੀ ਲਗਾਉਣ ਅਤੇ ਨਾਲ ਵਿਕਲਪੀ ਫ਼ਸਲਾਂ ਦੀ ਪੈਦਾਵਾਰ ਲਈ ਲਾਹੇਵੰਦ ਭਾਅ ਦਾ ਐਲਾਨ ਕਰਨ 'ਚ ਹੈ। ਜੇ ਸਰਕਾਰ ਇਹ ਨਹੀਂ ਕਰਦੀ ਤਾਂ ਸਰਕਾਰ 'ਤੇ ਦਬਾਅ ਬਣਾਉਣ ਲਈ, ਕਿਸਾਨ ਜਥੇਬੰਦੀਆਂ ਵੱਲੋਂ ਇਸ ਮੁੱਦੇ 'ਤੇ ਲੜਾਈ ਵੀ ਲੜਨੀ ਬਣਦੀ ਹੈ! ਪਰ ਮੁੱਦਾ ਇਹ ਵੀ ਹੈ ਕਿ ਜੇ ਸਰਕਾਰ ਫਿਰ ਵੀ ਨਹੀਂ ਮੰਨਦੀ ਤਾਂ ਕਿਸਾਨ ਜਥੇਬੰਦੀਆਂ ਫਿਰ ਕੀ ਕਰਨ ?

ਮੇਰੀ ਸਮਝ ਤਾਂ ਇਹੀ ਹੈ ਕਿ ਜੱਥੇਬੰਦੀਆਂ ਵੱਲੋਂ ਕਿਸਾਨਾਂ ਨੂੰ ਸਮਝਾਉਣਾ ਤੇ ਤਿਆਰ ਕਰਨਾ ਚਾਹੀਦਾ ਹੈ ਕਿ ਬਦਲਵੀਆਂ ਫ਼ਸਲਾਂ ਲਈ ਲਾਹੇਵੰਦ ਭਾਅ ਲੈਣ ਦੀ ਲੜਾਈ ਤਾਂ ਚੱਲਦੀ ਹੀ ਰਹੇਗੀ ਪਰ ਝੋਨੇ ਦੀ ਫ਼ਸਲ ਦੀ ਪੈਦਾਵਾਰ ਵੀ ਫੌਰੀ ਤੌਰ ਤੇ ਬੰਦ ਹੋਵੇ! ਭਾਵ ਧਰਤੀ ਨੂੰ ਬੰਜਰ ਹੋਣ ਤੋਂ ਬਚਾਉਣ ਦੇ ਵਡੇਰੇ ਹਿਤ ਲਈ,ਜੇ ਕਿਸਾਨਾਂ ਨੂੰ ਆਰਥਿਕ ਨੁਕਸਾਨ ਵੀ ਝੱਲਣਾ ਪੈਂਦਾ ਹੈ ਤਾਂ ਇਹ ਝੱਲ ਲੈਣਾ ਚਾਹੀਦਾ ਹੈ! ਪਰ ਕੀ ਇਹ ਸੰਭਵ ਹੈ ?

ਸੰਭਵ ਹੋਣਾ ਤਾਂ ਅਗਲੀ ਗੱਲ ਹੈ, ਉਸ ਤੋਂ ਪਹਿਲਾਂ ਤਾਂ ਇਨਕਲਾਬੀ ਕਿਸਾਨ ਜਥੇਬੰਦੀਆਂ ਨੂੰ ਉਸ ਗਲਤ ਟਰੈਕ ਤੋਂ ਹੇਠਾਂ ਉਤਰਨਾ ਪੈਣਾ ਹੈ ਜਿਸ 'ਤੇ ਉਹ ਦੌੜ ਰਹੀਆਂ ਹਨ। ਸਥਿਤੀ ਇਹ ਹੈ ਕਿ ਮੁੱਦਾ ਜਿੰਨਾ ਗੰਭੀਰ ਹੈ, ਕਿਸਾਨ ਜਥੇਬੰਦੀਆਂ ਮੁੱਦੇ ਪ੍ਰਤੀ ਉੱਨੀਆਂ ਹੀ ਗੈਰ-ਗੰਭੀਰ(ਨਾਂ ਕਿ ਗਹਿਰ-ਗੰਭੀਰ)ਹਨ। ਹਾਲਾਂਕਿ ਵਾਤਾਵਰਣ-ਪੱਖੀ, ਗੈਰ-ਜੱਥੇਬੰਦ ਲੋਕ ਸਮੇਂ ਸਮੇਂ ਗੰਭੀਰਤਾ ਦਿਖਾਉਂਦੇ ਤੇ ਛੋਟੀ-ਮੋਟੀ ਸਰਗਰਮੀ ਕਰਦੇ ਹੀ ਰਹਿੰਦੇ ਹਨ! ਪਰ ਇਨਕਲਾਬੀ ਚੁੱਪ ਹਨ। ਇਸ ਨੂੰ ਜੇ ਮੁਜਰਮਾਨਾ ਚੁੱਪ ਕਿਹਾ ਜਾਵੇ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ!

ਇਹ ਠੀਕ ਹੈ ਕਿ ਜੇ ਜਥੇਬੰਦੀਆਂ ਵੱਖ ਵੱਖ ਹਨ ਤਾਂ ਵੱਖ ਵੱਖ-ਵੱਖ ਸਮਿਆਂ 'ਤੇ ਉਨਾਂ 'ਚ ਮੁਕਾਬਲੇਬਾਜ਼ੀ ਵੀ ਸੁਭਾਵਿਕ ਹੈ! ਪਰ ਕਿਹੋ ਜਿਹੀ ? ਪਰਾਲੀ ਸਾੜਨ ਦੇ ਮਾਮਲੇ 'ਚ ਨੋਟ ਹੋਇਆ ਹੈ ਕਿ ਜੇ ਇਕ ਜੱਥੇਬੰਦੀ ਦੇ ਆਗੂਆਂ ਨੇ ਕਿਸਾਨਾਂ ਦੇ ਬਰਾਬਰ ਖੜਕੇ ਪਰਾਲੀ ਨੂੰ ਅੱਗ ਲਵਾਉਣੀ ਸੂਰੂ ਕਰ ਦਿੱਤੀ ਤਾਂ ਦੂਜੀ ਕਿਸਾਨ ਜਥੇਬੰਦੀ ਨੂੰ ਲੱਗਿਆ ਕਿ ਉਹ ਤਾਂ ਇਸ ਕੰਮ 'ਚ ਪਛੜ ਹੀ ਗਏ! ਤਾਂ ਫਿਰ ਉਸ ਜਥੇਬੰਦੀ ਦੇ ਆਗੂਆਂ ਨੇ ਵੀ ਉਹੀ ਧੰਦਾ ਸ਼ੁਰੂ ਕਰ ਲਿਆ! ਇਹ ਜਥੇਬੰਦੀਆਂ, ਇਹ ਆਗੂ ਇਸ ਗਲਤ ਮੁਕਾਬਲੇ 'ਚ ਤਾਂ ਪੈ ਗਏ ਪਰ ਜਿੱਥੇ ਮੁਕਾਬਲੇ ਦੀ ਲੋੜ ਹੈ ਉੱਥੇ ਇਹ ਹਿੰਮਤ ਨਹੀਂ ਦਿਖਾ ਰਹੇ!

ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੀ ਧਰਤੀ ਨੂੰ ਬੰਜਰ ਹੋਣ ਤੋਂ ਬਚਾਉਣ ਲਈ, ਜੇ ਇਕ ਕਿਸਾਨ ਜਥੇਬੰਦੀ ਵੀ ਸਪੱਸ਼ਟਤਾ ਨਾਲ ਕਿਸਾਨਾਂ ਨੂੰ ਇਹ ਸਮਝਾਉਣ ਤੇ ਤਿਆਰ ਕਰਨ ਦੀ ਪੁਜ਼ੀਸ਼ਨ ਲੈ ਲਵੇ ਕਿ ਬਦਲਵੀਆਂ ਫ਼ਸਲਾਂ ਦੇ ਲਾਹੇਵੰਦ ਭਾਅ ਲੈਣ ਲਈ ਲੜਾਈ ਦੇ ਨਾਲ-ਨਾਲ, ਸਾਨੂੰ ਆਰਥਿਕ ਹਰਜਾ ਝੱਲ ਕੇ ਵੀ ਝੋਨੇ ਦੀ ਪੈਦਾਵਾਰ ਬੰਦ ਕਰਨੀ ਚਾਹੀਦੀ ਹੈ! ਤਾਂ ਲਾਜ਼ਮੀ ਹੀ ਹੋਰ ਜੱਥੇਬੰਦੀਆਂ ਵੀ ਇਹੀ ਪੁਜ਼ੀਸ਼ਨ ਲੈ ਲੈਣਗੀਆਂ! ਪਰ ਕੋਈ ਜੱਥੇਬੰਦੀ ਅਜਿਹੀ ਮੁਕਾਬਲੇਬਾਜ਼ੀ ਲਈ ਇਕ ਵਾਰ ਅੱਗੇ ਤਾਂ ਆਏ! ਅਜਿਹਾ ਕਰਨ ਨਾਲ ਉਸ ਜੱਥੇਬੰਦੀ ਦੀ,ਸਮਾਜ ਦੇ ਬਾਕੀ ਵਰਗਾਂ 'ਚ ਕਿੰਨੀ ਬੱਲੇ-ਬੱਲੇ ਹੋਵੇਗੀ ? ਇਹ ਇੱਕ ਵੱਖਰਾ ਨੁਕਤਾ ਹੈ!

ਕਿਸੇ ਵੀ ਵਰਗ ਦੇ ਸਿਰਫ਼ ਅਤੇ ਸਿਰਫ਼ ਆਰਥਿਕ ਹਿਤਾਂ ਅਤੇ ਖਾਹਸ਼ਾਂ ਨੂੰ ਧਿਆਨ 'ਚ ਰੱਖਕੇ ਫ਼ੈਸਲੇ ਲੈਣੇ ਤੇ ਘੋਲ ਵਿੱਢਣੇ, ਇਨਕਲਾਬੀ ਸਿਆਸਤ/ਸਿਧਾਂਤ ਦੇ ਪ੍ਰਸੰਗ 'ਚ ਸ਼ੁੱਧ ਆਰਥਿਕਵਾਦ ਤਾਂ ਹੈ ਹੀ, ਇਹ ਪੂਛਲਵਾਦ ਵੀ ਹੈ!!



# ਮਾਲੇਗਾਓਂ ਬੰਬ ਕੇਸ ਅਤੇ ਐਨ.ਆਈ.ਏ. ਅਦਾਲਤ ਦੀ ਕਲੀਨ ਚਿੱਟ


ਬੂਟਾ ਸਿੰਘ
ਮਹਿਮੂਦਪੁਰ
94634-74342

ਆਖਿਰਕਾਰ 31 ਜੁਲਾਈ ਨੂੰ ਐੱਨਆਈਏ (ਕੌਮੀ ਜਾਂਚ ਏਜੰਸੀ) ਦੀ ਵਿਸ਼ੇਸ਼ ਅਦਾਲਤ ਨੇ ਮਾਲੇਗਾਓਂ ਬੰਬ ਕੇਸ ਵਿਚ ਫ਼ੈਸਲਾ ਸੁਣਾ ਦਿੱਤਾ ਹੈ। 29 ਸਤੰਬਰ 2008 ਨੂੰ ਮਹਾਰਾਸ਼ਟਰ ਦੇ ਮਾਲੇਗਾਓਂ ਦੇ ਮੁਸਲਿਮ-ਬਹੁਗਿਣਤੀ ਵਾਲੇ ਕਾਰੋਬਾਰੀ ਇਲਾਕੇ ਭੀਕੂ ਚੌਕ ਵਿਚ ਹੋਏ ਬੰਬ ਕਾਂਡ ਵਿਚ 6 ਗ਼ਰੀਬ ਮੁਸਲਮਾਨ ਮਾਰੇ ਗਏ ਸਨ ਅਤੇ 100 ਤੋਂ ਵੱਧ ਜ਼ਖ਼ਮੀ ਹੋਏ ਸਨ। ਇਸ ਤੋਂ ਪਹਿਲਾਂ ਸਤੰਬਰ 2006 'ਚ ਇਸੇ ਸ਼ਹਿਰ ਵਿਚ ਮਸਜਿਦ ਕੋਲ ਹੋਏ ਚਾਰ ਬੰਬ ਧਮਾਕਿਆਂ ਵਿਚ 31 ਲੋਕ ਮਾਰੇ ਗਏ ਸਨ ਅਤੇ 312 ਗੰਭੀਰ ਜ਼ਖ਼ਮੀ ਹੋਏ ਸਨ। ਪਰਿਵਾਰ ਪਿਛਲੇ 17 ਸਾਲ ਤੋਂ ਨਿਆਂ ਲਈ ਅਦਾਲਤਾਂ ਵਿਚ ਭਟਕ ਰਹੇ ਸਨ। ਫਿਰ ਉਹੀ ਹੋਇਆ ਜਿਸਦੀ ਆਸ ਸੀ: ਸਾਰੇ ਦੇ ਸਾਰੇ 7 ਮੁੱਖ ਦੋਸ਼ੀ 'ਸਬੂਤਾਂ ਦੀ ਘਾਟ' ਕਹਿਕੇ ਬਰੀ ਕਰ ਦਿੱਤੇ ਗਏ: ਭਾਜਪਾ ਦੇ ਵਿਦਿਆਰਥੀ ਵਿੰਗ ਦੀ ਸਾਬਕਾ ਆਗੂ ਅਤੇ ਆਪੇ ਬਣੀ ਸਾਧਵੀ ਪ੍ਰਗਿਆ ਸਿੰਘ ਠਾਕੁਰ, ਲੈਫਟੀਨੈਂਟ ਕਰਨਲ ਪ੍ਰਸਾਦ ਪੁਰੋਹਿਤ ਜੋ ਗ੍ਰਿਫ਼ਤਾਰੀ ਸਮੇਂ ਭਾਰਤੀ ਫ਼ੌਜ ਦੀ ਖ਼ੁਫ਼ੀਆ ਬਰਾਂਚ ਵਿਚ ਤਾਇਨਾਤ ਸੀ, ਫ਼ੌਜ ਤੋਂ ਰਿਟਾਇਰਡ ਮੇਜਰ ਰਮੇਸ਼ ਉਪਾਧਿਆਏ, ਸਮੀਰ ਕੁਲਕਰਨੀ, ਸੁਧਾਕਰ ਚਤੁਰਵੇਦੀ, ਅਜੈ ਰਾਹਿਰਕਰ ਅਤੇ ਸੁਧਾਕਰ ਧਰ ਦੁਵੇਦੀ ਉਰਫ ਦਯਾਨੰਦ ਪਾਂਡੇ। ਜੱਜ ਏ.ਕੇ. ਲਾਹੋਤੀ ਦੀ ਅਗਵਾਈ ਹੇਠ ਵਿਸ਼ੇਸ਼ ਅਦਾਲਤ ਨੇ ਕਿਹਾ ਕਿ ਮੁਕੱਦਮਾ ਪੱਖ ਇਹ ਮਾਮਲਾ 'ਸ਼ੱਕ ਤੋਂ ਪਰੇ' ਸਾਬਤ ਕਰਨ ਵਿਚ ਅਸਫ਼ਲ ਰਿਹਾ ਅਤੇ ਅਦਾਲਤ ਨੇ ਦੋਸ਼ੀਆਂ ਨੂੰ "ਸ਼ੱਕ ਦਾ ਲਾਭ ਮਿਲਣ ਦੇ ਯੋਗ" ਮੰਨਿਆ। ਸਾਧਵੀ ਨੇ ਅਦਾਲਤੀ ਫ਼ੈਸਲੇ ਨੂੰ 'ਹਿੰਦੂਤਵ ਅਤੇ ਧਰਮ ਦੀ ਜਿੱਤ' ਦੱਸਿਆ। ਹਾਲਾਂਕਿ ਇਹ ਜੱਗ ਜ਼ਾਹਿਰ ਹੈ ਕਿ ਸੰਘ ਬਰਗੇਡ ਦਾ ਧਰਮ ਨਾਲ ਕੋਈ ਲੈਣਾ-ਦੇਣਾ ਹੈ, ਧਰਮ ਦਾ ਸਹਾਰਾ ਤਾਂ ਇਹ ਆਪਣੇ 'ਹਿੰਦੂ ਰਾਸ਼ਟਰ' ਦੇ ਰਾਜਨੀਤਕ ਪ੍ਰੋਜੈਕਟ ਨੂੰ ਆਮ ਲੋਕਾਂ ਵਿਚ ਜਚਣਹਾਰ ਬਣਾਉਣ ਲਈ ਲੈਂਦੇ ਹਨ।

ਇਸ ਬੰਬ ਕਾਂਡ ਦੀ ਮੁੱਢਲੀ ਜਾਂਚ ਮਹਾਰਾਸ਼ਟਰ ਏਟੀਐੱਸ (ਐਂਟੀ ਟੈਰਰਿਸਟ ਸੁਕੈਡ) ਦੇ ਮੁਖੀ ਮਰਹੂਮ ਹੇਮੰਤ ਕਰਕਰੇ ਦੀ ਅਗਵਾਈ 'ਚ ਕੀਤੀ ਗਈ। ਜਾਂਚ ਵਿਚ ਆਰ.ਡੀ.ਐਕਸ. ਅਤੇ ਐਮੋਨੀਅਮ ਨਾਈਟਰੇਟ ਵਰਤੇ ਜਾਣ ਦੇ ਸੰਕੇਤ ਮਿਲੇ। ਇਸ ਕਾਂਡ ਵਿਚ ਵਰਤੇ ਗਏ ਐੱਲਐੱਮਐੱਲ ਫਰੀਡਮ ਮੋਟਰਸਾਈਕਲ ਦੀ ਨੰਬਰ ਪਲੇਟ ਜਾਅਲੀ ਸੀ। ਛਾਣਬੀਣ ਕਰਨ 'ਤੇ ਮੋਟਰ ਸਾਈਕਲ ਪ੍ਰੱਗਿਆ ਸਿੰਘ ਠਾਕੁਰ ਦਾ ਨਿਕਲਿਆ। ਸਾਧਵੀ ਨੇ ਪਹਿਲਾਂ ਤਾਂ ਇਹ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ ਕਿ ਇਹ ਬਾਈਕ ਉਸੇ ਦਾ ਹੈ। ਪਰ ਜਾਂਚ ਅੱਗੇ ਉਸਦਾ ਝੂਠ ਟਿਕ ਨਾ ਸਕਿਆ। ਮਾਲੇਗਾਓਂ ਕਾਂਡ ਦਾ ਵਿਚਾਰਧਾਰਕ ਮਾਰਗਦਰਸ਼ਕ ਸਵਾਮੀ ਦਯਾਨੰਦ ਪਾਂਡੇ ਅਤੇ ਮਾਸਟਰਮਾਈਂਡ ਲੈਫਟੀਨੈਂਟ ਕਰਨਲ ਸ਼੍ਰੀਕਾਂਤ ਪੁਰੋਹਿਤ ਸੀ ਜਿਸਨੇ ਫ਼ੌਜ ਵਿਚ ਆਪਣੇ ਅਹੁਦੇ ਦਾ ਫ਼ਾਇਦਾ ਉਠਾ ਕੇ ਭਾਰਤੀ ਫ਼ੌਜ ਦੇ ਗੋਦਾਮਾਂ ਤੋਂ ਆਰਡੀਐਕਸ ਸਪਲਾਈ ਕੀਤਾ। ਬਾਕੀਆਂ ਨੇ ਆਪੋ ਆਪਣੀ ਭੂਮਿਕਾ ਨਿਭਾਈ। ਇਹ ਸਾਰੇ ਕੱਟੜਪੰਥੀ ਹਿੰਦੂਤਵ ਗਰੁੱਪ 'ਅਭਿਨਵ ਭਾਰਤ' ਨਾਲ ਸੰਬੰਧਤ ਸਨ ਜੋ ਹਿੰਦੂ ਰਾਸ਼ਟਰ ਦੀ ਸਥਾਪਨਾ ਲਈ ਸਰੇਆਮ ਹਿੰਸਾ ਦੀ ਵਕਾਲਤ ਕਰਦਾ ਸੀ।

ਜਾਂਚ ਤੋਂ ਬਾਅਦ ਏਟੀਐੱਸ ਦੀ 4,500 ਪੰਨਿਆਂ ਦੀ ਚਾਰਜਸ਼ੀਟ ਵਿਚ ਇਹ ਸਾਜ਼ਿਸ਼ ਇਸ ਤਰ੍ਹਾਂ ਦਰਜ ਕੀਤੀ ਗਈ ਸੀ: ਬੰਬ ਧਮਾਕਿਆਂ ਦੀ ਯੋਜਨਾ 'ਅਭਿਨਵ ਭਾਰਤ' ਨਾਂ ਦੀ ਕੱਟੜ ਹਿੰਦੂਤਵੀ ਸੰਸਥਾ ਨੇ ਬਣਾਈ ਸੀ ਅਤੇ ਇਹ ਜਥੇਬੰਦੀ ਜਥੇਬੰਦੀ ਲੈਫਨੀਨੈਂਟ ਕਰਨਲ ਪੁਰੋਹਿਤ ਅਤੇ ਹੋਰ ਦੋਸ਼ੀਆਂ ਵੱਲੋਂ ਹਿੰਦੂ ਰਾਸ਼ਟਰ ਦੀ ਸਥਾਪਨਾ ਕਰਨ ਦੇ ਮਕਸਦ ਨਾਲ ਬਣਾਈ ਗਈ ਸੀ। ਇਸ ਬਾਰੇ ਰਾਇਗੜ੍ਹ ਕਿਲਾ, ਦੇਵਲਾਈ, ਪੁਣੇ, ਭੋਪਾਲ, ਇੰਦੌਰ, ਫਰੀਦਾਬਾਦ, ਕੋਲਕਾਤਾ ਅਤੇ ਨਾਸਿਕ ਵਿਚ ਗੁਪਤ ਮੀਟਿੰਗਾਂ ਕੀਤੀਆਂ ਗਈਆਂ। ਪੁਰੋਹਿਤ ਨੇ ਜੰਮੂ-ਕਸ਼ਮੀਰ ਵਿਚ ਤਾਇਨਾਤੀ ਦੌਰਾਨ ਫ਼ੌਜ ਦੇ ਭੰਡਾਰ ਤੋਂ ਵਿਸਫੋਟਕ ਸਮੱਗਰੀ ਚੋਰੀ ਕਰਕੇ ਮੁਹੱਈਆ ਕਰਾਈ। ਬੰਬ ਸੁਧਾਕਰ ਚਤੁਰਵੇਦੀ ਦੇ ਘਰ ਵਿਚ ਬਣਾਏ ਗਏ, ਜਿਸ ਦੀਆਂ ਚਾਬੀਆਂ ਫ਼ੌਜ ਦੀ ਖ਼ੁਫ਼ੀਆ ਬਰਾਂਚ ਦੇ ਦਫ਼ਤਰ ਵਿਚ ਰੱਖੀਆਂ ਜਾਂਦੀਆਂ ਸਨ।

ਮਾਲੇਗਾਓਂ ਜਾਂਚ ਦੌਰਾਨ ਸਾਹਮਣੇ ਆਇਆ ਕਿ ਇਹ ਇਕੱਲਾ ਕਾਂਡ ਨਹੀਂ ਸੀ, ਹੋਰ ਬਹੁਤ ਸਾਰੇ ਬੰਬ ਕਾਂਡ ਵੀ ਇਸੇ ਤਰ੍ਹਾਂ ਕੀਤੇ ਗਏ ਸਨ। ਨਾਂਦੇੜ ਬਲਾਸਟ (2006) ਵਿਚ ਬੰਬ ਬਣਾਉਣ ਦੀ ਸਿਖਲਾਈ ਦਾ ਸੰਬੰਧ ਭੋਂਸਲਾ ਮਿਲਟਰੀ ਸਕੂਲ ਨਾਲ ਜੁੜਦਾ ਸੀ। ਠਾਣੇ-ਪਨਵੇਲ ਬਲਾਸਟ (2008) ਵਿਚ 'ਸਨਾਤਨ ਸੰਸਥਾ' ਅਤੇ 'ਹਿੰਦੂ ਜਨਜਾਗ੍ਰਤੀ ਸਮਿਤੀ' ਦਾ ਸੰਬੰਧ ਸਾਹਮਣੇ ਆਇਆ। ਜੇ ਜਾਂਚ ਅਧਿਕਾਰੀ ਨਾਰਕੋ ਟੈਸਟ ਤੋਂ ਅੱਗੇ ਜਾ ਕੇ ਕਰਨਲ ਪੁਰੋਹਿਤ ਅਤੇ ਹੋਰਾਂ ਦੀ ਭੂਮਿਕਾ ਦੀ ਡੂੰਘਾਈ 'ਚ ਜਾਂਚ ਕਰਦੇ ਤਾਂ 2006-08 ਵਿਚ ਵਾਪਰੇ ਦਹਿਸ਼ਤਗਰਦ ਕਾਂਡਾਂ ਦੀ ਲੜੀ ਬਾਰੇ ਹੋਰ ਬਹੁਤ ਕੁਝ ਸਾਹਮਣੇ ਆ ਜਾਣਾ ਸੀ।

ਫਿਰ ਵੀ, ਕਰਕਰੇ ਵੱਲੋਂ ਕੀਤੀ ਜਾਂਚ ਨਾਲ ਨਾ ਸਿਰਫ਼ ਮਾਲੇਗਾਓਂ ਕੇਸ ਦੀ ਗੁੱਥੀ ਸੁਲਝ ਗਈ ਸਗੋਂ ਉਸ ਨੂੰ ਅਜਿਹੇ ਠੋਸ ਸਬੂਤ ਮਿਲੇ ਜਿਨ੍ਹਾਂ ਨਾਲ ਉਸ ਸਮੇਂ ਹੋਏ ਬਹੁਤ ਸਾਰੇ ਬੰਬ ਕਾਂਡਾਂ ਪਿਛਲੀ ਵੱਡੀ ਸਾਜ਼ਿਸ਼ ਬੇਪਰਦ ਹੋ ਗਈ। ਨਵੰਬਰ 2008 'ਚ ਹੋਏ 'ਮੁੰਬਈ ਦਹਿਸ਼ਤਗਰਦ' ਕਾਂਡ (26/11) ਵਿਚ ਕਰਕਰੇ ਸ਼ੱਕੀ ਹਾਲਾਤ ਵਿਚ ਮਾਰਿਆ ਗਿਆ। ਹਿੰਦੂਤਵੀ ਦਹਿਸ਼ਤਗਰਦ ਨੈੱਟਵਰਕ ਦਾ ਪਰਦਾਫਾਸ਼ ਕਰਨ ਵਾਲੇ ਕਰਕਰੇ ਨੂੰ ਜ਼ਹਿਰੀਲੇ ਪ੍ਰਚਾਰ ਦਾ ਸਾਹਮਣਾ ਵੀ ਕਰਨਾ ਪਿਆ। ਕਰਕਰੇ ਦੀ ਮੌਤ ਅੱਜ ਵੀ ਸਵਾਲਾਂ ਦੇ ਘੇਰੇ 'ਚ ਹੈ। ਮਹਾਰਾਸ਼ਟਰ ਪੁਲਿਸ ਦੇ ਸਾਬਕਾ ਉੱਚ ਅਧਿਕਾਰੀ ਐੱਸ.ਐੱਮ ਮੁਸ਼ਰਿਫ਼ ਨੇ 'ਕਰਕਰੇ ਦੀ ਹੱਤਿਆ ਕਿਸ ਨੇ ਕੀਤੀ', 'ਬ੍ਰਾਹਮਣਵਾਦੀਆਂ ਦੇ ਦਹਿਸ਼ਤੀ ਕਾਰੇ', 'ਆਰਐੱਸਐੱਸ ਸਭ ਤੋਂ ਵੱਡਾ ਦਹਿਸ਼ਤਗਰਦ ਸੰਗਠਨ' ਨਾਂ ਦੀ ਚਰਚਿਤ ਕਿਤਾਬਾਂ ਵੀ ਲਿਖੀਆਂ ਹਨ। ਜਿਨ੍ਹਾਂ ਵਿਚ ਉਸਨੇ ਠੋਸ ਤੱਥ ਪੇਸ਼ ਕਰਕੇ ਆਰਐੱਸਐੱਸ ਸਮੇਤ ਸੰਘ ਪਰਿਵਾਰ ਬਾਰੇ ਬਹੁਤ ਹੀ ਅਹਿਮ ਖ਼ੁਲਾਸੇ ਕੀਤੇ ਹਨ। ਜਿਨ੍ਹਾਂ ਦਾ ਨਿਚੋੜ ਇਹ ਹੈ ਕਿ 26/11 ਹਮਲੇ ਦੌਰਾਨ ਕਰਕਰੇ ਨੂੰ ਗਿਣੀ-ਮਿਥੀ ਸਾਜ਼ਿਸ਼ ਦੇ ਤਹਿਤ ਮਾਰ ਦਿੱਤਾ ਗਿਆ ਤਾਂ ਜੋ ਉਸ ਵੱਲੋਂ ਕੀਤੀ ਜਾਂਚ ਦੇ ਬੇਹੱਦ ਮਹੱਤਵਪੂਰਨ ਸਬੂਤ ਹੀ ਮਿਟਾ ਦਿੱਤੇ ਜਾਣ। ਇਨ੍ਹਾਂ ਕਿਤਾਬਾਂ ਬਾਰੇ ਸੰਘ ਖ਼ਾਮੋਸ਼ ਹੈ।



ਕਰਕਰੇ ਦੀ ਜਾਂਚ ਵਿਚ ਸਾਹਮਣੇ ਆਇਆ ਕਿ ਬੰਬ ਧਮਾਕੇ ਕੱਟੜ ਹਿੰਦੂਤਵਵਾਦੀ ਧਾਰਮਿਕ ਅਨਸਰਾਂ ਅਤੇ ਫ਼ੌਜੀ ਅਧਿਕਾਰੀਆਂ ਵੱਲੋਂ ਬਣਾਈ ਡੂੰਘੀ ਸਾਜ਼ਿਸ਼ ਤਹਿਤ ਕੀਤੇ ਗਏ ਸਨ। ਤਤਕਾਲੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਇਸ ਨੂੰ 'ਭਗਵਾ ਦਹਿਸ਼ਤਗਰਦੀ' ਕਿਹਾ ਸੀ, ਇਹ ਗੱਲ ਵੱਖਰੀ ਹੈ ਕਿ ਆਪਣੀ ਖ਼ਸਲਤ ਅਨੁਸਾਰ ਸੱਤਾਧਾਰੀ ਹੋਣ ਸਮੇਂ ਕਾਂਗਰਸ ਨੇ ਇਹ ਜਾਂਚ ਕਿਸੇ ਤਣ-ਪੱਤਣ ਨਹੀਂ ਲਗਾਈ। 'ਅਭਿਨਵ ਭਾਰਤ' ਤਾਂ ਮਹਿਜ਼ ਮੋਹਰਾ ਸੀ। ਜੇਕਰ ਤਤਕਾਲੀ ਕਾਂਗਰਸ ਸਰਕਾਰ ਇਸ ਦੀ ਡੂੰਘੀ ਜਾਂਚ ਕਰਾਉਂਦੀ ਤਾਂ ਇਸ ਸਾਜ਼ਿਸ਼ ਦੇ ਪ੍ਰਮੁੱਖ ਸੂਤਰਧਾਰਾਂ ਦਾ ਸਾਰਾ ਭੇਤ ਖੁੱਲ੍ਹ ਜਾਣਾ ਸੀ।

ਜਿੰਨੀ ਕੁ ਵੀ ਜਾਂਚ ਹੋਈ, ਉਸੇ ਤੋਂ ਲੱਗਿਆ ਕਿ ਆਰਡੀਐਕਸ ਵਰਗੇ ਖ਼ਤਰਨਾਕ ਵਿਸਫੋਟਕ, ਜੋ ਕਾਨੂੰਨਨ ਸਿਰਫ਼ ਭਾਰਤੀ ਫ਼ੌਜ ਕੋਲ ਹੀ ਹੁੰਦੇ ਹਨ, ਬੰਬ ਵਗੈਰਾ ਬਣਾਉਣ ਦੀ ਸਿਖਲਾਈ ਅਤੇ ਹੋਰ ਲਾਜਿਸਟਿਕਸ ਮੱਦਦ ਭਾਰਤੀ ਫ਼ੌਜ ਵਿਚਲੇ ਹਿੰਦੂਤਵ ਪੱਖੀ ਅਨਸਰ ਮੁਹੱਈਆ ਕਰਵਾਉਂਦੇ ਸਨ। ਸਿਖਲਾਈ ਕੇਂਦਰ ਭੋਂਸਲਾ ਮਿਲਟਰੀ ਸਕੂਲ ਸਨ। ਆਕਾਂਕਸ਼ਾ ਰਿਜ਼ੌਰਟ (ਪੁਣੇ) ਵਿਚ ਗੁਪਤ ਮੀਟਿੰਗਾਂ ਅਤੇ ਬੰਬ ਬਣਾਉਣ ਦੀ ਸਿਖਲਾਈ ਹੁੰਦੀ ਸੀ। ਸਵਾਮੀ ਦਯਾਨੰਦ ਪਾਂਡੇ ਦੇ ਮੀਟਿੰਗਾਂ ਦੇ ਰਿਕਾਰਡ ਵਿਚ ਹਿੰਦੂ ਰਾਜ ਬਣਾਉਣ, ਆਪਣਾ ਸੰਵਿਧਾਨ ਅਤੇ ਫ਼ੌਜ ਬਣਾਉਣ ਦੀ ਯੋਜਨਾ ਦਰਜ ਸੀ।

ਉਨ੍ਹਾਂ ਸਾਲਾਂ ਵਿਚ ਹੋਏ ਬੰਬ ਕਾਂਡਾਂ ਪਿੱਛੇ 'ਇਸਲਾਮਿਕ ਦਹਿਸ਼ਤਗਰਦਾਂ ਦਾ ਹੱਥ' ਦੱਸਕੇ ਪੁਲਿਸ ਵੱਲੋਂ ਦਰਜਨਾਂ ਬੇਕਸੂਰ ਮੁਸਲਮਾਨਾਂ ਨੂੰ ਗ਼ੈਰਕਾਨੂੰਨੀ ਹਿਰਾਸਤ ਵਿਚ ਰੱਖਕੇ ਬੇਕਿਰਕੀ ਨਾਲ ਤਸੀਹੇ ਦਿੱਤੇ ਗਏ ਅਤੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਸਾੜਿਆ ਗਿਆ। ਕਰਕਰੇ ਦੀ ਜਾਂਚ ਦਾ ਕੇਂਦਰੀ ਨੁਕਤਾ ਇਹ ਸੀ ਕਿ ਇਨ੍ਹਾਂ ਬੰਬ ਕਾਂਡਾਂ ਦਾ ਯੋਜਨਾਘਾੜਾ ਹਿੰਦੂਤਵੀ ਦਹਿਸ਼ਤਵਾਦੀ ਨੈੱਟਵਰਕ ਸੀ ਅਤੇ ਇਨ੍ਹਾਂ ਬੰਬ ਕਾਂਡਾਂ ਨੂੰ 'ਅਭਿਨਵ ਭਾਰਤ' ਦੇ ਦਹਿਸ਼ਤਗਰਦਾਂ ਵੱਲੋਂ ਅੰਜਾਮ ਦਿੱਤਾ ਗਿਆ ਸੀ। ਭੇਤ ਖੁੱਲ੍ਹ ਜਾਣ 'ਤੇ ਆਰਐੱਸਐੱਸ-ਭਾਜਪਾ ਅਜਿਹੀਆਂ ਜਥੇਬੰਦੀਆਂ ਨੂੰ 'ਦੂਰੋ ਸੰਬੰਧਤ' ਕਹਿਕੇ ਪੱਲਾ ਝਾੜ ਲੈਂਦੀ ਹੈ। ਪਰ ਬੰਬ ਕਾਂਡਾਂ ਦੀ ਦੋਸ਼ੀ ਸਾਧਵੀ ਪ੍ਰੱਗਿਆ ਨੂੰ ਭਾਜਪਾ ਵੱਲੋਂ ਮੈਂਬਰ ਪਾਰਲੀਮੈਂਟ ਬਣਾਏ ਜਾਣ 'ਤੇ ਕੁਲ ਦੁਨੀਆ ਨੇ ਦੇਖ ਲਿਆ ਕਿ ਉਸਦਾ ਆਰਐੱਸਐੱਸ-ਭਾਜਪਾ ਨਾਲ ਮਾਂ-ਬੱਚੇ ਵਾਲਾ ਨਾੜੂਏ ਦਾ ਸੰਬੰਧ ਹੈ।

ਜਾਂਚ ਤੋਂ ਬਾਅਦ ਜਨਵਰੀ 2009 ਵਿਚ ਪਹਿਲੀ ਚਾਰਜਸ਼ੀਟ ਦਾਖ਼ਲ ਕੀਤੀ ਗਈ, ਜਿਸ ਵਿਚ ਪ੍ਰਗਿਆ ਠਾਕੁਰ ਅਤੇ ਕਰਨਲ ਪੁਰੋਹਿਤ ਸਮੇਤ 12 ਜਣੇ ਦੋਸ਼ੀ ਰੱਖੇ ਗਏ। 2011 ਵਿਚ ਇਹ ਕੇਸ ਐੱਨਆਈਏ ਨੂੰ ਸੌਂਪ ਦਿੱਤਾ ਗਿਆ, ਜਿਸ ਨੇ 13 ਮਈ 2016 ਨੂੰ ਇਕ ਪੂਰਕ ਚਾਰਜਸ਼ੀਟ ਦਾਖ਼ਲ ਕੀਤੀ। ਅਤੇ ਇੱਥੋਂ ਕੇਸ ਨੇ ਨਵਾਂ ਮੋੜ ਲੈ ਲਿਆ। ਐੱਨਆਈਏ ਦੀ ਚਾਰਜਸ਼ੀਟ ਨੇ ਇਹ ਦਲੀਲ ਦੇ ਕੇ ਪ੍ਰਗਿਆ ਠਾਕੁਰ ਵਿਰੁੱਧ ਸਾਰੇ ਦੋਸ਼ ਹਟਾ ਦਿੱਤੇ ਕਿ ਉਸ ਵਿਰੁੱਧ ਕੋਈ ਭਰੋਸੇਯੋਗ ਸਬੂਤ ਨਹੀਂ ਮਿਲਿਆ। ਉਲਟਾ, ਐਨਆਈਏ ਨੇ ਦੋਸ਼ ਲਾਇਆ ਕਿ ਏਟੀਐੱਸ ਵੱਲੋਂ ਗਵਾਹਾਂ ਉੱਪਰ ਦਬਾਅ ਪਾ ਕੇ ਠਾਕੁਰ ਵਿਰੁੱਧ ਬਿਆਨ ਦਿਵਾਏ ਗਏ ਸਨ। ਏਜੰਸੀ ਨੇ ਇਹ ਵੀ ਸਿਫਾਰਸ਼ ਕੀਤੀ ਕਿ ਸਾਰੇ ਦੋਸ਼ੀਆਂ ਉੱਤੇ ਲਾਗੂ ਮਕੋਕਾ (ਮਹਾਰਾਸ਼ਟਰ ਆਰਗੇਨਾਈਜ਼ਡ ਕ੍ਰਾਈਮ ਕੰਟਰੋਲ ਐਕਟ) ਦੀਆਂ ਧਾਰਾਵਾਂ ਹਟਾ ਦਿੱਤੀਆਂ ਜਾਣ। ਉਸ ਸਮੇਂ ਦੇ ਵਿਸ਼ੇਸ਼ ਸਰਕਾਰੀ ਵਕੀਲ ਅਵਿਨਾਸ਼ ਰਸਾਲ ਨੂੰ ਜਾਣੂ ਕਰਵਾਏ ਬਿਨਾਂ ਦਾਖ਼ਲ ਕੀਤੇ ਜਾਣ ਕਾਰਨ ਇਹ ਚਾਰਜਸ਼ੀਟ ਵਿਵਾਦਾਂ 'ਚ ਵੀ ਘਿਰੀ। ਐੱਨਆਈਏ ਵੱਲੋਂ ਦੋਸ਼ ਮੁਕਤ ਕਰਨ ਦੇ ਬਾਵਜੂਦ, ਵਿਸ਼ੇਸ਼ ਐੱਨਆਈਏ ਅਦਾਲਤ ਨੇ ਓਦੋਂ ਪ੍ਰੱਗਿਆ ਠਾਕੁਰ ਨੂੰ ਦੋਸ਼ ਮੁਕਤ ਕਰਨ ਤੋਂ ਅਤੇ ਹਾਈ ਕੋਰਟ ਨੇ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਸੰਘ ਨੇ ਭਾਰਤੀ ਰਾਜ ਮਸ਼ੀਨਰੀ ਵਿਚ ਆਪਣੇ ਵਿਚਾਰਧਾਰਕ ਰਸੂਖ਼ ਤੇ ਡੂੰਘੀ ਘੁਸਪੈਠ ਦੀ ਮੱਦਦ ਨਾਲ ਉਪਰੋਕਤ ਕੇਸਾਂ ਦੀ ਸਹੀ ਜਾਂਚ ਹੀ ਨਹੀਂ ਹੋਣ ਦਿੱਤੀ। ਜਿਵੇਂ ਸਵਾਮੀ ਅਸੀਮਾਨੰਦ ਦੇ ਇਕਬਾਲੀਆ ਬਿਆਨ ਵਿਚ ਸਾਹਮਣੇ ਆਇਆ ਸੀ, ਸਮਝੌਤਾ ਐਕਸਪ੍ਰੈੱਸ (2007), ਅਜਮੇਰ ਦਰਗਾਹ ਬੰਬ ਕਾਂਡ (2007), ਮੱਕਾ ਮਸਜਿਦ (ਹੈਦਰਾਬਾਦ) ਬੰਬ ਕਾਂਡ (2007), ਨਾਂਦੇੜ ਬੰਬ ਕਾਂਡ, ਪਰਭਾਨੀ ਮਸਜਿਦ ਬੰਬ ਕਾਂਡ (2003-06), ਇਨ੍ਹਾਂ ਸਾਰਿਆਂ ਦਾ ਸੰਬੰਧ ਇਕ ਸਾਜ਼ਿਸ਼ ਨਾਲ ਜੁੜਦਾ ਸੀ।

ਦਰਅਸਲ, ਕਰਕਰੇ ਦੀ ਮੌਤ ਤੋਂ ਬਾਅਦ ਏਟੀਐੱਸ ਦੇ ਮੁਖੀਆਂ ਨੇ ਜਾਂਚ ਨੂੰ ਖ਼ਾਸ ਦਿਸ਼ਾ 'ਚ ਅੱਗੇ ਵਧਾਇਆ। 2011 ਤੋਂ ਬਾਅਦ 'ਹਿੰਦੂ ਦਹਿਸ਼ਤਗਰਦ ਨੈੱਟਵਰਕ' ਨੂੰ ਮੁੱਖ ਰੱਖਕੇ ਜਾਂਚ ਦੀ ਦਿਸ਼ਾ ਤਿਆਗ ਦਿੱਤੀ ਗਈ। ਸਿਰਫ਼ 14 ਦੋਸ਼ੀਆਂ 'ਤੇ ਧਿਆਨ ਕੇਂਦਰਿਤ ਕੀਤਾ, ਵਿਆਪਕ ਨੈਟਵਰਕ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਗੁਜਰਾਤ ਵਿਚ ਮੋਡਾਸਾ ਬੰਬ ਕਾਂਡ (2008) ਵੀ ਮਾਲੇਗਾਓਂ ਤਰਜ਼ 'ਤੇ ਵਾਪਰਿਆ ਸੀ ਪਰ ਗੁਜਰਾਤ ਪੁਲਿਸ ਵੱਲੋਂ ਜਾਂਚ ਦਬਾ ਦਿੱਤੀ ਗਈ। ਨਾਂਦੇੜ ਬੰਬ ਕਾਂਡ ਕੇਸ ਵਿਚ ਸੀਬੀਆਈ ਵੱਲੋਂ ਦੋਸ਼ ਘਟਾ ਦਿੱਤੇ ਗਏ। ਹਾਲਾਂਕਿ ਸਬੂਤ ਮੌਜੂਦ ਸਨ, ਏਟੀਐੱਸ ਵੱਲੋਂ ਆਈਪੀਸੀ ਦੀ ਧਾਰਾ 125 (ਦੇਸ਼ ਦੇ ਖਿਲਾਫ ਜੰਗ) ਨਹੀਂ ਲਾਈ ਗਈ। ਇਹ ਉਹ ਧਾਰਾ ਹੈ ਜਿਸ ਨੂੰ ਸਰਕਾਰੀ ਜਾਂਚ ਏਜੰਸੀਆਂ ਹਕੂਮਤ ਉੱਪਰ ਸਵਾਲ ਉਠਾਉਣ ਵਾਲੇ ਬੁੱਧੀਜੀਵੀਆਂ ਤੇ ਹੱਕਾਂ ਦੇ ਕਾਰਕੁਨਾਂ ਵਿਰੁੱਧ ਅਕਸਰ ਹੀ ਲਾਉਂਦੀਆਂ ਦੇਖੀਆਂ ਜਾ ਸਕਦੀਆਂ ਹਨ। ਵਿਸ਼ਵ ਹਿੰਦੂ ਪਰਿਸ਼ਦ ਦੇ ਪ੍ਰਵੀਨ ਤੋਗੜੀਆ ਤੇ ਗਿਰੀਰਾਜ ਕਿਸ਼ੋਰ ਆਦਿ ਵੱਡੇ ਆਗੂ ਅਜਿਹੇ ਹਮਲਿਆਂ ਲਈ ਅਕਸਰ ਖੁੱਲ੍ਹੇਆਮ ਉਕਸਾਉਂਦੇ ਰਹੇ, ਉਹ ਕਦੇ ਵੀ ਦੋਸ਼ੀ ਨਾਮਜ਼ਦ ਨਹੀਂ ਕੀਤੇ ਗਏ।

ਫ਼ੌਜ ਅਤੇ ਖ਼ੁਫ਼ੀਆ ਏਜੰਸੀਆਂ ਵਿਚ ਘੁਸਪੈਠ ਦੀ ਜਾਂਚ ਨਹੀਂ ਕੀਤੀ ਗਈ। ਏਟੀਐੱਸ ਵੱਲੋਂ ਤਿਆਰ ਕੀਤੀ ਚਾਰਜਸ਼ੀਟ ਵਿਚ (2009) ਵਿਚ ਅਜਿਹੀਆਂ ਖ਼ਾਮੀਆਂ ਰੱਖੀਆਂ ਗਈਆਂ ਤਾਂ ਜੋ ਕਾਨੂੰਨੀ ਪ੍ਰਕਿਰਿਆ ਦੌਰਾਨ ਕੇਸ ਇਸ ਕਦਰ ਕਮਜ਼ੋਰ ਪੈ ਜਾਵੇ ਕਿ ਦੋਸ਼ੀਆਂ ਦੇ ਬਰੀ ਹੋਣ ਦਾ ਰਾਹ ਪੱਧਰਾ ਹੋ ਜਾਵੇ। ਏਟੀਐੱਸ ਵੱਲੋਂ ਮਕੋਕਾ ਤਹਿਤ ਲਗਾਏ ਦੋਸ਼ 2017 'ਚ ਐੱਨਆਈਏ ਵੱਲੋਂ ਹਟਾ ਦਿੱਤੇ ਗਏ ਜੋ ਮੁਸਲਮਾਨਾਂ, ਦਲਿਤਾਂ ਤੇ ਸਰਕਾਰ ਵਿਰੋਧੀਆਂ ਨੂੰ ਦਬਾਉਣ ਲਈ ਵਰਤਿਆ ਜਾਂਦਾ ਹੈ। ਕੌਮੀ ਜਾਂਚ ਏਜੰਸੀ ਖ਼ਾਸ ਸੰਦ ਹੈ ਜੋ ਹਕੂਮਤ ਦੇ ਇਸ਼ਾਰੇ 'ਤੇ ਕੰਮ ਕਰਦੀ ਹੈ ਕਿ ਕਿਸ ਕੇਸ ਨੂੰ ਸਖ਼ਤ ਬਣਾਉਣਾ ਅਤੇ ਕਿਸ ਕੇਸ ਨੂੰ ਰਫ਼ਾ-ਦਫ਼ਾ ਕਰਨਾ ਹੈ। ਤੁਲਨਾ ਵਜੋਂ, ਹਿੰਦੂਤਵੀ ਦਹਿਸ਼ਤਗਰਦੀ ਦੇ ਬੰਬ ਕਾਂਡ ਕੇਸ ਅਤੇ ਦੂਜੇ ਪਾਸੇ ਬੁੱਧੀਜੀਵੀਆਂ ਵਿਰੁੱਧ ਭੀਮਾ-ਕੋਰੇਗਾਓਂ ਕੇਸ ਵਿਚ ਐੱਨਆਈਏ ਦੀ ਇਹ ਭੂਮਿਕਾ ਇਕਦਮ ਸਪਸ਼ਟ ਹੈ।

ਫ਼ੌਜੀ ਗੋਦਾਮਾਂ ਤੋਂ ਆਰਡੀਐਕਸ ਦੀ ਚੋਰੀ ਦੀ ਜਾਂਚ ਨਹੀਂ ਕੀਤੀ ਗਈ ਜੋ ਕਿ ਦੇਸ਼ਧ੍ਰੋਹ ਦਾ ਬੇਹੱਦ ਸੰਗੀਨ ਜੁਰਮ ਬਣਦਾ ਹੈ। ਮੱਕਾ ਮਸਜਿਦ ਕੇਸ ਵਿਚ ਨਿਰਦੋਸ਼ ਮੁਸਲਮਾਨਾਂ ਨੂੰ ਸਤਾਉਣ ਵਾਲੇ ਪੁਲਿਸ ਅਧਿਕਾਰੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਮਾਲੇਗਾਓਂ ਮੁਕੱਦਮੇ ਦੌਰਾਨ 30 ਗਵਾਹਾਂ ਦੀ ਮੌਤ ਹੋ ਗਈ। ਕੁਲ 323 ਵਿੱਚੋਂ 39 ਗਵਾਹਾਂ ਨੇ ਆਪਣੇ ਬਿਆਨ ਬਦਲ ਲਏ, ਜੋ ਇਸਦਾ ਸਬੂਤ ਹੈ ਕਿ ਉਨ੍ਹਾਂ ਉੱਪਰ ਕਿਸ ਤਰ੍ਹਾਂ ਦਾ ਦਬਾਅ ਪਿਆ। ਮੁਕੱਦਮੇ ਦੌਰਾਨ ਉਹ ਆਪਣੇ ਅਸਲ ਬਿਆਨਾਂ ਤੋਂ ਮੁੱਕਰ ਗਏ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਅਦਾਲਤ ਵੱਲੋਂ ਐਨੇ ਮਹੱਤਵਪੂਰਨ ਕੇਸ ਵਿਚ ਵੀ ਬਿਆਨ ਬਦਲਣ ਉੱਪਰ ਸਵਾਲ ਨਹੀਂ ਉਠਾਇਆ ਗਿਆ।

ਸਬੂਤਾਂ ਨੂੰ ਅਦਾਲਤ ਨੇ ਤਕਨੀਕੀ ਤੌਰ 'ਤੇ ਲਿਆ। ਜਿਵੇਂ ਮੋਟਰਸਾਈਕਲ ਦੇ ਚੈਸੀਸ ਅਤੇ ਇੰਜਣ ਨੰਬਰ ਮਿਟਾਏ ਗਏ ਹੋਣਾ, ਜਿਸ ਨੂੰ ਸਾਧਵੀ ਨਾਲ ਸੰਬੰਧਤ ਸਾਬਤ ਨਹੀਂ ਕੀਤਾ ਜਾ ਸਕਿਆ! ਅਦਾਲਤ ਨੇ ਕਿਹਾ ਕਿ ਪੇਸ਼ ਕੀਤੇ ਗਏ ਫੋਰੈਂਸਿਕ ਸਬੂਤ ਦੋਸ਼ੀਆਂ ਦਾ ਦੋਸ਼ ਸਾਬਤ ਨਹੀਂ ਕਰਦੇ; ਕਿ ਬੰਬ ਕਾਂਡ ਦੇ ਸਥਾਨ ਤੋਂ ਕੋਈ ਫਿੰਗਰਪਰਿੰਟ ਜਾਂ ਡੀਐੱਨਏ ਸਬੂਤ ਨਹੀਂ ਲਏ ਗਏ। ਪੇਸ਼ ਕੀਤੇ ਫੋਰੈਂਸਿਕ ਨਮੂਨੇ ਵਿਗੜੇ ਹੋਏ ਸਨ, ਜੋ ਅਦਾਲਤ ਅਨੁਸਾਰ ਭਰੋਸੇਯੋਗ ਨਹੀਂ। ਕਿ ਟੈਪ ਕੀਤੀਆਂ ਗਈਆਂ ਫ਼ੋਨ ਕਾਲਾਂ ਦੀ ਇਜਾਜ਼ਤ ਨਹੀਂ ਲਈ ਗਈ ਸੀ, ਇਸ ਕਰਕੇ ਉਨ੍ਹਾਂ ਨੂੰ ਅਦਾਲਤ ਨੇ ਸਬੂਤ ਵਜੋਂ ਮਨਜ਼ੂਰ ਨਹੀਂ ਕੀਤਾ। ਇਹ ਵੀ ਕਿ ਯੂਏਪੀਏ ਲਗਾਉਣ ਲਈ ਦੋ ਮਨਜ਼ੂਰੀਆਂ, ਜਿਨ੍ਹਾਂ ਉੱਪਰ ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਵੱਲੋਂ ਦਸਖ਼ਤ ਕੀਤੇ ਗਏ ਸਨ, ਉਸ ਪ੍ਰਕਿਰਿਆ 'ਚ ਵੀ ਖ਼ਾਮੀਆਂ ਸਨ।

2014 ਵਿਚ ਭਾਜਪਾ ਸਰਕਾਰ ਬਣਦੇ ਸਾਰ ਹੀ ਇਸ ਕੇਸ ਨੂੰ ਦਬਾਉਣ ਅਤੇ ਸਾਧਵੀ ਪ੍ਰਗਿਆ ਸਿੰਘ, ਕਰਨਲ ਪੁਰੋਹਿਤ ਵਗੈਰਾ ਨੂੰ ਬਚਾਉਣ ਦਾ ਯੋਜਨਾਬੱਧ ਰਾਜਕੀ ਸਿਲਸਿਲਾ ਤੇਜ਼ੀ ਨਾਲ ਅੱਗੇ ਵਧਣਾ ਸ਼ੁਰੂ ਹੋ ਗਿਆ ਸੀ। ਮੁੰਬਈ ਮਿਰਰ ਦੀ ਰਿਪੋਰਟ ਮੁਤਾਬਕ, 2016 ਤੱਕ ਘੱਟੋ-ਘੱਟ 13 ਗਵਾਹਾਂ ਅਤੇ 2 ਦੋਸ਼ੀਆਂ ਦੇ ਬਿਆਨ ਅਤੇ ਇਕਬਾਲੀਆ ਬਿਆਨ ਅਦਾਲਤੀ ਰਿਕਾਰਡ 'ਚੋਂ ਗਾਇਬ ਹੋ ਗਏ। ਇਨ੍ਹਾਂ ਵਿਚ ਸਾਧਵੀ ਪ੍ਰੱਗਿਆ ਅਤੇ 'ਮਫ਼ਰੂਰ' ਦੋਸ਼ੀ ਰਾਮਜੀ ਕਾਲਸਾਂਗਰਾ ਦੀਆਂ ਬੰਬ ਧਮਾਕੇ ਸੰਬੰਧੀ ਗੱਲਾਂ ਸ਼ਾਮਲ ਸਨ। ਮੂਲ ਰਿਕਾਰਡ ਨਾ ਮਿਲਣ ਕਰਕੇ ਅਦਾਲਤ ਨੇ ਫੋਟੋਕਾਪੀ ਨੂੰ ਮਨਜ਼ੂਰੀ ਦੇ ਦਿੱਤੀ। ਅਦਾਲਤੀ ਰਿਕਾਰਡ ਵਿੱਚੋਂ ਸਬੂਤਾਂ ਦਾ ਗੁੰਮ ਹੋਣਾ ਮਾਮੂਲੀ ਗੱਲ ਨਹੀਂ ਹੈ। ਇਨ੍ਹਾਂ ਕਾਂਡਾਂ ਨੂੰ ਮੁਲਕ ਦੀ ਲੋਕਾਈ ਦੇ ਚੇਤਿਆਂ ਵਿੱਚੋਂ ਮਿਟਾਉਣ ਲਈ ਇਹ ਬਿਰਤਾਂਤ ਚਲਾਇਆ ਗਿਆ ਕਿ ਹਿੰਦੂ ਤਾਂ ਕਦੇ ਦਹਿਸ਼ਤਗਰਦ ਹੋ ਹੀ ਨਹੀਂ ਸਕਦੇ, ਇਹ ਸਿਰਫ਼ ਮੁਸਲਮਾਨ ਹਨ ਜੋ ਜਮਾਂਦਰੂ ਤੌਰ 'ਤੇ ਹਿੰਸਕ ਸੁਭਾਅ ਦੇ ਹਨ। ਸੰਘ ਬਰਗੇਡ ਅਕਸ ਬਚਾਉਣ ਲਈ ਦਾਅਵੇ ਕਰਦਾ ਰਿਹਾ ਕਿ 'ਭਗਵਾ ਦਹਿਸ਼ਤਗਰਦੀ' ਵਰਗੇ ਲਕਬ ਕਾਂਗਰਸ ਵਰਗੀਆਂ ਰਾਜਨੀਤਕ ਤਾਕਤਾਂ ਦੀ ਘਾੜਤ ਹਨ! ਜਦੋਂ ਮੁੱਢਲੀ ਜਾਂਚ ਵਿਚ ਹੀ ਇਹ ਸਪਸ਼ਟ ਹੋ ਗਿਆ ਕਿ ਮੂੰਹਜ਼ੋਰ ਸਬੂਤਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ, ਤਾਂ ਇਹ ਬਿਰਤਾਂਤ ਪ੍ਰਚਾਰਿਆ ਗਿਆ ਕਿ ਇਹ ਤਾਂ ਹਿੰਦੂਆਂ ਵੱਲੋਂ ਕੀਤੀਆਂ 'ਇਕੱਲੀਆਂ ਇਕਹਿਰੀਆਂ' ਘਟਨਾਵਾਂ ਹਨ ਜੋ ਇਸਲਾਮਿਕ ਦਹਿਸ਼ਤਗਰਦੀ ਦੇ ਜ਼ੁਲਮਾਂ ਦਾ 'ਪ੍ਰਤੀਕਰਮ' ਹਨ।

ਭਾਰਤੀ ਰਾਜ ਦੇ 'ਦਹਿਸ਼ਤਗਰਦੀ' ਬਾਰੇ ਦੋਹਰੇ ਮਿਆਰ ਬਿਲਕੁਲ ਸਪਸ਼ਟ ਹਨ। ਕਥਿਤ ਇਸਲਾਮਿਕ ਦਹਿਸ਼ਤਗਰਦੀ ਲਈ ਹੋਰ ਅਤੇ ਹਿੰਦੂਤਵੀ ਦਹਿਸ਼ਤਗਰਦੀ ਲਈ ਹੋਰ। ਏਟੀਐੱਸ, ਐੱਨਆਈਏ ਆਦਿ ਏਜੰਸੀਆਂ ਭਾਰਤੀ ਰਾਜ ਮਸ਼ੀਨਰੀ ਦੇ ਹੁਕਮਰਾਨ ਧਿਰ ਦੇ ਇਸ਼ਾਰੇ 'ਤੇ ਕੰਮ ਕਰਨ ਵਾਲੇ ਅੰਗ ਹਨ। ਉਨ੍ਹਾਂ ਨੂੰ ਸਪਸ਼ਟ ਹਦਾਇਤਾਂ ਹਨ ਕਿ ਸੰਘ ਪਰਿਵਾਰ ਨਾਲ ਜੁੜੇ ਲੋਕਾਂ ਦੀ ਜਾਂਚ ਨਹੀਂ ਕਰਨੀ ਹੈ ਅਤੇ ਚੱਲ ਰਹੇ ਮੁਕੱਦਮਿਆਂ ਵਿਚ ਉਨ੍ਹਾਂ ਨੂੰ ਬਰੀ ਕਰਾਉਣਾ ਹੈ। 2006-2008 ਦੌਰਾਨ ਵਾਪਰੇ ਸਮਝੌਤਾ ਐਕਸਪ੍ਰੈੱਸ ਅਤੇ ਹੋਰ ਕਈ ਦਹਿਸ਼ਤੀ ਕਾਂਡਾਂ ਦੇ ਸਰਗਣੇ ਸਵਾਮੀ ਅਸੀਮਾਨੰਦ ਨੂੰ ਵੀ 2019 'ਚ ਐੱਨਆਈਏ ਅਦਾਲਤ ਵੱਲੋਂ ਜ਼ਮਾਨਤ ਦੇ ਦਿੱਤੀ ਗਈ ਸੀ। ਅਦਾਲਤਾਂ ਦਾ ਪੱਖਪਾਤੀ ਰਵੱਈਆ ਬਿਲਕੁਲ ਸਪਸ਼ਟ ਹੈ - ਮੁਸਲਮਾਨਾਂ ਲਈ ਸਖ਼ਤ, ਹਿੰਦੂਤਵ ਦੋਸ਼ੀਆਂ ਲਈ ਨਰਮ।

ਜੋ ਕੁਝ ਮਾਲੇਗਾਓਂ ਕੇਸ ਦੇ ਕਾਨੂੰਨੀ ਨਤੀਜੇ ਦੇ ਰੂਪ 'ਚ ਸਾਹਮਣੇ ਆਇਆ, ਇਹ ਸੰਸਥਾਗਤ ਅਤੇ ਰਾਜਨੀਤਿਕ ਮਿਲੀਭੁਗਤ ਦਾ ਨਤੀਜਾ ਹੈ। 2014 ਤੋਂ ਬਾਅਦ ਐੱਨਆਈਏ ਦਾ ਜਾਂਚ ਦਾ ਰਵੱਈਆ ਬਿਲਕੁਲ ਹੀ ਬਦਲ ਗਿਆ। ਮਾਲੇਗਾਓਂ ਬੰਬ ਕਾਂਡ ਮਹਿਜ਼ ਇਕ ਹਮਲਾ ਨਹੀਂ ਸੀ, ਦਰਅਸਲ ਵਿਆਪਕ ਤੇ ਗੁਪਤ ਹਿੰਦੂਤਵ ਨੈੱਟਵਰਕ ਕੰਨੀ ਤੋਂ ਜ਼ਰਾ ਕੁ ਪਰਦਾ ਚੁੱਕਿਆ ਗਿਆ ਸੀ। ਇਸ ਵਿਚ ਫ਼ੌਜ ਵਿਚਲੇ ਅਨਸਰਾਂ ਦੀ ਡੂੰਘੀ ਸ਼ਮੂਲੀਅਤ ਸਾਹਮਣੇ ਆਈ ਸੀ। ਬਿਲਕੁਲ ਸਪਸ਼ਟ ਸਬੂਤਾਂ ਦੇ ਬਾਵਜੂਦ, ਜਾਂਚ ਨੂੰ ਕਮਜ਼ੋਰ ਕੀਤਾ ਗਿਆ। ਕੇਸ ਦੀ ਕਾਨੂੰਨੀ ਪੈਰਵਾਈ ਕਰਨ ਵਾਲੇ ਅਧਿਕਾਰੀਆਂ ਉੱਪਰ ਦਬਾਅ ਪਾਏ ਜਾਣ ਦਾ ਵਰਤਾਰਾ ਤਾਂ ਖੁੱਲ੍ਹੇਆਮ ਜਨਤਕ ਚਰਚਾ ਵਿਚ ਵੀ ਆ ਚੁੱਕਾ ਹੈ। 2015 ਵਿਚ ਸਪੈਸ਼ਲ ਪਬਲਿਕ ਪ੍ਰਾਸੀਕਿਊਟਰ ਰੋਹਿਨੀ ਸਾਲਿਆਨ ਨੇ ਦੱਸਿਆ ਕਿ ਉਸ ਨੂੰ ਦੋਸ਼ੀਆਂ ਨਾਲ "ਨਰਮੀ" ਵਰਤਣ ਨੂੰ ਕਿਹਾ ਗਿਆ। ਉਸ ਵੱਲੋਂ ਇਨਕਾਰ ਕਰਨ 'ਤੇ ਉਸ ਨੂੰ ਪਾਸੇ ਕਰ ਦਿੱਤਾ ਗਿਆ। ਆਪਣੇ ਫ਼ੈਸਲੇ ਵਿਚ ਜੱਜ ਲਾਹੋਤੀ ਨੇ ਕਿਹਾ ਕਿ "ਦਹਿਸ਼ਤਗਰਦੀ ਦਾ ਕੋਈ ਧਰਮ ਨਹੀਂ ਹੁੰਦਾ।" ਪਰ ਜਦ ਸੰਘ ਬਰਗੇਡ ਸਮੁੱਚੇ ਮੁਸਲਮਾਨ ਭਾਈਚਾਰੇ ਨੂੰ ਜਮਾਂਦਰੂ ਤੌਰ 'ਤੇ ਹਿੰਸਕ ਬਣਾ ਕੇ ਪੇਸ਼ ਕਰਦਾ ਹੈ, ਜਦੋਂ ਨਰਿੰਦਰ ਮੋਦੀ ਕਹਿੰਦਾ ਹੈ ਕਿ ਦਹਿਸ਼ਤਗਰਦ ਆਪਣੇ ਕੱਪੜਿਆਂ ਤੋਂ ਪਛਾਣੇ ਜਾਂਦੇ ਹਨ, ਓਦੋਂ ਇਹ ਸਵਾਲ ਕਿਉਂ ਨਹੀਂ ਉਠਾਇਆ ਜਾਂਦਾ ਅਤੇ ਓਦੋਂ ਭਾਰਤੀ ਨਿਆਂ ਪ੍ਰਣਾਲੀ ਇਸ ਦਾ ਨੋਟਿਸ ਕਿਉਂ ਨਹੀਂ ਲੈਂਦੀ! ਸਭ ਤੋਂ ਵੱਡਾ ਸਵਾਲ ਤਾਂ ਇਹ ਹੈ ਕਿ ਪੀੜਤਾਂ ਲਈ ਨਿਆਂ ਦਾ ਕੀ ਬਣਿਆ। ਉਹ ਜ਼ਿਆਦਾਤਰ ਗ਼ਰੀਬ ਮੁਸਲਿਮ ਦਿਹਾੜੀਦਾਰ ਮਜ਼ਦੂਰ ਸਨ। ਉਨ੍ਹਾਂ ਨੇ 17 ਸਾਲ ਨਿਆਂ ਦੀ ਉਡੀਕ ਕੀਤੀ। ਨਾ ਦੋਸ਼ੀਆਂ ਨੂੰ ਸਜ਼ਾਵਾਂ ਮਿਲੀਆਂ, ਨਾ ਉਨ੍ਹਾਂ ਨੂੰ ਢੁੱਕਵਾਂ ਮੁਆਵਜ਼ਾ ਮਿਲਿਆ। ਮਾਨਵਤਾ ਵਿਰੁੱਧ ਐਨੇ ਵੱਡੇ ਜੁਰਮ ਦੇ ਦੋਸ਼ੀ ਮੌਜ ਨਾਲ ਹੀ ਆਪਣੀ ਜ਼ਿੰਦਗੀ 'ਚ ਵਾਪਸ ਆ ਗਏ। ਉਹ ਮਹਿਜ਼ ਬਰੀ ਹੀ ਨਹੀਂ ਹੋਏ, ਉਹ 'ਹਿੰਦੂਤਵ ਦੇ ਨਾਇਕ' ਬਣਕੇ ਉੱਭਰੇ ਹਨ। ਜਿੱਥੋਂ ਤੱਕ ਅਦਾਲਤੀ ਫ਼ੈਸਲੇ ਵਿਚ ਧਮਾਕਿਆਂ ਵਿਚ ਮਰੇ 6 ਵਿਅਕਤੀਆਂ ਦੇ ਪਰਿਵਾਰਾਂ ਨੂੰ 2 ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 50,000 ਰੁਪਏ ਦਿੱਤੇ ਜਾਣ ਦੇ ਆਦੇਸ਼ ਦਾ ਸਵਾਲ ਹੈ, ਇਹ ਨਿਆਂ ਦੀ ਮੰਗ ਦਾ ਮੂੰਹ ਬੰਦ ਕਰਨ ਤੋਂ ਸਿਵਾਏ ਕੁਝ ਨਹੀਂ ਹੈ।

31 ਜੁਲਾਈ 2025 ਦਾ ਫ਼ੈਸਲਾ ਅਦਾਲਤੀ ਕਾਰਵਾਈ ਦਾ ਅੰਤ ਹੋ ਸਕਦਾ ਹੈ। ਪਰ ਇਹ ਵੀ ਆਪਣੇ ਆਪ ਵਿਚ ਵੱਡੇ ਸਵਾਲ ਖੜ੍ਹੇ ਕਰਦਾ ਹੈ: ਜਦੋਂ ਸਬੂਤ ਗਾਇਬ ਕਰ ਦਿੱਤੇ ਜਾਂਦੇ ਹਨ, ਗਵਾਹ ਮੁੱਕਰ ਜਾਂਦੇ ਹਨ, ਮੁਕੱਦਮਾ ਧਿਰ ਸਰਕਾਰੀ ਇਸ਼ਾਰਿਆਂ 'ਤੇ ਖ਼ਾਮੋਸ਼ ਹੋ ਜਾਂਦੀ ਹੈ ਅਤੇ ਵਿਚਾਰਧਾਰਾ ਉੱਘੜਵੇਂ ਰੂਪ ਵਿਚ ਜਾਂਚ ਅਤੇ ਮੁਕੱਦਮੇ ਦੀ ਕਾਨੂੰਨੀ ਪ੍ਰਕਿਰਿਆ ਨੂੰ ਆਪਣੇ ਹੱਕ 'ਚ ਮੋੜਾ ਦੇਣ ਦੀ ਤਾਕਤ ਰੱਖਦੀ ਹੈ—ਕੀ ਇਸਨੂੰ ਨਿਆਂ ਕਿਹਾ ਜਾ ਸਕਦਾ ਹੈ?

# ਵਪਾਰ ਅਤੇ ਜੰਗ ਦੀ ਦੌੜ ’ਚ ਅਮਨਪਸੰਦ ਤਾਕਤਾਂ ਲਈ ਚੁਣੌਤੀ



ਡਾ. ਕੁਲਦੀਪ ਸਿੰਘ
98151-15429



ਦੁਨੀਆ ਦੇ ਲੋਕ ਇਸ ਗੱਲ ਦੇ ਗਵਾਹ ਹਨ ਕਿ ਜੰਗਾਂ ਨੇ ਉਨ੍ਹਾਂ ਦੇ ਜੀਵਨ ਨੂੰ ਇਸ ਹੱਦ ਤੱਕ ਪ੍ਰਭਾਵਤ ਕੀਤਾ ਹੈ ਕਿ ਕੁਝ ਸਮੇਂ ਬਾਅਦ ਉਹ ਸ਼ਾਂਤੀ ਅਤੇ ਅਮਨ ਦੀ ਜੀਵਨ ਪ੍ਰਕਿਰਿਆ ਤੋਂ ਅਸ਼ਾਂਤੀ ਅਤੇ ਬੇਚੈਨੀ ਦੇ ਦੌਰ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਹਾਲਾਂਕਿ ਦੁਨੀਆਂ ਭਰ ਦੇ ਲੋਕ ਵਿਸ਼ੇਸ਼ ਕਰਕੇ ਭਾਰਤ ਅਤੇ ਪਾਕਿਸਤਾਨ ਵਿਚ ਬੇਰੁਜ਼ਗਾਰੀ, ਗਰੀਬੀ, ਭੁਖਮਰੀ ਅਤੇ ਮਹਿੰਗਾਈ ਜਨਸਮੂਹ ਦੀ ਜ਼ਿੰਦਗੀ ਦਾ ਅਟੁੱਟ ਹਿੱਸਾ ਹੈ। ਲਗਾਤਾਰ ਦੋਵੇਂ ਮੁਲਕਾਂ ਦੇ ਲੋਕ ਇਸ ਗੱਲ ਤੋਂ ਪੀੜਤ ਰਹਿੰਦੇ ਹਨ ਕਿ ਕਦੀ ਅਸੀਂ ਵੀ ਇਨ੍ਹਾਂ ਅਲਾਮਤਾਂ ਤੋਂ ਉਭਰ ਸਕਾਂਗੇ ਜਾਂ ਸਾਡੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣੀਆਂ ਰਹਿਣਗੀਆਂ। ਦਹਾਕਿਆਂ ਤੋਂ ਕਰਜ਼ਿਆਂ ਅਤੇ ਸੰਕਟਾਂ ਵਿਚੋਂ ਗੁਜ਼ਰਨ ਵਾਲੇ ਇਨ੍ਹਾਂ ਖਿੱਤਿਆਂ ਦੇ ਲੋਕ ਹੁਕਮਰਾਨਾਂ ਦੀਆਂ ਜੰਗੀ ਚਾਲਾਂ ਦਾ ਖਮਿਆਜ਼ਾਂ ਭੁਗਤਦੇ ਰਹਿੰਦੇ ਹਨ। ਕਦੀ ਅੰਧਰਾਸ਼ਟਰਵਾਦ ਅਤੇ ਕਦੀ ਅੱਤਵਾਦ ਦੇ ਖਿਲਾਫ਼ ਜੰਗ ਦੇ ਨਾਂ ਹੇਠ ਆਪਸੀ ਹਥਿਆਰਾਂ ਦੀ ਤਾਕਤ ਤਾਂ ਅਕਸਰ ਹੀ ਦਿਖਾਉਂਦੇ ਰਹਿੰਦੇ ਹਨ। ਪਰ ਜਿਸ ਕਿਸਮ ਨਾਲ ਪਹਿਲਗਾਮ ਦੀ ਤਰਾਸਦੀ ਤੋਂ ਬਾਅਦ ਭਾਰਤੀ ਹੁਕਮਰਾਨਾਂ ਨੇ ਅੰਧ ਰਾਸ਼ਟਰਵਾਦ ਦਾ ਮੁਜ਼ਾਹਰਾ ਕੀਤਾ ਉਹ ਸਮੁੱਚੀ ਦੁਨੀਆ ਦੇ ਹੁਕਮਰਾਨਾਂ ਅਤੇ ਲੋਕਾਂ ਦੇ ਸਾਹਮਣੇ ਨਸ਼ਰ ਹੋ ਰਿਹਾ ਸੀ ਕਿ ਕਿਸ ਤਰ੍ਹਾਂ ਦਾ ਮਾਹੌਲ ਦੇਸ਼ ਦੇ ਅੰਦਰ ਸਿਰਜਿਆ ਜਾ ਰਿਹਾ ਹੈ। ਦੇਸ਼ ਦੇ ਅੰਦਰ ਦੀਆਂ ਸਮੱਸਿਆਵਾਂ ਤੋਂ ਖਹਿੜਾ ਛੁਡਾਉਣ ਲਈ ਅਤੇ ਕਸ਼ਮੀਰ ਵਰਗੇ ਮਸਲਿਆਂ ਨੂੰ ਹੋਰ ਰੰਗਤ ਦੇਣ ਲਈ ਇਹ ਸਭ ਕੁਝ ਜੰਗ ਰਾਹੀਂ ਭਾਰਤੀ ਹੁਕਮਰਾਨਾਂ ਨੇ ਅਮਨਪਸੰਦ ਲੋਕਾਂ ਅੱਗੇ ਵੱਡੀ ਤਰਾਸਦਿਕ ਚੁਣੌਤੀ ਖੜ੍ਹੀ ਕਰ ਦਿੱਤੀ। ਦੂਸਰੇ ਪਾਸੇ ਪਾਕਿਸਤਾਨ ਦੇ ਹੁਕਮਰਾਨਾਂ ਜੋ ਆਰਥਿਕ ਮੰਦਵਾੜੇ ਅਤੇ ਬਲੋਚਿਸਤਾਨ ਵਿਚਲੀਆਂ ਸਮੱਸਿਆਵਾਂ ਨਾਲ ਬੁਰੀ ਤਰ੍ਹਾਂ ਉਲਝੇ ਹੋਏ ਹਨ ਅਤੇ ਹਮੇਸ਼ਾ ਵੱਡੇ ਮੁਲਕਾਂ ਵੱਲ ਦੇਖਦੇ ਰਹਿੰਦੇ ਹਨ ਕਿ ਕਿਥੋਂ ਤੇ ਕਿਵੇਂ ਸਾਨੂੰ ਆਰਥਿਕ ਸਹਾਇਤਾ ਪ੍ਰਾਪਤ ਹੋਵੇ ਅਤੇ ਲਏ ਹੋਏ ਵੱਖੋ ਵੱਖਰੇ ਮੁਲਕਾਂ ਦੇ ਹਥਿਆਰਾਂ ਦੇ ਵਪਾਰ ਵਿਚੋਂ ਹੋਰ ਜੰਗੀ ਕਿਸਮ ਦੀਆਂ ਪ੍ਰਵਿਰਤੀਆਂ ਨੂੰ ਵਿਕਸਿਤ ਕੀਤਾ ਜਾ ਸਕੇ। ਇਸ ਸਮੇਂ ਜੋ ਟਰੰਪ ਦੇ ਆਉਣ ਤੋਂ ਬਾਅਦ ਦੁਨੀਆ ਦਾ ਨਕਸ਼ਾ ਬਣਿਆ ਹੋਇਆ ਹੈ ਅਤੇ ਹਰੇਕ ਖਿੱਤੇ ਵਿਚ ਹਥਿਆਰਾਂ ਦੀ ਦੌੜ ਤੇਜ਼ ਕੀਤੀ ਜਾ ਰਹੀ ਹੈ ਲਗਭਗ ਸਾਢੇ 7 ਸੌ ਥਾਵਾਂ ’ਤੇ ਅਮਰੀਕਾ ਦੇ ਜੰਗੀ ਬੇੜੇ ਵੱਖੋ-ਵੱਖਰੇ ਢੰਗਾਂ ਨਾਲ ਤਾਇਨਾਤ ਹਨ ਅਤੇ ਜਦੋਂ ਵੀ ਕਿਸੇ ਖਿੱਤੇ ਵਿਚ ਕੋਈ ਵੀ ਮੁਲਕ ਸਿਰ ਚੁੱਕਣ ਦੀ ਕੋਸ਼ਿਸ਼ ਕਰਦਾ ਹੈ ਜਿਹੜਾ ਅਮਰੀਕਾ ਦਾ ਪਿੱਠੂ ਨਾ ਹੋਵੇ ਉਸ ਦੇ ਖਿਲਾਫ਼ ਇਕਦਮ ਕਾਰਵਾਈ ਸ਼ੁਰੂ ਹੋ ਜਾਂਦੀ ਹੈ। ਇਜ਼ਰਾਇਲ ਵਰਗਾ ਮੁਲਕ ਲਗਾਤਾਰ ਸਾਰੀ ਦੁਨੀਆ ਲਈ ਸਮੱਸਿਆਵਾਂ ਦਾ ਕੇਂਦਰ ਬਣਿਆ ਹੋਇਆ ਹੈ। ਆਏ ਦਿਨ ਗਾਜ਼ਾ ਦੀ ਧਰਤੀ ’ਤੇ ਅਜਿਹੇ ਕਹਿਰ ਕਰ ਰਿਹਾ ਹੈ ਜੋ ਮਾਨਵੀ ਇਤਿਹਾਸ ਵਿਚ ਚਿਤਵੇ ਵੀ ਨਹੀਂ ਜਾ ਸਕਦੇ। ਅਮਰੀਕਾ ਦੇ ਪਿੱਠੂ ਇਜ਼ਰਾਇਲ ਨੇ ਜੋ ਕਰਤੂਤ ਇਰਾਨ ’ਤੇ ਹਮਲਾ ਕਰਕੇ ਕੀਤੀ ਹੈ ਉਸ ਬਾਰੇ ਸਾਰੀ ਦੁਨੀਆ ਇਕ ਵਾਰੀ ਤਾਂ ਚਿੰਤਤ ਹੋ ਗਈ ਸੀ ਕਿ ਅਸੀਂ ਤੀਜੀ ਸੰਸਾਰ ਜੰਗ ਵੱਲ ਚੁੱਕੇ ਹਾਂ। ਹਾਲਾਂਕਿ ਰੂਸ ਅਤੇ ਯੂਕਰੇਨ ਦੀ ਜੰਗ ਅਤੇ ਅਰਬ ਮੁਲਕਾਂ ਦੀਆਂ ਆਪਸੀ ਜੰਗਾਂ ਏਸ਼ੀਆ ਦੇ ਖਿੱਤੇ ਵਿਚ ਮੁੜ ਭਾਰਤ ਅਤੇ ਪਾਕਿਸਤਾਨ ਵਿਚ ਜੰਗੀ ਮਾਹੌਲ ਅਫਰੀਕਾ ਦੇ ਮੁਲਕ ਅਤੇ ਲਾਤੀਨੀ ਮੁਲਕਾਂ ਵਿਚ ਆਪਸੀ ਜੰਗ ਵਰਗੀਆਂ ਸਥਿਤੀਆਂ ਇਕ ਵਾਰੀ ਤਾਂ ਹਰ ਇਕ ਨੂੰ ਖੌਫ਼ ਵਿਚ ਪਾ ਦਿੰਦੀਆਂ ਹਨ ਕਿ ਅਸੀਂ 21ਵੀਂ ਸਦੀ ਵਿਚ ਕੀ ਜੰਗਾਂ ਦੀ ਦੁਨੀਆ ਵਿਚ ਨਹੀਂ ਰਹਿ ਰਹੇ। ਸਮੁੱਚੀ ਦੁਨੀਆ ਦੇ ਖਿੱਤੇ ਜਿਨ੍ਹਾਂ ਨੂੰ ਚੰਗੀ ਜੀਵਨ ਜਾਚ ਲਈ ਰੁਜ਼ਗਾਰ, ਸਿੱਖਿਆ, ਸਿਹਤ ਅਤੇ ਚੰਗਾ ਵਾਤਾਵਰਣ ਚਾਹੀਦਾ ਹੈ ਉਨ੍ਹਾਂ ਤੋਂ ਅਸੀਂ ਕਿਨਾਰਾ ਕਰਦੇ ਜਾ ਰਹੇ ਹਾਂ। ਸ਼ਾਂਤੀ ਅਤੇ ਅਮਨ ਦਾ ਨਾਂ ਹੀ ਦੁਨੀਆ ਦੀ ਡਿਸਕਨਰੀ ਵਿਚੋਂ ਖਾਰਜ ਹੋ ਰਿਹਾ ਹੈ। ਅਜਿਹੇ ਮਾਹੌਲ ਅਤੇ ਸਥਿਤੀਆਂ ਵਿਚ ਅਮਨਪਸੰਦ ਤਾਕਤਾਂ ਦੀ ਸਮਰੱਥਾ ਤਦ ਹੀ ਵਧ ਸਕਦੀ ਹੈ ਜੇ ਦੁਨੀਆ ਅਤੇ ਵਿਸ਼ੇਸ਼ ਕਰਕੇ ਭਾਰਤ ਅਤੇ ਪਾਕਿਸਤਾਨ ਦੇ ਕਿਰਤੀ ਲੋਕ ਆਪਸੀ ਸਮਝਦਾਰੀਆਂ ਨੂੰ ਵਧਾਉਣ ਅਤੇ ਇਨ੍ਹਾਂ ਦੇ ਆਦਾਨ ਪ੍ਰਦਾਨ ਲਈ ਆਧੁਨਿਕ ਸਮੇਂ ਦੀ ਤਕਨਾਲੋਜੀ ਦੀ ਵਰਤੋਂ ਕਰਨ ਜਿਸ ਵਿਚ ਇਤਿਹਾਸ ਦੀਆਂ ਸ਼ਾਨਦਾਰ ਵਿਰਾਸਤਾਂ ਜਿਨ੍ਹਾਂ ਵਿਚ ਹਿੰਦੂ ਸਿੱਖ ਅਤੇ ਮੁਸਲਮਾਨ ਭਾਈਚਾਰਿਆਂ ਦੀਆਂ ਸਾਂਝਾਂ, ਵੱਖ-ਵੱਖ ਭਾਸ਼ਾਵਾਂ ਜਿਹੜੀਆਂ ਕਿ ਆਪੋ ਆਪਣੇ ਖਿੱਤੇ ਦੀ ਤਾਕਤ, ਸੰਗੀਤ, ਲੋਕ ਗੀਤ, ਸਭਿਆਚਾਰ ਅਤੇ ਵੱਖ ਵੱਖ ਸਿਨੇਮਿਆਂ ਦੀਆਂ ਸਭਿਆਚਾਰ ਪ੍ਰਾਪਤੀਆਂ ਦੇ ਰੂਪ ਵਿਚ ਸਮੋਈ ਬੈਠੇ ਹਨ ਜੋ ਭਾਈਚਾਰਕ ਸਾਂਝ ਦਾ ਸੁਨੇਹਾ ਪ੍ਰਦਾਨ ਕਰਦੀਆਂ ਹਨ। ਇਸ ਦੇ ਨਾਲ ਹੀ ਵੱਖ ਵੱਖ ਖਿੱਤੇ ਅਤੇ ਉਨ੍ਹਾਂ ਵਿਚ ਲੱਗੇ ਹੋਏ ਕਾਮੇ ਆਪਸੀ ਸਾਂਝਾਂ ਵਧਾ ਕੇ ਨਫ਼ਰਤ ਨੂੰ ਘਟਾ ਸਕਦੇ ਹਨ। ਸਿਰਫ਼ ਲੋਕ ਅਤੇ ਲੋਕ ਹੀ ਹੁੰਦੇ ਹਨ ਜਿਹੜੇ ਦੀਵਾਰਾਂ ਅਤੇ ਸਰਹੱਦਾਂ ਤੋਂ ਪਾਰ ਆਪਸੀ ਭਾਈਚਾਰੇ ਦੀ ਰਖਵਾਲੀ ਕਰ ਸਕਦੇ ਹਨ ਅਤੇ ਸ਼ਾਂਤੀ ਦਾ ਪੈਗਾਮ ਵਿਕਸਿਤ ਕਰ ਸਕਦੇ ਹਨ। ਇਸ ਪ੍ਰਕਿਰਿਆ ਵਿਚ ਫੋਕਲੋਰ ਰਿਸਰਚ ਅਕਾਦਮੀ ਸ੍ਰੀ ਅੰਮ੍ਰਿਤਸਰ ਆਪਣਾ ਕਾਰਜ ਲਗਾਤਾਰ ਆਪਣੀ ਸਮਰੱਥਾ ਅਤੇ ਤਾਕਤ ਅਨੁਸਾਰ ਸਹਿਯੋਗੀ ਹਿੱਸਿਆਂ ਦੀ ਸਹਾਇਤਾ ਨਾਲ ਕਰਦੀ ਆ ਰਹੀ ਹੈ। ਜਿਸ ਦਾ ਉਦੇਸ਼ ਹੈ ਹਾਲਾਤ ਕਿੰਨੇ ਵੀ ਬਦਤਰ ਅਤੇ ਭੈੜੇ ਹੋਣ ਪ੍ਰੰਤੂ ਅਮਨਪਸੰਦ ਤਾਕਤਾਂ ਅਤੇ ਹਿੱਸਿਆਂ ਨੂੰ ਆਪਣੇ ਭਾਈਚਾਰਕ ਰਿਸ਼ਤਿਆਂ ਨੂੰ ਵਿਕਸਿਤ ਕਰਨ ਲਈ ਭਾਰਤ ਅਤੇ ਪਾਕਿ ਦੋਸਤੀ ਅਤੇ ਅਮਨ ਦਾ ਪੈਗਾਮ ਜਾਰੀ ਰੱਖਣਾ ਹੈ। ਇਹ ਹੀ ਇਕ ਵਿਚਾਰ ਅਤੇ ਸੋਚ ਅਜੋਕੀ ਜੰਗਮਈ ਸਥਿਤੀ ਵਿਚ ਬਦਲ ਬਣਦਾ ਹੈ ਕਿ ਜੰਗਬਾਜ਼ਾਂ ਦੀ ਸੋਚ ਤੋਂ ਲੋਕਾਂ ਨੂੰ ਆਪਣੇ ਅਸਲ ਜੀਵਨ ਬਾਰੇ ਸੋਚਣ ਦੀ ਪ੍ਰਕਿਰਿਆ ਵਿਚ ਪਾਇਆ ਜਾਵੇ। ਭਲਾ ਹੀ ਇਹ ਰਸਤਾ ਕਠਨ ਅਤੇ ਗੁੰਝਲਦਾਰ ਹੈ ਪਰ ਇਸ ਰਸਤੇ ਲਈ ਹਰ ਕਿਸਮ ਦੇ ਲੇਖਕ, ਬੁੱਧੀਜੀਵੀ, ਰਾਜਨੀਤੀਵਾਨ ਅਤੇ ਇਤਿਹਾਸਕਾਰ ਨੂੰ ਤੁਰਨ ਦਾ ਫੈਸਲਾ ਲੈਣਾ ਹੀ ਪਵੇਗਾ।

ਜਿਸ ਕਿਸਮ ਨਾਲ ਲੰਬੇ ਸਮੇਂ ਤੋਂ ਵੱਖ ਵੱਖ ਸੰਸਥਾਵਾਂ ਭਲਾ ਉਨ੍ਹਾਂ ਦੀ ਕੋਈ ਰਾਜਨੀਤਕ ਬੁੱਕਤ ਨਾ ਵੀ ਹੋਵੇ ਪ੍ਰੰਤੂ ਇਕ ਚੇਤਨਾ ਦੇ ਪੱਧਰ ’ਤੇ ਹਿੰਦ-ਪਾਕਿ ਦੋਸਤੀ ਦਾ ਝੰਡਾ ਪਿਛਲੇ ਤਿੰਨ ਦਹਾਕਿਆਂ ਤੋਂ ਲੈ ਕੇ ਚੱਲੇ ਹੋਏ ਹਨ। ਜਿਨ੍ਹਾਂ ਵਿਚ ਫੋਕਲੋਰ ਰਿਸਰਚ ਅਕਾਦਮੀ ਦੇ ਆਗੂ ਰਮੇਸ਼ ਯਾਦਵ ਕਿਸੇ ਨਾ ਕਿਸੇ ਰੂਪ ਵਿਚ ਇਸ ਖਿੱਤੇ ਦੀ ਸ਼ਾਂਤੀ ਲਈ ਮੋਮਬੱਤੀਆਂ ਤੋਂ ਲੈ ਕੇ ਯਾਦਗਾਰੀ ਘਟਨਾਵਾਂ ਦੇ ਨਾਲ ਨਾਲ ਵੱਖੋ-ਵੱਖਰੇ ਵਿਦਵਾਨਾਂ ਨੂੰ ਬੁਲਾ ਕੇ ਅੱਤਵਾਦ ਦੀ ਰਾਜਨੀਤੀ ਦੇ ਖਿਲਾਫ਼ ਅਤੇ ਨਾਲ ਹੀ ਜੰਗ ਵਰਗੇ ਮਾਹੌਲ ਦੇ ਖਿਲਾਫ਼ ਇਕ ਸਾਰਥਿਕ ਭੂਮਿਕਾ ਨਿਭਾਉਂਦੇ ਹਨ। ਹਿੰਦ-ਪਾਕਿ ਦੋਸਤੀ ਮੰਚ ਦੇ ਆਗੂ ਸਤਨਾਮ ਮਾਣਕ ਲਗਾਤਾਰ ਸੁਨੇਹਾ ਦਿੰਦੇ ਹਨ ਕਿ ਅਸੀਂ ਵਾਰ ਵਾਰ ਤਰਾਸਦੀਆਂ ’ਚੋਂ ਗੁਜਰਨ ਵਾਲੇ ਕਿਉਂ ਬਣੀਏ। ਸਾਡੀ ਧਰਤੀ ਕਿਉਂ ਲਗਾਤਾਰ ਜੰਗਬਾਜ਼ਾਂ ’ਦ ਕੇਂਦਰ ਬਣੇ ਅਤੇ ਦੋਵੇਂ ਮੁਲਕ ਗਰੀਬੀ ਅਤੇ ਬੇਰੁਜ਼ਗਾਰ ਦੇ ਆਲਮ ਵਿਚ ਆਪਣਾ ਜੀਵਨ ਬਸਰ ਕਰੀਏ। ਇਸੇ ਤਰ੍ਹਾਂ ਪ੍ਰੋ. ਬਾਵਾ ਸਿੰਘ ਦਾ ਕਥਨ ਹੈ ਕਿ ਵਾਰ ਵਾਰ ਸਾਨੂੰ ਯਾਦਾਂ ਆਉਂਦੇ ਨੇ ਕਿ ਅਸੀਂ ਉਸ ਕਿਸਮ ਦੇ ਤਰਾਸਦਿਕ ਪਲਾਂ ਵਿਚ ਦੁਬਾਰਾ ਤਾਂ ਨਹੀਂ ਜਾ ਰਹੇ ਜਿਨ੍ਹਾਂ ਨੂੰ ਸਾਡੀ ਪੁਰਾਣੀ ਪੀੜ੍ਹੀ ਦੀ ਪੀੜਾ ਦੇ ਰੂਪ ਵਿਚ ਨਿਗਲ ਲਿਆ ਸੀ। ਤਰਾਸਦੀਆਂ ਹਮੇਸ਼ਾ ਹੀ ਸਭਿਆਚਾਰ, ਸਾਹਿਤ, ਭਾਸ਼ਾ, ਰਾਜਨੀਤੀ, ਆਰਥਿਕਤਾ ਅਤੇ ਸਮਾਜਿਕ ਤਾਣੇ ਬਾਣੇ ਨੂੰ ਉਖੇੜ ਦਿੰਦੀਆਂ ਹਨ ਪ੍ਰੰਤੂ ਫਿਰ ਵੀ ਬਾਘਾ ਬਾਰਡਰ ’ਤੇ ਬਣੀ ਹੋਈ ਮਿਸ਼ਾਲ ਜਿਹੜੀ ਹਾਲਾਂਕਿ ਕਰੋਨਾ ਕਾਲ ਵਿਚ ਖਤਮ ਕਰ ਦਿੱਤੀ ਸੀ ਪ੍ਰੰਤੂ ਹਿੰਦ-ਪਾਕਿ ਦੋਸਤੀ ਦੇ ਝੰਡੇ ਹੇਠ ਮੁੜ ਸਥਾਪਤ ਕੀਤੀ ਗਈ ਹੈ ਦੇ ਸੰਦੇਸ਼ ਦਿੰਦੀ ਹੈ ਕਿ ਕਲਮ ਅਤੇ ਦੋਵਾਂ ਹੱਥਾਂ ਦੀ ਸਾਂਝ ਦੋਵਾ ਦੇਸ਼ਾਂ ਦੀ ਸਾਂਝ ਨੂੰ ਵਧਾ ਸਕਦਾ ਹੈ। ਇਸ ਯਾਦਗਾਰੀ ਸਥਾਨ ’ਤੇ ਫੈਜ਼ ਅਹਿਮਦ ਅਤੇ ਅੰਮ੍ਰਿਤਾ ਪ੍ਰੀਤਮ ਦੀਆਂ ਲਾਈਆਂ ਵੀ ਦਰਜ ਹਨ।









# ਪੜ੍ਹਨ, ਸੋਚਣ, ਸਮਝਣ ਅਤੇ ਇਤਿਹਾਸ ਦੀਆਂ ਪੈੜਾਂ ਨੂੰ ਮਾਪਣ ਵਾਲੀ ਪੁਸਤਕ : ਫ਼ੰਤਾਸੀਆ

*ਸਫ਼ਰਨਾਮੇ ਦੂਰ-ਦਰੇਡੇ ਦੇ ਲੋਕਾਂ, ਸਭਿਆਚਾਰਾਂ, ਭਾਸ਼ਾਵਾਂ, ਧਰਤੀਆਂ ਨਾਲ ਸਾਡੀ ਸਾਂਝ ਪਾਉਂਦੇ ਹਨ। ਇਕ ਸਾਰਥਿਕ ਆਦਾਨ ਪ੍ਰਦਾਨ। ਇਕ ਬਾਹਰ ਵੱਲ ਖੁੱਲ੍ਹਦੀ ਟਾਕੀ ਵਾਂਗ ਹੁੰਦੇ ਹਨ। ਕਿਸੇ ਜ਼ਮਾਨੇ ਵਿਚ ਇਹ ਅਤਿ ਮਹੱਤਵਪੂਰਨ ਕਾਰਜ ਵਪਾਰੀ ਲੋਕ ਕਰਿਆ ਕਰਦੇ ਸਨ ਜਾਂ ਭੁਮੱਕੜ ਕਿਸਮ ਦੇ ਲੋਕ ਜਿਵੇਂ ਕਿ ਮਾਰਕੋ ਪੋਲੋ, ਇਵਨ ਬਾਤੂਤਾ, ਹਿਊਨਸਾਂਗ, ਰਾਹੁਲ ਸ਼ੰਕਰਤੈਨ ਵਰਗੇ ਮਹਾਂਪੁਰਸ਼ ਜਾਂ ਫਿਰ ਪੁਰਾਣੇ ਸਮਿਆਂ ਜੰਗੀ ਮੁਹਿੰਮਾਂ ਸ਼ਾਮਲ ਕੁਝ ਸੈਨਿਕ ਜਾਂ ਉਨ੍ਹਾਂ ਨਾਲ ਆਏ ਮੈਗਸਥਨੀਮ ਵਰਗੇ ਇਤਿਹਾਸਕਾਰ*





ਪੰਜਾਬ ਵਿਚ ਲਿਖੀ ਨੌਜਵਾਨ ਸਤਦੀਪ ਦੀ ਸੱਜਰੀ ਅਤੇ ਪਲੇਠੀ ਕਿਤਾਬ 'ਫੰਤਾਸੀਆ' ਪੜ੍ਹੀ। ਕਿਤਾਬ ਮੁੱਖ ਰੂਪ ਵਿਚ ਸਫ਼ਰੀ ਯਾਦਾਂ ਬਾਰੇ ਹੈ ਪਰ ਨਾਲ ਹੀ ਹੋਰ ਵੀ ਬੜਾ ਕੁਝ ਮਸਲਨ ਕਿ ਕੁਝ ਭਾਸ਼ਾਵਾਂ ਬਾਰੇ ਜੋ ਕਿ ਲੇਖਕ ਲਿਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਅਨੁਵਾਦ ਦੀ ਕਵਾਇਦ ਬਾਰੇ ਕੁਝ ਗੱਲਾਂ ਅਤੇ ਨਾਲ ਹੀ ਕੁਝ ਆਪਣੀ ਖ਼ੁਦ ਦੀ ਜ਼ਿੰਦਗੀ ਬਾਰੇ ਵੀ। ਇੰਝ ਇਹ ਕਿਤਾਬ ਇਕ ਸਫ਼ਰਨਾਮੇ ਦੇ ਨਾਲ ਨਾਲ ਉਸ ਦੀ ਆਪਣੀ ਛੋਟੀ ਜਿਹੀ ਜ਼ਿੰਦਗੀ ਦਾ ਜ਼ਿੰਦਗੀਨਾਮਾ ਵੀ ਹੈ। ਕਿਤਾਬ ਵਿਚ ਦੱਖਣੀ ਅਮਰੀਕਾ (ਲਾਤੀਨੀ ਅਮਰੀਕਾ) ਦੇ ਤਿੰਨ ਵੱਖ ਵੱਖ ਦੇਸ਼ਾਂ ਦੇ ਮਸ਼ਹੂਰ ਲੇਖਕਾਂ ਦੀਆਂ ਤਿੰਨ ਕਹਾਣੀਆਂ ਵੀ ਸ਼ਾਮਲ ਹਨ। ਇਕ ਕਹਾਣੀ ਫੰਤਾਸੀਆ ਦੇ ਨਾਂ ਤੋਂ ਪ੍ਰਭਾਵਤ ਹੋ ਕੇ ਲੇਖਕ ਨੇ ਆਪਣੀ ਕਿਤਾਬ ਦਾ ਟਾਈਟਲ ਵੀ ਫੰਤਾਸੀਆ ਰੱਖਿਆ।

ਇਹ ਨੌਜਵਾਨ ਲੇਖਕ ਭਾਰਤੀ ਕਮਿਊਨਿਸਟ ਲਹਿਰ ਨਾਲ ਜੁੜੇ ਇਕ ਸੁਹਿਰਦ ਸ਼ਖਸ ਚਰਨ ਸਿੰਘ ਗਿੱਲ ਤੇ ਗੁਰਮੇਲ ਕੌਰ ਦਾ ਹੋਣਹਾਰ ਫਰਜ਼ੰਦ ਸਤਦੀਪ ਹੈ। ਪੇਸ਼ੇ ਵਜੋਂ ਉਹ ਵਿੱਕੀਪੀਡੀਆ ਮਾਹਿਰ ਹੈ। ਪਰ ਭੁਮੱਕੜੀ ਉਸ ਦਾ ਸੁਭਾਅ ਹੈ। ਭਾਸ਼ਾਵਾਂ ਸਿੱਖਣ ਦਾ ਜਨੂੰਨ ਉਸ ਦੇ ਲਹੂ ਵਿਚ ਹੋਣ ਕਰਕੇ ਉਹ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਦੇ ਨਾਲ ਨਾਲ ਉਰਦੂ, ਫਾਰਸੀ, ਸਪੈਨੀ, ਫਰੈਂਚ ਵਗੈਰਾ ਕਈ ਭਾਸ਼ਾਵਾਂ ਨੂੰ ਜਾਣਨ ਤੇ ਸਿੱਖਣ ਲਈ ਦੋ ਚਾਰ ਹੋ ਰਿਹਾ ਹੈ।

ਸਤਦੀਪ ਭੀੜ ਤੋਂ ਵੱਖਰਾ ਕੁਝ ਕਰਨਾ ਚਾਹੁੰਦਾ ਹੈ। ਇਸੇ ਲਈ ਉਹ ਇੰਜੀਨੀਅਰ ਨਹੀਂ ਉਹ ਉਦੋਂ ਪੰਜਾਬੀ ਭਾਸ਼ਾ ਅਤੇ ਸਾਹਿਤ ਦਾ ਵਿਦਿਆਰਥੀ ਬਣਿਆ ਜਦੋਂ ਕੋਈ ਵੀ ਪੰਜਾਬੀ ਬੱਚਾ ਅਤੇ ਬੱਚਿਆਂ ਦੇ ਮਾਪੇ ਪੰਜਾਬੀ ਵੱਲ ਵਧਣ ਤੋਂ ਝਿਜਕਦੇ ਸਨ। ਉਹ ਵਿਦੇਸ਼ੀ ਯਾਤਰਾਵਾਂ ਅਤੇ ਦੇਸ਼ਾਂ ਵੱਲ ਔੜਿਆ ਪਰ ਉਥੇ ਸੈਟ ਹੋਣ ਲਈ ਨਹੀਂ ਸਗੋਂ ਕੁਝ ਹੋਰ ਵਧ ਜਾਣਨ, ਸਮਝਣ ਅਤੇ ਹਾਸਲ ਕਰਨ ਲਈ। ਉਹ ਵਗਦੀ ਧਾਰਾ ਦੇ ਨਾਲ ਨਹੀਂ ਸਗੋਂ ਉਸ ਦੇ ਵਿਪਰੀਤ ਜਾਣ ਵਾਲਾ ਇਨਸਾਨ ਹੈ।

ਉਸ ਦੀ ਪੁਸਤਕ ਪੜ੍ਹਦਿਆਂ ਪਾਠਕ ਨੂੰ ਛੇਤੀ ਹੀ ਅਹਿਸਾਸ ਹੋ ਜਾਂਦਾ ਹੈ ਕਿ ਲੇਖਕ ਛੋਟੀ ਉਮਰ ਦੇ ਬਾਵਜੂਦ ਵੀ ਆਪਣੀ ਪਹਿਲੀ ਪਲੇਠੀ ਲਿਖਤ ਵਿਚ ਹੀ ਇਕ ਸਫ਼ਲ ਅਤੇ ਸਾਰਥਿਕ ਲੇਖਕ ਬਣਨ ਵਾਲੀ ਨਿਰਧਾਰਤ ਰੇਖਾ ਨੂੰ ਸਹਿਜ ਹੀ ਪਾਰ ਕਰ ਗਿਆ ਹੈ। ਉਸ ਦੀ ਭਾਸ਼ਾ ਦੇ ਪਕੜ, ਸ਼ੈਲੀ ਸ਼ਬਦਾਂ ਦੀ ਚੋਣ, ਅੰਦਾਜ਼ੇ ਬਿਆਨੀਆ, ਘਟਨਾਵਾਂ ਨੂੰ ਤਰਤੀਬ ਦੇਣ ਦੀ ਕੁਸ਼ਲਤਾ, ਨਾਟਕੀ ਅੰਦਾਜ਼ ਵਗੈਰਾ-ਵਗੈਰਾ ਸਭ ਵਿਚ ਉਹ ਬਾਖੂਬੀ ਪੇਸ਼ ਹੁੰਦਾ ਹੈ। ਸਭ ਤੋਂ ਵੱਡੀ ਗੱਲ ਉਹ ਇਹ ਹੈ ਕਿ ਜੋ ਕੁਝ ਵੀ ਉਹ ਕਹਿੰਦਾ ਹੈ ਉਹ ਖ਼ੂਬ ਰਸ ਭਰਪੂਰ ਹੈ। ਪਾਠਕ ਨਾਲ ਲੈ ਕੇ ਤੋਰਨ ਦਾ ਬਲ ਹੈ ਉਸ ਕੋਲ। ਆਪਣੀ ਨਾਟਕੀ ਅੰਦਾਜ਼ ਨਾਲ ਲਿਖਤ ਵਿਚ ਉਤਸੁਕਤਾ ਬਣਾਈ ਰੱਖਦਾ ਹੈ। ਕਿਸੇ ਜਾਦੂਗਰ ਵਾਂਗ ਉਸ ਨੂੰ ਪਾਠਕ ਨੂੰ ਸਮੋਹਿਕ ਕਰਨਾ ਆਉਂਦਾ ਹੈ।

ਇਹ ਕਿਤਾਬ ਸਤਦੀਪ ਦੀ 6-7 ਲਾਤੀਨੀ ਮੁਲਕਾਂ ਦੀ ਯਾਤਰਾ ਬਾਰੇ ਹੈ। ਮੈਕਸੀਕੋ, ਪੀਰੂ, ਚਿਲੀ, ਕੋਲੰਬੀਆ, ਉਰਗਏ, ਪਨਾਮਾ ਵਗੈਰਾ ਦੇਸ਼ਾਂ ਬਾਰੇ। ਉਹ ਕਿਉਂਕਿ ਇਕ ਜਗਿਆਸਾ ਬਿਰਤੀ ਵਾਲਾ ਇਨਸਾਨ ਹੈ। ਇਸ ਲਈ ਉਹ ਸਿਰਫ਼ ਮਨੋਰੰਜਨ ਲਈ ਹੀ ਸੈਰ 'ਤੇ ਨਹੀਂ ਨਿਕਲਿਆ ਹੋਇਆ, ਉਥੇ ਜਿਥੇ ਜਿਥੇ ਵੀ ਘੁੰਮ ਰਿਹਾ ਹੈ, ਉਥੇ ਲੋਕਾਂ ਤੇ ਦੇਸ਼ਾਂ ਲਾਲ ਸਬੰਧਤ ਇਤਿਹਾਸਕ, ਕਲਚਰਲ ਮਹੱਤਤਾ ਵਾਲੀਆਂ ਥਾਵਾਂ, ਸਮੁੰਦਰਾਂ, ਬੀਚਾਂ, ਕੈਫੇ, ਫਲ, ਖਾਣੇ, ਸੈਰਗਾਹਾਂ, ਜੰਗਲਾਂ, ਦਰਿਆਵਾਂ, ਝੀਲਾਂ, ਲੈਗੁਣ, ਹੋਸਟਲ, ਹੋਟਲ, ਸਭਿਆਚਾਰ, ਭਾਸ਼ਾਵਾਂ, ਰੀਤੀ ਰਿਵਾਜਾਂ, ਗਲੀਆਂ, ਬਾਜ਼ਾਰ, ਸੜਕਾਂ, ਲੋਕ, ਅਜਨਵੀ ਪਾਤਰ ਆਦਿ ਬਾਰੇ ਸਭ ਕੁਝ ਥੋੜ੍ਹੀ ਥੋੜ੍ਹੀ ਮਾਤਰਾ ਵਿਚ ਸਾਡੇ ਸਨਮੁਖ ਕਰਦਾ ਜਾਂਦਾ ਹੈ। ਉਨ੍ਹਾਂ ਉਨ੍ਹਾਂ ਦੇ ਮਸਹੂਰ ਅਦਬੀ ਰਾਜਨੀਤਕ ਪਾਤਰਾਂ ਨਾਲ ਵੀ ਸਾਡੀ ਸਾਂਝ ਪਾਉਂਦੇ ਹਨ। ਕੁਝ ਵੱਡੀਆਂ ਹਸਤੀਆਂ ਦੇ ਨਾਵਾਂ ਨਾਲ ਸਾਡੀ ਵਾਕਫ਼ੀਅਤ ਕਰਵਾਉਂਦਾ ਹੈ ਅਤੇ ਪਾਠਕ ਦੇ ਮਨ ਵਿਚ ਵਿਨਸੈਟ ਵਾਨ ਗੋ, ਪਾਬਲੋ ਨਰੂਦਾ, ਪਾਬਲੋ ਐਸਕੋਬਰਾ, ਮੈਜੀਕਲ ਰਿਅਲਿਜ਼ਮ ਦੇ ਪ੍ਰਸਿੱਧ ਲੇਖਕ ਗੈਬਰੀਅਲ ਗਾਰਸੀਆ ਮਾਰਕੇਸ ਆਦਿ ਨੂੰ ਹੋਰ ਜਾਣ ਦੀ ਉਤਸੁਕਤਾ ਸੁੱਤੇ ਸਿੱਧ ਹੀ ਪੈਦਾ ਹੋ ਜਾਣੀ ਕੁਦਰਤੀ ਹੈ। 17ਵੀਂ ਸਦੀ ਵਿਚ ਬ੍ਰਾਜੀਲ ਦੇ ਹਿੱਸੇ ਦੇ ਕਿਸੇ ਇਕ ਛੋਟੇ ਜਿਹੇ ਕੋਨੇ ਵਿਚ ਉਸਰੀ ਅਤੇ ਸ਼ਾਇਦ ਦੁਨੀਆ ਵਿਚ ਪਹਿਲੀ ਆਪਣੀ ਹੀ ਕਿਸਮ ਦੀ ਪਹਿਲੀ ਸੁਤੰਤਰ ਕਮਿਊਨ 'ਪਾਲਮਾਰੰਸ ਕਮਿਊਨ' ਬਾਰੇ ਜਾਣ ਕੇ ਤਾਂ ਹੈਰਾਨੀ ਹੀ ਹੁੰਦੀ ਹੈ। ਇਸ ਸੁਤੰਤਰ ਕਮਿਊਨ 1605 ਤੋਂ 1694 ਤੱਕ ਕਾਇਮ ਰਹੀ ਹੈ ਅਤੇ ਪੁਰਤਗੇਜੀ ਸਾਮਰਾਜ ਨਾਲ ਲੋਹਾ ਲੈਂਦੀ ਰਹੀ।

ਕੁਲ ਮਿਲਾ ਕੇ ਸਤਦੀਪ ਗਿੱਲ ਦਾ ਇਹ ਪਹਿਲਾ ਉਦਮ ਉਸ ਦਾ ਇਕ ਵੱਡਾ ਹਾਸਲ ਹੈ। ਉਸ ਵਿਚ ਲੇਖਕ ਬਣਨ ਦੀਆਂ ਸਾਰੀਆਂ ਸੰਭਾਵਨਾਵਾਂ ਹਨ। ਪੰਜਾਬੀ ਭਾਸ਼ਾ ਅਤੇ ਸਾਹਿਤ ਜਗਤ ਵਿਚ ਸਤਦੀਪ ਦੀ ਐਂਟਰੀ ਮਾਣਨ ਵਾਲੀ ਗੱਲ ਹੈ। ਮੈਂ ਚਾਹਾਂਗਾ ਕਿ ਇਹ ਛੋਟੀ ਜਿਹੀ ਕਿਤਾਬ ਹਰੇਕ ਪੰਜਾਬੀ ਨੂੰ ਜ਼ਰੂਰ ਪੜ੍ਹਨੀ ਚਾਹੀਦਾ ਹੈ। ਇਹ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਲਾਤੀਨੀ ਦੇਸ਼ਾਂ ਬਾਰੇ ਪੰਜਾਬੀ ਜ਼ੁਬਾਨ ਵਿਚ ਬਹੁਤ ਘੱਟ ਜਾਣਕਾਰੀ ਉਪਲਬਧ ਹੈ। ਸਤਦੀਪ ਨੂੰ ਇਸ ਉਦਮ ਲਈ ਮੁਬਾਰਕਾਂ।


SWIFTWRENCH AUTO & DIESEL REPAIR
Your Car, Our Care
Mobile Mechanic Services - We Come to You!
SIMRAN GILL
825-760-6111
swiftwrenchservice@gmail.com
swiftwrenchautorepair
Swiftwrench Auto & Diesel Repair
Calgary, Airdrie, Chestermere & Surrounding
Red Seal Certified Reliable On-Time
• Oil Changes - Gas & Diesel
• Brake Service & Replacement
• Battery Testing & Installation
• Check Engine Light Diagnosis
• Fluid Top-UPS & Inspections
• Fleet & Commercial Maintenance
• Pre-Purchase Inspections
• Suspension Repairs


Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds
Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# 1947 ਦੀ ਪੰਜਾਬ ਵੰਡ ਦਾ ਕਿੱਸਾ - ਚੌਧਰੀ ਅਨਵਰ ਅਜੀਜ

ਮੈਨੂੰ ਲੱਗਦਾ ਹੈ ਕਿ 14 ਅਗਸਤ ਨੂੰ ਸ਼ੁੱਕਰਵਾਰ ਸੀ (ਸ਼ੁੱਕਰਵਾਰ ਅਸਲ ਵਿੱਚ 15 ਅਗਸਤ ਨੂੰ ਸੀ- ਲੇਖਕ)। ਇਹ ਰਮਜ਼ਾਨ ਦਾ ਮਹੀਨਾ ਸੀ ਤੇ ਮੈਂ ਨੇੜੇ ਦੇ ਪਿੰਡ ਦੀ ਇੱਕ ਵੱਡੀ ਮਸੀਤ ਵਿੱਚ ਇਬਾਦਤ ਕਰਨ ਗਿਆ। ਉੱਥੇ ਕਈ ਪਿੰਡਾਂ ਤੋਂ ਲੋਕ ਆਉਂਦੇ ਸਨ। ਮੈਨੂੰ ਤਕਰੀਰ ਕਰਨ ਲਈ ਕਿਹਾ ਗਿਆ ਤਾਂ ਕਿ ਜੋ ਕੁੱਝ ਬੀਤ ਰਿਹਾ ਸੀ ਮੈਂ ਉਸ ਦਾ ਵੇਰਵਾ ਦੇਵਾਂ। ਮੈਂ ਉਨ੍ਹਾਂ ਨੂੰ ਕਿਹਾ ਕਿ ਘਬਰਾਉਣ ਵਾਲ਼ੀ ਕੋਈ ਗੱਲ ਨਹੀਂ ਹੈ। ਸਾਡੇ ਇਲਾਕਿਆਂ ਦੇ ਤਿੰਨੇ ਭਾਈਚਾਰਿਆਂ ਵਿੱਚ ਸਮਝੌਤਾ ਹੋ ਗਿਆ ਸੀ ਕਿ ਕੋਈ ਕਿਸੇ ਉੱਪਰ ਹਮਲਾ ਨਹੀਂ ਕਰੇਗਾ। ਬ੍ਰਾਹਮਣਾਂ ਦਾ ਇੱਕ ਪਿੰਡ ਹੁੰਦਾ ਸੀ- ਰੇਹਲ। ਉਸ ਪਿੰਡ ਦੇ ਬ੍ਰਾਹਮਣ ਆਪਣੀ ਵਿਦਵਤਾ ਅਤੇ ਭਗਤੀ-ਭਾਵ ਲਈ ਕਾਫ਼ੀ ਜਾਣੇ ਜਾਦੇ ਸਨ। ਉਨ੍ਹਾਂ ਨੇ ਲੋਕਾਂ ਅਤੇ ਜਾਨਵਰਾਂ ਦੋਹਾਂ ਲਈ ਮੁਫਤ ਵਿੱਚ ਕਈ ਸਹੂਲਤਾਂ ਮੁਹੱਈਆ ਕਰਵਾਈਆਂ ਸਨ ਅਤੇ ਤਿੰਨੋਂ ਭਾਈਚਾਰੇ ਦੇ ਲੋਕ ਉਨ੍ਹਾਂ ਦੀ ਕਾਫੀ ਇੱਜਤ ਕਰਦੇ ਸਨ। ਉਨ੍ਹਾਂ ਵਿੱਚੋਂ ਇੱਕ ਸਨ- ਰਾਮਸਰਨ ਸ਼ਰਮਾ, ਜਿਨ੍ਹਾਂ ਨੇ ਫ਼ਾਰਸੀ ਦੀ ਵਿਆਕਰਣ ਦੇ ਪਾਠਾਂ ਦੀ ਇੱਕ ਕਿਤਾਬ ਲਿਖੀ ਸੀ, ਜਿਸ ਦਾ ਸਕੂਲਾਂ ਅਤੇ ਕਾਲਜਾਂ ਵਿੱਚ ਇਸਤੇਮਾਲ ਕੀਤਾ ਜਾਂਦਾ ਸੀ। ਬਾਅਦ ਵਿੱਚ ਜਦੋਂ ਪਕਿਸਤਾਨ ਬਣ ਗਿਆ, ਕਿਸੇ ਮੁਸਲਮਾਨ ਨੇ ਆਪਣਾ ਨਾਂ ਲਿਖ ਕੇ ਇਹੀ ਕਿਤਾਬ ਬਤੌਰ ਲੇਖਕ ਛਪਵਾਈ। ਮੈਂ ਮਾਸਟਰ ਸ਼ਰਮਾ ਤੋਂ ਫ਼ਾਰਸੀ ਸਿੱਖੀ। ਉਹ ਸੱਚ-ਮੁੱਚ ਇੱਕ ਗਿਆਨੀ ਇਨਸਾਨ ਸਨ।

**ਗੁਰਦਾਸਪੁਰ ਕਿਸ ਮੁਲਕ ਵਿੱਚ ਜਾਵੇਗਾ:** ਪਾਕਿਸਤਾਨ ਵਿੱਚ ਜਾਂ ਹਿੰਦੋਸਤਾਨ ਵਿੱਚ, ਇਸ ਬਾਰੇ ਕਾਫੀ ਉਲਝਣ ਸੀ। ਰੈਡਕਲਿਫ ਫੈਸਲੇ ਨੇ ਗੁਰਦਾਸਪੁਰ ਦੀ ਵੰਡ ਕਰ ਦਿੱਤੀ, ਹਾਲਾਂਕਿ ਇਸ ਵਿੱਚ ਬਹੁਗਿਣਤੀ ਮੁਸਲਮਾਨਾਂ ਦੀ ਸੀ, ਪਰ ਸ਼ੱਕਰਗੜ੍ਹ ਤਹਿਸੀਲ ਪਾਕਿਸਤਾਨ ਵਿੱਚ ਸ਼ਾਮਲ ਕਰ ਦਿੱਤੀ ਗਈ। ਉਸ ਵਕਤ ਵੱਡੇ ਪੱਧਰ 'ਤੇ ਮਾਰ-ਕਾਟ ਫੈਲ ਗਈ। ਬ੍ਰਾਹਮਣ ਮੇਰੇ ਵਾਲਿਦ ਕੋਲ ਆਏ ਅਤੇ ਮਦਦ ਲਈ ਅਰਜ਼ੋਈ ਕੀਤੀ। ਉਹ ਰੋਣ ਲੱਗ ਪਏ ਅਤੇ ਸਾਡੇ ਬਜ਼ੁਰਗਾਂ ਨੂੰ ਵੀ ਰੋਣਾ ਆ ਗਿਆ, ਕਿਉਂਕਿ ਸਾਡੇ ਉਨ੍ਹਾਂ ਦੇ ਨਾਲ਼ ਰਿਸ਼ਤੇ ਬਹੁਤ ਕਰੀਬੀ ਸਨ। ਦੋਨੋ ਪਰਿਵਾਰਾਂ ਦੀਆਂ ਔਰਤਾਂ ਵੀ ਰੋਣ ਲੱਗ ਪਈਆਂ। ਉਨ੍ਹਾਂ ਨੇ ਆਪਣੀ ਰੱਖਿਆ ਲਈ ਗਹਿਣਿਆਂ ਦੀ ਪੇਸ਼ਕਸ਼ ਕੀਤੀ, ਪਰ ਸਾਡੇ ਵਾਲਿਦ ਨੇ ਉਨ੍ਹਾਂ ਨੂੰ ਬੇਫ਼ਿਕਰ ਰਹਿਣ ਨੂੰ ਕਿਹਾ। ਉਨ੍ਹਾਂ ਨੇ ਆਪਣੀਆਂ ਸੱਤ ਮੁਟਿਆਰ ਕੁੜੀਆਂ, ਜੋ ਸਾਰੀਆਂ ਹੀ ਖ਼ੂਬਸੂਰਤ, ਪੜ੍ਹੀਆਂ-ਲਿਖੀਆਂ ਅਤੇ ਸੁਚੱਜੀਆਂ ਸਨ, ਸਾਡੀ ਹਿਫ਼ਾਜ਼ਤ ਵਿੱਚ ਰੱਖਣ ਦਾ ਫ਼ੈਸਲਾ ਕੀਤਾ। ਅਸੀਂ ਲੱਗਭੱਗ ਵੀਹ ਨੌਜਵਾਨਾਂ ਅਤੇ ਵਡੇਰੀ ਉਮਰ ਦੇ ਆਦਮੀਆਂ ਨੇ ਦੂਜੀਆਂ ਔਰਤਾਂ ਅਤੇ ਬੰਦਿਆਂ ਨੂੰ ਦਰਿਆ 'ਤੇ ਲੈ ਆਂਦਾ ਤਾਂ ਕਿ ਉਨ੍ਹਾਂ ਲਈ ਦਰਿਆ ਦੇ ਪਰਲੇ ਪਾਰ ਜਾਣ ਦਾ ਕੋਈ ਉਪਾਅ ਕੀਤਾ ਜਾ ਸਕੇ। ਰਾਵੀ ਦਰਿਆ ਦਾ ਪਾਣੀ ਉਸ ਸਮੇਂ ਬਹੁਤ ਉੱਚਾ







ਵਗ ਰਿਹਾ ਸੀ, ਪਰ ਦੋਨੋਂ ਪਾਸੇ ਕਿਸ਼ਤੀਆਂ ਦੀ ਆਵਾਜਾਈ ਤੇਜੀ ਨਾਲ਼ ਚੱਲ ਰਹੀ ਸੀ। ਕਿਸ਼ਤੀਆਂ ਦੇ ਮਾਲਕ ਦਰਿਆ ਪਾਰ ਕਰਾਉਣ ਲਈ ਬੇਹੱਦ ਜ਼ਿਆਦਾ ਕੀਮਤ ਵਸੂਲ ਕਰ ਰਹੇ ਸਨ। ਸਾਡੇ ਪਾਸੇ ਵਾਲ਼ੇ ਦੇ ਕੰਢੇ 'ਤੇ ਇੱਕ ਕਿਸ਼ਤੀ ਜਿਨ੍ਹਾਂ ਮੁਸਲਮਾਨਾਂ ਨੂੰ ਲੈ ਕੇ ਆਈ ਉਹ ਬੁਰੀ ਤਰਾਂ ਜ਼ਖ਼ਮੀ ਸਨ, ਦੋ ਔਰਤਾਂ ਦੇ ਸੀਨੇ ਵੱਢ ਦਿੱਤੇ ਗਏ ਸਨ ਅਤੇ ਉਹ ਅਕਹਿ ਦਰਦ ਵਿੱਚ ਸਨ। ਜਦ ਉਨ੍ਹਾਂ ਦੇ ਆਦਮੀਆਂ ਨੂੰ ਪਤਾ ਲੱਗਿਆ ਕਿ ਅਸੀਂ ਹਿੰਦੂਆਂ ਨੂੰ ਦੂਜੇ ਪਾਸੇ ਹਿਫਾਜਤ ਨਾਲ਼ ਲੈ ਜਾਣਾ ਚਾਹੁੰਦੇ ਹਾਂ ਤਾਂ ਉਨ੍ਹਾਂ ਨੂੰ ਬੜਾ ਗੁੱਸਾ ਚੜ੍ਹਿਆ ਤੇ ਉਨ੍ਹਾਂ ਨੇ ਸਾਡੇ ਸ਼ਰਨਾਰਥੀਆਂ ਉੱਪਰ ਹਮਲਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਅਸੀਂ ਅਜਿਹੇ ਜ਼ੁਲਮ ਖਿਲਾਫ ਉਨ੍ਹਾਂ ਵਿਚਕਾਰ ਇੱਕ ਕੰਧ ਬਣ ਕੇ ਖੜ੍ਹੇ ਹੋ ਗਏ। ਅਸੀਂ ਉਨ੍ਹਾਂ ਨੂੰ ਕਿਹਾ ਕਿ ਸਾਡੀ ਸ਼ਰਣ ਆਏ ਹਿੰਦੂਆਂ ਉੱਪਰ ਉਨ੍ਹਾਂ ਜੁਲਮਾਂ ਦਾ ਇਲਜ਼ਾਮ ਨਹੀਂ ਲਗਾਇਆ ਜਾ ਸਕਦਾ ਜੋ ਪਰਲੇ ਪਾਰ ਹੋਰ ਹਿੰਦੂਆਂ ਨੇ ਕੀਤੇ। ਸਾਡੇ ਹਥਿਆਰ ਵੀ ਜ਼ਿਆਦਾ ਸਨ ਇਸ ਲਈ ਕੋਈ ਗੜਬੜ ਨਹੀਂ ਹੋਈ ਤੇ ਬ੍ਰਾਹਮਣ ਸੁਖੀ-ਸਾਂਦੀਂ ਪਰਲੇ ਪਾਰ ਲੈ ਜਾਂਦੇ ਗਏ।

'ਬ੍ਰਾਹਮਣ ਕੁੜੀਆਂ ਸਾਡੇ ਕੋਲ ਸੱਤ ਮਹੀਨੇ ਰਹੀਆਂ। ਹਾਲਾਂਕਿ ਉਹ ਨਿਮਰਤਾ ਨਾਲ਼ ਸਭ ਦੀ ਇੱਜ਼ਤ ਕਰਦੀਆਂ ਸਨ, ਉਨ੍ਹਾਂ ਨੇ ਸਾਡਾ ਖਾਣਾ-ਖਾਣ ਅਤੇ ਭਾਂਡਿਆਂ ਦਾ ਇਸਤੇਮਾਲ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਲਈ ਸਾਨੂੰ ਉਨ੍ਹਾਂ ਲਈ ਅਲੱਗ ਰਸੋਈ ਅਤੇ ਹੋਰ ਸਹੂਲਤਾਂ ਦਾ ਪ੍ਰਬੰਧ ਕਰਨਾ ਪਿਆ। ਇੱਥੋਂ ਤੱਕ ਕਿ ਉਨ੍ਹਾਂ ਨੇ ਪੂਜਾ ਕਰਨ ਲਈ ਸਾਡੇ ਵਿਹੜੇ ਵਿਚ ਇੱਕ ਛੋਟਾ ਜਿਹਾ ਮਿੱਟੀ ਦਾ ਮੰਦਰ ਵੀ ਬਣਾਇਆ ਅਤੇ ਤੇਲ ਉਧਾਰ ਲੈ ਕੇ ਦੀਵੇ ਜਗਾਏ, ਜਿਵੇਂ ਕਿ ਉਨ੍ਹਾਂ ਦਾ ਰਿਵਾਜ਼ ਸੀ। ਇੱਕ ਦਿਨ ਭਾਰਤੀ ਫੌਜ ਉਨ੍ਹਾਂ ਨੂੰ ਲੱਭਦੀ ਹੋਈ ਆਈ। ਕਿਸੇ ਨੇ ਉਨ੍ਹਾਂ ਨੂੰ ਗ਼ਲਤ ਖ਼ਬਰ ਦਿੱਤੀ ਸੀ ਕਿ ਅਸੀਂ ਉਨ੍ਹਾਂ ਕੁੜੀਆਂ ਨੂੰ ਉਨ੍ਹਾਂ ਦੀ ਮਰਜ਼ੀ ਖ਼ਿਲਾਫ਼ ਰੱਖਿਆ ਸੀ। ਇਸ ਲਈ ਫੌਜ ਨੇ ਸਾਡੇ ਘਰ ਨੂੰ ਘੇਰਾ ਪਾ ਲਿਆ ਅਤੇ ਸਟੇਨ ਗੰਨਾਂ ਤੇ ਹੋਰ ਹੱਥਿਆਰ ਸਾਡੇ ਵੱਲ ਤਾਣ ਦਿੱਤੇ। ਉਨ੍ਹਾਂ ਵਿੱਚ ਇੱਕ ਕਪਤਾਨ ਸੀ ਜਿਸ ਨੂੰ ਮੈਂ ਪੁੱਛਿਆ "ਤੁਹਾਨੂੰ ਕੀ ਤਕਲੀਫ ਹੈ? ਸਾਡੇ ਵੱਲ ਬੰਦੂਕਾਂ ਕਿਉਂ ਤਾਣੀਆਂ ਹਨ?" ਉਸ ਨੇ ਜਵਾਬ ਦਿੱਤਾ, "ਅਸੀਂ ਸੁਣਿਆ ਹੈ ਕਿ ਤੁਸੀਂ ਆਪਣੇ ਘਰ ਵਿੱਚ ਹਿੰਦੂ ਕੁੜੀਆਂ ਕੈਦ ਕਰਕੇ ਰੱਖੀਆਂ ਹਨ।" ਤਾਂ ਮੈਂ ਉਨ੍ਹਾਂ ਨੂੰ ਕਿਹਾ ਕਿ ਉਹ ਖੁਦ ਉਨ੍ਹਾਂ ਕੁੜੀਆਂ ਨਾਲ਼ ਗੱਲ ਕਰ ਲੈਣ। ਉਸੇ ਵਕਤ ਉਨ੍ਹਾਂ ਕੁੜੀਆਂ ਦੇ ਦੋ ਹਿੰਦੂ ਆਦਮੀ ਰਿਸ਼ਤੇਦਾਰ ਜੋ ਲੁਕੇ ਹੋਏ ਸਨ, ਨਿੱਕਲ ਕੇ ਬਾਹਰ ਆਏ ਤੇ ਸਾਡੇ ਦਰ 'ਤੇ ਆ ਗਏ। ਉਹ ਸਾਡੇ ਬਜੁਰਗਾਂ ਨੂੰ ਮਿਲ਼ ਕੇ ਰੋਣ ਲੱਗੇ ਅਤੇ ਸਾਡੇ ਬਜ਼ੁਰਗਾਂ ਦੀਆਂ ਅੱਖਾਂ ਵਿੱਚ ਵੀ ਅੱਥਰੂ ਆ ਗਏ। ਜਦੋਂ ਕੁੜੀਆਂ ਨੇ ਭਰੋਸਾ ਦਵਾਇਆ ਕਿ ਉਨ੍ਹਾਂ ਨਾਲ਼ ਬਹੁਤ ਚੰਗਾ ਸਲੂਕ ਕੀਤਾ ਗਿਆ ਸੀ ਫੌਜੀ ਕਪਤਾਨ ਬੇਹੱਦ ਸ਼ਰਮਿੰਦਾ ਹੋਇਆ ਤੇ ਉਸਨੇ ਮਾਫ਼ੀ ਮੰਗੀ। ਅਸੀਂ ਉਨ੍ਹਾਂ ਦੇ ਗਹਿਣੇ ਵਾਪਸ ਕੀਤੇ ਜੋ ਉਨ੍ਹਾਂ ਦੇ ਬਜ਼ੁਰਗਾਂ ਨੇ ਮੇਰੇ ਵਾਲਿਦ ਦੇ ਕੋਲ ਜਮ੍ਹਾਂ ਕੀਤੇ ਸਨ। ਫਿਰ ਉਹ ਚਲੇ ਗਏ। ਉਹ ਸੱਚ-ਮੁੱਚ ਬਹੁਤ ਬੁਰੇ ਦਿਨ ਸਨ।

ਚੌਧਰੀ ਅਨਵਰ ਅਜੀਜ ਵੱਲੋਂ ਬਿਆਨਿਆ ਵਾਕਿਆ, ਪ੍ਰੋਫੈਸਰ ਇਸ਼ਤਿਆਕ ਅਹਿਮਦ ਹੁਰਾਂ ਦੀ ਵੰਡ ਬਾਰੇ ਕਿਤਾਬ 'ਪੰਜਾਬ ਦੀ ਰੱਤ ਭਿੱਜੀ ਵੰਡ ਅਤੇ ਸਫਾਇਆ' ਵਿੱਚੋਂ

ਅਨੁਵਾਦ : ਕੰਵਲ ਧਾਲੀਵਾਲ

Sandhu G Construction Ltd.
Preparation- Shower Base - Water Proof
We can install Ceramic Tiles & Marble, Back Splash Tiles, Tiles on Walls, Kitchen, Washroom or anywhere in Home.
You can upgrade your Kitchen or Washroom
ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ, ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ

Harmanjot Dhudike
403-975-0006
Sharmanjot22@gmail.com


Universal Health
It's all about "U"
PHARMACY
Compounding & Home Health Care

Vandit Vakil, RPH, APA
Pharmacy Manager
Tel: (403) 365-4262
Fax (403) 365-4313
# 113, 78 Saddlepeace Manor Ne, Calgary, AB T3J 4C5
Email : vvakil@universalhealthcentre.com
www.universalhealthcentre.com

Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫ਼ੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997

Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca

# ਕੀ 15 ਅਗਸਤ 1947 ਨੂੰ ਕੀ ਭਾਰਤ ਅਜ਼ਾਦ ਹੋਇਆ ਸੀ ?

**ਜਸਵਿੰਦਰ ਸੰਧੂ, ਬ੍ਰੈਂਪਟਨ**
jaswindersnahu@rogers.com




ਪੰਦਰਾਂ ਅਗਸਤ ਦਾ ਦਿਨ ਭਾਰਤ ਵਿੱਚ ਬਹੁਤ ਧੂੰਮ-ਧਾਮ ਨਾਲ਼ ਮਨਾਇਆ ਜਾਂਦਾ ਹੈ। ਸਾਰੇ ਦੇਸ਼ ਵਾਸੀਆਂ ਨੂੰ ਲਾਲ ਕਿਲੇ ਤੋਂ ਪ੍ਰਧਾਨ ਮੰਤਰੀ ਦੁਆਰਾ ਇਸ ਅਜ਼ਾਦੀ ਦੇ ਗੁਣ-ਗਾਣ ਕਰਦੇ ਹੋਏ ਨਵੇਂ ਸੁਪਨੇ ਵੀ ਵੇਚੇ ਜਾਂਦੇ ਹਨ। ਮੈਨੂੰ ਤਾਂ ਇਉਂ ਲਗਦਾ ਹੈ ਕਿ ਇਹ ਅਤੇ ਅਜਿਹੇ ਹੋਰ ਭਾਸ਼ਨ ਸਾਡੀ ਭਾਰਤੀ ਜਨਤਾ ਨੂੰ ਮੰਤਰ-ਮੁਗਧ ਰੱਖਣ ਦੇ ਉਪਰਾਲੇ ਹਨ ਤਾਂ ਜੋ ਆਮ ਜਨਤਾ ਦੀਆਂ ਆਮ ਜ਼ਰੂਰਤਾਂ ਦੇ ਮਸਲੇ ਇਸ ਰੌਲ਼ੇ-ਗੌਲ਼ੇ 'ਚ ਦਬੇ ਰਹਿਣ। ਜੇ ਇਉਂ ਨਾ ਹੋਵੇ ਤਾਂ ਆਮ ਜਨਤਾ ਦੀਆਂ ਮੁਸ਼ਕਲਾਂ ਦੀ ਕਦੇ ਤਾਂ ਇਹ ਲੀਡਰ ਗੱਲ ਕਰਿਆ ਕਰਦੇ। ਹਾਂ, ਕੁੱਝ ਹੱਦ ਤੱਕ ਆਮ ਜਨਤਾ ਦੀਆਂ ਮੁਸ਼ਕਲਾਂ ਤੇ ਮੁਢਲੀਆਂ ਜ਼ਰੂਰਤਾਂ ਦੀ ਗੱਲ ਚੋਣ-ਪ੍ਰਚਾਰਾਂ ਵੇਲ਼ੇ ਜ਼ਰੂਰ ਕੀਤੀ ਜਾਂਦੀ ਹੈ ਜੋ ਭੋਲ਼ੇ-ਭਾਲ਼ੇ ਮਨਾਂ ਵਾਲ਼ਿਆਂ ਨੂੰ ਗੁੰਮਰਾਹ ਕਰਨ ਲਈ ਹੀ ਹੁੰਦੀ ਹੈ। ਚੋਣਾਂ ਵੇਲ਼ੇ ਵੱਡੇ ਵੱਡੇ ਵਾਹਦੇ ਵੀ ਕੀਤੇ ਜਾਂਦੇ ਹਨ ਜੋ ਛੇਤੀ ਹੀ ਠੰਢੇ ਬਸਤੇ 'ਚ ਪਾ ਦੇਣੇ ਹੁੰਦੇ ਹਨ। ਵੈਸੇ ਝੂਠ ਤਾਂ ਸਾਰੀਆਂ ਸਿਆਸੀ ਪਾਰਟੀਆਂ ਹੀ ਬੋਲਦੀਆਂ ਹਨ, ਪਰ ਅਕਾਲੀਆਂ ਤੇ ਭਾਜਪਾ ਦਾ ਇਸ ਖੇਤਰ 'ਚ ਕੋਈ ਮੁਕਾਬਲਾ ਨਹੀਂ ਕਰ ਸਕਦਾ। ਪਰ ਸਵਾਲ ਇਹ ਹੈ ਕਿ ਅਜਿਹੀਆਂ ਕਰਤੂਤਾਂ ਵਾਲ਼ੀਆਂ ਸਿਆਸੀ ਪਾਰਟੀਆਂ ਸਾਡੇ ਦੇਸ਼ ਨੂੰ ਕਿਉਂ ਕੰਟਰੋਲ ਕਰ ਰਹੀਆਂ ਨੇ? ਇਸ ਤੇ ਕਿਸੇ ਦਾ ਕੋਈ ਗੰਭੀਰ ਲੇਖ ਜਾਂ ਵਿਸ਼ਲੇਸ਼ਣ ਬਗੈਰਾ ਅਜੇ ਤੱਕ ਤਾਂ ਨਜ਼ਰ ਨਹੀਂ ਆਇਆ ਜਾਂ ਜੇ ਕਿਸੇ ਨੇ ਕੀਤਾ ਹੋਊ ਤਾਂ ਉਹ ਘੱਟੋ-ਘੱਟ ਛਪ ਕੇ ਲੋਕਾਂ ਦੇ ਨਜ਼ਰੀਂ ਨਹੀਂ ਆਇਆ। ਸ਼ਾਇਦ ਮੇਰੀ ਇਹ ਕੋਸ਼ਿਸ਼ ਨਾਕਾਮ ਜਾਂ ਕਮੀਆਂ ਭਰਪੂਰ ਵੀ ਰਹੇ, ਪਰ ਮੈਂ ਇਸ ਨੂੰ ਲੋਕਾਂ ਸਾਹਮਣੇ ਪੇਸ਼ ਕਰਕੇ ਇਸ ਗੱਲ-ਬਾਤ ਦੀ ਇੱਕ ਸ਼ੁਰੂਆਤ ਜ਼ਰੂਰ ਕਰਨੀ ਚਾਹੁੰਦਾ ਹਾਂ। ਮੇਰੀ ਇਹ ਕੋਸ਼ਿਸ਼ ਕਿੰਨੀ ਕੁ ਕਾਮਯਾਬ ਜਾਂ ਨਾਕਾਮ ਹੁੰਦੀ ਹੈ ਉਹ ਅਗਲਾ ਸਮਾਂ ਸਾਹਮਣੇ ਲੈ ਹੀ ਆਵੇਗਾ।

**ਭਾਰਤੀ ਸਿਆਸੀ ਪਾਰਟੀਆਂ**

ਕਾਂਗਰਸ, ਭਾਜਪਾ, ਸੋਸ਼ਲਿਸਟ/ਕੌਮਨਿਸਟ ਪਾਰਟੀਆਂ ਅਤੇ ਖੇਤਰੀ ਪਾਰਟੀਆਂ (ਸਣੇ ਅਕਾਲੀ ਪਾਰਟੀ ਆਦਿ ਦੇ) ਸਭ ਨੇ ਅੰਗਰੇਜ਼ਾਂ ਤੋਂ ਤਸ਼ਤਰੀ 'ਚ ਰੱਖ ਕੇ ਦਿੱਤੀ "ਅਜ਼ਾਦੀ" ਨੂੰ ਮਾਣਦੇ ਹੋਏ ਆਪਣੇ ਆਪਣੇ ਅਤੇ ਆਪਣਿਆਂ ਦੇ ਕੰਮਾਂ ਸਮੇਤ ਅੰਗਰੇਜ਼ਾਂ ਦੇ ਜ਼ਰੂਰੀ ਕੰਮਾਂ ਦਾ ਵੀ ਬਹੁਤ ਖਿਆਲ ਰੱਖਿਆ ਹੈ ਅਤੇ ਅਜੇ ਵੀ ਰੱਖ ਰਹੇ ਹਨ। ਜੇ ਅੱਖਾਂ ਤੇ ਦਿਮਾਗ ਖੁੱਲ੍ਹੇ ਰੱਖ ਕੇ ਦੇਖਣਾ ਤੇ ਸਮਝਣਾ ਚਾਹੀਏ ਤਾਂ ਇਸ ਦਾ ਸਬੂਤ ਹਰ ਇੱਕ ਦੇ ਸਾਹਮਣੇ ਹੈ। ਇੱਕ ਸਿੱਧਾ ਜਿਹਾ ਪੈਮਾਨਾ/ਮੀਟਰ ਇਹ ਹੈ ਕਿ ਜੋ ਪਰਿਵਾਰ ਜਾਂ ਘਰਾਣਾ ਵੀ ਅੰਗਰੇਜ਼ਾਂ ਦਾ ਚਮਚਾ ਰਿਹੈ (ਜਾਣੀ ਕਿ ਆਮ ਭਾਰਤੀ ਜਨਤਾ ਦੇ ਖਿਲਾਫ਼ ਰਿਹੈ) ਉਹ ਉਨ੍ਹਾਂ ਸਮਿਆਂ (ਅੰਗਰੇਜ਼ੀ ਰਾਜ ਵੇਲ਼ੇ) 'ਚ ਵੀ ਅਮੀਰ (ਖਾਂਦੇ ਪੀਂਦੇ ਘਰ) ਸਨ ਅਤੇ ਇਸ ਅਖਾਉਤੀ ਅਜ਼ਾਦੀ ਤੋਂ ਬਾਅਦ ਵੀ ਅਮੀਰਜ਼ਾਦੇ ਹੀ ਹਨ। ਪੰਜਾਬ ਦੀਆਂ ਸ਼ਿਰੋਮਣੀ ਉਦਾਹਰਣਾਂ ਪਟਿਆਲ਼ਾ ਦੇ ਰਾਜੇ ਦੀ ਔਲਾਦ (ਅਮਰਿੰਦਰ ਸਿੰਘ), ਸਿਮਰਨਜੀਤ ਮਾਨ ਪਰਿਵਾਰ, ਮਜੀਠਿਆ ਪਰਿਵਾਰ ਆਦਿ ਅੱਜ ਦੇ ਮੋਹਰੀ ਹਨ।

ਕਾਂਗਰਸ ਤਾਂ ਬਣਾਈ ਹੀ ਅੰਗਰੇਜ਼ਾਂ ਨੇ ਸੀ ਸੰਨ 1885 ਵਿੱਚ, ਕਿਉਂਕਿ ਉਨ੍ਹਾਂ ਨੂੰ ਸਮਝ ਲੱਗ ਗਈ ਸੀ ਕਿ ਇੰਨੇ ਵੱਡੇ ਦੇਸ਼ ਦੀ ਜਨਤਾ ਨੂੰ ਹਮੇਸ਼ਾ ਲਈ ਕੰਟਰੋਲ 'ਚ ਰੱਖਣਾ ਸੰਭਵ ਨਹੀਂ ਹੈ। ਉਹ ਆਪਣਾ ਨੁਕਸਾਨ ਖਾਸ ਕਰਕੇ ਜਾਂ ਆਪਣੇ ਕਿਸੇ ਗੋਰੀ ਚਮੜੀ ਵਾਲ਼ੇ ਦਾ ਕਤਲ ਨਹੀਂ ਬਰਦਾਸ਼ਤ ਕਰ ਸਕਦੇ ਸਨ। ਇਸ ਲਈ ਸੋਚ-ਸਮਝ ਕੇ ਉਨ੍ਹਾਂ ਨੇ ਇੱਕ ਜਮਾਤ ਤਿਆਰ ਕੀਤੀ ਜੋ ਉਨ੍ਹਾਂ ਦੇ ਆਪਣੇ ਪਿੱਠੂਆਂ ਦੀ ਹੋਵੇਗੀ ਅਤੇ ਉਨ੍ਹਾਂ ਦੇ ਕਹੇ ਅਨੁਸਾਰ ਹੀ ਕੰਮ ਕਰੂਗੀ। ਸੋ ਅੰਗਰੇਜ਼ੀ ਰਾਜ ਕਰਤਾਵਾਂ ਨੇ ਸੋਚ ਸਮਝ ਕੇ ਇਸ ਕੰਮ ਲਈ ਇੱਕ ਪੜ੍ਹੇ ਲਿਖੇ ਅੰਗਰੇਜ਼, ਏ. ਓ. ਹਿਊਮ (AO Hume) ਨੂੰ ਇਸ ਕੰਮ ਲਈ ਚੁਣਿਆ। ਉਹ 1849 ਤੋਂ ਲੈ ਕੇ ਭਾਰਤ ਵਿੱਚ ਇੱਕ ICS ਅਫ਼ਸਰ ਵਜੋਂ ਕੰਮ ਕਰ ਰਿਹਾ ਸੀ। ਇਸ ਸਮੇਂ ਦੌਰਾਨ ਉਸ ਨੇ ਉੱਚ-ਸ਼?ਰੇਣੀ ਦੇ ਭਾਰਤੀਆਂ ਵਿੱਚ ਆਪਣੀ ਭੱਲ ਅਤੇ ਚੰਗੀ ਥਾਂ ਬਣਾ ਲਈ ਸੀ। ਉਹ ਇੱਕ ਪੰਛੀ ਮਾਹਰ ਵੀ ਸੀ। ਉਸ ਨੇ ਹੋਰ ਲੋੜੀਂਦੀ ਜਾਣਕਾਰੀ ਕੱਠੀ ਕਰਕੇ 18 ਦਸੰਬਰ 1885 ਨੂੰ ਭਾਰਤੀ ਕੌਮੀ ਕਾਂਗਰਸ (Indian National Congress) ਦੀ ਨੀਂਹ ਰੱਖੀ। ਇਹ ਉਨ੍ਹਾਂ ਪੜ੍ਹੇ ਲਿਖੇ ਭਾਰਤੀ ਅਮੀਰਾਂ ਲਈ ਇੱਕ ਪਲੈਟਫੌਰਮ ਸੀ ਜੋ ਅੰਗਰਜ਼ਾਂ ਦੀ ਚਮਚਾਗਿਰੀ ਵੀ ਕਰਦੇ ਸਨ, ਪਰ ਆਪਣੇ ਆਲ਼ੇ-ਦੁਆਲ਼ੇ ਦੇ ਭਾਰਤੀਆਂ 'ਚ ਵੀ ਉਨ੍ਹਾਂ ਨੇ ਰਸੂਖ ਬਣਾ ਕੇ ਰੱਖਿਆ ਹੋਇਆ ਸੀ। ਇਸ ਪਲੈਟਫੌਰਮ ਨੂੰ ਇਹ ਕਾਂਗਰਸੀਏ ਭਾਰਤੀ ਲੋਕਾਂ ਲਈ ਦੇਸ਼ ਦੀ ਅਜ਼ਾਦੀ ਲਈ ਸੌਦੇਬਾਜ਼ੀ ਦੀ ਸਥਾਈ ਸੰਸਥਾ ਵਾਂਙ ਪਰਚਾਰ ਰਹੇ ਸਨ, ਪਰ ਓਧਰ ਉਹ ਅੰਗਰੇਜ਼ਾਂ ਦੇ ਮਨਸ਼ਿਆਂ ਲਈ ਵਚਨਬੱਧ ਸਨ ਜੋ ਉਨ੍ਹਾਂ ਦਾ ਅਸਲੀ ਕੰਮ ਸੀ। ਜਾਣੀ ਕਿ ਸ਼ਾਤਰ ਅੰਗਰੇਜ਼ਾਂ ਨੇ ਪੁਰਾਣੇ ਰਾਜਿਆਂ-ਰਾਣਿਆਂ ਨੂੰ ਵੀ ਖੁੱਡੇ ਲਾ ਦਿੱਤਾ ਜਿਨ੍ਹਾਂ ਤੋਂ ਉਨ੍ਹਾਂ ਦੀ ਜਨਤਾ 'ਵ ਪਹਿਲਾਂ ਦੀ ਬਣੀ ਹੋਈ ਭੱਲ ਕਾਰਨ ਖਤਰੇ ਦੀ ਉਮੀਦ ਹੋ ਸਕਦੀ ਸੀ। ਜਾਣੀ ਕਿ ਇੱਕ ਤੀਰ ਨਾਲ਼ ਦੋ ਸ਼ਿਕਾਰ ਕਰ ਲਏ। ਇੱਧਰ ਭਾਰਤੀਆਂ ਨੂੰ ਅਜ਼ਾਦੀ ਦਾ ਭੁਲੇਖਾ ਪਾਉਣ ਵਾਲ਼ੀ ਜਮਾਤ ਵੀ ਖੜ੍ਹੀ ਕਰ ਲਈ ਅਤੇ ਕਮਜ਼ੋਰ ਪਰ ਘੂਰੀਆਂ ਵੱਟ ਰਹੇ ਰਾਜਿਆਂ ਦਾ ਵੀ ਇਲਾਜ ਕਰ ਦਿੱਤਾ।

ਇੱਥੇ ਹੀ ਬੱਸ ਨਹੀਂ ਉਨ੍ਹਾਂ ਨੇ ਆਪਣੀ ਭਵਿੱਖੀ ਸੁਰੱਖਿਆ ਅਤੇ ਫਾਇਦੇ ਲਈ ਵੀ ਸੋਚਿਆ ਕਿ ਕੱਲ੍ਹ ਨੂੰ ਕਿਤੇ ਇਹ ਕਲਾਸ ਹੀ ਨਾ ਭੂਤਰ ਕੇ ਸਾਡੇ ਖਿਲਾਫ਼ ਹੋ ਜਾਵੇ। ਇਸ ਲਈ ਉਨ੍ਹਾਂ ਤਿੜਕੇ ਹੋਏ ਭਾਰਤੀ ਸਮਾਜ ਵਿੱਚ ਪੱਕੀਆਂ ਦਰਾੜਾਂ ਪਾਉਣ ਦੇ ਇਰਾਦੇ ਨਾਲ਼ ਹੋਰ ਸਿਆਸੀ ਪਾਰਟੀਆਂ ਲਈ ਰਾਹ ਖੋਲ੍ਹੇ। ਖ਼ਵਾਜਾ ਸਲੀਮੁੱਲਾ ਨੇ ਭਾਰਤੀ ਮੁਸਲਿਮ ਲੀਗ ਦਾ ਮੁੱਢ ਬੰਨ੍ਹਿਆ ਜਿਸ ਦਾ ਮੁਹੰਮਦ ਅਲੀ ਜਿਨਾਹ ਜੋ ਕਾਂਗਰਸ ਦਾ ਵੀ ਮੈਂਬਰ ਸੀ 1916 'ਚ ਪ੍ਰੈਜ਼ੀਡੈਂਟ ਚੁਣਿਆ ਗਿਆ। ਜਿਨਾਹ ਵੀ ਨਹਿਰੂ ਤੇ ਗਾਂਧੀ ਵਾਂਙੂੰ ਪੇਸ਼ੇਵਰ ਵਕੀਲ ਸੀ ਜੋ ਇੰਗਲੈਂਡ ਤੋਂ ਬੈਰਿਸਟਰੀ ਦੀ ਡਿਗਰੀ ਕਰਕੇ ਆਇਆ ਸੀ। ਓਥੋਂ ਹੀ ਉਹ ਵੀ ਨਹਿਰੂ, ਗਾਂਧੀ ਤੇ ਹੋਰ ਅਮੀਰ ਅੰਗਰੇਜ਼ੀ ਚਮਚਿਆਂ ਵਾਂਙ ਅੰਗਰੇਜ਼ੀ ਰੀਤੀ-ਰਿਵਾਜਾਂ ਅਤੇ ਉਨ੍ਹਾਂ ਦੀਆਂ ਨੀਤੀਆਂ ਦਾ ਮੁਰੀਦ ਹੋ ਗਿਆ ਸੀ। ਅੰਗਰੇਜ਼ਾਂ ਨੇ ਢੁਕਵੇਂ ਤਰੀਕੇ ਨਾਲ਼ ਮੁਸਲਿਮ ਲੀਗ ਦੀ ਵੀ ਸਪੋਰਟ ਕੀਤੀ ਤਾਂ ਜੋ ਉਨ੍ਹਾਂ ਕੋਲ਼ ਇੱਕ ਤੋਂ ਵੱਧ ਸੰਭਾਵਨਾਵਾਂ ਹੋ ਸਕਣ। ਦਾਅ ਲੱਗਣ ਤੇ ਉਹ ਹਿੰਦੂਆਂ ਤੇ ਮੁਸਲਮਾਨਾਂ ਵਿੱਚਲੀਆਂ ਤਰੇੜਾਂ ਨੂੰ ਦਰਾੜਾਂ 'ਚ ਬਦਲਣ ਦੇ ਇਰਾਦੇ ਨਾਲ਼ ਕੰਮ ਕਰਦੇ ਰਹੇ। ਇਹੀ ਮੁਸਲਿਮ ਲੀਗ ਅੱਗੇ ਚੱਲ ਕੇ ਮੁਸਲਮਾਨਾਂ ਲਈ ਇੱਕ ਵੱਖਰੇ ਮੁਲਕ ਦਾ ਖਾਕਾ ਤਿਆਰ ਕਰਨ ਵਾਲ਼ੀ ਸੀ। ਨਾਲ਼ ਹੀ ਨਾਲ਼ ਉਨ੍ਹਾਂ ਸ਼ਾਤਰ ਰਾਜ-ਕਰਮੀਆਂ ਨੇ ਸਿੱਖਾਂ ਦੀਆਂ 1869 ਤੋਂ ਬਣਾਈਆਂ ਸ਼ਾਖਾਵਾਂ ਨੂੰ ਵੀ ਸ਼ਹਿ ਦੇ ਕੇ ਹਿੰਦੂਆਂ ਤੇ ਮੁਸਲਮਾਨਾਂ ਤੋਂ ਆਪਣੇ ਆਪ ਨੂੰ ਵੱਖ ਰੱਖਣ 'ਚ ਮੱਦਦ ਕਰਨੀ ਸ਼ੁਰੂ ਕਰ ਦਿੱਤੀ। ਅੰਗਰੇਜ਼ ਰਾਜ-ਕਰਮੀਆਂ ਨੇ ਇੱਥੇ ਹੀ ਗੱਲ ਨਹੀਂ ਮੁੱਕਣ ਦਿੱਤੀ, ਧਰਮ ਪ੍ਰੀਵਰਤਣ ਦੀ ਲਹਿਰ ਨੂੰ ਅੰਦਰੋਗਤੀ ਸਹਾਰੇ ਦਿੰਦੇ ਹੋਏ ਦੂਜੇ ਧਰਮਾਂ ਵਿੱਚ ਗਿਣੀ-ਮਿਥੀ ਯੋਜਨਾ ਅਧੀਨ ਉਨ੍ਹਾਂ ਨੇ ਹੋਰ ਤਰੀਕੇ ਵੀ ਅਪਣਾਏ ਤਾਂ ਜੋ ਉਨ੍ਹਾਂ ਧਰਮਾਂ ਨੂੰ ਮੰਨਣ ਵਾਲ਼ੇ ਲੋਕਾਂ ਨੂੰ ਹੋਰ ਭਟਕਾਇਆ ਤੇ ਭੜਕਾਇਆ ਜਾ ਸਕੇ। ਇਸ ਯੋਜਨਾ ਤਹਿਤ ਉਨ੍ਹਾਂ ਨੇ ਧਾਰਮਿਕ ਬਿਰਤੀ ਵਾਲ਼ੇ ਪਰ ਥੋੜ੍ਹੇ-ਬਹੁਤ ਪੜ੍ਹੇ ਲਿਖੇ ਫੌਜੀਆਂ ਨੂੰ ਬਹੁਤ ਪਹੁੰਚੇ ਹੋਏ ਆਖ ਕੇ ਡੇਰੇ ਖੋਲ੍ਹਣ ਦੀਆਂ ਹਦਾਇਤਾਂ ਨਾਲ਼ ਫੌਜ 'ਚੋਂ ਵਾਪਸ ਭੇਜ ਦਿੱਤਾ। ਅੱਜ-ਤੱਕ ਜੋ ਪੰਜਾਬ-ਹਰਿਆਣਾ ਬਗੈਰਾ 'ਚ ਡੇਰਾਵਾਦ ਪਣਪਿਆ ਹੋਇਆ ਹੈ ਉਹ ਇਸੇ ਸ਼ੁਰੂਆਤ ਕਾਰਨ ਹੈ। ਇਸ ਦਾ ਸਬੂਤ ਤੁਸੀਂ ਆਪਣੇ ਆਲ਼ੇ-ਦੁਆਲ਼ੇ ਦੇ ਪੁਰਾਣੇ ਡੇਰਿਆਂ ਦੇ ਮੋਢੀਆਂ ਬਾਰੇ ਪੁੱਛ-ਪੁਛਾ ਕੇ ਲੈ ਸਕਦੇ ਹੋ। ਉਨ੍ਹਾਂ 'ਚੋਂ ਕਈ ਤਾਂ ਖਾਖੀ-ਖਾਕੀ ਬਾਣੇ ਵਾਲ਼ੇ ਸੰਤ/ਸਾਧ ਅਖਵਾਉਂਦੇ ਸਨ। ਇਸ ਸਭ ਕਾਸੇ ਦਾ ਅਸਲ ਮਤਲਬ ਲੋਕਾਂ ਨੂੰ ਧਰਮਾਂ ਦੇ ਉਲ਼ਝਾਵੇਂ 'ਚ ਫਸਾ ਕੇ ਆਪਣੇ ਗ਼ੁਲਾਮ ਬਣਾਈ ਰੱਖਣ ਦਾ ਸੀ।

**ਸਿਆਸੀ ਪਾਰਟੀਆਂ ਦੀ ਸਿਖਲਾਈ**

ਚਲਾਕ ਅੰਗਰੇਜ਼ ਆਪਣੇ ਇਨ੍ਹਾਂ ਚਮਚਿਆਂ ਤੇ ਅੱਖਾਂ ਬੰਦ ਕਰਕੇ ਭਰੋਸਾ ਨੀ ਕਰ ਸਕਦੇ ਸਨ, ਇਸੇ ਲਈ ਉਨ੍ਹਾਂ ਨੇ ਇਨ੍ਹਾਂ ਨੂੰ ਸਿਆਸੀ ਟ?ਰੇਨਿੰਗ ਦੇਣ ਦੀ ਵੀ ਠਾਣ ਲਈ ਤਾਂ ਜੋ ਉਹ ਪੁਰਾਣੇ ਰਾਜਿਆਂ ਦੇ ਪਿੱਠੂ ਬਣ ਕੇ ਅੰਗਰੇਜ਼ਾਂ ਨੂੰ ਕਦੇ ਠੀਠੂ ਨਾ ਦਿਖਾ ਸਕਣ। ਇਹ ਕਰਮ ਉਨ੍ਹਾਂ ਨੇ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਭਾਰਤ ਵਿੱਚ ਚੋਣਾਂ (ਜਦੋਂ ਅਜੇ ਉਹ ਭਾਰਤ ਤੇ ਰਾਜ ਕਰ ਰਹੇ ਸਨ) ਚੋਣਾਂ ਕਰਵਾ ਕੇ ਆਪਣੇ ਕੁੱਝ ਚੁਣਵੇਂ ਹਮਾਇਤੀ ਅਮੀਰਜ਼ਾਦਿਆਂ ਨੂੰ ਚੋਣਵੀਂਆਂ ਭਾਰਤੀ ਕੌਂਸਲਾਂ ਦੇ ਮੈਂਬਰ ਬਣਾਉਣ ਨਾਲ਼ ਸ਼ੁਰੂ ਕੀਤਾ। ਇਹ ਅੰਗਰੇਜ਼ਾਂ ਦਾ ਸ਼ਾਇਦ ਇੱਕ ਨਵਾਂ ਤਜਰਬਾ ਵੀ ਸੀ ਆਪਣੇ ਰਾਜ ਥੱਲੇ ਇੱਕ ਤਰਾਂ ਦੀ ਡੈਮੋਕ੍ਰੇਸੀ ਜਿਹੀ ਦਾ ਭੁਲੇਖਾ ਪਾਉਣ ਲਈ। ਪਹਿਲੀ ਵਾਰ 1920 ਵਿੱਚ ਇੱਕ ਕੇਂਦਰੀ ਰਾਜਕੀ ਕੌਂਸਲ ਬਣਾਈ ਜਿਸ ਦੇ 104 ਮੈਂਬਰ ਸਨ ਜਿਨ੍ਹਾਂ 'ਚੋਂ 66 ਚੁਣੇ ਗਏ ਸਨ ਅਤੇ ਬਾਕੀ ਅੰਗਰੇਜ਼ਾਂ ਲਈ ਰਾਖਵੇਂ ਸਨ। ਇਸੇ ਤਰਾਂ ਰਾਜ ਕੌਂਸਲਾਂ ਵੀ ਬਣਾਈਆਂ ਗਈਆਂ। ਇਸ ਤਰਾਂ ਅੰਗਰੇਜ਼ਾਂ ਦੀ ਨਿਗਰਾਨੀ 'ਚ ਇਨ੍ਹਾਂ ਚਮਚੇ ਅਮੀਰਜ਼ਾਦਿਆਂ ਨੂੰ ਭਾਰਤ ਦੇਸ਼ ਦੀ ਸਿਆਸਤ ਨੂੰ ਕੰਟਰੋਲ ਕਰਨ ਦੀ ਸਿਖਲਾਈ ਦਿੱਤੀ ਗਈ ਜੋ ਅਜੇ ਤੱਕ ਉਨ੍ਹਾਂ (ਅੰਗਰੇਜ਼ਾਂ) ਦੇ ਕੰਮ ਆ ਰਹੀ ਹੈ। ਵੈਸੇ ਇਸ ਸਭ ਦਾ ਅਧਾਰ ਮੌਰਲੇ ਮਿੰਟੋ ਸੁਧਾਰ ਦੇ ਨਾਂ ਹੇਠ 1901 ਵਿੱਚ ਬਣਾਇਆ ਕਨੂੰਨ ਸੀ ਜੋ ਕਈ ਵਾਰ ਬਦਲਿਆ ਵੀ ਗਿਆ। ਆਖਰ 1919 'ਚ ਮੌਂਟੈਗੂ-ਚੈੱਲਮਫੋਰਡ ਸੁਧਾਰਾਂ ਦੇ ਨਾਂ ਥੱਲੇ ਇਹ Government of India Act 1919 (the 1919 Act) ਬਣਾ ਦਿੱਤਾ ਗਿਆ (ਸਾਹਾਪੀਡੀਆ https://www.sahapedia.org/how-india-votes-history-elections-during-british-rule)। ਇਸ ਦੀ ਇੱਕ ਹੋਰ ਖਾਸੀਅਤ ਇਹ ਸੀ ਕਿ ਇਹ ਕੋਈ ਭਾਰਤੀਆਂ ਦਾ ਰਲ਼ਗੱਡ ਜਿਹਾ ਨਹੀਂ ਸੀ, ਸਗੋਂ ਬਾਕਾਇਦਾ ਵੱਖੋ-ਵੱਖਰੀਆਂ ਧਾਰਮਿਕ ਸ਼?ਰੇਣੀਆਂ ਵਿੱਚ ਵੰਡਿਆ ਹੋਇਆ ਇੱਕ ਇਕੱਠ ਸੀ ਜਿਸ ਦੀ ਕਾਰਵਾਈ ਅੰਗਰੇਜ਼ਾਂ ਦੀ ਨਜ਼ਰ ਥੱਲੇ ਰਹਿਣੀ ਸੀ। ਇਸ ਕਾਨੂੰਨ/ਐਕਟ ਦਾ ਇੱਕ ਹੋਰ ਮੰਤਵ ਵੀ ਸੀ ਭਾਰਤੀ ਅਮੀਰਜ਼ਾਦਿਆਂ ਨੂੰ ਆਪਸ ਵਿੱਚ ਪਾੜ ਕੇ ਰੱਖਣ ਦਾ, ਜੋ ਅੱਗੇ ਚੱਲ ਕੇ 1947 ਇਸ ਅਖਾਉਤੀ ਅਜ਼ਾਦੀ ਸਮੇਂ ਦੋ ਦੇਸ਼ਾਂ ਦੇ ਰੂਪ ਵਿੱਚ ਪ੍ਰਗਟ ਹੋਇਆ। ਇਸ ਕਾਨੂੰਨ ਰਾਹੀਂ ਅੰਗਰੇਜ਼ਾਂ ਨੇ ਇਨ੍ਹਾਂ ਕੌਂਸਲਾਂ

Gill
Truck & Trailer Repair
& Mobile Service
Lube and Truck Wash

Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

BAINS VISION CENTRE

Jaswinder S Bains, Ph.D., OD.
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

'ਚ ਚੁਣੇ ਮੈਂਬਰਾਂ ਦੀ ਗਿਣਤੀ ਧਰਮ ਅਧਾਰਤ ਤਹਿ ਕਰ ਦਿੱਤੀ। ਇਹ ਅੰਗਰੇਜ਼ਾਂ ਦੀਆਂ ਅਜਿਹੀਆਂ ਘਤਿੱਤੀ ਚਾਲਾਂ ਸਨ ਜੋ ਅਜੇ ਤੱਕ ਵੀ ਸਾਡੇ ਇਤਿਹਾਸਕਰ ਹਾਥ ਨੀ ਪਾ ਸਕੇ ਅਤੇ ਅਸੀਂ ਅਜੇ ਵੀ ਨਹੀਂ ਸਮਝ ਸਕੇ ਹਾਂ। ਸਾਡੇ ਸਮਾਜ ਨੂੰ ਧਾਰਮਿਕ ਲੀਹਾਂ ਤੇ ਲੀਰੋ-ਲੀਰ ਕਰਨ ਦਾ ਨਕਸ਼ਾ ਤਿਆਰ ਕੀਤਾ ਅੰਗਰੇਜ਼ ਸ਼ਾਸਕਾਂ ਨੇ, ਪਰ ਲਾਗੂ ਕਰਵਾਇਆ ਆਪਣੇ ਚਮਚੇ ਅਮੀਰਜ਼ਾਦਿਆਂ ਅਤੇ ਧਾਰਮਿਕ ਲੀਡਰਾਂ ਰਾਹੀਂ।

ਸ਼ਾਇਦ ਕਈਆਂ ਨੂੰ ਯਾਦ ਹੋਏਗਾ ਕਿ ਅਮ੍ਰਿਤਸਰ 'ਚੋਂ ਕੱਢੇ ਵਾਲ਼ੇ ਖਾਲਸਾ ਗਜ਼ਟ ਵਿੱਚ ਇੱਕ ਤੁਕ ਗੁਰੂ ਗੋਬਿੰਦ ਸਿੰਘ ਦੇ ਨਾਂ ਥੱਲੇ ਛਾਪੀ ਗਈ ਸੀ "ਔਰ ਭੀ ਉੱਠਸੀ ਕੋਈ ਮਰਦ ਕਾ ਚੇਲਾ"ਜੋ ਅੰਗਰੇਜ਼ਾਂ ਦੇ ਸਿੱਖ ਪਿੱਠੂਆਂ ਨੇ ਸਿੱਖਾਂ ਨੂੰ ਗੁੰਮਰਾਹ ਕਰਕੇ ਅੰਗਰੇਜ਼ਾਂ ਦੇ ਹਜ਼ੂਰੀਏ ਬਣਾਉਣ ਲਈ ਕੀਤਾ ਸੀ ਕਿਉਂਕਿ ਉਨ੍ਹਾਂ ਨੇ ਅੰਗਰੇਜ਼ਾਂ ਦੀ ਸ਼ਹਿ ਤੇ ਗੁਰਦਵਾਰਿਆਂ ਦਾ ਕੰਮ-ਕਾਜ ਮਹੰਤਾਂ ਬਗੈਰਾ ਤੋਂ ਆਪਣੇ ਕਾਬੂ ਵਿੱਚ ਕੀਤਾ ਸੀ। ਜੱਲਿਆਂਵਾਲ਼ੇ ਬਾਗ ਦੇ ਵਿੱਚ ਕੀਤਾ ਗਿਆ ਮਾਸੂਮ ਸਮੂਹ ਭਾਰਤੀਆਂ ਦਾ ਕਤਲੇਆਮ ਅਤੇ ਫਿਰ ਗੁਰਦਵਾਰਾ ਹਰਮੰਦਰ ਦੇ ਹੀ ਮੁੱਖ-ਗ੍ਰੰਥੀ ਅਰੂੜ ਸਿੰਘ (ਜੋ ਸਿਮਰਜੀਤ ਸਿੰਘ ਮਾਨ ਦਾ ਨਾਨਾ ਸੀ) ਦੁਆਰਾ ਉਸੇ ਕਾਤਲ ਨੂੰ ਸਿਰੋਪਾ ਭੇਟਾ ਕਰਨਾ ਵੀ ਉਸੇ ਚਾਲ ਦਾ ਇੱਕ ਛੋਟਾ ਜਿਹਾ ਹਿੱਸਾ ਸੀ। ਆਮ ਲੋਕਾਂ ਦੇ ਦਿਲ ਵਲੂੰਧਰੇ ਗਏ, ਪਰ ਅੰਗਰੇਜ਼ਾਂ ਦੇ ਪਿੱਠੂ ਸਿੱਖਾਂ ਨੂੰ ਆਪਣੀ ਸਿਆਸਤ ਹੋਰ ਪੀਡੀ ਕਰਨ ਦੇ ਮੌਕੇ ਮਿਲ ਗਏ। ਇਸੇ ਕਾਰਨ ਅੰਗਰੇਜ਼ਾਂ ਦੇ ਸਮੇਂ ਦੇ ਜਾਗੀਰਦਾਰ ਹੁਣ ਤੱਕ ਵੀ ਜਾਗੀਰਦਾਰੀ ਦਾ ਆਨੰਦ ਮਾਣ ਰਹੇ ਹਨ ਅਤੇ ਮਿਹਨਤੀ ਵੀਰ-ਭੈਣ ਉਨ੍ਹਾਂ ਲਈ ਕੰਮ ਕਰ ਕਰ ਉਨ੍ਹਾਂ ਨੂੰ ਹੀ ਹੋਰ ਅਮੀਰ ਬਣਾ ਰਹੇ ਹਨ।

**ਭਵਿੱਖੀ ਉਮੀਦ ਦਾ ਖਾਕਾ**

ਇਸ ਅਖਾਉਤੀ ਅਜ਼ਾਦੀ ਲਿਆਂ (ਭੀਖ 'ਚ ਦਿੱਤਿਆਂ) ਨੂੰ ਹੁਣ 78 ਸਾਲ ਹੋ ਗਏ ਨੇ। ਸਾਰੀਆਂ ਸਿਆਸੀ ਪਾਰਟੀਆਂ ਦੇ ਨਾਹਰੇ, ਦਾਹਵੇ ਅਤੇ ਕਾਰਨਾਮੇ ਜਾਂ ਕਹੀਏ ਕਰਤੂਤਾਂ ਹੁਣ ਸਾਡੇ ਸਾਹਮਣੇ ਆ ਚੁੱਕੀਆਂ ਹਨ ਭਾਵੇਂ ਉਨ੍ਹਾਂ ਨੇ ਹਰ ਤਰਾਂ ਦੇ ਤਰੀਕੇ ਵਰਤ ਕੇ ਸਾਡੀ ਜਨਤਾ ਨੂੰ ਅੰਨ੍ਹਾ ਕਰ ਰੱਖਿਆ ਹੈ। ਇਸੇ ਲਈ ਜਨਤਾ ਦੇਖ ਹੀ ਨਹੀਂ ਪਾ ਰਹੀ ਕਿ ਇਹ ਪਾਰਟੀਆਂ ਆਪ ਤਾਂ ਪੈਸਿਆਂ ਤੇ ਰੁਤਬਿਆਂ ਦੇ ਗੱਫ਼ਿਆਂ ਨਾਲ਼ ਬੁਲਬਲਿਆਂ-ਗੁਬਾਰਿਆਂ ਦੀ ਤਰਾਂ ਫੈਲ ਰਹੀਆਂ ਹਨ, ਪਰ ਗਰੀਬ ਜਨਤਾ ਕੋਲ਼ ਪਹਿਲਾਂ ਨਾਲ਼ੋਂ ਵੀ ਹੋਰ ਨਿੱਘਰਨ ਤੋਂ ਸਿਵਾ ਹੋਰ ਕੋਈ ਰਾਹ ਨਹੀਂ ਲੱਭ ਰਿਹਾ।

ਸਾਡੇ ਮਹਾਂ-ਨਾਇਕ ਅਰਥ-ਸ਼ਾਸਤਰੀ ਡਾ: ਮਨਮੋਹਣ ਸਿੰਘ ਦੁਆਰਾ ਲਿਆਂਦੀ (ਸਾਈਨ ਕੀਤੀ ਗਈ) ਸੰਸਾਰੀ ਵਪਾਰੀ ਸੰਸਥਾ (ਵਰਲਡ ਟ?ਰੇਡ ਔਗੇਨਾਈਜ਼ੇਸ਼ਨ) ਦੇ ਥੱਲੇ ਲੱਗ ਕੇ ਭਾਰਤੀ ਸ੍ਰੋਤਾਂ ਦਾ ਮੂੰਹ ਬਾਕੀ ਦੁਨੀਆਂ ਲਈ ਟਕੇ ਭਾਅ ਵਿਕਣ ਲਈ ਖੋਲ੍ਹ ਦਿੱਤਾ ਗਿਆ ਹੈ। ਮਨਮੋਹਣ ਸਿੰਘ ਦੀ ਕਾਂਗਰਸੀ ਸਰਕਾਰ ਤਾਂ ਅਜੇ ਜ਼ਰਾ ਹੌਲ਼ੀ ਹੌਲ਼ੀ ਇਹ ਕੰਮ ਕਰ ਰਹੀ ਸੀ, ਪਰ ਭਾਜਪਾ ਸਰਕਾਰ ਨੇ ਤਾਂ ਪੰਜਾਬੀਆਂ ਦੇ ਕਹਿਣ ਵਾਂਙ ਫੱਟੇ ਹੀ ਚੱਕ ਦਿੱਤੇ। ਸ਼ਾਇਦ ਇਨ੍ਹਾਂ ਦੇ ਭਾਈਵਾਲ਼ ਬਾਦਲੀ ਅਕਾਲੀਆਂ ਨੇ ਭਾਜਪਾਈਆਂ ਨੂੰ ਸਰਕਾਰੀ ਜਾਇਦਾਦ ਵੇਚਣ ਦਾ ਢੰਗ ਸਿਖਾਇਆ ਹੈ ਕਿਉਂਕਿ ਸਭ ਤੋਂ ਪਹਿਲਾਂ ਅਕਾਲੀਆਂ ਨੇ ਆਪਣੇ ਦੌਰ 'ਚ ਪੰਜਾਬ ਦੇ ਸ੍ਰੋਤਾਂ ਦੀ ਵਿੱਕਰੀ ਸ਼ੁਰੂ ਕੀਤੀ ਸੀ। ਪੰਜਾਬੀ ਖੇਤੀ ਬਾੜੀ ਯੂਨੀਵਰਸਿਟੀ ਦੇ ਅਧਿਆਪਕਾਂ, ਖੋਜੀਆਂ ਅਤੇ ਬਾਕੀ ਕਰਮਚਾਰੀਆਂ ਦੀ ਤਨਖਾਹ ਲਈ ਵੀ ਓਥੋਂ ਦੇ ਵਾਈਸ ਚਾਂਸਲਰ ਨੂੰ ਯੂਨੀਵਰਸਿਟੀ ਦੇ ਲਾਏ ਸਫੈਦਿਆਂ ਦੀ ਵਿੱਕਰੀ ਕਰਨ ਦੀ ਸਲਾਹ ਦਿੱਤੀ ਗਈ ਸੀ। ਆਪ ਵੀ ਸਰਕਾਰੀ ਜ਼ਮੀਨਾਂ ਤੇ ਕਿਤੇ ਕ੍ਰਿਕਟ ਸਟੇਡੀਅਮ ਅਤੇ ਕਿਤੇ ਪ੍ਰਾਈਵੇਟ ਹੋਟਲ ਖੋਲ੍ਹ ਲਏ। ਇੱਥੋਂ ਤੱਕ ਕੇ ਕਈ ਕਾਨੂੰਨ ਵੀ ਆਪਣੇ ਅਜਿਹੇ ਕੁਕਰਮਾਂ ਨੂੰ ਸਹੀ ਠਹਿਰਾਉਣ ਵਾਲ਼ੇ ਬਣਾ ਲਏ। ਆਮ ਲੋਕ ਵਿਚਾਰੇ ਤਾਂ ਆਪਣੇ ਹੋਰ ਮਸਲਿਆਂ 'ਚ ਹੀ ਫਸੇ ਰਹਿੰਦੇ ਨੇ, ਕੀ ਸਵਾਲ ਕਰਨ? ਇੱਧਰ ਭਾਜਪਾਈਆਂ ਨੇ ਤਾਂ ਡੀਆਰਡੀਓ (DRDO) ਸਮੇਤ ਸਭ ਕੁੱਝ ਹੀ ਵੇਚਣਾ ਸ਼ੁਰੂ ਕਰ ਦਿੱਤਾ ਹੈ ਬਾਹਰਲੀਆਂ ਅਤੇ ਕੁੱਝ ਅੰਦਰੂਨੀ ਨਿੱਜੀ ਕੰਪਨੀਆਂ ਨੂੰ। ਬੈਂਕਾਂ ਵੀ ਨਿੱਜੀ, ਏਅਰਲਾਈਨਾਂ ਨਿੱਜੀ, ਰੇਲਾਂ ਨਿੱਜੀ, ਬਿਜਲੀ ਉਤਪਾਦਨ ਨਿੱਜੀ, ਇੱਥੋਂ ਤੱਕ ਕੇ ਚੰਗੀ ਭਲੀ ਚਲਦੀ ਫੌਜ ਨੂੰ ਨਿੱਜੀ ਰਾਹਾਂ ਲਈ ਤਿਆਰ ਕਰ ਰਹੇ ਹਨ। ਅਗਨੀਵੀਰ ਸਕੀਮ ਤਹਿਤ ਇਹ ਆਰਜ਼ੀ ਜਿਹੀ (ਅਸਥਾਈ) ਭਰਤੀ ਕਰਨ ਲੱਗ ਪਏ ਨੇ ਜੋ ਚਾਰ ਕੁ ਸਾਲ ਬਾਅਦ ਬਗੈਰ ਕਿਸੇ ਪੈਂਸ਼ਨ ਬਗੈਰਾ ਦੇ ਆਪਣੇ ਘਰਾਂ ਨੂੰ ਵਾਪਸ ਮੋੜ ਦਿੱਤੇ ਜਾਣਗੇ। ਇੱਥੋਂ ਤੱਕ ਕੇ ਜੇ ਕੋਈ ਇਸ ਦੌਰਾਨ ਬਾਰਡਰ ਤੇ ਮਾਰਿਆ ਵੀ ਜਾਂਦਾ ਹੈ (ਸ਼ਹਿਦ ਹੋ ਜਾਂਦਾ ਹੈ) ਤਾਂ ਵੀ ਉਸ ਨੂੰ ਪਹਿਲਾਂ ਵਾਂਙ ਕੋਈ ਸਨਮਾਨ ਬਗੈਰਾ ਨਹੀਂ ਦਿੱਤਾ ਜਾਂਦਾ ਸਗੋਂ ਸਵਾਲ ਪੁੱਛਣ ਤੇ ਭਾਜਪਾਈਆਂ ਦਾ ਜਵਾਬ ਹੁੰਦਾ ਹੈ ਕਿ ਉਨ੍ਹਾਂ ਨੇ ਇਸ ਵਾਸਤੇ ਦਸਤਖ਼ਤ ਕੀਤੇ ਸਨ; ਕੋਈ ਖਾਸ ਗੱਲ ਨੀ ਜੇ ਡਿਊਟੀ ਤੇ ਮਾਰਿਆ ਗਿਆ।

ਉਹ ਸਿਖਲਾਈਨੁਮਾ ਫੌਜੀ ਅਗਨੀ ਵੀਰ ਜਦੋਂ ਬਿਨਾਂ ਨੌਕਰੀ ਤੋਂ ਭਟਕਣਗੇ ਤਾਂ ਅਮੀਰਜ਼ਾਦਿਆਂ ਦੇ ਸਕਿਓਰਿਟੀ ਗਾਰਡ ਬਗੈਰਾ ਬਣਨ ਲਈ ਮਜਬੂਰ ਹੋ ਜਾਣਗੇ। ਜੋ ਫੌਜੀ ਪੰਜਾਬੀਆਂ 'ਚ ਮਾਣ-ਮੱਤੇ ਕਿਰਦਾਰ ਹੁੰਦੇ ਸਨ ਉਹ ਹੁਣ ਮਾਮੂਲੀ ਜਿਹੇ ਕਰਿੰਦੇ ਬਣ ਕੇ ਰਹਿ ਜਾਣਗੇ। ਇਹ ਤਾਂ ਕੁੱਝ ਕੁ ਨਮੂਨੇ ਮਾਤਰ ਨੇ, ਸਾਰੇ ਦੇਸ਼ ਦਾ ਘਾਣ ਕਰ ਰਹੀਆਂ ਨੇ ਇਹ ਕੁਕਰਮੀ ਸਿਆਸੀ ਪਾਰਟੀਆਂ। ਪਾਰਲੀਮੈਂਟ ਵਿਖੇ ਇਨ੍ਹਾਂ 'ਚ ਜੋ ਵੀ ਟਕਰਾਅ ਹੁੰਦੇ ਹਨ ਉਹ ਕਿਸੇ ਜ਼ਰੂਰੀ ਮੁੱਦੇ (ਸਿੱਖਿਆ, ਸਿਹਤ, ਕਾਨੂੰਨੀ ਸੁਰੱਖਿਆ, ਸ੍ਰੋਤਾਂ ਦੀ ਸਾਂਭ ਸੰਭਾਲ਼, ਭ੍ਰਿਸ਼ਟਾਚਾਰ, ਨਸ਼ਾ ਤਸਕਰੀ, ਧੀਆਂ ਦਾ ਯੋਨ-ਸ਼ੋਸ਼ਣ, ਲੋਕਾਂ ਦੀਆਂ ਹੋਰ ਦੁੱਖ ਤਕਲੀਫ਼ਾਂ ਆਦਿ) ਬਾਰੇ ਕਦੇ ਨੀ ਹੁੰਦੇ, ਕਿਉਂਕਿ ਹਮਾਮ 'ਚ ਸਾਰੇ ਹੀ ਨੰਗੇ ਹਨ। ਭਗਤ ਸਿੰਘ, ਚੰਦਰ ਸ਼ੇਖਰ ਅਜ਼ਾਦ ਵਰਗੇ ਲੋਕ-ਨਾਇਕ ਇਨ੍ਹਾਂ ਲਈ ਲੋਕਾਂ ਦੇ ਦਿਮਾਗ ਸੁੰਨ ਕਰਨ ਲਈ ਵਰਤੇ ਜਾਂਦੇ ਪੈਂਤੜੇ ਹੀ ਹਨ ਜੋ ਉਨ੍ਹਾਂ ਦੇ ਜਨਮ-ਦਿਨ/ਮਰਨ-ਦਿਨ ਮਨਾ ਕੇ ਲੋਕਾਂ ਨੂੰ ਲੁਭਾਉਣ ਦੇ ਕੰਮ ਆ ਰਹੇ ਹਨ।

ਧਰਮ ਸਭ ਤੋਂ ਵੱਡਾ ਹਥਿਆਰ ਹੈ ਇਨ੍ਹਾਂ ਪਾਰਟੀਆਂ ਦਾ। ਧਰਮ ਦਾ ਅੰਨ੍ਹਾ ਇਨਸਾਨ ਕੁੱਝ ਵੀ ਅੱਗੇ ਨਹੀਂ ਸੋਚ ਸਕਦਾ। ਰੱਬੀ ਝੂਠ ਨਾਲ਼ ਸਭ ਦਾ ਮੂੰਹ ਬੰਦ ਕੀਤਾ ਹੋਇਆ ਹੈ। ਜੇ ਕੋਈ ਇਸ ਦੇ ਖਿਲਾਫ਼ ਬੋਲਦਾ ਹੈ ਤਾਂ ਉਹ ਸਮਾਜ ਵਿਰੋਧੀ ਜਾਂ ਦੇਸ਼ ਵਿਰੋਧੀ ਅਨਸਰ ਗਰਦਾਨ ਕੇ ਜਾਂ ਤਾਂ ਜੇਲ਼ ?ਹ 'ਚ ਬੰਦ ਕਰ ਦਿੱਤਾ ਜਾਂਦਾ ਹੈ ਜਾਂ ਮਾਰ ਹੀ ਦਿੱਤਾ ਜਾਂਦਾ ਹੈ। ਧਰਮ ਦਾ ਇਤਿਹਾਸਕ ਅਤੇ ਅਜੋਕਾ ਸੰਦਰਭ ਮੈਂ ਇਨ੍ਹਾਂ ਲਾਈਨਾਂ ਵਿੱਚ ਲਿਖਿਆ ਹੈ, ਮੈਨੂੰ ਨੀ ਲਗਦਾ ਕਿ ਕੋਈ ਇਸ ਵਿੱਚੋਂ ਕੋਈ ਝੂਠ ਫੜ ਸਕਦਾ ਹੈ:

**ਸਿਰਜੇ ਰੱਬ ਮਨੁੱਖ ਨੇ,**
**ਧਰਮ ਬਣਾਏ ਸੰਦ**
**ਹੋਰ ਕੋਈ ਨਾ ਬਣਿਆ,**
**ਅਜੇ ਇਸ ਤੋਂ ਵੱਡਾ ਬੰਬ**
**ਦਿੱਤੀਆਂ ਧਰਮ ਨੂੰ ਤਾਕਤਾਂ,**
**ਜੋ ਹੋਰ ਸਕੇ ਨਾ ਮੰਗ**
**ਵਰਤ ਵਰਤ ਕੇ ਧਰਮ ਨੂੰ,**
**ਹਰ ਥਾਂ ਪਾ ਤਾ ਗੰਦ।**

ਇਹ ਸਭ ਕੁੱਝ ਕਹਿਣ ਦਾ ਮੇਰਾ ਮਤਲਬ ਹੈ ਕਿ ਸਾਡੀਆਂ ਸਿਆਸੀ ਪਾਰਟੀਆਂ ਇਨ੍ਹਾਂ ਰਾਹਾਂ ਤੇ ਚੱਲ ਰਹੀਆਂ ਨੇ। ਸੋ ਸਾਨੂੰ ਅਜੋਕੀਆਂ ਸਿਆਸੀ ਪਾਰਟੀਆਂ ਤੋਂ ਸਮੁੱਚੇ ਭਾਰਤੀਆਂ ਦੀ ਤਰੱਕੀ ਬਾਰੇ ਕੋਈ ਉਮੀਦ ਨਹੀਂ ਰੱਖਣੀ ਚਾਹੀਦੀ। ਇਨ੍ਹਾਂ ਤੋਂ ਤਾਂ ਸਿਰਫ਼ ਇਨ੍ਹਾਂ ਦੇ ਕੀਤੇ ਵਾਹਦਿਆਂ ਅਤੇ ਚੋਣੀ ਜੁਮਲਿਆਂ ਦਾ ਹਿਸਾਬ ਕਿਤਾਬ ਹੀ ਮੰਗਣਾ ਚਾਹੀਦਾ ਹੈ ਅਤੇ ਭਾਰਤੀ ਸਿਆਸਤ ਤੋਂ ਬਾਹਰ ਦਾ ਰਸਤਾ ਦਿਖਾਉਣਾ ਚਾਹੀਦਾ ਹੈ। ਸਭ ਦੇ ਸਵਿੱਸ ਬੈਂਕਾਂ ਬਗੈਰਾ 'ਚ ਭਰਪੂਰ ਪੈਸੇ ਹਨ, ਆਪੇ ਛੱਡ ਕੇ ਬਾਹਰ ਨੂੰ ਭੱਜ ਜਾਣਗੇ ਜੇ ਅਸੀਂ ਇਨ੍ਹਾਂ ਤੋਂ ਇਸ ਆਰਟੀਕਲ 'ਚ ਲਿਖੇ ਗਏ ਸਵਾਲ ਪੁੱਛਣੇ ਸ਼ੁਰੂ ਕਰ ਦੇਈਏ।

# ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਸਲਵਾ ਜੁਡਮ ਬਾਰੇ ਬਿਆਨ, ਗੁੰਡਾ ਗ੍ਰੋਹਾਂ ਦੀ ਪੁਸ਼ਤ ਪਨਾਹੀ



ਨਰਾਇਣ ਦੱਤ
84275-11770

ਸਲਵਾ ਜੁਡਮ ਬਾਰੇ ਸੁਪਰੀਮ ਕੋਰਟ ਦੇ ਸੰਨ 2011 ਵਾਲੇ ਫ਼ੈਸਲੇ ਬਾਰੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀਆਂ ਟਿੱਪਣੀਆਂ ਆਪਣੇ ਹੀ ਦੇਸ਼ ਦੇ ਲੋਕਾਂ ਖਿਲਾਫ ਗੈਰ ਕਾਨੂੰਨੀ ਹਿੰਸਾ ਨੂੰ ਜਾਇਜ਼ ਠਹਿਰਾਉਂਦੀਆਂ ਹਨ। ਇਹਨਾਂ ਟਿਪਣੀਆਂ ਪਿੱਛੇ ਗੰਭੀਰ ਅਤੇ ਖ਼ਤਰਨਾਕ ਮਕਸਦ ਛੁਪੇ ਹੋਏ ਹਨ। ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਸਲਵਾ ਜੁੜਮ ਬਾਰੇ ਦਿੱਤੇ ਬਿਆਨ ਨੂੰ ਸਾਬਕਾ ਜੱਜਾਂ ਅਤੇ ਸੀਨੀਅਰ ਵਕੀਲਾਂ ਦੇ ਗਰੁੱਪ ਨੇ ਵੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਇਸ ਬਿਆਨ ਨੂੰ ਅਫ਼ਸੋਸਨਾਕ ਕਰਾਰ ਦਿੱਤਾ ਹੈ। ਗ੍ਰਹਿ ਮੰਤਰੀ ਨੇ ਦੋਸ਼ ਲਾਇਆ ਹੈ ਕਿ ਫ਼ੈਸਲਾ ਦੇਣ ਵਾਲੇ ਬੈਂਚ ਵਿੱਚ ਸ਼ਾਮਿਲ ਜਸਟਿਸ ਬੀ ਸੁਦਰਸ਼ਨ ਰੈੱਡੀ ਜੋ 9 ਸਤੰਬਰ ਨੂੰ ਹੋਣ ਵਾਲੀ ਉਪ ਰਾਸ਼ਟਰਪਤੀ ਦੀ ਚੋਣ ਲਈ ਵਿਰੋਧੀ ਧਿਰ ਦੇ ਉਮੀਦਵਾਰ ਬਣ ਕੇ ਮੈਦਾਨ ਵਿੱਚ ਨਿੱਤਰੇ ਹਨ, ਨੇ ਨਕਸਲਵਾਦ ਦੀ ਹਮਾਇਤ ਕੀਤੀ ਅਤੇ ਕਬਾਇਲੀਆਂ ਦੇ ਆਪਣੀ ਰਾਖ਼ੀ ਆਪ ਕਰਨ ਦੇ ਹੱਕ ਖ਼ਤਮ ਕੀਤੇ। ਗ੍ਰਹਿ ਮੰਤਰੀ ਨੇ ਕਿਹਾ ਕਿ ਜੇਕਰ ਸਲਵਾ ਜੁੜਮ ਦੇ ਖ਼ ?ਲਾਫ਼ ਇਹ ਫੈਸਲਾ ਨਾ ਦਿੱਤਾ ਜਾਂਦਾ ਤਾਂ ਸਾਲ 2020 ਤੱਕ ਨਕਸਲਵਾਦ ਦਾ ਸਫਾਇਆ ਕਰ ਦਿੱਤਾ ਗਿਆ ਹੁੰਦਾ।

ਯਾਦ ਰਹੇ ਕਿ ਜਸਟਿਸ ਰੈੱਡੀ ਅਤੇ ਜਸਟਿਸ ਐੱਸਐੱਸ ਨਿੱਝਰ ਦੇ ਬੈਂਚ ਨੇ ਆਪਣੇ ਫ਼ੈਸਲੇ ਵਿੱਚ ਸਲਵਾ ਜੁਡਮ ਨੂੰ ਭੰਗ ਕਰਨ ਦਾ ਹੁਕਮ ਦਿੱਤਾ ਸੀ। ਉਨ੍ਹਾਂ ਆਪਣੇ ਫ਼ੈਸਲੇ ਵਿੱਚ ਕਿਹਾ ਸੀ ਕਿ ਛੱਤੀਸਗੜ੍ਹ ਵਿੱਚ ਮਾਓਵਾਦੀ ਬਾਗ਼ੀਆਂ ਵਿਰੁੱਧ ਲੜਾਈ ਵਿੱਚ ਕਬਾਇਲੀ ਨੌਜਵਾਨਾਂ ਨੂੰ ਵਿਸ਼ੇਸ਼ ਪੁਲੀਸ ਅਧਿਕਾਰੀਆਂ ਵਜੋਂ ਵਰਤਣਾ ਗ਼ੈਰ-ਸੰਵਿਧਾਨਕ ਹੈ।

ਅਮਿਤ ਸ਼ਾਹ ਨੇ ਜਿਹੜਾ ਬਿਆਨ ਦਿੱਤਾ ਹੈ ਕਿ ਜੇਕਰ ਜੱਜ ਸਲਵਾ ਜੁੜਮ ਤੇ ਪਾਬੰਦੀ ਨਾ ਲਾਉਂਦਾ ਤਾਂ ਅੱਜ ਨੂੰ ਨਕਸਲਵਾਦ ਖ਼ਤਮ ਹੋ ਜਾਂਦਾ। ਅਸਲ ਵਿੱਚ ਗ੍ਰਹਿ ਮੰਤਰੀ ਚਾਹੁੰਦਾ ਹੈ ਕਿ ਗੈਰ ਕਾਨੂੰਨੀ ਗੁੰਡਾ ਗਰੋਹ ਚੱਲਦੇ ਰਹਿਣ ਅਤੇ ਗੈਰ ਕਾਨੂੰਨੀ ਗੁੰਡਾ ਗਰੋਹਾਂ ਨੂੰ ਰੋਕਣ ਵਾਸਤੇ ਉਹ ਸੁਪਰੀਮ ਕੋਰਟ ਦੇ ਜੱਜਾਂ ਦੀ ਨੁਕਤਾਚੀਨੀ ਕਰਨ ਤੋਂ ਵੀ ਨਹੀਂ ਝਿਜਕਦਾ।

ਆਦਿਵਾਸੀ ਇਲਾਕਿਆਂ ਵਿੱਚ ਭਾਜਪਾ ਸਰਕਾਰ ਦੇ ਹੁਕਮਾਂ ਉੱਤੇ ਸੁਰੱਖਿਆ ਦਸਤਿਆਂ ਵੱਲੋਂ ਜੋ ਨਰਸੰਘਾਰ ਕੀਤਾ ਜਾ ਰਿਹਾ ਹੈ, ਉਹ ਇਸ ਤਰ੍ਹਾਂ ਦਾ ਵਿਹਾਰ ਹੈ ਜੋ ਦੁਸ਼ਮਣ ਦੀਆਂ ਫੌਜਾਂ ਵੱਲੋਂ ਦੂਜੇ ਦੇਸ਼ਾਂ ਤੇ ਅੰਨ੍ਹੇ ਵਾਹ ਹਮਲਿਆਂ ਸਮੇਂ ਅਕਸਰ ਕੀਤਾ ਜਾਂਦਾ ਹੈ। ਬਲਕਿ ਉਸ ਤੋਂ ਦੀ ਭੈੜਾ ਹੈ। ਆਪਣੇ ਲੋਕਾਂ ਦੇ ਖ਼ਿਲਾਫ਼ ਭਾਜਪਾ ਹਕੂਮਤ ਦੀ ਜ਼ੰਗ ਦਾ ਬੁਨਿਆਦੀ ਕਾਰਨ ਇਹ ਹੈ ਕਿ ਇਹ ਇਲਾਕਾ ਬੇਸ਼ੁਮਾਰ ਕੀਮਤੀ ਖਣਿਜ ਪਦਾਰਥਾਂ ਨਾਲ ਭਰਪੂਰ ਹੈ। ਜਿਨ੍ਹਾਂ ਨੂੰ ਹੜੱਪਣ ਲਈ ਦੇਸੀ ਵਿਦੇਸ਼ੀ ਕਾਰਪੋਰੇਟ ਘਰਾਣੇ ਵਿਆਕੁਲ(ਤਰਲੋ ਮੱਛੀ)ਹੋ ਰਹੇ ਹਨ। ਛਤੀਸ਼ਗੜ੍ਹ ਅੰਦਰ 29 ਕਿਸਮ ਦੇ ਖਣਿਜ ਹਨ ਜਿਨ੍ਹਾਂ ਵਿੱਚੋਂ ਹੀਰੇ, ਸੋਨਾ, ਲੋਹਾ, ਚੂਨਾ ਪੱਥਰ, ਟਿਨ, ਡੋਲੋਮਾਈਟ, ਬਾਕਸਾਈਟ ਤੇ ਕੋਇਲਾ ਮੁੱਖ ਤੌਰ 'ਤੇ ਸ਼ਾਮਿਲ ਹਨ। ਨਵੰਬਰ 2022 ਵਿੱਚ ਦੇਸ਼ ਦੀ ਕੁੱਲ ਖਣਿਜ ਪੈਦਾਵਾਰ ਵਿੱਚ ਛਤੀਸ਼ਗੜ੍ਹ ਦੀ ਖਣਿਜ ਪੈਦਾਵਾਰ ਦਾ ਹਿੱਸਾ 14.8 ਪ੍ਰਤੀਸ਼ਤ ਸੀ। ਇੱਥੇ ਦੇਸ਼ ਵਿਚਲੇ ਲੋਹੇ ਦਾ 28%, ਕੱਚੇ ਲੋਹੇ ਦਾ 24%, ਕੋਲੇ ਦਾ 16% ਭੰਡਾਰ ਮੌਜੂਦ ਹੈ। ਇਹ ਕਲਈ (ਟਿਨ) ਤੇ ਢਲਾਈ ਲਈ ਵਰਤੀ ਜਾਣ ਵਾਲੀ ਮਿੱਟੀ ਦੀ ਪੈਦਾਵਾਰ ਵਾਲਾ ਇੱਕੋ ਇੱਕ ਸੂਬਾ ਹੈ। ਇਸ ਤੋਂ ਇਸਦਾ ਇੱਥੇ ਦੇਸ਼ ਦੇ ਬਾਕਸਾਈਟ ਦਾ 20% ਡੋਲੋਮਾਈਡ ਦਾ 11% ਹੀਰਿਆਂ ਦਾ 4% ਅਤੇ ਮਰਬਲ ਦਾ 4% ਮੌਜੂਦ ਹੈ। ਇਹ ਖਿੱਤਾ ਪਾਣੀ ਨਾਲ ਭਰਪੂਰ ਹੈ ਤੇ ਇਸ ਦੀ ਵਿਸਾਖਾਪਟਨਮ ਬੰਦਰਗਾਹ ਤੱਕ ਪਹੁੰਚ ਹੋਣ ਕਾਰਨ ਇਹ ਲੋਹੇ ਤੇ ਸਟੀਲ ਸਨਅਤ ਲਈ ਵਿਸ਼ੇਸ਼ ਦਿਲਚਸਪੀ ਰੱਖਦਾ ਹੈ। ਕੁਦਰਤੀ ਦੌਲਤ ਨਾਲ ਭਰਪੂਰ ਹੋਣ ਦੇ ਬਾਵਜੂਦ ਛਤੀਸ਼ਗੜ੍ਹ ਦੇ ਲੋਕਾਂ ਦੀ ਆਰਥਿਕ ਹਾਲਤ ਬੇਹੱਦ ਮਾੜੀ ਹੈ। ਮਨੁੱਖ ਵਿਕਾਸ ਸੂਚਕ ਅੰਕ ਵਿੱਚ ਦੇਸ਼ ਦੇ 28 ਰਾਜਾਂ ਵਿੱਚੋਂ ਛਤੀਸਗੜ੍ਹ 26ਵੇਂ ਨੰਬਰ ਤੇ ਹੈ। ਇੱਥੋਂ ਦੀ ਅੱਧੀ ਤੋਂ ਵੱਧ ਆਬਾਦੀ ਗ਼ਰੀਬੀ ਰੇਖਾ ਤੋਂ ਹੇਠਾਂ ਹੈ। ਕੌਮੀ ਪਰਿਵਾਰ ਸਿਹਤ ਸਰਵੇ 2019-2021 ਅਨੁਸਾਰ ਨਵੇਂ ਜਨਮੇ ਬੱਚਿਆਂ ਦੀ ਮੌਤ ਦਾ 48.7%, ਪੰਜ ਸਾਲ ਤੱਕ ਦੇ ਬੱਚਿਆਂ ਦੀ ਮੌਤ ਦਰ 50.4% ਹੈ, ਜੱਚਾ ਮੌਤ ਦਰ ਇੱਕ ਹਜ਼ਾਰ ਪਿੱਛੇ 137 ਹੈ ਜੋ ਸਾਰੇ ਰਾਜਾਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿੱਚੋਂ ਚੌਥੇ ਸਥਾਨ ਤੇ ਹੈ। ਪਾਣੀ ਦੇ ਅਥਾਹ ਭੰਡਾਰ ਹੋਣ ਦੇ ਬਾਵਜੂਦ ਕੁੱਲ ਘਰਾਂ ਚੋਂ ਸਿਰਫ ਤੀਜੇ ਹਿੱਸੇ ਨੂੰ ਹੀ ਪੀਣ ਵਾਲਾ ਪਾਣੀ ਨਸੀਬ ਹੁੰਦਾ ਹੈ। ਲੋਕਾਂ ਦੀ ਇਸ ਹਾਲਤ ਦਾ ਕਾਰਨ ਕਾਰਪੋਰੇਟਿਵ ਲੁੱਟ ਹੈ ਜਿਸਨੂੰ ਕਾਇਮ ਰੱਖਣ ਸਗੋਂ ਵਧਾਉਣ ਵਿੱਚ ਹੁਣ ਤੱਕ ਬਣੀਆਂ ਹਰ ਵੰਨਗੀ ਦੀਆਂ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਦਾ ਧੰਦਾ ਰਿਹਾ ਹੈ। ਵੱਖ ਵੱਖ ਸਰਕਾਰਾਂ ਅਤੇ ਸਿਆਸਤਦਾਨ ਇਸ ਲੁੱਟ ਤੋਂ ਦਲਾਲੀਆਂ ਛੱਕ ਕੇ ਕਾਰਪੋਰੇਟ ਘਰਾਣਿਆਂ ਦੀ ਚਰਨ ਬੰਧਨਾ ਕਰਦੇ ਹਨ। ਸਰਕਾਰ ਨੂੰ ਪ੍ਰਤੀ ਟਨ ਲੋਹੇ ਚੋਂ 27 ਰੁਪਏ ਰੌਇਲਟੀ ਵਜੋਂ ਮਿਲਦੇ ਹਨ ਜਦੋਂ ਕਿ ਇੱਕ ਨਿੱਜੀ ਕੰਪਨੀ 5000 ਰੁਪਏ ਦਾ ਮੁਨਾਫ਼ਾ ਆਪਣੇ ਬੋਝੇ ਵਿੱਚ ਪਾਉਂਦੀ ਹੈ। ਇੰਨੀ ਘੱਟ ਰੌਇਲਟੀ ਹਾਸਲ ਕਰਨ ਦੇ ਬਾਵਜੂਦ ਖਣਿਜ ਪਦਾਰਥ ਸਰਕਾਰ ਦੇ ਮਾਲੀਏ ਦਾ ਵੱਡਾ ਸਰੋਤ ਹਨ। 2020-22 ਦੌਰਾਨ ਇਹ ਸੂਬੇ ਦੇ ਕੁੱਲ ਮਾਲੀਏ ਦਾ 18.45% ਸੀ। 2022-23 ਵਿੱਚ ਮਾਲੀਏ ਦੀ ਰਕਮ ਵੱਧ ਕੇ 12947 ਕਰੋੜ ਰੁਪਏ ਹੋ ਗਈ। ਇਸਦਾ ਲਗਭਗ ਅੱਧਾ ਹਿੱਸਾ ਭਾਵ 6419 ਕਰੋੜ ਰੁਪਏ ਬਸਤਰ ਖੇਤਰ ਦੇ ਇਕੱਲੇ ਦਾਂਤੇਵਾੜਾ ਜ਼ਿਲ੍ਹੇ ਚੋਂ ਹਾਸਿਲ ਹੋਇਆ।

ਆਦਿਵਾਸੀ ਖੇਤਰ ਅੰਦਰ ਜੰਗਲ, ਪਹਾੜ, ਝੀਲਾਂ, ਜ਼ਮੀਨ ਅਤੇ ਖਣਿਜਾਂ ਵਰਗੀ ਕੁਦਰਤੀ ਸੁਗਾਤ ਅਤੇ ਆਦਿਵਾਸੀਆਂ ਦੀ ਰੋਜ਼ੀ ਰੋਟੀ ਅਤੇ ਵਸੀਲੇ ਤੇ ਵਸੇਬੇ ਦੇ ਸਾਧਨਾਂ ਨੂੰ ਸਰਮਾਏ 'ਚ ਢਾਲ ਕੇ ਇਸ ਨੂੰ ਵੇਦਾਂਤਾ ਅਤੇ ਐਨਰੋਨ ਵਰਗੀਆਂ ਚੰਦ ਵੱਡੀਆਂ ਕੰਪਨੀਆਂ ਦੇ ਮੁਨਾਫ਼ੇ ਲਈ ਵਰਤਣ ਨੂੰ ਵਿਕਾਸ ਦਾ ਨਾਂ ਦਿੱਤਾ ਜਾ ਰਿਹਾ ਹੈ। ਭਾਰਤੀ ਸੰਵਿਧਾਨ ਦੀ ਪੰਜਵੀਂ ਅਨੁਸੂਚੀ ਮੁਤਾਬਕ ਜੰਗਲਾਂ, ਪਹਾੜਾਂ ਉੱਤੇ ਆਦਿਵਾਸੀਆਂ ਦਾ ਅਧਿਕਾਰ ਮੰਨਿਆ ਗਿਆ ਹੈ ਜਿਸ ਨਾਲ ਛੇੜਛਾੜ ਨਹੀਂ ਕੀਤੀ ਜਾ ਸਕਦੀ। ਇਸ ਤੋਂ ਇਲਾਵਾ ਪੰਚਾਇਤੀ ਅਨੁਸੂਚੀ ਖੇਤਰ ਵਿਸਥਾਰ ਐਕਟ ਪੈਸਾ 96, ਵਣ ਅਧਿਕਾਰ ਐਕਟ 2006 ਆਦਿਵਾਸੀਆਂ ਦੇ ਸੰਘਰਸ਼ਾਂ ਕਰਕੇ ਭਾਰਤ ਰਾਜ ਨੂੰ ਬਣਾਉਣ ਲਈ ਮਜ਼ਬੂਰ ਹੋਣਾ ਪਿਆ। ਇਹ ਐਕਟ ਪ੍ਰਾਵਧਾਨ ਕਰਦੇ ਹਨ ਕਿ ਆਦਿਵਾਸੀਆਂ ਨੂੰ ਪ੍ਰਭਾਵਿਤ ਕਰਨ ਵਾਲੀ ਕਿਸੇ ਵੀ ਕਾਰਵਾਈ ਨੂੰ ਗ੍ਰਾਮ ਸਭਾ ਦੀ ਸਹਿਮਤੀ ਤੋਂ ਬਿਨ੍ਹਾਂ ਲਾਗੂ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਸਾਰੇ ਕਾਨੂੰਨਾਂ ਦੀਆਂ ਧੱਜੀਆਂ ਉਡਾ ਕੇ ਵੱਡੀਆਂ ਵੱਡੀਆਂ ਸੜਕਾਂ ਕੱਢੀਆਂ ਜਾ ਰਹੀਆਂ ਹਨ। ਫੌਜੀ ਕੈਂਪ ਉਸਾਰੇ ਜਾ ਰਹੇ ਹਨ ਅਤੇ ਕਾਰਪੋਰੇਟਾਂ ਦੇ ਖਾਣਾਂ ਉੱਪਰ ਕਬਜ਼ੇ ਕਰਵਾਏ ਜਾ ਰਹੇ ਹਨ। ਇਸ ਅਖੌਤੀ ਵਿਕਾਸ ਸਦਕਾ ਜਿੱਥੇ ਆਦਿਵਾਸੀਆਂ ਨੂੰ ਉਜਾੜਿਆ ਜਾ ਰਿਹਾ ਹੈ ਉੱਥੇ ਵਾਤਾਵਰਣ ਦਾ ਸੱਤਿਆਨਾਸ਼ ਮਾਰਿਆ ਜਾ ਰਿਹਾ ਹੈ। ਜੇਕਰ ਦੇਸ਼ ਦਾ ਗ੍ਰਹਿ ਮੰਤਰੀ ਜਾਣ ਬੁੱਝ ਕੇ ਗੈਰ ਕਾਨੂੰਨੀ ਗੁੰਡਾ ਗਰੋਹਾਂ ਦੇ ਹੱਕ ਵਿੱਚ ਬਿਆਨ ਦੇ ਕੇ ਆਪਣੇ ਹੀ ਦੇਸ਼ ਦੇ ਲੋਕਾਂ ਖਿਲਾਫ ਹਿੰਸਾ ਨੂੰ ਜਾਇਜ਼ ਠਹਿਰਾਉਂਦਾ ਹੈ ਤਾਂ ਇਸ ਨੂੰ ਦੇਸ਼ ਦੀ ਬਦਕਿਸਮਤੀ ਹੀ ਕਿਹਾ ਜਾਵੇਗਾ। ਇਸ ਤੋਂ ਸਹਿਜੇ ਹੀ ਪਤਾ ਲੱਗ ਸਕਦਾ ਹੈ ਕਿ ਦੇਸ਼ ਕਿੰਨੀ ਤੇਜ਼ੀ ਨਾਲ ਫਾਸ਼ੀਵਾਦ ਵੱਲ ਵੱਧ ਰਿਹਾ ਹੈ। ਅਮਿਤ ਸ਼ਾਹ ਦਾ ਤਾਜ਼ਾ ਬਿਆਨ ਇੱਕ ਤੀਰ ਨਾਲ ਦੋ ਨਿਸ਼ਾਨੇ ਫੁੰਡਣ ਵਜੋਂ ਵੇਖਿਆ ਜਾਣਾ ਚਾਹੀਦਾ ਹੈ। ਪਹਿਲਾ ਉਪ ਰਾਸ਼ਟਰਪਤੀ ਦੀ ਚੋਣ ਵਿੱਚ ਇੰਡੀਆ ਗੱਠਜੋੜ ਦੇ ਉਮੀਦਵਾਰ ਪ੍ਰਤੀ ਅੰਨ੍ਹੀ ਫ਼ ?ਰਕੂ ਨਫ਼ਰਤ ਫੈਲਾਕੇ, ਐਨਡੀਏ ਦੇ ਉਮੀਦਵਾਰ ਦੀ ਜਿੱਤ ਦੀ ਗਰੰਟੀ ਕਰਨਾ ਹੈ, ਦੂਜਾ ਕਾਰਪੋਰੇਟ ਘਰਾਣਿਆਂ ਦੀ ਜੀ ਹਜ਼ੂਰੀ ਕਰਦਿਆਂ 31 ਮਾਰਚ 2026 ਤੱਕ ਮਾਓਵਾਦ ਦਾ ਖ਼ਾਤਮਾ ਕਰਨ ਦੇ ਐਲਾਨ ਨੂੰ ਹੋਰ ਜਾਬਰ ਹੱਲਾ ਬੋਲਦਿਆਂ ਅਮਲੀ ਜਾਮਾ ਪਹਿਨਾਉਣਾ। ਲੋਕਾਈ ਨੂੰ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਇਸ ਬਿਆਨ ਖਿਲਾਫ਼ ਵਿਆਪਕ ਲਾਮਬੰਦੀ ਕਰਦਿਆਂ ਸੰਘਰਸ਼ਾਂ ਦਾ ਪਿੜ ਮੱਲਣਾ ਹੋਵੇਗਾ।

# 'ਦ ਵਾਇਰ' ਦੇ ਸੰਪਾਦਕ ਤੇ ਹੋਰ ਪੱਤਰਕਾਰਾਂ ਵਿਰੁੱਧ 'ਰਾਜਧ੍ਰੋਹ' ਦੇ ਕੇਸ ਰੱਦ ਕੀਤੇ ਜਾਣ : ਜਮਹੂਰੀ ਫਰੰਟ

ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਕਨਵੀਨਰਾਂ ਡਾ.ਪਰਮਿੰਦਰ ਸਿੰਘ, ਪ੍ਰੋਫੈਸਰ ਏ.ਕੇ.ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਉੱਘੇ ਪੱਤਰਕਾਰਾਂ ਸਿਧਾਰਥ ਵਰਧਰਾਜਨ ਅਤੇ ਕਰਨ ਥਾਪਰ ਵਿਰੁੱਧ ਰਾਜਧ੍ਰੋਹ (ਬੀਐੱਨਐੱਸ ਧਾਰਾ 152) ਅਤੇ ਹੋਰ ਸੰਗੀਨ ਧਾਰਾਵਾਂ ਲਾ ਕੇ ਐੱਸਆਈਆਰ ਦਰਜ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। 'ਦ ਵਾਇਰ' ਦੇ ਬਾਨੀ ਸੰਪਾਦਕ ਸਿਧਾਰਥ ਵਰਧਰਾਜਨ ਅਤੇ ਕਰਨ ਥਾਪਰ ਕੌਮਾਂਤਰੀ ਪੱਧਰ 'ਤੇ ਮਕਬੂਲ ਪੱਤਰਕਾਰ ਹਨ ਅਤੇ ਅਸਾਮ ਪੁਲਿਸ ਵੱਲੋਂ ਭਾਜਪਾ ਸਰਕਾਰ ਦੇ ਇਸ਼ਾਰੇ 'ਤੇ ਉਨ੍ਹਾਂ ਵਿਰੁੱਧ ਰਾਜਧ੍ਰੋਹ ਦੀ ਧਾਰਾ ਤਹਿਤ ਦੋ ਮਹੀਨੇ 'ਚ ਦੂਜੀ ਐੱਫਆਈਆਰ ਦਰਜ ਕਰਨ ਤੋਂ ਜ਼ਾਹਿਰ ਹੈ ਕਿ 'ਦ ਵਾਇਰ' ਵਰਗੇ ਆਨਲਾਈਨ ਨਿਊਜ਼ ਪੋਰਟਲਾਂ ਦੀ ਬੇਬਾਕ ਪੱਤਰਕਾਰੀ ਭਗਵਾ ਹਕੂਮਤ ਨੂੰ ਅੱਖ ਦੇ ਰੋੜ ਵਾਂਗ ਚੁਭਦੀ ਹੈ। ਭਾਜਪਾ ਦੀ ਲੀਡਰਸ਼ਿੱਪ ਹਰ ਹਰਬਾ ਵਰਤਕੇ ਉੱਘੇ ਪੱਤਰਕਾਰਾਂ ਦੀ



ਜ਼ੁਬਾਨਬੰਦੀ ਕਰਨਾ ਚਾਹੁੰਦੀ ਹੈ ਕਿਉਂਕਿ ਉਨ੍ਹਾਂ ਦੀਆਂ ਮਿਆਰੀ ਆਲੋਚਨਾਤਮਕ ਟਿੱਪਣੀਆਂ ਆਰਐੱਸਐੱਸ-ਭਾਜਪਾ ਦੇ ਫਿਰਕੂ ਫਾਸ਼ੀ ਪ੍ਰੋਜੈਕਟ ਦਾ ਪਰਦਾਫਾਸ਼ ਕਰਦੀਆਂ ਹਨ ਅਤੇ ਭਾਰਤ ਦੇ ਰਾਜਨੀਤਕ ਹਾਲਾਤਾਂ ਨੂੰ ਸਮਝਣ ਲਈ ਉਨ੍ਹਾਂ ਉੱਪਰ ਦੁਨੀਆ ਭਰ ਵਿਚ ਭਰੋਸਾ ਕੀਤਾ ਜਾਂਦਾ ਹੈ। 12 ਅਗਸਤ ਨੂੰ ਸੁਪਰੀਮ ਕੋਰਟ ਨੇ ਨਵੇਂ ਦੇਸ਼ਦ੍ਰੋਹ ਕਾਨੂੰਨ ਦੀ ਸੰਵਿਧਾਨਕਤਾ ਨੂੰ ਚੁਣੌਤੀ ਦੇਣ ਵਾਲੀ 'ਦ ਵਾਇਰ' ਦੀ ਪਟੀਸ਼ਨ 'ਤੇ ਨੋਟਿਸ ਜਾਰੀ ਕੀਤਾ ਸੀ ਅਤੇ ਜੁਲਾਈ ਮਹੀਨੇ ਓਪਰੇਸ਼ਨ ਸਿੰਦੂਰ ਬਾਰੇ 'ਦ ਵਾਇਰ' ਦੀ ਰਿਪੋਰਟ ਨੂੰ ਆਧਾਰ ਬਣਾਕੇ ਅਦਾਰੇ ਵਿਰੁੱਧ ਅਸਾਮ ਵਿਚ 'ਰਾਜਧ੍ਰੋਹ' ਦਾ ਜੋ ਬਦਲਾਲਊ ਕੇਸ ਦਰਜ ਕੀਤਾ ਗਿਆ ਉਸ ਵਿੱਚ ਸਿਧਾਰਥ ਵਰਧਰਾਜਨ ਸਮੇਤ ਸੰਬੰਧਤ ਪੱਤਰਕਾਰਾਂ ਨੂੰ ਅਸਾਮ ਪੁਲਿਸ ਦੁਆਰਾ ਕੀਤੀ ਜਾਣ ਵਾਲੀ ਕਿਸੇ ਵੀ 'ਦੰਡਾਤਮਕ ਕਾਰਵਾਈ' ਤੋਂ ਸੁਰੱਖਿਆ ਪ੍ਰਦਾਨ ਕੀਤੀ ਸੀ। ਸੁਪਰੀਮ ਕੋਰਟ ਦੇ ਹੁਕਮਾਂ ਦੀ ਪ੍ਰਵਾਹ ਨਾ ਕਰਦੇ ਹੋਏ ਉਸੇ ਦਿਨ, ਗੁਹਾਟੀ ਅਪਰਾਧ ਸ਼ਾਖਾ ਵੱਲੋਂ ਰਾਜ ਪੁਲਿਸ ਦੁਆਰਾ 'ਰਾਜਧ੍ਰੋਹ' ਦੀ ਧਾਰਾ ਲਾ ਕੇ ਦਰਜ ਕੀਤੀ ਇਕ ਨਵੀਂ ਐੱਫਆਈਆਰ ਵਿੱਚ ਵਰਧਰਾਜਨ ਅਤੇ ਕਰਨ ਥਾਪਰ ਨੂੰ ਸਮਨ ਜਾਰੀ ਕਰਨਾ ਦਰਸਾਉਂਦਾ ਹੈ ਕਿ ਰਾਜਕੀ ਜਬਰ ਦਾ ਸੰਦ ਬਣਕੇ ਕੰਮ ਕਰਦੇ ਪੁਲਿਸ ਅਧਿਕਾਰੀਆਂ ਦੇ ਮਨਸ਼ੇ ਬੇਬਾਕ ਪੱਤਰਕਾਰਾਂ ਦੀ ਸੰਘੀ ਨੱਪਣ ਦੇ ਹਨ। ਫਰੰਟ ਦੇ ਆਗੂਆਂ ਨੇ ਮੰਗ ਕੀਤੀ ਕਿ ਪੱਤਰਕਾਰਾਂ ਅਤੇ ਹੋਰ ਚਿੰਤਕਾਂ ਦੀ ਜ਼ੁਬਾਨਬੰਦੀ ਕਰਨ ਦੀ ਜਾਬਰ ਨੀਤੀ ਬੰਦ ਕੀਤੀ ਜਾਵੇ ਅਤੇ 'ਦ ਵਾਇਰ' ਵਿਰੁੱਧ ਦਰਜ ਸਾਰੀਆਂ ਐੱਫਆਈਆਰ ਤੁਰੰਤ ਰੱਦ ਕੀਤੀਆਂ ਜਾਣ।

# ਕਿਵੇਂ ਤੇ ਕਿਸ ਲਈ - ਵੰਡੇ ਲੋਕ?



ਡਾ. ਸੁਖਪਾਲ
001 365 777 1111
sukhpal@live.com



ਅੰਦਾਜ਼ਾ ਹੈ ਕਿ ਔਸਤ 20 ਹਜ਼ਾਰ ਬਰਤਾਨਵੀ ਫ਼ੌਜੀਆਂ ਤੇ ਅਫ਼ਸਰਾਂ ਨੇ ਕਰੀਬ 30 ਕਰੋੜ ਹਿੰਦੁਸਤਾਨੀਆਂ ਨੂੰ 200 ਸਾਲ ਗੁਲਾਮ ਬਣਾਈ ਰੱਖਿਆ। ਮਾਰਨੇ ਨਹੀਂ, ਸਿਰਫ਼ ਧੱਕੇ ਮਾਰ ਕੇ ਘਰੋਂ ਹੀ ਕੱਢਣੇ ਹੁੰਦੇ ਤਾਂ 15 ਹਜ਼ਾਰ ਹਿੰਦੁਸਤਾਨੀਆਂ ਹਿੱਸੇ ਇਕ ਬਰਤਾਨਵੀ ਬੰਦਾ ਆਉਂਦਾ ਸੀ। ਸੰਨ 1857 ਦੇ ਗਦਰ ਵੇਲੇ ਬਰਤਾਨਵੀ ਫੌਜੀਆਂ ਦੀ ਗਿਣਤੀ 45 ਹਜ਼ਾਰ ਸੀ ਤੇ ਉਨ੍ਹਾਂ ਦੀ ਮਦਦ ਕਰਨ ਵਾਲੇ ਹਿੰਦੁਸਤਾਨੀ ਫੌਜੀਆਂ ਦੀ ਗਿਣਤੀ 2 ਲੱਖ 32 ਹਜ਼ਾਰ। ਜਿੰਨੇ ਬਰਤਾਨਵੀ ਸਾਡਾ ਵਿਦਰੋਹ ਦਬਾਅ ਰਹੇ ਸਨ, ਉਦੋਂ 5 ਗੁਣਾ ਸਾਡੇ ਆਪਣੇ ਬੰਦੇ ਉਨ੍ਹਾਂ ਦੀ ਮਦਦ ਕਰ ਰਹੇ ਸਨ। ਸੰਨ 47 ਵਾਪਰਣ ਤੋਂ ਪਹਿਲਾਂ ਬਰਤਾਨਵੀਆਂ ਦੀ (ਪਰਿਵਾਰਾਂ ਸਮੇਤ) ਵਧੋ ਵਧ ਆਬਾਦੀ ਹਿੰਦੁਸਤਾਨ ਵਿਚ 8 ਲੱਖ ਸੀ। ਅਸੀਂ 40 ਕਰੋੜ ਉਨ੍ਹਾਂ ਨਾਲੋਂ 500 ਗੁਣਾ ਹੁੰਦੇ ਹੋਏ ਵੀ ਉਨ੍ਹਾਂ ਹੱਥੋਂ ਹੀ ਵੰਡੇ ਗਏ।

ਸੰਨ 47 ਵਿਚ ਅਣਵੰਡੇ ਪੰਜਾਬ ਦੀ ਵੱਸੋਂ ਕਰੀਬ ਸਾਢੇ 3 ਕਰੋੜ ਸੀ ਤੇ ਬੰਗਾਲ ਦੀ 6 ਕਰੋੜ। ਪੰਜਾਬ ਦੀ ਪਾਕਿਸਤਾਨ ਵਾਲੀ ਸਰਹੱਦ 553 ਕਿਲੋਮੀਟਰ ਹੈ। ਜੇ ਇਕ ਬੰਦਾ 2 ਫੁੱਟ ਚੌੜਾਈ ਘੇਰੇ, ਤਾਂ 9 ਲੱਖ ਬੰਦੇ ਲਾਗੋ ਲਾਗੀ ਲੰਮੇ ਪੈ ਜਾਣ ਨਾਲ ਸਾਰੀ ਸਰਹੱਦ ਕੱਜੀ ਜਾਂਦੀ। ਜੇ ਪੰਜਾਬ ਦਾ ਹਰ ਬੰਦਾ, ਬੱਚਾ, ਬੁੱਢਾ, ਮਰਦ, ਔਰਤ - ਇਕ ਦੂਜੇ ਦਾ ਹੱਥ ਫ਼ੜ ਕੇ ਨਾਲ ਨਾਲ ਖਲੋ ਜਾਂਦੇ - ਕਿ ਅਸੀਂ ਆਪਣੀ ਧਰਤੀ ਵੰਡਣ ਨਹੀਂ ਦੇਣੀ - ਤਾਂ 30 ਅੱਗੜ-ਪਿੱਛੜ ਕਤਾਰਾਂ ਉਸ ਸਰਹੱਦ ਤੇ ਬਣ ਜਾਂਦੀਆਂ। ਇਹੀ ਘਟਨਾ ਹਿੰਦੁਸਤਾਨ-ਬੰਗਲਾ ਦੇਸ਼ (ਉਦੋਂ ਪੂਰਬੀ ਪਾਕਿਸਤਾਨ) ਦੀ 4096 ਕਿਲੋਮੀਟਰ ਲੰਮੀ ਸਰਹੱਦ ਤੇ ਵਾਪਰਦੀ ਤਾਂ ਬੰਗਾਲੀਆਂ ਦੀਆਂ 9 ਕਤਾਰਾਂ ਬਣ ਜਾਂਦੀਆਂ।

ਪਰ ਅਸੀਂ ਏਦਾਂ ਕੀਤਾ ਨਹੀਂ। ਅਸੀਂ ਆਪਣੀ ਵੰਡ ਸਵੀਕਾਰ ਕਰ ਲਈ। 'ਅਸੀਂ' ਦਾ ਅਰਥ - ਅਸੀਂ ਅਵਾਮ, ਆਮ ਲੋਕ, ਅਸਲ ਵਿਚ ਵੰਡੇ ਗਏ ਲੋਕ। ਏਸ ਵਿਚ ਮੇਰੇ ਬਜ਼ੁਰਗ ਵੀ ਸ਼ਾਮਲ ਹਨ। ਲੀਡਰਾਂ ਨੇ ਤਾਂ ਪਹਿਲਾਂ ਹੀ ਮੰਨ ਲਈ ਸੀ।

ਵੰਡ ਵੇਲੇ ਪੰਜਾਬੀ ਅਤੇ ਬੰਗਾਲੀ ਮਿਲਾ ਕੇ ਮੁਲਕ ਦਾ ਲਗਭਗ ਇਕ ਚੌਥਾਈ ਵੱਸੋਂ ਬਣਦੇ ਸਨ। ਜਿਸ ਮੁਲਕ ਦੇ 20-25% ਲੋਕ ਬਗਾਵਤ ਤੇ ਉਤਰ ਆਉਣ ਕਿ ਅਸੀਂ ਆਪਣੀ ਧਰਤੀ ਵੰਡਣ ਨਹੀਂ ਦੇਣੀ ਤਾਂ ਦੂਜੀ ਵੱਡੀ ਜੰਗ ਨਾਲ ਟੁੱਟ ਭੱਜ ਚੁੱਕੇ ਬਰਤਾਨਵੀ ਸਾਮਰਾਜ ਵਿਚ ਕਿਹੜੀ ਤਾਕਤ ਬਚੀ ਸੀ ਜੋ ਸਾਡਾ ਮੁਲਕ ਵੰਡ ਸਕਦੇ? ਉਨ੍ਹਾਂ ਹਿੰਦ-ਪਾਕ ਸਰਹੱਦ ਤੇ ਖੜ੍ਹ ਕੇ ਕਿਹੜੇ ਟੈਂਕ ਤੋਪਾਂ ਜਾਂ ਬੰਦੂਕਾਂ ਸਾਡੇ 'ਤੇ ਚਲਾਈਆਂ ਸਨ? ਸਾਨੂੰ ਵੰਡਣ ਲਈ ਉਨ੍ਹਾਂ ਸਿਰਫ਼ ਕੁਝ ਕੁ ਨੇਤਾ ਸਹਿਮਤ ਕੀਤੇ, ਨਕਸ਼ੇ ਤੇ ਰੇਖਾ ਖਿੱਚੀ, ਸਰਕਾਰੀ ਫ਼ਰਮਾਨ ਜਾਰੀ ਕੀਤਾ, ਬਸ...ਤੇ ਸਾਡੇ ਵਿਚੋਂ ਇਕ ਚੌਥਾਈ ਇਕ ਦੂਜੇ ਨੂੰ ਵੱਢਣ ਟੁੱਕਣ ਲੁੱਟਣ ਲਈ ਟਕੂਏ ਲੱਭਣ ਲੱਗੇ ਤੇ ਬਾਕੀ ਜਣੇ ਸਾਮਾਨ ਸਿਰਾਂ ਤੇ ਚੁੱਕ ਜਾਂ ਗੱਡਿਆਂ 'ਤੇ ਧਰ ਕੇ ਦੂਜੇ ਪਾਸੇ ਤੁਰ ਪਏ ...

ਇਸ ਵੰਡ ਦੇ ਦੋਸ਼ੀ - ਅੰਗਰੇਜ਼ ਇਕ ਚੌਥਾਈ, ਤੇ ਅਸੀਂ ਤਿੰਨ ਚੌਥਾਈ ਹਾਂ। ਅਸੀਂ ਸਾਰੇ ...

ਅਸੀਂ ਏਸ ਲਈ ਵੰਡੇ ਗਏ ਕਿਉਂਕਿ ਅਸੀਂ ਪਹਿਲਾਂ ਹੀ ਵੰਡੇ ਹੋਏ ਸਾਂ ...

ਅਸੀਂ ਫੇਰ ਵੰਡੇ ਜਾਣਾ ਹੈ ਕਿਉਂਕਿ ਅਸੀਂ 47 ਨਾਲੋਂ ਵੀ ਵਧ ਅੱਜ ਵੰਡੇ ਹੋਏ ਹਾਂ ...

• • •

ਅੰਗਰੇਜ਼ ਸਾਡੇ 'ਤੇ ਰਾਜ ਕਰਨ, ਸਾਡੇ ਵਸੀਲੇ ਲੁੱਟ ਕੇ ਅਮੀਰ ਹੋਣ ਆਇਆ ਸੀ। ਉਹ ਸਾਡੇ ਬੰਦੇ ਅਤੇ ਧਰਤੀ - ਦੋਹਾਂ ਦਾ ਦੁਸ਼ਮਣ ਸੀ। ਅੰਗਰੇਜ਼ ਦੀ ਗਿਣਤੀ ਥੋੜ੍ਹੀ ਸੀ। ਉਹ ਸਾਨੂੰ ਪਾੜ ਕੇ ਹੀ ਸਫ਼ਲ ਹੋ ਸਕਦਾ ਸੀ। ਇਹ ਉਲਾਂਭਾ ਦੇਣਾ ਕਿ ਉਹਨੇ ਸਾਨੂੰ ਪਾੜ ਦਿੱਤਾ - ਆਪਣੇ ਮੂੰਹ ਤੇ ਆਪ ਚਪੇੜ ਮਾਰਨ ਵਾਲੀ ਗੱਲ ਹੈ। ਦੁਸ਼ਮਣ ਕੋਲੋਂ ਰਹਿਮ ਜਾਂ ਨੈਤਿਕਤਾ ਦੀ ਉਮੀਦ ਕੋਈ ਮੂਰਖ ਹੀ ਰੱਖ ਸਕਦਾ ਹੈ। ਸਵਾਲ ਹੈ - ਅਸੀਂ ਉਹਨੂੰ ਸਫ਼ਲ ਹੋਣ ਕਿਉਂ ਦਿੱਤਾ?

ਅੰਗਰੇਜ਼ ਵਾਸਤੇ ਸਾਨੂੰ ਪਾੜਣ ਲਈ ਸਾਡੀਆਂ Fault-Lines ਲੱਭਣੀਆਂ, ਸਾਡੇ ਵਖਰੇਵਿਆਂ ਦੀ ਜ਼ਮੀਨ ਪਛਾਣਨੀ ਜ਼ਰੂਰੀ ਸੀ। ਏਸ ਮਕਸਦ ਨਾਲ ਸੰਨ 1855 ਅਤੇ 1868 ਦੀਆਂ ਅਧੂਰੀਆਂ ਮਰਦਮ-ਸ਼ੁਮਾਰੀਆਂ ਕੀਤੀਆਂ ਗਈਆਂ। ਫ਼ਿਰ ਸੰਨ 1881 ਤੋਂ ਆਰੰਭ ਕਰਕੇ ਹਰ 10 ਸਾਲਾ ਮਰਦਮ-ਸ਼ੁਮਾਰੀ ਹੋਂਦ ਵਿਚ ਆਈ। ਪਛਾਣਿਆ ਗਿਆ ਕਿ ਸਾਨੂੰ ਪਾੜਣ ਲਈ ਧਾਰਮਿਕ ਵਖਰੇਵਾਂ ਹੀ ਸਭ ਤੋਂ ਕਾਮਯਾਬ ਵਿਧੀ ਰਹੇਗੀ।

ਛਾਪੇ ਦੀ ਤਕਨੀਕ ਪਹਿਲੀ ਵਾਰੀ ਸੰਨ 1556 ਵਿਚ ਪੁਰਤਗੇਜ਼ੀ ਵਪਾਰੀ ਹਿੰਦੁਸਤਾਨ ਲਿਆਏ, ਗੋਆ ਵਿਚ ਮਸ਼ੀਨ ਲਾਈ। ਫਿਰ ਸੰਨ 1579 ਵਿਚ ਪਹਿਲੀ ਕਿਤਾਬ ਤਾਮਿਲ ਵਿਚ ਛਾਪੀ। ਪਹਿਲਾ ਹਫ਼ਤਾਵਾਰੀ ਅਖ਼ਬਾਰ 'ਬੰਗਾਲ ਗਜ਼ਟ' ਸੰਨ 1780 ਵਿਚ ਛਪਿਆ। ਪੰਜਾਬ ਵਿਚ ਪਹਿਲੀ ਪ੍ਰਿੰਟਿੰਗ ਪ੍ਰੈੱਸ ਮਿਸ਼ਨਰੀਆਂ ਨੇ ਲੁਧਿਆਣੇ ਲਾਈ, ਮਗਰੋਂ ਛਾਪੇ ਦਾ ਕੇਂਦਰ ਲਾਹੌਰ ਬਣ ਗਿਆ।

ਪੰਜਾਬ ਦੇ ਤਿੰਨਾਂ ਵੱਡੇ ਮਜ਼੍ਹਬਾਂ ਵਿਚ ਉਹ ਸੰਸਥਾਵਾਂ ਕਾਇਮ ਕੀਤੀਆਂ ਗਈਆਂ ਜਿਹੜੀਆਂ ਅੰਗਰੇਜ਼ ਸਰਪ੍ਰਸਤੀ ਅਤੇ ਪੈਸੇ ਨਾਲ ਚਲਦੀਆਂ ਸਨ। ਉਨ੍ਹਾਂ ਨੂੰ ਅੰਦਰਖਾਤੇ ਹਦਾਇਤ ਅਤੇ ਹਮਾਇਤ ਦਿੱਤੀ ਗਈ : "ਆਪੋ ਆਪਣੇ ਧਰਮ ਦੇ ਲੋਕਾਂ ਨੂੰ ਆਪੋ ਆਪਣੇ ਧਰਮ ਵਿਚ ਪੱਕੇ ਹੋਣ ਦਾ ਪ੍ਰਚਾਰ ਕਰੋ। ਪ੍ਰਿੰਟਿੰਗ ਪ੍ਰੈਸਾਂ ਵਰਤ ਕੇ ਪੰਜਾਬ ਵਿਚ ਸਿੱਖਾਂ ਦੇ 10, ਮੁਸਲਮਾਨਾਂ ਦੇ 15, ਹਿੰਦੂ ਅਤੇ ਆਰੀਆ-ਸਮਾਜ ਨਾਲ ਸਬੰਧਤ ਸੰਸਥਾਵਾਂ ਦੇ 30 ਪਰਚੇ ਚੱਲੇ ਜਾਂ ਚਲਾਏ ਗਏ। ਇਕ ਵਿਦਵਾਨ ਮਿੱਤਰ ਅਨੁਸਾਰ ਸੰਨ 1925 ਲਾਗੇ ਨਿੱਕੇ ਵੱਡੇ 300 ਤੋਂ ਵਧ ਪਰਚੇ ਤੇ ਪੈਂਫ਼ਲਟ ਪੰਜਾਬ ਅੰਦਰ ਆਪੋ-ਆਪਣੇ 'ਧਰਮ-ਪ੍ਰਚਾਰ' ਦਾ ਕੰਮ ਕਰ ਰਹੇ ਸਨ। ਇਹ ਵੰਡ ਦੀ ਨੀਂਹ ਸੀ, ਇਸ 'ਤੇ ਤੇਜ਼ੀ ਨਾਲ ਭਵਨ ਉੱਸਰਿਆ। ਸੰਨ 1940 ਵਿਚ ਮੁਸਲਿਮ-ਲੀਗ ਵੱਖਰੇ ਇਸਲਾਮੀ ਮੁਲਕ (ਪਾਕਿਸਤਾਨ) ਦੀ ਮੰਗ ਕਰ ਚੁੱਕੀ ਸੀ।

ਲਗਭਗ 1000 ਸਾਲ ਤੋਂ ਮੁਸਲਮਾਨ ਹਿੰਦੁਸਤਾਨ ਵਿਚ ਸਨ। ਪਹਿਲਾਂ ਉਨ੍ਹਾਂ ਦੀਆਂ ਜੰਗਾਂ ਹਿੰਦੂ ਰਾਜਿਆਂ ਨਾਲ, ਫਿਰ ਸਿੱਖਾਂ ਨਾਲ ਹੁੰਦੀਆਂ ਰਹੀਆਂ। ਪਰ ਕਿਸੇ ਨੂੰ ਕਦੀ ਇਹ ਖਿਆਲ ਨਹੀਂ ਆਇਆ ਕਿ ਮੁਲਕ ਜਾਂ ਰਿਆਸਤ ਧਾਰਮਿਕ ਆਧਾਰ ਤੇ ਵੰਡ ਲਈਏ, ਹਿੰਦੂ ਜਾਂ ਸਿੱਖ ਜਾਂ ਮੁਸਲਮਾਨ "ਆਪੋ ਆਪਣੇ ਇਲਾਕਿਆਂ" ਵਿਚ ਰਹਿਣ ਲੱਗ ਜਾਣ। ਰਣਜੀਤ ਸਿੰਘ ਦੇ ਰਾਜ ਵਿਚ ਕਰੀਬ 7% ਸਿੱਖ, 28% ਹਿੰਦੂ ਅਤੇ 65% ਮੁਸਲਮਾਨ ਸਹਿਹੋਂਦ ਵਿਚ ਰਹਿੰਦੇ ਰਹੇ, ਸਰਕਾਰੀ ਅਹੁਦਿਆਂ ਵਿਚ ਇਕੱਠੇ ਬਿਰਾਜਮਾਨ ਰਹੇ। ਏਸ ਲਈ ਕਿ ਅਸਲ ਵਿਚ ਉਹ ਇਕ ਹੀ 'ਪੰਜਾਬੀ ਭਾਈਚਾਰਾ' ਸੀ। ਇਕੋ Population ਦੇ ਬੰਦਿਆਂ ਵਿਚੋਂ ਸੈਂਕੜੇ ਸਾਲਾਂ ਦੌਰਾਨ ਕੁਝ ਪਹਿਲਾਂ ਹਿੰਦੂ, ਫਿਰ ਬੋਧੀ, ਫਿਰ ਮੁਸਲਮਾਨ, ਫਿਰ ਸਿੱਖ ਬਣ ਗਏ। ਪਾਠ ਪੂਜਾ ਦੀਆਂ ਵਿਧੀਆਂ ਨੂੰ ਛਡ ਕੇ ਉਨ੍ਹਾਂ ਦਾ ਭੋਜਨ, ਪਹਿਰਾਵਾ, ਮੇਲੇ, ਇਤਿਹਾਸ, ਬਹੁਤ ਸਾਰਾ ਮਿਥਿਹਾਸ, ਤੇ ਇਕ ਦੂਜੇ ਲਈ ਸਮਾਜਕ ਆਦਰ ਲਗਭਗ ਸਾਂਝਾ ਹੀ ਰਿਹਾ। ਇਕ ਪਰਿਵਾਰ ਵਿਚ ਹੀ ਇਕ ਤੋਂ ਵਧ ਧਰਮਾਂ ਦੇ ਬੰਦੇ ਹੋਣੇ ਆਮ ਸਨ। ਛਡ ਕੇ ਜਾਣਾ ਕਿੱਥੇ ਸੀ?

ਵੰਡਣ ਦਾ ਖਿਆਲ ਅੰਗਰੇਜ਼ਾਂ ਨੂੰ ਆਇਆ। ਪਰ ਜੋ ਖਿਆਲ ਸਾਨੂੰ ਕਦੀ ਆਇਆ ਹੀ ਨਹੀਂ ਸੀ, ਉਹ ਅਸੀਂ ਮੰਨ ਕਿਵੇਂ ਲਿਆ?

• • •

ਸਿਰਫ਼ ਪੰਜਾਬ ਦੇ ਸੰਦਰਭ ਵਿਚ ਤੇ ਸਿਰਫ਼ ਹਿੰਦੂ ਸਿੱਖ ਮੁਸਲਮਾਨ ਦੇ ਹਵਾਲੇ ਨਾਲ ਗੱਲ ਕਰਦੇ ਹਾਂ। ਸਾਡਾ ਤਿੰਨਾਂ ਮਜ਼੍ਹਬਾਂ ਦੇ ਲੋਕਾਂ ਦਾ ਇਹ ਅਹਿਸਾਸ ਕਿ - "ਸਾਡਾ ਧਰਮ ਦੂਜੇ ਦੋਹਾਂ ਨਾਲੋਂ ਬੇਹਤਰ ਜਾਂ ਉੱਚਾ ਹੈ"- ਸਾਡੀ ਵੰਡ ਦਾ ਕਾਰਣ ਸੀ। ਇਹ ਅਹਿਸਾਸ ਅਸੀਂ ਹਾਲੇ ਵੀ ਨਹੀਂ ਛੱਡਿਆ।

ਸਿੱਖਾਂ ਵਿਚ ਬਾਰ ਬਾਰ ਇਹ ਪੱਕਾ ਕੀਤਾ ਜਾਂਦਾ ਹੈ ਕਿ ਹਿੰਦੂ ਕਮਜ਼ੋਰ, ਸਿੱਖ ਤਕੜੇ, ਮੁਸਲਮਾਨ ਜਾਬਰ ਅਤੇ ਸਿਰਫ਼ ਸਿੱਖ ਨਿਆਂਪੂਰਣ ਹਨ। ਵੱਡੀ ਗਿਣਤੀ ਵਿਚ ਅੰਮ੍ਰਿਤਧਾਰੀ ਸਿੱਖ ਅੰਮ੍ਰਿਤ ਨਾ ਛਕਣ ਵਾਲਿਆਂ ਨੂੰ ਅਤੇ ਕੇਸ ਰੱਖਣ ਵਾਲੇ ਸਹਿਜਧਾਰੀਆਂ ਨੂੰ ਨੀਵਾਂ ਸਮਝਦੇ ਹਨ। ਬਹੁਤ ਸਾਰੇ ਸਨਾਤਨੀ ਹਿੰਦੂ ਆਪਣੇ ਆਪ ਨੂੰ ਅਸਲੀ ਸ਼ੁੱਧ ਧਾਰਮਿਕ ਮਨੁੱਖ ਮੰਨਦੇ ਹਨ, ਉਨ੍ਹਾਂ ਲਈ ਹਰ ਮੁਸਲਮਾਨ ਮਲੇਛ ਹੈ। ਮੇਰਾ ਪਾਕਿਸਤਾਨੀ ਦੋਸਤ ਜਿਸਨੂੰ ਬਹੁਤ ਉਰਦੂ ਸ਼ਾਇਰੀ ਯਾਦ ਹੈ, ਹਲੀਮ ਅਤੇ ਕੋਮਲ ਬੰਦਾ ਹੈ, ਪਾਕਿਸਤਾਨ ਵਿਚਲੀ ਐਕਸੀਅਨ ਦੀ ਨੌਕਰੀ ਸਿਰਫ਼ ਏਸ ਲਈ ਛਡ ਕੇ ਕਨੇਡਾ ਆ ਗਿਆ ਕਿ ਓਥੇ ਰਿਸ਼ਵਤ ਲੈਣੀ ਹੀ ਪੈਂਦੀ ਸੀ, ਇਕ ਦਿਨ ਕਹਿਣ ਲੱਗਾ : 'ਹਜ਼ਰਤ ਮੁਹੰਮਦ ਸਾਹਿਬ ਮਗਰੋਂ ਦੁਨੀਆਂ ਵਿਚ ਕੋਈ ਹੋਰ ਪੈਗੰਬਰ ਨਹੀਂ ਹੋਇਆ, ਉਹ ਆਖ਼ਰੀ ਸਨ'। ਮੈਥੋਂ ਪੁੱਛੇ ਬਿਨਾ ਨਾ ਰਿਹਾ ਗਿਆ : 'ਕੀ ਅੱਲਾ ਨੇ ਓਸ ਮਗਰੋਂ ਬੰਦਿਆਂ ਨੂੰ ਅਕਲ ਵੰਡਣੀ ਬੰਦ ਕਰ ਦਿੱਤੀ ਸੀ?' ਬਹੁਤ ਸਿੱਖਾਂ ਲਈ ਇਹ ਮੰਨਣਾ ਮੁਸ਼ਕਲ ਹੈ ਕਿ ਬੁੱਧ ਅਤੇ ਮਹਾਂਵੀਰ ਦੀ ਅਧਿਆਤਮਕ ਅਵਸਥਾ ਨਾਨਕ ਵਾਲੀ ਹੀ ਸੀ। ਕੈਨੇਡਾ ਦੇ ਇਕ ਛੋਟੇ ਸ਼ਹਿਰ ਵਿਚ ਰਹਿੰਦਿਆਂ ਉਥੋਂ ਦੇ ਗੁਰਦਵਾਰੇ ਦੇ ਪ੍ਰਧਾਨ ਨੇ ਚੋਣ ਵੇਲੇ ਸ਼ਰਤ ਲਾਗੂ ਕੀਤੀ : "ਵੋਟ ਪਾਉਣ ਲਈ ਲਿਖਕੇ ਦੇਣਾ ਪਏਗਾ ਕਿ ਤੁਸੀਂ ਸਿਰਫ਼ ਤੇ ਸਿਰਫ਼ ਗੁਰੂ ਨਾਨਕ ਦੇਵ ਜੀ ਦੇ ਰਾਹ ਤੇ ਹੀ ਯਕੀਨ ਕਰਦੇ ਹੋ। ਮੈਂ ਉਸਨੂੰ ਪੁੱਛਿਆ : 'ਗੁਰੂ ਨਾਨਕ ਦੇਵ ਜੀ ਨੇ ਇਹ ਕਿੱਥੇ ਲਿਖਿਆ ਹੈ - ਜੇ ਹੋਰ ਕਿਤੋਂ ਅਕਲ ਮਿਲਦੀ ਹੋਵੇ ਤਾਂ ਬਿਲਕੁਲ ਨਹੀਂ ਲੈਣੀ! ਰੋਗ ਦਾ ਇਲਾਜ ਸਿਰਫ਼ ਸਿੱਖ ਵੈਦ ਤੋਂ ਹੀ ਕਰਵਾਉਣਾ ਹੈ!'

ਇਹ 'ਧਾਰਮਿਕ-ਸਵੈ-ਸੱਤਾ' (Religious Self-Superiority) ਦੇ ਅਹਿਸਾਸ ਸਾਡੀ ਕਿਹੜੀ ਲੋੜ ਪੂਰੀ ਕਰਦੇ ਹਨ? ਇਹ ਸਮਝਣ ਦੀ ਲੋੜ ਹੈ।

ਇਹ ਅਹਿਸਾਸ ਪ੍ਰਮਾਤਮਾ ਦੀ ਭਾਲ ਵਿਚੋਂ ਤਾਂ ਬਿਲਕੁਲ ਨਹੀਂ ਉਪਜੇ। ਧਰਤੀ ਦੀ 8 ਅਰਬ ਮੌਜੂਦਾ ਆਬਾਦੀ ਵਿੱਚੋਂ ਲੱਖ ਬੰਦਾ ਵੀ ਮਸਾਂ ਹੋਣਾ ਜਿਹੜਾ ਪ੍ਰਮਾਤਮਾ ਦੀ ਐਸ ਵੇਲੇ ਤਲਾਸ਼ ਕਰ ਰਿਹਾ ਹੋਵੇ। ਰਜਨੀਸ਼ ਆਖਦਾ ਹੈ : 'ਤੁਸੀਂ ਰੱਬ ਨਹੀਂ, ਨਿਜੀ ਦੁੱਖਾਂ ਦਾ ਇਲਾਜ ਲੱਭਣ ਧਰਮ-ਅਸਥਾਨ ਤੇ ਜਾਂਦੇ ਹੋ। ਹੱਲ ਹੋਰ ਕਿਤੋਂ ਲੱਭ ਪਵੇ ਤਾਂ ਮਿਲਿਆ ਰੱਬ ਵੀ ਰਾਹ ਵਿਚ ਛਡ ਦਿਉਗੇ'।

ਇਹ ਧਾਰਮਿਕ ਹੋਣ ਦੀ ਤਾਂਘ ਵੀ ਨਹੀਂ ਕਿਉਂਕਿ ਹਰ ਧਰਮ ਦਾ ਪਹਿਲਾ ਅਤੇ ਮੂਲ ਮਕਸਦ ਇਹ ਹੈ : ਆਪਣੀ ਵੱਖਰੀ ਹੋਂਦ ਨੂੰ ਤਿਆਗ ਕੇ ਅਨੰਤ ਕਰਤਾਰੀ ਹੋਂਦ ਵਿਚ ਘੁਲ ਜਾਣਾ। ਧਰਮ ਮੁਢਲੇ ਤੌਰ ਤੇ ਹੰਕਾਰ (ਆਪਣੀ ਵੱਖਰੀ ਹੋਂਦ ਜਾਂ ਪਛਾਣ) ਤੋਂ ਉਲਟ ਦਿਸ਼ਾ ਦੀ ਯਾਤਰਾ ਹੈ। ਪਰ ਆਪਣੇ ਧਰਮ ਨੂੰ ਦੂਜੇ ਧਰਮਾਂ ਤੋਂ ਉੱਚੇ ਸਮਝਣਾ ਅਸਲ ਵਿਚ ਹੰਕਾਰ ਦੀ ਹੀ ਯਾਤਰਾ ਹੈ।

• • •

ਰੋਟੀ ਕੱਪੜਾ ਮਕਾਨ ਅਤੇ ਸਾਥੀ ਮਿਲ ਜਾਣ ਮਗਰੋਂ ਮਨੁੱਖੀ ਮਨ ਪ੍ਰਸੰਨ ਰਹਿਣਾ ਚਾਹੁੰਦਾ ਹੈ ਅਤੇ ਵਿਸ਼ਵਾਸ ਕਰਨਾ ਚਾਹੁੰਦਾ ਹੈ ਕਿ ਉਹਦਾ ਹੋਣਾ ਦੂਜਿਆਂ ਲਈ ਵੀ ਮਹੱਤਵਪੂਰਣ ਹੈ। ਪਰ ਆਮ ਬੰਦੇ ਦਾ ਜੀਵਨ ਅੱਜ ਏਨਾ ਨਿਗੂਣਾ, ਤਾਕਤਹੀਣ, ਲਗਭਗ ਅਰਥਹੀਣ, ਬਹੁਤ ਵਾਰੀ ਦਿਸ਼ਾਹੀਣ ਅਤੇ ਜ਼ਰੂਰੀ ਲੋੜਾਂ ਪੂਰੀਆਂ ਕਰਨ ਲਈ ਦੁੱਖ ਝਲਦਿਆਂ ਬੀਤਦਾ ਹੈ ਕਿ ਆਪਣੇ ਆਪ ਨੂੰ ਵਿਅਕਤੀ ਵਜੋਂ ਉੱਚਾ ਜਾਂ ਵੱਡਾ ਸਮਝਣਾ ਹੀ ਅਸੰਭਵ ਹੈ। ਸਿਆਸੀ ਅਤੇ ਆਰਥਿਕ ਸਿਸਟਮ ਦਾ ਪੂਰਾ ਜ਼ੋਰ ਹੀ ਇਸ ਤੇ ਹੈ ਕਿ ਆਮ ਬੰਦਾ ਆਪਣੇ ਆਪ ਨੂੰ ਵੱਡਾ ਜਾਂ ਤਾਕਤਵਰ ਸਮਝੇ ਹੀ ਨਾ। ਸਮਝ ਗਿਆ ਤਾਂ ਬਗਾਵਤ ਕਰੇਗਾ।

ਜੇ ਅੱਜ ਆਮ ਬੰਦੇ ਨੂੰ - ਪੀਲੀ ਬੱਤੀ ਵਿਚੋਂ ਗੱਡੀ ਕੱਢ ਲੈਣਾ, ਫ਼ਾਟਕ ਦੇ ਡਿੱਗਣੋਂ ਪਹਿਲਾਂ ਹੇਠੋਂ ਨਿਕਲ ਜਾਣਾ, ਦੂਜੇ ਨੂੰ ਰਾਹ ਵਿਚ ਆਪਣੇ ਤੋਂ ਅੱਗੇ ਨਾ ਲੰਘਣ ਦੇਣਾ, ਜਾਂ ਸੇਲ ਵਿੱਚ ਕਮੀਜ਼ 40% ਘੱਟ ਮੁੱਲ ਤੇ ਖਰੀਦ ਲੈਣਾ - ਅੱਜ ਦੇ ਦਿਨ ਦੀ 'ਪ੍ਰਾਪਤੀ' ਜਾਪਣ ਲੱਗ ਪਵੇ ਤਾਂ ਸਮਝ ਲੈਣਾ ਚਾਹੀਦਾ ਹੈ - ਸਾਡਾ ਆਮ ਜੀਵਨ ਕਿਸ ਹੱਦ ਤਕ ਗਰਕ ਗਿਆ ਹੈ। ਤੀਹ ਸਾਲ ਪਹਿਲਾਂ ਪੀ.ਏ.ਯੂ. ਦੇ ਪ੍ਰੋਫ਼ੈਸਰ ਨੂੰ ਸਾਮ ?ਹਣੇ ਦੀ ਕਲੋਨੀ ਰਣਧੀਰ ਸਿੰਘ ਨਗਰ ਵਿਚ ਮਕਾਨ ਕਿਰਾਏ ਤੇ ਦੇਣ ਤੋਂ ਨਾਂਹ ਕਰਦਿਆਂ ਮਕਾਨ-ਮਾਲਕ ਨੇ ਕਿਹਾ : 'ਤੁਹਾਥੋਂ ਕਿਰਾਇਆ Afford ਨਹੀਂ ਹੋਣਾ!' ਕਈ ਦਹਾਕੇ ਪਹਿਲਾਂ ਅੰਮ੍ਰਿਤਸਰ ਵਿਚ ਇਕ ਪੁਲਿਸ ਕਰਮਚਾਰੀ ਨੇ ਜਦ ਆਪਣੀ ਬੇਟੀ ਨੂੰ ਛੇੜਦੇ ਦੋ ਮੁੰਡਿਆਂ ਨੂੰ ਰੋਕਿਆ ਤਾਂ ਉਨ੍ਹਾਂ ਉਸਨੂੰ ਖੜੇ ਪੈਰੀਂ ਗੋਲੀ ਮਾਰ ਦਿੱਤੀ। ਪੈਰ ਪੈਰ ਤੇ ਮੰਗੀ ਰਿਸ਼ਵਤ ਦੀ ਤਾਂ ਗੱਲ ਛੱਡੋ, ਰਿਸ਼ਵਤ ਦੇ ਕੇ ਬਣੇ ਅਫ਼ਸਰ ਦੀ ਗੱਡੀ ਨੂੰ ਲਾਲ ਬੱਤੀ ਵਿਚੋਂ ਲੰਘ ਦੀ ਪਹਿਲ ਮਿਲਦੀ ਹੈ। ਅਜਿਹੇ ਸਿਸਟਮ ਵਿਚ ਗਰੀਬ ਤੋਂ ਇਲਾਵਾ ਆਮ ਜਾਂ ਰੋਟੀ ਖਾਂਦੇ ਬੰਦੇ ਦੀ ਹੈਸੀਅਤ ਵੀ ਕੀ ਹੈ? ਪੰਜਾਬ ਦੇ ਖਾੜਕੂਵਾਦ ਤੇ ਬਣੀ ਗੁਲਜ਼ਾਰ ਦੀ ਊਣਤਾਈਆਂ ਨਾਲ ਭਰੀ ਫ਼ਿਲਮ 'ਮਾਚਿਸ' ਦੇ ਮੁੱਖ ਬਾਗੀ ਪਾਤਰ ਨੂੰ ਕੋਈ ਸਵਾਲ ਕਰਦਾ ਹੈ : 'ਤੇਰਾ ਸਿਸਟਮ ਨਾਲ ਝਗੜਾ ਕੀ ਹੈ?' ਉਹ ਕਹਿੰਦਾ ਹੈ : "ਸਿਸਟਮ ਸਾਬਤ ਕਰਨ ਤੇ ਤੁਲਿਆ ਹੈ ਕਿ ਮੈਂ ਨਪੁੰਸਕ ਹਾਂ, ਤੇ ਮੈਂ ਸਾਬਤ ਕਰਨ ਤੇ ਤੁੱਲਿਆ ਹਾਂ - ਮੈਂ ਨਪੁੰਸਕ ਨਹੀਂ!

ਅਧਿਆਤਮਕ ਮਨੁੱਖ ਅਜਿਹੀਆਂ ਲੋੜਾਂ ਤੋਂ ਮੁਕਤ ਹੁੰਦਾ ਹੈ ਪਰ 'ਹੈਸੀਅਤ', 'ਮਾਣ', 'ਉਚਾਈ', 'ਸਵੈ-ਆਦਰ' ਦਾ ਅਹਿਸਾਸ - ਆਮ ਬੰਦੇ ਨੂੰ ਸਵੈ-ਵਿਸ਼ਵਾਸ ਨਾਲ ਭਰ ਕੇ ਜੀਣ ਲਈ ਚਾਹੀਦੇ ਹਨ। 60 ਵਰ੍ਹੇ ਪਹਿਲਾਂ ਦੇ ਪੰਜਾਬ ਵਿਚ ਪੜ੍ਹਿਆ ਲਿਖਿਆ ਜਾਂ ਸਕੂਲ ਮਾਸਟਰ ਹੋਣਾ ਵੀ ਪਿੰਡ ਵਿਚ ਮਾਣ ਵਾਲੀ ਗੱਲ ਸੀ, ਅੱਜ ਨਹੀਂ ਰਹੀ। ਜਦ ਸਾਡਾ ਮਨੁੱਖ ਹੋਣਾ, ਕਮਾਊ, ਕਾਬਲ, ਚੰਗੇ ਹੋਣਾ ਜਾਂ ਦੂਜਿਆਂ ਦਾ ਫ਼ਿਕਰ ਕਰਨਾ - ਸਾਨੂੰ ਸਮਾਜ ਵਿਚ ਆਦਰ ਨਹੀਂ ਦਿੰਦੇ ਤਾਂ ਫਿਰ ਆਮ ਬੰਦਾ ਇਹੀ ਵਿਧੀ ਸੋਚਣ ਵਰਤਣ ਲੱਗ ਜਾਂਦਾ ਹੈ ਕਿ - "ਮੈਂ ਜਿਸ ਧਰਮ/ਜਾਤ/ਕਬੀਲੇ ਵਿਚੋਂ ਹਾਂ, ਉਹ ਹੋਰ ਕਰੋੜਾਂ ਨਾਲੋਂ Superior ਹੈ, ਇਸ ਲਈ ਮੈਂ ਵੀ Superior ਹਾਂ।

ਇਹ ਸੱਚ ਨਹੀਂ, ਭਰਮ ਹੈ, ਮਨ ਦਾ ਘੜਿਆ Projection ਹੈ। ਇਹ 47 ਵਰਗੀ ਹਿੰਸਾ ਅਤੇ ਵੰਡ ਦਾ ਮੂਲ ਸ੍ਰੋਤ ਹੈ।

ਸਾਨੂੰ ਦੂਜੇ ਧਰਮ ਦੇ ਬੰਦਿਆਂ ਤੋਂ ਨਹੀਂ, ਆਪਣੇ ਮਨ ਦੇ ਅਜਿਹੇ ਖਿਆਲਾਂ ਤੋਂ ਖ਼ਤਰਾ ਹੈ। ਸਾਨੂੰ ਆਪਣੇ ਵਰਗੇ ਲਾਚਾਰ ਤੇ ਜੀਣ ਦਾ ਸੰਘਰਸ਼ ਕਰਦੇ ਦੂਜੇ ਬੰਦੇ ਨੂੰ ਵੱਢਣ ਦੀ ਨਹੀਂ, ਉਸ ਸਿਆਸੀ-ਆਰਥਕ ਤੰਤਰ ਦੇ ਗਲ? ਪੈਣ ਦੀ ਲੋੜ ਹੈ ਜਿਸਨੇ ਸਾਨੂੰ ਏਸ ਹਾਲਤ ਵਿਚ ਲੈ ਆਂਦਾ ਹੈ ਕਿ ਅਸੀਂ ਮਜ਼੍ਹਬੀ ਕਾਤਲ ਹੋਣ ਤਕ ਗਰਕ ਜਾਣ ਦੀ ਵੀ ਕੋਈ ਗਿਲਾਨੀ ਨਹੀਂ ਮੰਨਦੇ, ਸਗੋਂ ਏਹਨੂੰ 'ਧਾਰਮਕ ਪ੍ਰਾਪਤੀ' ਦਾ ਚਿੰਨ੍ਹ ਗਿਣਦੇ ਹਾਂ।

ਉਹ ਅੰਗਰੇਜ਼ ਜਿਨ੍ਹਾਂ 47 ਵਿਚ ਸਾਨੂੰ ਧਰਮ ਦੇ ਆਧਾਰ ਤੇ ਵੰਡਿਆ, ਉਹ ਜਿਹੜੇ ਦਿੱਲੀ ਬੈਠੇ ਹਿੰਦੂ-ਸਾਮਰਾਜ ਲਾਗੂ ਕਰਨ ਦੀ ਕੋਸ਼ਿਸ਼ ਵਿਚ ਹਨ, ਤੇ ਉਹ ਜਿਹੜੇ ਪੰਜਾਬ ਵਿਚ ਕਿਸੇ ਖਾਸ ਧਰਮ ਜਾਂ ਫ਼ ?ਰਕੇ ਦਾ ਰਾਜ ਕਾਇਮ ਕਰਨਾ ਚਾਹੁੰਦੇ ਹਨ - ਉਨ੍ਹਾਂ ਤਿੰਨਾਂ ਦੀ ਬਿਰਤੀ ਇੱਕੋ ਹੀ ਹੈ! ਉਹ ਇਕ ਦੂਜੇ ਦਾ ਨਾਂ ਲੈ ਕੇ ਸਾਨੂੰ ਡਰਾ ਰਹੇ, ਮਾਰ ਰਹੇ, ਤੇ ਆਪਣੇ ਆਪ ਨੂੰ ਸਹੀ ਠਹਿਰਾਅ ਰਹੇ ਹਨ। ਜੇ ਏਨ੍ਹਾਂ ਤਿੰਨਾਂ ਵਿਚੋਂ ਕੋਈ ਇਕ ਵੀ ਤੁਹਾਨੂੰ ਸਹੀ ਲਗਦਾ ਹੈ, ਤਾਂ ਫ਼ ?ਰ ਮੰਨ ਲਉ ਕਿ 47 ਦੀ ਵੰਡ ਅਤੇ ਏਨੇ ਬੇਦੋਸ਼ਿਆਂ ਦਾ ਮਾਰੇ ਜਾਣਾ ਵੀ ਸਹੀ ਸੀ, ਫ਼ਿਰ 84 ਨੂੰ ਵੀ ਸਹੀ ਮੰਨਣਾ ਪਏਗਾ।

ਪਰ ਅਸੀਂ ਜਾਣਦੇ ਹਾਂ ਕਿ ਇਹ ਸਹੀ ਨਹੀਂ ਸੀ ... ਨਾ ਹੋਵੇਗਾ ...

ਆਪਣੇ ਅੰਦਰ 'ਵੱਡੇ ਹੋਣ' ਦਾ ਅਹਿਸਾਸ ਤਾਂ ਦੂਜੇ ਮਨੁੱਖ ਦਾ ਭਲਾ ਕਰਨ, ਰਾਖੀ ਕਰਨ, ਸੁੱਖ ਦੇਣ ਨਾਲ ਵੀ ਉਪਜ ਸਕਦਾ ਹੈ। ਇਹ ਏਨਾ ਸੰਤੋਖ-ਭਰਿਆ ਹੋ ਸਕਦਾ ਹੈ ਜਿੰਨਾ ਆਪਣੇ ਧਰਮ ਦੀ Superiority ਦਾ ਅਹਿਸਾਸ ਵੀ ਨਹੀਂ ਹੁੰਦਾ। ਜੇ ਏਸ ਗੱਲ ਨੂੰ ਪਰਤਿਆਉਣਾ ਹੀ ਹੈ ਤਾਂ ਏਹੀ ਦੇਖ ਲਉ ਕਿ ਆਪਣੇ ਬੱਚੇ ਦੀ ਸਾਂਭ ਸੰਭਾਲ ਕਰਦਿਆਂ ਕਿਸ ਤਰ੍ਹਾਂ ਦਾ ਸੁੱਖ ਮਿਲਦਾ ਹੈ! ਇਹੀ ਸੁੱਖ ਹੋਰਨਾਂ ਨਾਲ ਇਉਂ ਕੀਤਿਆਂ ਵੀ ਤਾਂ ਸੰਭਵ ਹੈ!!

• • •

ਚਲੋ! ਅਸੀਂ 47 ਦੀ ਵੰਡ ਨੂੰ ਮੰਨ ਵੀ ਲਿਆ-ਤਾਂ ਇਕ ਦੂਜੇ ਨੂੰ ਵੱਢਣ-ਟੁੱਕਣ ਦਾ ਕੰਮ ਕਿਉਂ ਕੀਤਾ? ਸਾਨੂੰ ਇਹ ਕਰਨ ਲਈ ਕਿਹੜੇ ਗੋਰੇ ਨੇ ਆ ਕੇ ਕਿਹਾ ਸੀ? ਦੂਜੀ ਵੱਡੀ ਜੰਗ ਮਗਰੋਂ ਤਾਂ ਜਰਮਨੀ, ਵੀਅਤਨਾਮ ਅਤੇ ਕੋਰੀਆ ਵੀ ਵੰਡੇ ਗਏ। ਪਰ ਏਨੀ ਵੱਢ-ਟੁੱਕ ਓਥੇ ਨਹੀਂ ਹੋਈ! ਏਸ ਗੱਲ ਦੇ ਫੌਜੀ, ਭੂਗੋਲਿਕ, ਸਮਾਜਕ ਅਤੇ ਸਭਿਆਚਾਰਕ ਕਾਰਣ ਵੀ ਸਨ। ਪਰ ਸਾਨੂੰ ਤਾਂ ਆਪਣੀ ਮੋਈ ਮਾਰੀ ਅਸਲ ਗਿਣਤੀ ਦਾ ਵੀ ਪੱਕਾ ਪਤਾ ਨਹੀਂ - ਕਿਆਸ 2 ਲੱਖ ਤੋਂ 20 ਲੱਖ ਦਾ ਹੈ।

ਇਕ ਦੂਜੇ ਨੂੰ ਮਾਰਨਾ ਸਾਰੀ ਵੱਸੋਂ ਦੀ ਚੋਣ ਨਹੀਂ ਸੀ। ਸਾਡੇ ਵਿਚਲੇ ਗੁੰਡਾ ਅੰਸ਼ ਦੀ ਸੀ। ਉਨ੍ਹਾਂ ਨੂੰ ਰੋਕਣ ਵਾਲਾ ਕੋਈ ਨਾ ਸੀ। ਆਮ ਬੰਦਾ ਉੱਜੜ ਕੇ ਬਚਣ ਦਾ, ਦੂਜੀ ਥਾਂ ਜਾਣ ਦਾ ਰਾਹ ਲੱਭ ਰਿਹਾ ਸੀ। ਅੰਗਰੇਜ਼ਾਂ ਨੂੰ ਇਹ ਵੱਢ-ਟੁੱਕ ਰਾਸ ਆਉਂਦੀ ਸੀ। ਜਰਮਨੀ ਅਤੇ ਵੀਅਤਨਾਮ ਵਿਚ ਵੱਢ-ਟੁੱਕ ਨਹੀਂ ਹੋਈ ਤਾਂ ਉਨ੍ਹਾਂ ਦੀ ਇਕੱਠੇ ਹੋਣ ਦੀ ਤਾਂਘ ਬਣੀ ਰਹੀ ਤੇ ਅੰਤ ਨੂੰ ਵਾਪਰੀ ਵੀ। ਸਾਡੀ ਵੱਢ-ਟੁੱਕ ਨੇ ਸਾਡੇ ਮਨਾਂ ਵਿਚ ਇਕ ਦੂਜੇ ਲਈ ਏਨਾ ਵੈਰ ਭਰ ਦਿੱਤਾ ਕਿ ਅਸੀਂ ਇਕ ਦੂਜੇ ਦਾ ਜੋ ਹਾਲੇ ਬਚ ਗਿਆ ਹੈ, ਉਹ ਵੀ ਖ਼ਤਮ ਕਰ ਦੇਣ ਲਈ 5 ਜੰਗਾਂ ਲੜਦੇ ਹਾਂ। ਸਾਡੇ ਇਕੱਠੇ ਹੋਣ ਦੀ ਸੰਭਾਵਨਾ ਜੇ ਮੁੜ ਨਹੀਂ ਬਣੀ ਤਾਂ 47 ਵਿਚ ਸਾਨੂੰ ਵੰਡਣ ਵਾਲਿਆਂ ਨੂੰ ਹੋਰ ਕੀ ਚਾਹੀਦਾ ਹੈ? ਉਨ੍ਹਾਂ ਦੇ ਹਥਿਆਰ ਵਿਕੀ ਜਾ ਰਹੇ ਹਨ, ਅਸੀਂ ਕਮਜ਼ੋਰ ਅਤੇ ਨਿਰਭਰ ਹੋਈ ਜਾ ਰਹੇ ਹਾਂ ...

ਸਾਡੇ ਵਿਚ ਹਿੰਸਕ ਬੰਦੇ ਕੌਣ ਸਨ? ਇਹ ਪਹਿਲਾਂ ਕਿੱਥੇ ਲੁੱਕੇ ਹੋਏ ਸਨ?

Population Studies ਦੱਸਦੀਆਂ ਹਨ ਕਿ ਸ਼ਾਂਤ ਸਮਿਆਂ ਵਿਚ ਛੋਟੀ ਜਿਹੀ ਗਿਣਤੀ - ਸਿਰਫ਼ 1% ਜਣੇ ਆਮ ਤੌਰ 'ਤੇ ਦੋ ਤਿਹਾਈ ਜੁਰਮਾਂ ਲਈ ਜ਼ਿੰਮੇਵਾਰ ਹੁੰਦੇ ਹਨ। ਪਰ ਛੋਟੇ ਸਮਾਜਾਂ ਵਿਚ ਜੇਕਰ ਦੰਗੇ ਜਾਂ ਯੁੱਧ ਵਰਗੀ ਸਥਿਤੀ ਪੈਦਾ ਹੋ ਜਾਵੇ ਤਾਂ 40–50% ਬੰਦੇ ਉਨ੍ਹਾਂ ਵਿਚ ਹਿੱਸਾ ਲੈ ਸਕਦੇ ਹਨ। ਅਰਥਾਤ : ਸਾਡੇ ਵਿਚੋਂ ਹਰ ਦੂਜਾ ਬੰਦਾ ਮੌਕਾਪ੍ਰਸਤ ਜਰਾਇਮ ਹੋਣ ਦੇ ਸਮਰੱਥ ਹੈ।

• • •

**ਸੰਨ 1998** : ਮੇਰੀ ਭੈਣ ਨੂੰ ਬੂਟਿਆਂ ਦਾ ਚਾਅ ਸੀ। ਉਹਦੇ ਘਰ ਪਰਦੇਸੋਂ ਆਏ ਮਹਿਮਾਨ ਦੇ 3 ਸਾਲਾ ਬੱਚੇ ਨੇ ਬਹੁਤੇ ਬੂਟਿਆਂ ਦੇ ਪੱਤੇ ਇਕ ਇਕ ਕਰਕੇ ਤੋੜ ਦਿੱਤੇ। ਉਨ੍ਹਾਂ ਵਿਚ 'ਰਬੜ–ਪਲਾਂਟ' ਵੀ ਸੀ ਜਿਸਦਾ ਇਕ ਪੱਤਾ ਉੱਗਣ ਨੂੰ 6 ਮਹੀਨੇ ਲੱਗ ਜਾਂਦੇ ਹਨ। ਉਸ ਬੱਚੇ ਨੂੰ ਹਿੰਸਾ ਵਿਚ ਰਸ ਸੀ। ਸਾਡੇ ਵਿਚ ਬਹੁਤ ਅਜਿਹੇ ਬੰਦੇ ਤੁਰੇ ਫਿਰਦੇ ਹਨ ਜਿਨ੍ਹਾਂ ਦਾ ਹਿੰਸਾ ਵਿਚ ਗਹਿਰਾ ਰਸ ਹੈ।

ਮਾਂਟੀਰੀਆਲ ਯੂਨੀਵਰਸਿਟੀ ਦੇ ਬੱਚਿਆਂ ਦੇ ਮਾਹਰ ਡਾ. ਰਿਚਰਡ ਟਰੈਂਬਲੇ ਨੇ 35 ਹਜ਼ਾਰ ਬੱਚਿਆਂ ਨੂੰ 5 ਮਹੀਨੇ ਤੋਂ 20 ਸਾਲ ਦੀ ਉਮਰ ਤਕ ਸਟੱਡੀ ਕਰਕੇ ਨਤੀਜਾ ਕੱਢਿਆ ਕਿ ਆਮ ਬੱਚਾ ਡੇਢ ਸਾਲ ਦੀ ਉਮਰ ਅਪੜਦਿਆਂ ਹਿੰਸਕ ਪ੍ਰਵਿਰਤੀ ਦੀ ਸਿਖਰ ਤੇ ਪਹੁੰਚ ਜਾਂਦਾ/ਸਕਦਾ ਹੈ–ਦੂਜੇ ਬੱਚਿਆਂ ਨੂੰ ਕੁੱਟਣਾ, ਚੱਕ ਮਾਰਨੇ, ਖਿਡੌਣੇ ਖੋਹਣੇ, ਚੀਜ਼ਾਂ ਨੂੰ ਚੁੱਕ ਚੁੱਕ ਸੁੱਟਣਾ, ਚੀਕਣਾ, ਡਰਾਉਣਾ, ਆਦਿ। ਫ਼ਿਰ 2 ਤੋਂ 5 ਸਾਲ ਤਕ ਉਹਦਾ ਪਰਵਾਰ ਅਤੇ ਆਲਾ–ਦੁਆਲਾ ਉਹਦੀ ਇਸ ਬਿਰਤੀ ਦਾ ਵਿਰੋਧ ਕਰਕੇ ਉਹਨੂੰ ਨਰਮ ਕਰਦਾ ਹੈ, ਪਰ ਜੇ ਨਾ ਕਰੇ ਤਾਂ ਬੱਚਾ ਲੰਮਾ ਸਮਾਂ ਹਿੰਸਕ ਰਹਿੰਦਾ ਹੈ। ਹਿੰਸਕ ਬੱਚਿਆਂ ਵਿਚ ਉਨ੍ਹਾਂ ਦਾ ਸੁਭਾਅ ਬਦਲਣ/ਨਰਮ ਕਰਨ ਵਾਲੇ ਕਈ Genes ਐਸੇ ਹੁੰਦੇ ਹਨ ਜਿਹੜੇ ਪ੍ਰਗਟ (Express) ਨਹੀਂ ਹੋਏ ਹੁੰਦੇ। ਗਰਭ ਅਵਸਥਾ ਵਿਚ ਸ਼ਰਾਬ ਜਾਂ ਤਮਾਕੂ ਸੇਵਨ, ਮਾੜੀ ਖ਼ੁਰਾਕ ਜਾਂ ਮਾਂ ਨੂੰ ਬਹੁਤਾ ਤਣਾਅ - ਹਿੰਸਕ ਸੁਭਾਅ ਦੇ Genes ਨੂੰ ਨਵਜੰਮੇ ਬੱਚੇ ਅੰਦਰ Express ਹੋਣ ਵਿਚ ਸਹਾਇਤਾ ਕਰਦਾ ਹੈ।

ਬਹੁਤ ਲੋਕ ਹਨ ਜਿਹੜੇ ਪਹਿਲਾਂ ਨਕਸਲਵਾਦੀ ਸਨ। ਲਹਿਰ ਮੁੱਕਣ ਮਗਰੋਂ ਕੱਟੜ ਧਾਰਮਕ ਹੋ ਗਏ। ਏਨੀ ਉਲਟੀ ਛਾਲ ਕਿਵੇਂ ਵੱਜ ਜਾਂਦੀ ਹੈ? ਚਲੋ ਧਾਰਮਕ ਹੋ ਗਏ ਕਿਉਂਕਿ ਅੰਦਰ ਧਰਮ ਦਾ ਸੰਸਕਾਰ ਬਚਪਨ ਵਿਚ ਧਰਿਆ ਗਿਆ ਹੋਣਾ, ਪਰ ਫ਼ਿਰ ਗਰੀਬ ਗੁਰਬਿਆਂ ਲਈ ਸੋਚਣ ਲੜਣ ਵਾਲਾ ਮਾਰਕਸ ਰਾਤੋ ਰਾਤ ਬੁਰਾ ਕਿਵੇਂ ਹੋ ਗਿਆ? ਸ਼ਾਇਦ ਸਾਰਿਆਂ ਲਈ ਇਹ ਗੱਲ ਸੱਚ ਨਾ ਹੋਵੇ, ਪਰ ਕੀ ਕੁਝ ਕੁ ਨਾਲ ਇਹ ਤਾਂ ਨਹੀਂ ਕਿ - ਨਾ ਉਹ ਪਹਿਲਾਂ ਕਾਮਰੇਡ ਸਨ, ਨਾ ਉਹ ਹੁਣ ਧਾਰਮਕ ਹਨ। ਉਹ ਸਿਰਫ਼ ਹਿੰਸਕ ਬਿਰਤੀ ਦੇ ਬੰਦੇ ਸਨ। ਅੰਦਰਲੀ ਹਿੰਸਾ ਨੂੰ ਰਾਹ ਪਹਿਲਾਂ ਨਕਸਲਵਾਦ 'ਚੋਂ ਲਭਦਾ ਸੀ, ਉਹ ਬੰਦ ਹੋ ਗਿਆ ਤਾਂ ਦੂਜਾ ਲੱਭ ਲਿਆ ...

**ਸੰਨ 1990** : ਮੈਂ ਲੁਧਿਆਣੇ ਬਸ–ਅੱਡੇ ਲਾਗਲੇ ਫ਼ਾਟਕ ਕੋਲ ਸੜਕ ਪਾਰ ਕਰਨ ਲਈ ਖੜਾ ਸਾਂ। ਏਨੀ ਆਵਾਜਾਈ ਸੀ ਕਿ 10 ਮਿੰਟ ਬੀਤਣ ਤੇ ਵੀ ਮੌਕਾ ਨਾ ਮਿਲਿਆ। ਮੇਰੇ ਲਾਗੇ ਖੜਾ 75 ਕੁ ਸਾਲ ਦਾ ਬਜ਼ੁਰਗ ਸਿੱਖ ਬੰਦਾ ਸਬਰ ਗੁਆ ਬੈਠਾ। ਸ਼ਾਇਦ ਉਹਦੀ ਬਸ ਨਿਕਲ ਜਾਣੀ ਸੀ। ਦੋ ਪਗੜੀਧਾਰੀ ਨੌਜੁਆਨ ਮੁੰਡੇ ਸਕੂਟਰ ਤੇ ਲੰਘ ਰਹੇ ਸਨ। ਬਜ਼ੁਰਗ ਸੜਕ ਪਾਰ ਕਰਨ ਲੱਗਾ ਉਨ੍ਹਾਂ ਦੇ ਰਾਹ ਵਿਚ ਆ ਗਿਆ। ਸਕੂਟਰ ਚਲਾਉਂਦੇ ਮੁੰਡੇ ਨੇ ਸਕੂਟਰ ਵਲਾ ਕੇ ਪਾਸੇ ਕੀਤਾ, ਪਿਛਲੇ ਬੈਠੇ ਮੁੰਡੇ ਨੇ ਬਜ਼ੁਰਗ ਨੂੰ ਏਨੀ ਜ਼ੋਰ ਦੀ ਥੱਪੜ ਮਾਰਿਆ ਕਿ ਉਹ ਸੜਕ ਤੇ ਡਿੱਗ ਪਿਆ। ਪਿੱਛੋਂ ਆਉਂਦੇ ਟੱਰਕ ਨੇ ਪੂਰੀ ਬਰੇਕ ਲਾ ਕੇ ਮਸਾਂ ਬਚਾਇਆ। ਇਹ ਚਪੇੜ ਮੈਨੂੰ ਪੰਜਾਬ ਦੀ ਖਾਲਿਸਤਾਨੀ ਲਹਿਰ ਦੇ ਮੂੰਹ ਤੇ ਵੱਜੀ ਜਾਪੀ। ਜੇ 12 ਸਾਲ ਲੜਣ ਮਗਰੋਂ ਇਕ ਨੌਜੁਆਨ ਸਿੱਖ ਨੂੰ ਦੁਗਣੀ ਉਮਰ ਦੇ ਬਜ਼ੁਰਗ ਸਿੱਖ ਦਾ ਏਨਾ ਵੀ ਆਦਰ ਜਾਂ ਫ਼ਿਕਰ ਨਹੀਂ, ਤਾਂ ਖਾਲਿਸਤਾਨ ਬਣਾ ਕੇ ਬਚਾਉਣਾ ਕਿਸਨੂੰ ਹੈ?

• • •

ਇਹਦਾ ਇਹ ਅਰਥ ਨਹੀਂ ਕਿ ਕਿਸੇ ਸਰਕਾਰ ਨੂੰ ਲੋਕਾਂ ਤੇ ਹਿੰਸਾ ਕਰਨ ਦਾ ਹੱਕ ਹੈ। ਅੱਜ ਦੀ ਤਾਰੀਖ ਵਿਚ ਸਰਕਾਰਾਂ ਸਿੱਧੀ ਹਿੰਸਾ ਕਰਨ ਦੀ ਥਾਂ ਸਾਡੇ ਵਿਚੋਂ ਅਜਿਹੇ ਹਿੰਸਕ ਬੰਦਿਆਂ ਨੂੰ ਵਰਤ ਕੇ ਸਾਡੇ ਵਿਰੁੱਧ ਹਿੰਸਾ ਵਰਤਾਅ ਰਹੀਆਂ ਹਨ।

ਸਾਨੂੰ ਆਪਣੇ ਆਲੇ ਦੁਆਲੇ ਵਿਚ ਤੁਰੇ ਫਿਰਦੇ ਸਾਡੇ ਵਰਗੇ, ਪਰ ਸਾਡੇ ਨਾਲ ਹੀ ਨਿੱਕੀ ਵੱਡੀ ਹਿੰਸਾ ਕਰਦੇ ਬੰਦਿਆਂ ਦਾ ਹਰ ਕਦਮ 'ਤੇ ਵਿਰੋਧ ਕਰਨ ਦੀ ਲੋੜ ਹੈ। ਜਿਵੇਂ ਵੀ ਹੋਵੇ - ਇਕੱਲਿਆਂ ਜਾਂ ਰਲ ਕੇ, ਚਾਹੇ ਮਦਦ ਲੈ ਕੇ। ਇਹ ਬੱਸ ਵਿਚ ਕਿਸੇ ਇਸਤ੍ਰੀ ਨਾਲ ਬਦਸਲੂਕੀ ਦਾ ਮਸਲਾ ਹੋਵੇ, ਭਾਵੇਂ ਪਿੰਡ ਵਿਚ ਕੀਤੇ ਧੱਕੇ ਦਾ। ਅਜਿਹੇ ਲੋਕ ਸਮਾਂ ਆਉਣ ਤੇ ਦੰਗੇ ਭੜਕਾਉਂਦੇ ਹਨ, ਜਾਂ ਪੰਜਾਬ ਤ੍ਰਾਸਦੀ ਵਰਗੇ ਸਮੇਂ ਵਿਚ 'ਕੈਟ' ਬਣਦੇ ਹਨ ਜਾਂ ਘਰਾਂ ਵਿਚ ਵੜ ਕੇ ਰਾਤ ਨੂੰ ਰੋਟੀਆਂ ਖਾ ਕੇ ਉਨ੍ਹਾਂ ਦੀਆਂ ਧੀਆਂ ਦੇ ਚਰਿਤ੍ਰ–ਹਨਨ ਕਰਦੇ ਹਨ। ਜੇ ਏਨ੍ਹਾਂ ਨੂੰ ਅੱਜ ਇਕ ਇੰਚ ਥਾਂ ਦਿਉਗੇ, ਸਮਾਂ ਆਉਣ ਤੇ ਇਹ ਪੂਰਾ ਪਿੰਡ ਮੱਲਣਗੇ।

ਖਾੜਕੂ ਦੌਰ ਤੋਂ ਪਹਿਲਾਂ ਪੰਜਾਬ ਦਾ ਆਮ ਬੰਦਾ ਲਗਭਗ ਸਦਾ ਹੀ ਕੋਈ ਨਿੱਕਾ ਵੱਡਾ ਅਨਿਆਂ ਆਪਣੇ ਆਲੇ ਦੁਆਲੇ ਵਿਚ ਵਾਪਰਦਾ ਦੇਖਦਾ ਸੀ ਤਾਂ ਦਖ਼ਲ ਦਿੰਦਾ ਸੀ। ਬਦਕਿਸਮਤੀ ਦੀ ਗੱਲ ਹੈ : ਪੁਲਿਸ ਤੋਂ ਉੱਠ ਗਏ ਵਿਸ਼ਵਾਸ ਅਤੇ ਕਿਸੇ ਵੀ ਹਥਿਆਰਬੰਦ ਹੱਥੋਂ ਪਲੋ–ਪਲੀ ਮਾਰੇ ਜਾਣ ਦੇ ਡਰ ਨੇ–ਪੰਜਾਬੀ ਬੰਦੇ ਦਾ ਇਹ ਸੈਂਕੜੇ ਸਾਲਾਂ ਵਿਚ ਕਮਾਇਆ ਕਿਰਦਾਰ ਇਕ ਦਹਾਕੇ ਵਿਚ ਹੀ ਮਿੱਟੀ ਕਰ ਦਿੱਤਾ। ਪੰਜਾਬ ਦੇ ਜਿਹੜੇ ਵੱਡੇ ਨੁਕਸਾਨ ਖਾੜਕੂਵਾਦ ਵਿਚ ਹੋਏ, ਉਨ੍ਹਾਂ ਵਿਚੋਂ ਇਹ ਬਹੁਤ ਵੱਡਾ ਹੈ, ਜਿਸਦੀ ਅਸੀਂ ਗੱਲ ਜਾਂ ਗਿਣਤੀ ਵੀ ਨਹੀਂ ਕਰਦੇ ...

ਸਾਨੂੰ ਆਪਣਾ ਨਿਰਭਉ ਨਿਰਵੈਰ ਤੇ ਦਲੇਰ ਪਰ ਅਹਿੰਸਕ ਅਤੇ ਅਡਿੱਗ ਕਿਰਦਾਰ ਪਰਤਾਉਣ ਦੀ ਲੋੜ ਹੈ। ਯਾਦ ਰੱਖਣ ਦੀ ਲੋੜ ਹੈ ਕਿ - ਸਾਡੇ ਲਾਗੇ ਤੁਰੇ ਫਿਰਦੇ ਸਾਡੇ ਹੀ ਵਰਗੇ ਇਹ ਹਿੰਸਕ ਬੰਦੇ ਸੰਨ 47 ਵਰਗੀ ਹਿੰਸਾ ਦੀ ਫੌਜ ਬਣਦੇ ਹਨ। ਫਿਰ 50–75 ਸਾਲਾਂ ਪਿੱਛੋਂ ਅਸੀਂ ਉਂਗਲਾਂ ਮੂੰਹ ਵਿਚ ਦੇ ਕੇ ਹੈਰਾਨ ਹੁੰਦੇ ਹਾਂ - ਸਾਡਾ 10 ਲੱਖ ਬੰਦਾ ਮਾਰਿਆ ਕਿਵੇਂ ਗਿਆ? ਡੇਢ ਕਰੋੜ ਰਫ਼ਿਊਜੀ ਕਿਵੇਂ ਹੋ ਗਿਆ?

• • •

**ਨੌਕਰੀ ਸਿਰਫ਼ ਏਸ ਲਈ ਛਡ ਕੇ ਕਨੇਡਾ ਆ ਗਿਆ ਕਿ ਓਥੇ ਰਿਸ਼ਵਤ ਲੈਣੀ ਹੀ ਪੈਂਦੀ ਸੀ, ਇਕ ਦਿਨ ਕਹਿਣ ਲੱਗਾ** : 'ਹਜ਼ਰਤ ਮੁਹੰਮਦ ਸਾਹਿਬ ਮਗਰੋਂ ਦੁਨੀਆਂ ਵਿਚ ਕੋਈ ਹੋਰ ਪੈਗੰਬਰ ਨਹੀਂ ਹੋਇਆ, ਉਹ ਆਖ਼ਰੀ ਸਨ'। ਮੈਥੋਂ ਪੁੱਛੇ ਬਿਨਾ ਨਾ ਰਿਹਾ ਗਿਆ : 'ਕੀ ਅੱਲਾ ਨੇ ਓਸ ਮਗਰੋਂ ਬੰਦਿਆਂ ਨੂੰ ਅਕਲ ਵੰਡਣੀ ਬੰਦ ਕਰ ਦਿੱਤੀ ਸੀ?' ਬਹੁਤ ਸਿੱਖਾਂ ਲਈ ਇਹ ਮੰਨਣਾ ਮੁਸ਼ਕਲ ਹੈ ਕਿ ਬੁੱਧ ਅਤੇ ਮਹਾਂਵੀਰ ਦੀ ਅਧਿਆਤਮਕ ਅਵਸਥਾ ਨਾਨਕ ਵਾਲੀ ਹੀ ਸੀ। ਕੈਨੇਡਾ ਦੇ ਇਕ ਛੋਟੇ ਸ਼ਹਿਰ ਵਿਚ ਰਹਿੰਦਿਆਂ ਉਥੋਂ ਦੇ ਗੁਰਦਵਾਰੇ ਦੇ ਪ੍ਰਧਾਨ ਨੇ ਚੋਣ ਵੇਲੇ ਸ਼ਰਤ ਲਾਗੂ ਕੀਤੀ : "ਵੋਟ ਪਾਉਣ ਲਈ ਲਿਖਕੇ ਦੇਣਾ ਪਏਗਾ ਕਿ ਤੁਸੀਂ ਸਿਰਫ਼ ਤੇ ਸਿਰਫ਼ ਗੁਰੂ ਨਾਨਕ ਦੇਵ ਜੀ ਦੇ ਰਾਹ ਤੇ ਹੀ ਯਕੀਨ ਕਰਦੇ ਹੋ। ਮੈਂ ਉਸਨੂੰ ਪੁੱਛਿਆ : 'ਗੁਰੂ ਨਾਨਕ ਦੇਵ ਜੀ ਨੇ ਇਹ ਕਿੱਥੇ ਲਿਖਿਆ ਹੈ – ਜੇ ਹੋਰ ਕਿਤੋਂ ਅਕਲ ਮਿਲਦੀ ਹੋਵੇ ਤਾਂ ਬਿਲਕੁਲ ਨਹੀਂ ਲੈਣੀ! ਰੋਗ ਦਾ ਇਲਾਜ ਸਿਰਫ਼ ਸਿੱਖ ਵੈਦ ਤੋਂ ਹੀ ਕਰਵਾਉਣਾ ਹੈ !'

ਇਹ 'ਧਾਰਮਿਕ–ਸਵੈ–ਸੱਤਾ' (Religious Self-Superiority) ਦੇ ਅਹਿਸਾਸ ਸਾਡੀ ਕਿਹੜੀ ਲੋੜ ਪੂਰੀ ਕਰਦੇ ਹਨ? ਇਹ ਸਮਝਣ ਦੀ ਲੋੜ ਹੈ।

ਇਹ ਅਹਿਸਾਸ ਪ੍ਰਮਾਤਮਾ ਦੀ ਭਾਲ ਵਿਚੋਂ ਤਾਂ ਬਿਲਕੁਲ ਨਹੀਂ ਉਪਜੇ। ਧਰਤੀ ਦੀ 8 ਅਰਬ ਮੌਜੂਦਾ ਆਬਾਦੀ ਵਿੱਚੋਂ ਲੱਖ ਬੰਦਾ ਵੀ ਮਸਾਂ ਹੋਣਾ ਜਿਹੜਾ ਪ੍ਰਮਾਤਮਾ ਦੀ ਐਸ ਵੇਲੇ ਤਲਾਸ਼ ਕਰ ਰਿਹਾ ਹੋਵੇ। ਰਜਨੀਸ਼ ਆਖਦਾ ਹੈ : 'ਤੁਸੀਂ ਰੱਬ ਨਹੀਂ, ਨਿਜੀ ਦੁੱਖਾਂ ਦਾ ਇਲਾਜ ਲੱਭਣ ਧਰਮ–ਅਸਥਾਨ ਤੇ ਜਾਂਦੇ ਹੋ। ਹੱਲ ਹੋਰ ਕਿਤੋਂ ਲੱਭ ਪਵੇ ਤਾਂ ਮਿਲਿਆ ਰੱਬ ਵੀ ਰਾਹ ਵਿਚ ਛਡ ਦਿਉਗੇ'।

**ਇਹ ਧਾਰਮਿਕ ਹੋਣ ਦੀ ਤਾਂਘ ਵੀ ਨਹੀਂ ਕਿਉਂਕਿ ਹਰ ਧਰਮ ਦਾ ਪਹਿਲਾ ਅਤੇ ਮੂਲ ਮਕਸਦ ਇਹ ਹੈ** : ਆਪਣੀ ਵੱਖਰੀ ਹੋਂਦ ਨੂੰ ਤਿਆਗ ਕੇ ਅਨੰਤ ਕਰਤਾਰੀ ਹੋਂਦ ਵਿਚ ਘੁਲ ਜਾਣਾ। ਧਰਮ ਮੁਢਲੇ ਤੌਰ 'ਤੇ ਹੰਕਾਰ (ਆਪਣੀ ਵੱਖਰੀ ਹੋਂਦ ਜਾਂ ਪਛਾਣ) ਤੋਂ ਉਲਟ ਦਿਸ਼ਾ ਦੀ ਯਾਤਰਾ ਹੈ। ਪਰ ਆਪਣੇ ਧਰਮ ਨੂੰ ਦੂਜੇ ਧਰਮਾਂ ਤੋਂ ਉੱਚੇ ਸਮਝਣਾ ਅਸਲ ਵਿਚ ਹੰਕਾਰ ਦੀ ਹੀ ਯਾਤਰਾ ਹੈ।

• • •

ਰੋਟੀ ਕੱਪੜਾ ਮਕਾਨ ਅਤੇ ਸਾਥੀ ਮਿਲ ਜਾਣ ਮਗਰੋਂ ਮਨੁੱਖੀ ਮਨ ਪ੍ਰਸੰਨ ਰਹਿਣਾ ਚਾਹੁੰਦਾ ਹੈ ਅਤੇ ਵਿਸ਼ਵਾਸ ਕਰਨਾ ਚਾਹੁੰਦਾ ਹੈ ਕਿ ਉਹਦਾ ਹੋਣਾ ਦੂਜਿਆਂ ਲਈ ਵੀ ਮਹੱਤਵਪੂਰਣ ਹੈ। ਪਰ ਆਮ ਬੰਦੇ ਦਾ ਜੀਵਨ ਅੱਜ ਏਨਾ ਨਿਗੂਣਾ, ਤਾਕਤਹੀਣ, ਲਗਭਗ ਅਰਥਹੀਣ, ਬਹੁਤ ਵਾਰੀ ਦਿਸ਼ਾਹੀਣ ਅਤੇ ਜ਼ਰੂਰੀ ਲੋੜਾਂ ਪੂਰੀਆਂ ਕਰਨ ਲਈ ਦੁੱਖ ਝਲਦਿਆਂ ਬੀਤਦਾ ਹੈ ਕਿ ਆਪਣੇ ਆਪ ਨੂੰ ਵਿਅਕਤੀ ਵਜੋਂ ਉੱਚਾ ਜਾਂ ਵੱਡਾ ਸਮਝਣਾ ਹੀ ਅਸੰਭਵ ਹੈ। ਸਿਆਸੀ ਅਤੇ ਆਰਥਿਕ ਸਿਸਟਮ ਦਾ ਪੂਰਾ ਜ਼ੋਰ ਹੀ ਇਸ ਤੇ ਹੈ ਕਿ ਆਮ ਬੰਦਾ ਆਪਣੇ ਆਪ ਨੂੰ ਵੱਡਾ ਜਾਂ ਤਾਕਤਵਰ ਸਮਝੇ ਹੀ ਨਾ। ਸਮਝ ਗਿਆ ਤਾਂ ਬਗਾਵਤ ਕਰੇਗਾ।

ਜੇ ਅੱਜ ਆਮ ਬੰਦੇ ਨੂੰ – ਪੀਲੀ ਬੱਤੀ ਵਿਚੋਂ ਗੱਡੀ ਕੱਢ ਲੈਣਾ, ਫ਼ਾਟਕ ਦੇ ਡਿੱਗਣੋਂ ਪਹਿਲਾਂ ਹੇਠੋਂ ਨਿਕਲ ਜਾਣਾ, ਦੂਜੇ ਨੂੰ ਰਾਹ ਵਿਚ ਆਪਣੇ ਤੋਂ ਅੱਗੇ ਨਾ ਲੰਘਣ ਦੇਣਾ, ਜਾਂ ਸੇਲ ਵਿੱਚ ਕਮੀਜ਼ 40% ਘੱਟ ਮੁੱਲ ਤੇ ਖਰੀਦ ਲੈਣਾ - ਅੱਜ ਦੇ ਦਿਨ ਦੀ 'ਪ੍ਰਾਪਤੀ' ਜਾਪਣ ਲੱਗ ਪਵੇ ਤਾਂ ਸਮਝ ਲੈਣਾ ਚਾਹੀਦਾ ਹੈ - ਸਾਡਾ ਆਮ ਜੀਵਨ ਕਿਸ ਹੱਦ ਤਕ ਗਰਕ ਗਿਆ ਹੈ। ਤੀਹ ਸਾਲ ਪਹਿਲਾਂ ਪੀ.ਏ.ਯੂ. ਦੇ ਪ੍ਰੋਫ਼ੈਸਰ ਨੂੰ ਸਾਹਮਣੇ ਦੀ ਕਲੋਨੀ ਰਣਧੀਰ ਸਿੰਘ ਨਗਰ ਵਿਚ ਮਕਾਨ ਕਿਰਾਏ ਤੇ ਦੇਣ ਤੋਂ ਨਾਂਹ ਕਰਦਿਆਂ ਮਕਾਨ–ਮਾਲਕ ਨੇ ਕਿਹਾ : 'ਤੁਹਾਥੋਂ ਕਿਰਾਇਆ Afford ਨਹੀਂ ਹੋਣਾ!' ਕਈ ਦਹਾਕੇ ਪਹਿਲਾਂ ਅੰਮ੍ਰਿਤਸਰ ਵਿਚ ਇਕ ਪੁਲਿਸ ਕਰਮਚਾਰੀ ਨੇ ਜਦ ਆਪਣੀ ਬੇਟੀ ਨੂੰ ਛੇੜਦੇ ਦੋ ਮੁੰਡਿਆਂ ਨੂੰ ਰੋਕਿਆ ਤਾਂ ਉਨ੍ਹਾਂ ਉਸਨੂੰ ਖੜ੍ਹੇ ਪੈਰੀਂ ਗੋਲੀ ਮਾਰ ਦਿੱਤੀ। ਪੈਰ ਪੈਰ ਤੇ ਮੰਗੀ ਰਿਸ਼ਵਤ ਦੀ ਤਾਂ ਗੱਲ ਛੱਡੋ, ਰਿਸ਼ਵਤ ਦੇ ਕੇ ਬਣੇ ਅਫ਼ਸਰ ਦੀ ਗੱਡੀ ਨੂੰ ਲਾਲ ਬੱਤੀ ਵਿਚੋਂ ਲੰਘ ਦੀ ਪਹਿਲ ਮਿਲਦੀ ਹੈ। ਅਜਿਹੇ ਸਿਸਟਮ ਵਿਚ ਗਰੀਬ ਤੋਂ ਇਲਾਵਾ ਆਮ ਜਾਂ ਰੋਟੀ ਖਾਂਦੇ ਬੰਦੇ ਦੀ ਹੈਸੀਅਤ ਵੀ ਕੀ ਹੈ? ਪੰਜਾਬ ਦੇ ਖਾੜਕੂਵਾਦ ਤੇ ਬਣੀ ਗੁਲਜ਼ਾਰ ਦੀ ਊਣਤਾਈਆਂ ਨਾਲ ਭਰੀ ਫ਼ਿਲਮ 'ਮਾਚਿਸ' ਦੇ ਮੁੱਖ ਬਾਗੀ ਪਾਤਰ ਨੂੰ ਕੋਈ ਸਵਾਲ ਕਰਦਾ ਹੈ : 'ਤੇਰਾ ਸਿਸਟਮ ਨਾਲ ਝਗੜਾ ਕੀ ਹੈ?' ਉਹ ਕਹਿੰਦਾ ਹੈ : "ਸਿਸਟਮ ਸਾਬਤ ਕਰਨ ਤੇ ਤੁਲਿਆ ਹੈ ਕਿ ਮੈਂ ਨਪੁੰਸਕ ਹਾਂ, ਤੇ ਮੈਂ ਸਾਬਤ ਕਰਨ ਤੇ ਤੁੱਲਿਆ ਹਾਂ – ਮੈਂ ਨਪੁੰਸਕ ਨਹੀਂ !

ਅਧਿਆਤਮਕ ਮਨੁੱਖ ਅਜਿਹੀਆਂ ਲੋੜਾਂ ਤੋਂ ਮੁਕਤ ਹੁੰਦਾ ਹੈ ਪਰ 'ਹੈਸੀਅਤ', 'ਮਾਣ', 'ਉਚਾਈ', 'ਸਵੈ–ਆਦਰ' ਦਾ ਅਹਿਸਾਸ - ਆਮ ਬੰਦੇ ਨੂੰ ਸਵੈ–ਵਿਸ਼ਵਾਸ ਨਾਲ ਭਰ ਕੇ ਜੀਣ ਲਈ ਚਾਹੀਦੇ ਹਨ। 60 ਵਰ੍ਹੇ ਪਹਿਲਾਂ ਦੇ ਪੰਜਾਬ ਵਿਚ ਪੜਿਆ ਲਿਖਿਆ ਜਾਂ ਸਕੂਲ ਮਾਸਟਰ ਹੋਣਾ ਵੀ ਪਿੰਡ ਵਿਚ ਮਾਣ ਵਾਲੀ ਗੱਲ ਸੀ, ਅੱਜ ਨਹੀਂ ਰਹੀ। ਜਦ ਸਾਡਾ ਮਨੁੱਖ ਹੋਣਾ, ਕਮਾਊ, ਕਾਬਲ, ਚੰਗੇ ਹੋਣਾ ਜਾਂ ਦੂਜਿਆਂ ਦਾ ਫ਼ਿਕਰ ਕਰਨਾ - ਸਾਨੂੰ ਸਮਾਜ ਵਿਚ ਆਦਰ ਨਹੀਂ ਦਿੰਦੇ ਤਾਂ ਫਿਰ ਆਮ ਬੰਦਾ ਇਹੀ ਵਿਧੀ ਸੋਚਣ ਵਰਤਣ ਲੱਗ ਜਾਂਦਾ ਹੈ ਕਿ - "ਮੈਂ ਜਿਸ ਧਰਮ/ਜਾਤ/ਕਬੀਲੇ ਵਿਚੋਂ ਹਾਂ, ਉਹ ਹੋਰ ਕਰੋੜਾਂ ਨਾਲੋਂ Superior ਹੈ, ਇਸ ਲਈ ਮੈਂ ਵੀ Superior ਹਾਂ।

ਇਹ ਸੱਚ ਨਹੀਂ, ਭਰਮ ਹੈ, ਮਨ ਦਾ ਘੜਿਆ Projection ਹੈ। ਇਹ 47 ਵਰਗੀ ਹਿੰਸਾ ਅਤੇ ਵੰਡ ਦਾ ਮੂਲ ਸ੍ਰੋਤ ਹੈ।

ਸਾਨੂੰ ਦੂਜੇ ਧਰਮ ਦੇ ਬੰਦਿਆਂ ਤੋਂ ਨਹੀਂ, ਆਪਣੇ ਮਨ ਦੇ ਅਜਿਹੇ ਖਿਆਲਾਂ ਤੋਂ ਖ਼ਤਰਾ ਹੈ। ਸਾਨੂੰ ਆਪਣੇ ਵਰਗੇ ਲਾਚਾਰ ਤੇ ਜੀਣ ਦਾ ਸੰਘਰਸ਼ ਕਰਦੇ ਦੂਜੇ ਬੰਦੇ ਨੂੰ ਵੱਢਣ ਦੀ ਨਹੀਂ, ਉਸ ਸਿਆਸੀ–ਆਰਥਕ ਤੰਤਰ ਦੇ ਗਲ? ਪੈਣ ਦੀ ਲੋੜ ਹੈ ਜਿਸਨੇ ਸਾਨੂੰ ਏਸ ਹਾਲਤ ਵਿਚ ਲੈ ਆਂਦਾ ਹੈ ਕਿ ਅਸੀਂ ਮਜ਼ਬੀ ਕਾਤਲ ਹੋਣ ਤਕ ਗਰਕ ਜਾਣ ਦੀ ਵੀ ਕੋਈ ਗਿਲਾਨੀ ਨਹੀਂ ਮੰਨਦੇ, ਸਗੋਂ ਏਹਨੂੰ 'ਧਾਰਮਕ ਪ੍ਰਾਪਤੀ' ਦਾ ਚਿੰਨ੍ਹ ਗਿਣਦੇ ਹਾਂ।

ਉਹ ਅੰਗਰੇਜ਼ ਜਿਨ੍ਹਾਂ 47 ਵਿਚ ਸਾਨੂੰ ਧਰਮ ਦੇ ਆਧਾਰ ਤੇ ਵੰਡਿਆ, ਉਹ ਜਿਹੜੇ ਦਿੱਲੀ ਬੈਠੇ ਹਿੰਦੂ–ਸਾਮਰਾਜ ਲਾਗੂ ਕਰਨ ਦੀ ਕੋਸ਼ਿਸ਼ ਵਿਚ ਹਨ ਤੇ ਉਹ ਜਿਹੜੇ ਪੰਜਾਬ ਵਿਚ ਕਿਸੇ ਖਾਸ ਧਰਮ ਜਾਂ ਫ਼ਿਰਕੇ ਦਾ ਰਾਜ ਕਾਇਮ ਕਰਨਾ ਚਾਹੁੰਦੇ ਹਨ - ਉਨ੍ਹਾਂ ਤਿੰਨਾਂ ਦੀ ਬਿਰਤੀ ਇੱਕੋ ਹੀ ਹੈ! ਉਹ ਇਕ ਦੂਜੇ ਦਾ ਨਾਂ ਲੈ ਕੇ ਸਾਨੂੰ ਡਰਾ ਰਹੇ, ਮਾਰ ਰਹੇ, ਤੇ ਆਪਣੇ ਆਪ ਨੂੰ ਸਹੀ ਠਹਿਰਾਅ ਰਹੇ ਹਨ। ਜੇ ਇਨ੍ਹਾਂ ਤਿੰਨਾਂ ਵਿਚੋਂ ਕੋਈ ਇਕ ਵੀ ਤੁਹਾਨੂੰ ਸਹੀ ਲਗਦਾ ਹੈ, ਤਾਂ ਫ਼ਿਰ ਮੰਨ ਲਉ ਕਿ 47 ਦੀ ਵੰਡ ਅਤੇ ਏਨੇ ਬੇਦੋਸ਼ਿਆਂ ਦਾ ਮਾਰੇ ਜਾਣਾ ਵੀ ਸਹੀ ਸੀ, ਫ਼ਿਰ 84 ਨੂੰ ਵੀ ਸਹੀ ਮੰਨਣਾ ਪਏਗਾ ...

ਪਰ ਅਸੀਂ ਜਾਣਦੇ ਹਾਂ ਕਿ ਇਹ ਸਹੀ ਨਹੀਂ ਸੀ ... ਨਾ ਹੋਵੇਗਾ ...

ਆਪਣੇ ਅੰਦਰ 'ਵੱਡੇ ਹੋਣ' ਦਾ ਅਹਿਸਾਸ ਤਾਂ ਦੂਜੇ ਮਨੁੱਖ ਦਾ ਭਲਾ ਕਰਨ, ਰਾਖੀ ਕਰਨ, ਸੁੱਖ ਦੇਣ ਨਾਲ ਵੀ ਉਪਜ ਸਕਦਾ ਹੈ। ਇਹ ਏਨਾ ਸੰਤੋਖ–ਭਰਿਆ ਹੋ ਸਕਦਾ ਹੈ ਜਿੰਨਾ ਆਪਣੇ ਧਰਮ ਦੀ Superiority ਦਾ ਅਹਿਸਾਸ ਵੀ ਨਹੀਂ ਹੁੰਦਾ। ਜੇ ਏਸ ਗੱਲ ਨੂੰ ਪਰਤਿਆਉਣਾ ਹੀ ਹੈ ਤਾਂ ਏਹੀ ਦੇਖ ਲਉ ਕਿ ਆਪਣੇ ਬੱਚੇ ਦੀ ਸਾਂਭ ਸੰਭਾਲ ਕਰਦਿਆਂ ਕਿਸ ਤਰ੍ਹਾਂ ਦਾ ਸੁੱਖ ਮਿਲਦਾ ਹੈ! ਇਹੀ ਸੁੱਖ ਹੋਰਨਾਂ ਨਾਲ ਇਉਂ ਕੀਤਿਆਂ ਵੀ ਤਾਂ ਸੰਭਵ ਹੈ!!

• • •

ਚਲੋ! ਅਸੀਂ 47 ਦੀ ਵੰਡ ਨੂੰ ਮੰਨ ਵੀ ਲਿਆ-ਤਾਂ ਇਕ ਦੂਜੇ ਨੂੰ ਵੱਢਣ–ਟੁੱਕਣ ਦਾ ਕੰਮ ਕਿਉਂ ਕੀਤਾ? ਸਾਨੂੰ ਇਹ ਕਰਨ ਲਈ ਕਿਹੜੇ ਗੋਰੇ ਨੇ ਆ ਕੇ ਕਿਹਾ ਸੀ? ਦੂਜੀ ਵੱਡੀ ਜੰਗ ਮਗਰੋਂ ਤਾਂ ਜਰਮਨੀ, ਵੀਅਤਨਾਮ ਅਤੇ ਕੋਰੀਆ ਵੀ ਵੰਡੇ ਗਏ। ਪਰ ਏਨੀ ਵੱਢ–ਟੁੱਕ ਓਥੇ ਨਹੀਂ ਹੋਈ! ਏਸ ਗੱਲ ਦੇ ਫੌਜੀ, ਭੂਗੋਲਿਕ, ਸਮਾਜਕ ਅਤੇ ਸਭਿਆਚਾਰਕ ਕਾਰਣ ਵੀ ਸਨ। ਪਰ ਸਾਨੂੰ ਤਾਂ ਆਪਣੀ ਮੋਈ ਮਾਰੀ ਅਸਲ ਗਿਣਤੀ ਦਾ ਵੀ ਪੱਕਾ ਪਤਾ ਨਹੀਂ – ਕਿਆਸ 2 ਲੱਖ ਤੋਂ 20 ਲੱਖ ਦਾ ਹੈ।

ਇਕ ਦੂਜੇ ਨੂੰ ਮਾਰਨਾ ਸਾਰੀ ਵੱਸੋਂ ਦੀ ਚੋਣ ਨਹੀਂ ਸੀ। ਸਾਡੇ ਵਿਚਲੇ ਗੁੰਡਾ ਅੰਸ਼ ਦੀ ਸੀ। ਉਨ੍ਹਾਂ ਨੂੰ ਰੋਕਣ ਵਾਲਾ ਕੋਈ ਨਾ ਸੀ। ਆਮ ਬੰਦਾ ਉੱਜੜ ਕੇ ਬਚਣ ਦਾ, ਦੂਜੀ ਥਾਂ ਜਾਣ ਦਾ ਰਾਹ ਲੱਭ ਰਿਹਾ ਸੀ। ਅੰਗਰੇਜ਼ਾਂ ਨੂੰ ਇਹ ਵੱਢ–ਟੁੱਕ ਰਾਸ ਆਉਂਦੀ ਸੀ। ਜਰਮਨੀ ਅਤੇ ਵੀਅਤਨਾਮ ਵਿਚ ਵੱਢ–ਟੁੱਕ ਨਹੀਂ ਹੋਈ ਤਾਂ ਉਨ੍ਹਾਂ ਦੀ ਇਕੱਠੇ ਹੋਣ ਦੀ ਤਾਂਘ ਬਣੀ ਰਹੀ ਤੇ ਅੰਤ ਨੂੰ ਵਾਪਰੀ ਵੀ। ਸਾਡੀ ਵੱਢ–ਟੁੱਕ ਨੇ ਸਾਡੇ ਮਨਾਂ ਵਿਚ ਇਕ ਦੂਜੇ ਲਈ ਏਨਾ ਵੈਰ ਭਰ ਦਿੱਤਾ ਕਿ ਅਸੀਂ ਇਕ ਦੂਜੇ ਦਾ ਜੋ ਹਾਲੇ ਬਚ ਗਿਆ ਹੈ, ਉਹ ਵੀ ਖ਼ਤਮ ਕਰ ਦੇਣ ਲਈ 5 ਜੰਗਾਂ ਲੜਦੇ ਹਾਂ। ਸਾਡੇ ਇਕੱਠੇ ਹੋਣ ਦੀ ਸੰਭਾਵਨਾ ਜੇ ਮੁੜ ਨਹੀਂ ਬਣੀ ਤਾਂ 47 ਵਿਚ ਸਾਨੂੰ ਵੰਡਣ ਵਾਲਿਆਂ ਨੂੰ ਹੋਰ ਕੀ ਚਾਹੀਦਾ ਹੈ? ਉਨ੍ਹਾਂ ਦੇ ਹਥਿਆਰ ਵਿਕੀ ਜਾ ਰਹੇ ਹਨ, ਅਸੀਂ ਕਮਜ਼ੋਰ ਅਤੇ ਨਿਰਭਰ ਹੋਈ ਜਾ ਰਹੇ ਹਾਂ ...

ਸਾਡੇ ਵਿਚ ਹਿੰਸਕ ਬੰਦੇ ਕੌਣ ਸਨ? ਇਹ ਪਹਿਲਾਂ ਕਿੱਥੇ ਲੁੱਕੇ ਹੋਏ ਸਨ?

Population Studies ਦੱਸਦੀਆਂ ਹਨ ਕਿ ਸ਼ਾਂਤ ਸਮਿਆਂ ਵਿਚ ਛੋਟੀ ਜਿਹੀ ਗਿਣਤੀ - ਸਿਰਫ਼ 1% ਜਣੇ ਆਮ ਤੌਰ ਤੇ ਦੋ ਤਿਹਾਈ ਜੁਰਮਾਂ ਲਈ ਜ਼ਿੰਮੇਵਾਰ ਹੁੰਦੇ ਹਨ। ਪਰ ਛੋਟੇ ਸਮਾਜਾਂ ਵਿਚ ਜੇਕਰ ਦੰਗੇ ਜਾਂ ਯੁੱਧ ਵਰਗੀ ਸਥਿਤੀ ਪੈਦਾ ਹੋ ਜਾਵੇ ਤਾਂ 40–50% ਬੰਦੇ ਉਨ੍ਹਾਂ ਵਿਚ ਹਿੱਸਾ ਲੈ ਸਕਦੇ ਹਨ। ਅਰਥਾਤ : ਸਾਡੇ ਵਿਚੋਂ ਹਰ ਦੂਜਾ ਬੰਦਾ ਮੌਕਾਪ੍ਰਸਤ ਜਰਾਇਮ ਹੋਣ ਦੇ ਸਮਰੱਥ ਹੈ।

• • •

**ਸੰਨ 1998** : ਮੇਰੀ ਭੈਣ ਨੂੰ ਬੂਟਿਆਂ ਦਾ ਚਾਅ ਸੀ। ਉਹਦੇ ਘਰ ਪਰਦੇਸੋਂ ਆਏ ਮਹਿਮਾਨ ਦੇ 3 ਸਾਲਾ ਬੱਚੇ ਨੇ ਬਹੁਤੇ ਬੂਟਿਆਂ ਦੇ ਪੱਤੇ ਇਕ ਇਕ ਕਰਕੇ ਤੋੜ ਦਿੱਤੇ। ਉਨ੍ਹਾਂ ਵਿਚ 'ਰਬੜ–ਪਲਾਂਟ' ਵੀ ਸੀ ਜਿਸਦਾ ਇਕ ਪੱਤਾ ਉੱਗਣ ਨੂੰ 6 ਮਹੀਨੇ ਲੱਗ ਜਾਂਦੇ ਹਨ। ਉਸ ਬੱਚੇ ਨੂੰ ਹਿੰਸਾ ਵਿਚ ਰਸ ਸੀ। ਸਾਡੇ ਵਿਚ ਬਹੁਤ ਅਜਿਹੇ ਬੰਦੇ ਤੁਰੇ ਫਿਰਦੇ ਹਨ ਜਿਨ੍ਹਾਂ ਦਾ ਹਿੰਸਾ ਵਿਚ ਗਹਿਰਾ ਰਸ ਹੈ।

ਮਾਂਟੀਰੀਆਲ ਯੂਨੀਵਰਸਿਟੀ ਦੇ ਬੱਚਿਆਂ ਦੇ ਮਾਹਰ ਡਾ. ਰਿਚਰਡ ਟਰੈਂਬਲੇ ਨੇ 35 ਹਜ਼ਾਰ ਬੱਚਿਆਂ ਨੂੰ 5 ਮਹੀਨੇ ਤੋਂ 20 ਸਾਲ ਦੀ ਉਮਰ ਤਕ ਸਟੱਡੀ ਕਰਕੇ ਨਤੀਜਾ ਕੱਢਿਆ ਕਿ ਆਮ ਬੱਚਾ ਡੇਢ ਸਾਲ ਦੀ ਉਮਰ ਅਪੜਦਿਆਂ ਹਿੰਸਕ ਪ੍ਰਵਿਰਤੀ ਦੀ ਸਿਖਰ ਤੇ ਪਹੁੰਚ ਜਾਂਦਾ/ਸਕਦਾ ਹੈ – ਦੂਜੇ ਬੱਚਿਆਂ ਨੂੰ ਕੁੱਟਣਾ, ਚੱਕ ਮਾਰਨੇ, ਖਿਡੌਣੇ ਖੋਹਣੇ, ਚੀਜ਼ਾਂ ਨੂੰ ਚੁੱਕ ਚੁੱਕ ਸੁੱਟਣਾ, ਚੀਕਣਾ, ਡਰਾਉਣਾ, ਆਦਿ। ਫ਼ਿਰ 2 ਤੋਂ 5 ਸਾਲ ਤਕ ਉਹਦਾ ਪਰਵਾਰ ਅਤੇ ਆਲਾ–ਦੁਆਲਾ ਉਹਦੀ ਇਸ ਬਿਰਤੀ ਦਾ ਵਿਰੋਧ ਕਰਕੇ ਉਹਨੂੰ ਨਰਮ ਕਰਦਾ ਹੈ, ਪਰ ਜੇ ਨਾ ਕਰੇ ਤਾਂ ਬੱਚਾ ਲੰਮਾ ਸਮਾਂ ਹਿੰਸਕ ਰਹਿੰਦਾ ਹੈ। ਹਿੰਸਕ ਬੱਚਿਆਂ ਵਿਚ ਉਨ੍ਹਾਂ ਦਾ ਸੁਭਾਅ ਬਦਲਣ/ਨਰਮ ਕਰਨ ਵਾਲੇ ਕਈ Genes ਐਸੇ ਹੁੰਦੇ ਹਨ ਜਿਹੜੇ ਪ੍ਰਗਟ (Express) ਨਹੀਂ ਹੋਏ ਹੁੰਦੇ। ਗਰਭ ਅਵਸਥਾ ਵਿਚ ਸ਼ਰਾਬ ਜਾਂ ਤਮਾਕੂ ਸੇਵਨ, ਮਾੜੀ ਖ਼ੁਰਾਕ ਜਾਂ ਮਾਂ ਨੂੰ ਬਹੁਤਾ ਤਣਾਅ - ਹਿੰਸਕ ਸੁਭਾਅ ਦੇ Genes ਨੂੰ ਨਵਜੰਮੇ ਬੱਚੇ ਅੰਦਰ Express ਹੋਣ ਵਿਚ ਸਹਾਇਤਾ ਕਰਦਾ ਹੈ।

ਬਹੁਤ ਲੋਕ ਹਨ ਜਿਹੜੇ ਪਹਿਲਾਂ ਨਕਸਲਵਾਦੀ ਸਨ। ਲਹਿਰ ਮੁੱਕਣ ਮਗਰੋਂ ਕੱਟੜ ਧਾਰਮਕ ਹੋ ਗਏ। ਏਨੀ ਉਲਟੀ ਛਾਲ ਕਿਵੇਂ ਵੱਜ ਜਾਂਦੀ ਹੈ? ਚਲੋ ਧਾਰਮਕ ਹੋ ਗਏ ਕਿਉਂਕਿ ਅੰਦਰ ਧਰਮ ਦਾ ਸੰਸਕਾਰ ਬਚਪਨ ਵਿਚ ਧਰਿਆ ਗਿਆ ਹੋਣਾ, ਪਰ ਫ਼ਿਰ ਗਰੀਬ ਗੁਰਬਿਆਂ ਲਈ ਸੋਚਣ ਲੜਣ ਵਾਲਾ ਮਾਰਕਸ ਰਾਤੋ ਰਾਤ ਬੁਰਾ ਕਿਵੇਂ ਹੋ ਗਿਆ? ਸ਼ਾਇਦ ਸਾਰਿਆਂ ਲਈ ਇਹ ਗੱਲ ਸੱਚ ਨਾ ਹੋਵੇ, ਪਰ ਕੀ ਕੁਝ ਕੁ ਨਾਲ ਇਹ ਤਾਂ ਨਹੀਂ ਕਿ - ਨਾ ਉਹ ਪਹਿਲਾਂ ਕਾਮਰੇਡ ਸਨ, ਨਾ ਉਹ ਹੁਣ ਧਾਰਮਕ ਹਨ। ਉਹ ਸਿਰਫ਼ ਹਿੰਸਕ ਬਿਰਤੀ ਦੇ ਬੰਦੇ ਸਨ। ਅੰਦਰਲੀ ਹਿੰਸਾ ਨੂੰ ਰਾਹ ਪਹਿਲਾਂ ਨਕਸਲਵਾਦ 'ਚੋਂ ਲਭਦਾ ਸੀ, ਉਹ ਬੰਦ ਹੋ ਗਿਆ ਤਾਂ ਦੂਜਾ ਲੱਭ ਲਿਆ...

**ਸੰਨ 1990** : ਮੈਂ ਲੁਧਿਆਣੇ ਬਸ–ਅੱਡੇ ਲਾਗਲੇ ਫ਼ਾਟਕ ਕੋਲ ਸੜਕ ਪਾਰ ਕਰਨ ਲਈ ਖੜਾ ਸਾਂ। ਏਨੀ ਆਵਾਜਾਈ ਸੀ ਕਿ 10 ਮਿੰਟ ਬੀਤਣ ਤੇ ਵੀ ਮੌਕਾ ਨਾ ਮਿਲਿਆ। ਮੇਰੇ ਲਾਗੇ ਖੜਾ 75 ਕੁ ਸਾਲ ਦਾ ਬਜ਼ੁਰਗ ਸਿੱਖ ਬੰਦਾ ਸਬਰ ਗੁਆ ਬੈਠਾ। ਸ਼ਾਇਦ ਉਹਦੀ ਬਸ ਨਿਕਲ ਜਾਣੀ ਸੀ। ਦੋ ਪਗੜੀਧਾਰੀ ਨੌਜੁਆਨ ਮੁੰਡੇ ਸਕੂਟਰ ਤੇ ਲੰਘ ਰਹੇ ਸਨ। ਬਜ਼ੁਰਗ ਸੜਕ ਪਾਰ ਕਰਨ ਲੱਗਾ ਉਨ੍ਹਾਂ ਦੇ ਰਾਹ ਵਿਚ ਆ ਗਿਆ। ਸਕੂਟਰ ਚਲਾਉਂਦੇ ਮੁੰਡੇ ਨੇ ਸਕੂਟਰ ਵਲਾ ਕੇ ਪਾਸੇ ਕੀਤਾ, ਪਿਛਲੇ ਬੈਠੇ ਮੁੰਡੇ ਨੇ ਬਜ਼ੁਰਗ ਨੂੰ ਏਨੀ ਜ਼ੋਰ ਦੀ ਥੱਪੜ ਮਾਰਿਆ ਕਿ ਉਹ ਸੜਕ ਤੇ ਡਿੱਗ ਪਿਆ। ਪਿੱਛੋਂ ਆਉਂਦੇ ਟੱਰਕ ਨੇ ਪੂਰੀ ਬਰੇਕ ਲਾ ਕੇ ਮਸਾਂ ਬਚਾਇਆ। ਇਹ ਚਪੇੜ ਮੈਨੂੰ ਪੰਜਾਬ ਦੀ ਖਾਲਿਸਤਾਨੀ ਲਹਿਰ ਦੇ ਮੂੰਹ ਤੇ ਵੱਜੀ ਜਾਪੀ। ਜੇ 12 ਸਾਲ ਲੜਣ ਮਗਰੋਂ ਇਕ ਨੌਜੁਆਨ ਸਿੱਖ ਨੂੰ ਦੁਗਣੀ ਉਮਰ ਦੇ ਬਜ਼ੁਰਗ ਸਿੱਖ ਦਾ ਏਨਾ ਵੀ ਆਦਰ ਜਾਂ ਫ਼ਿਕਰ ਨਹੀਂ, ਤਾਂ ਖਾਲਿਸਤਾਨ ਬਣਾ ਕੇ ਬਚਾਉਣਾ ਕਿਸਨੂੰ ਹੈ?

• • •

ਇਹਦਾ ਇਹ ਅਰਥ ਨਹੀਂ ਕਿ ਕਿਸੇ ਸਰਕਾਰ ਨੂੰ ਲੋਕਾਂ ਤੇ ਹਿੰਸਾ ਕਰਨ ਦਾ ਹੱਕ ਹੈ। ਅੱਜ ਦੀ ਤਾਰੀਖ ਵਿਚ ਸਰਕਾਰਾਂ ਸਿੱਧੀ ਹਿੰਸਾ ਕਰਨ ਦੀ ਥਾਂ ਸਾਡੇ ਵਿਚੋਂ ਅਜਿਹੇ ਹਿੰਸਕ ਬੰਦਿਆਂ ਨੂੰ ਵਰਤ ਕੇ ਸਾਡੇ ਵਿਰੁੱਧ ਹਿੰਸਾ ਵਰਤਾਅ ਰਹੀਆਂ ਹਨ।

ਸਾਨੂੰ ਆਪਣੇ ਆਲੇ ਦੁਆਲੇ ਵਿਚ ਤੁਰੇ ਫਿਰਦੇ ਸਾਡੇ ਵਰਗੇ, ਪਰ ਸਾਡੇ ਨਾਲ ਹੀ ਨਿੱਕੀ ਵੱਡੀ ਹਿੰਸਾ ਕਰਦੇ ਬੰਦਿਆਂ ਦਾ ਹਰ ਕਦਮ 'ਤੇ ਵਿਰੋਧ ਕਰਨ ਦੀ ਲੋੜ ਹੈ। ਜਿਵੇਂ ਵੀ ਹੋਵੇ - ਇਕੱਲਿਆਂ ਜਾਂ ਰਲ ਕੇ, ਚਾਹੇ ਮਦਦ ਲੈ ਕੇ। ਇਹ ਬੱਸ ਵਿਚ ਕਿਸੇ ਇਸਤ੍ਰੀ ਨਾਲ ਬਦਸਲੂਕੀ ਦਾ ਮਸਲਾ ਹੋਵੇ, ਭਾਵੇਂ ਪਿੰਡ ਵਿਚ ਕੀਤੇ ਧੱਕੇ ਦਾ। ਅਜਿਹੇ ਲੋਕ ਸਮਾਂ ਆਉਣ ਤੇ ਦੰਗੇ ਭੜਕਾਉਂਦੇ ਹਨ, ਜਾਂ ਪੰਜਾਬ ਤ੍ਰਾਸਦੀ ਵਰਗੇ ਸਮੇਂ ਵਿਚ 'ਕੈਟ' ਬਣਦੇ ਹਨ ਜਾਂ ਘਰਾਂ ਵਿਚ ਵੜ ਕੇ ਰਾਤ ਨੂੰ ਰੋਟੀਆਂ ਖਾ ਕੇ ਉਨ੍ਹਾਂ ਦੀਆਂ ਧੀਆਂ ਦੇ ਚਰਿਤ੍ਰ–ਹਨਨ ਕਰਦੇ ਹਨ। ਜੇ ਇਨ੍ਹਾਂ ਨੂੰ ਅੱਜ ਇਕ ਇੰਚ ਥਾਂ ਦਿਉਗੇ, ਸਮਾਂ ਆਉਣ ਤੇ ਇਹ ਪੂਰਾ ਪਿੰਡ ਮੱਲਣਗੇ।

ਖਾੜਕੂ ਦੌਰ ਤੋਂ ਪਹਿਲਾਂ ਪੰਜਾਬ ਦਾ ਆਮ ਬੰਦਾ ਲਗਭਗ ਸਦਾ ਹੀ ਕੋਈ ਨਿੱਕਾ ਵੱਡਾ ਅਨਿਆਂ ਆਪਣੇ ਆਲੇ ਦੁਆਲੇ ਵਿਚ ਵਾਪਰਦਾ ਦੇਖਦਾ ਸੀ ਤਾਂ ਦਖ਼ਲ ਦਿੰਦਾ ਸੀ। ਬਦਕਿਸਮਤੀ ਦੀ ਗੱਲ ਹੈ : ਪੁਲਿਸ ਤੋਂ ਉੱਠ ਗਏ ਵਿਸ਼ਵਾਸ ਅਤੇ ਕਿਸੇ ਵੀ ਹਥਿਆਰਬੰਦ ਹੱਥੋਂ ਪਲੋ–ਪਲੀ ਮਾਰੇ ਜਾਣ ਦੇ ਡਰ ਨੇ - ਪੰਜਾਬੀ ਬੰਦੇ ਦਾ ਇਹ ਸੈਂਕੜੇ ਸਾਲਾਂ ਵਿਚ ਕਮਾਇਆ ਕਿਰਦਾਰ ਇਕ ਦਹਾਕੇ ਵਿਚ ਹੀ ਮਿੱਟੀ ਕਰ ਦਿੱਤਾ। ਪੰਜਾਬ ਦੇ ਜਿਹੜੇ ਵੱਡੇ ਨੁਕਸਾਨ ਖਾੜਕੂਵਾਦ ਵਿਚ ਹੋਏ, ਉਨ੍ਹਾਂ ਵਿਚੋਂ ਇਹ ਬਹੁਤ ਵੱਡਾ ਹੈ, ਜਿਸਦੀ ਅਸੀਂ ਗੱਲ ਜਾਂ ਗਿਣਤੀ ਵੀ ਨਹੀਂ ਕਰਦੇ ...

ਸਾਨੂੰ ਆਪਣਾ ਨਿਰਭਉ ਨਿਰਵੈਰ ਤੇ ਦਲੇਰ ਪਰ ਅਹਿੰਸਕ ਅਤੇ ਅਡਿੱਗ ਕਿਰਦਾਰ ਪਰਤਾਉਣ ਦੀ ਲੋੜ ਹੈ। ਯਾਦ ਰੱਖਣ ਦੀ ਲੋੜ ਹੈ ਕਿ - ਸਾਡੇ ਲਾਗੇ ਤੁਰੇ ਫਿਰਦੇ ਸਾਡੇ ਹੀ ਵਰਗੇ ਇਹ ਹਿੰਸਕ ਬੰਦੇ ਸੰਨ 47 ਵਰਗੀ ਹਿੰਸਾ ਦੀ ਫੌਜ ਬਣਦੇ ਹਨ। ਫਿਰ 50–75 ਸਾਲਾਂ ਪਿੱਛੋਂ ਅਸੀਂ ਉਂਗਲਾਂ ਮੂੰਹ ਵਿਚ ਦੇ ਕੇ ਹੈਰਾਨ ਹੁੰਦੇ ਹਾਂ - ਸਾਡਾ 10 ਲੱਖ ਬੰਦਾ ਮਾਰਿਆ ਕਿਵੇਂ ਗਿਆ? ਡੇਢ ਕਰੋੜ ਰਫ਼ਿਊਜੀ ਕਿਵੇਂ ਹੋ ਗਿਆ?

# ਗਾਜ਼ਾ ਵਿਚ ਪੱਤਰਕਾਰਾਂ ਦੇ ਕਤਲ ਅਤੇ ਇਜ਼ਰਾਇਲ ਦੇ ਲਹੂ ਲਿੱਬੜੇ ਹੱਥ

-ਬੂਟਾ ਸਿੰਘ ਮਹਿਮੂਦਪੁਰ

ਗਾਜ਼ਾ ਵਿਚ ਫ਼ਲਸਤੀਨੀ ਲੋਕਾਂ ਦਾ ਨਾਮੋਨਿਸ਼ਾਨ ਮਿਟਾਉਣ ਲਈ ਕਰੂਰ ਤੋਂ ਕਰੂਰ ਨਸਲਕੁਸ਼ੀ ਅੱਜ ਦੁਨੀਆ ਦਾ ਸਭ ਤੋਂ ਵੱਧ ਦਿਲ ਦਹਿਲਾ ਦੇਣ ਵਾਲਾ ਮੰਜ਼ਰ ਹੈ ਜਿਸਨੂੰ ਇਜ਼ਰਾਇਲੀ ਸਟੇਟ ਵੱਲੋਂ ਵਿਆਪਕ ਪੈਮਾਨੇ ’ਤੇ ਕਤਲੇਆਮ, ਤਬਾਹੀ ਅਤੇ ਭੁੱਖਮਰੀ ਨੂੰ ਹਥਿਆਰ ਬਣਾਕੇ ਅੰਜਾਮ ਦਿੱਤਾ ਜਾ ਰਿਹਾ ਹੈ। ਪੱਤਰਕਾਰਾਂ ਦੇ ਗਿਣ-ਮਿੱਥ ਕੇ ਕਤਲ ਇਸੇ ਸਿਲਸਿਲੇਵਾਰ ਨਸਲਕੁਸ਼ੀ ਦਾ ਹਿੱਸਾ ਹਨ। ਪਿਛਲੇ ਦਿਨੀਂ ਜਦੋਂ ਅਲ-ਜਜ਼ੀਰਾ ਦੇ ਪੱਤਰਕਾਰ ਅਨਸ ਅਲ-ਸ਼ਰੀਫ਼ ਅਤੇ ਉਨ੍ਹਾਂ ਦੇ ਨਾਲ ਚਾਰ ਹੋਰ ਪੱਤਰਕਾਰ ਅਲ-ਸ਼ਿਫ਼ਾ ਹਸਪਤਾਲ ਦੇ ਨੇੜੇ ਮੀਡੀਆ ਟੈਂਟ ਵਿਚ ਬੈਠੇ ਹੋਏ ਸਨ ਤਾਂ ਆਈ.ਡੀ.ਐੱਫ. (ਇਜ਼ਰਾਇਲੀ ਡਿਫੈਂਸ ਫੋਰਸਿਜ਼) ਵੱਲੋਂ ਉਨ੍ਹਾਂ ਨੂੰ ਨਿਸ਼ਾਨਾ ਬਣਾ ਕੇ ਬੇਕਿਰਕੀ ਨਾਲ ਕਤਲ ਕਰ ਦਿੱਤਾ ਗਿਆ। ਇਸ ਕੌਮਾਂਤਰੀ ਜੁਰਮ ਨੂੰ ਜਾਇਜ਼ ਠਹਿਰਾਉਣ ਲਈ ਇਜ਼ਰਾਇਲੀ ਫ਼ੌਜ ਨੇ ਦਾਅਵਾ ਕੀਤਾ ਕਿ ਪੱਤਰਕਾਰ ਅਲ ਸ਼ਰੀਫ਼ “ਹਮਾਸ ਦੇ ਦਹਿਸ਼ਤਗਰਦ ਸੈੱਲ ਦਾ ਮੁਖੀ ਸੀ ਅਤੇ ਇਜ਼ਰਾਇਲੀ ਨਾਗਰਿਕਾਂ ਤੇ ਆਈਡੀਐੱਫ ਤਾਕਤਾਂ ਵਿਰੁੱਧ ਰਾਕਟ ਹਮਲਿਆਂ ਲਈ ਜ਼ਿੰਮੇਵਾਰ ਸੀ।

ਇਜ਼ਰਾਇਲ ਦਾ ਕੂੜ-ਪ੍ਰਚਾਰ ਨਵੀਂ ਗੱਲ ਨਹੀਂ ਹੈ। ਪਿਛਲੇ ਮਹੀਨੇ ਇਜ਼ਰਾਇਲੀ ਫ਼ੌਜ ਦੇ ਬੁਲਾਰੇ ਨੇ ਪਲੇਟਫਾਰਮ ਐਕਸ (ਟਵਿੱਟਰ) ਉੱਪਰ ਅਨਸ ਦੀ ਵੀਡੀਓ ਸ਼ੇਅਰ ਕਰਕੇ ਉਸ ਉੱਪਰ ਹਮਾਸ ਦੇ ਫ਼ੌਜੀ ਵਿੰਗ ਦਾ ਮੈਂਬਰ ਹੋਣ ਦਾ ਦੋਸ਼ ਲਾਇਆ ਸੀ। ਪ੍ਰਗਟਾਵੇ ਦੀ ਆਜ਼ਾਦੀ ਬਾਰੇ ਸੰਯੁਕਤ ਰਾਸ਼ਟਰ ਦੀ ਵਿਸ਼ੇਸ਼ ਅਧਿਕਾਰੀ ਇਰੀਨੇ ਖ਼ਾਨ ਨੇ ਉਦੋਂ ਹੀ ਇਸ ਨੂੰ “ਅਪੁਸ਼ਟ ਦਾਅਵਾ” ਕਰਾਰ ਦੇ ਕੇ ਰੱਦ ਕੀਤਾ ਸੀ ਅਤੇ ਇਸ ਦੋਸ਼ ਨੂੰ “ਪੱਤਰਕਾਰਾਂ ਉੱਪਰ ਸਰੇਆਮ ਹਮਲਾ” ਕਿਹਾ ਸੀ। ਹੁਣ ਵੀ ਹੱਕਾਂ ਲਈ ਆਵਾਜ਼ ਉਠਾਉਣ ਵਾਲੇ ਸਮੂਹਾਂ ਨੇ ਇਜ਼ਰਾਇਲ ਦੇ ਇਸ ਦਾਅਵੇ ਨੂੰ ਰੱਦ ਕਰਦੇ ਹੋਏ ਕਿਹਾ ਕਿ ਅਨਾਸ ਨੂੰ ਇਸ ਕਰਕੇ ਮਾਰਿਆ ਗਿਆ ਕਿਉਂਕਿ ਉਹ ਨਿਧੜਕ ਹੋ ਕੇ ਗਾਜ਼ਾ ਬਾਰੇ ਰਿਪੋਰਟਿੰਗ ਕਰ ਰਿਹਾ ਸੀ। ਅਲ-ਜਜ਼ੀਰਾ ਨੇ ਕਿਹਾ ਕਿ ਉਹ “ਗਾਜ਼ਾ ਦੇ ਸਭ ਤੋਂ ਦਲੇਰ ਪੱਤਰਕਾਰਾਂ ਵਿੱਚੋਂ ਸੀ” ਅਤੇ ਪੱਤਰਕਾਰਾਂ ਉੱਪਰ ਹਮਲਾ ਇਜ਼ਰਾਇਲੀ ਫ਼ੌਜ ਦੀ “ਗਾਜ਼ਾ ਉੱਪਰ ਕਬਜ਼ੇ ਤੋਂ ਪਹਿਲਾਂ ਆਵਾਜ਼ਾਂ ਨੂੰ ਖ਼ਾਮੋਸ਼ ਕਰਨ ਦੀ ਬੇਤਹਾਸ਼ਾ ਕੋਸ਼ਿਸ਼” ਹੈ।




ਗਾਜ਼ਾ ਵਿਰੁੱਧ ਇਹ ਜੰਗ ਪੱਤਰਕਾਰਾਂ ਅਤੇ ਮੀਡੀਆ ਕਾਮਿਆਂ ਲਈ ਤਾਂ ਹੋਰ ਵੀ ਜ਼ਿਆਦਾ ਘਾਤਕ ਬਣ ਚੁੱਕੀ ਹੈ ਕਿਉਂਕਿ ਇਜ਼ਰਾਇਲੀ ਹਕੂਮਤ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਦੁਨੀਆ ਨੂੰ ਦੱਸਣ ਵਾਲਾ ਕੋਈ ਗਵਾਹ ਨਾ ਰਹੇ ਕਿ ਉੱਥੇ ਨਸਲਕੁਸ਼ੀ ਨੂੰ ਅੰਜਾਮ ਦੇਣ ਲਈ ਕੀ-ਕੀ ਕੀਤਾ ਜਾ ਰਿਹਾ ਹੈ। ਕੌਮਾਂਤਰੀ ਮੀਡੀਆ ਨੂੰ ਗਾਜ਼ਾ ਵਿਚ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਸਿਰਫ਼ ਕੁਝ ਕੁ ਪੱਤਰਕਾਰਾਂ ਨੂੰ ਅਤਿਅੰਤ ਬੰਦਸ਼ਾਂ ਵਾਲੀ ਇਜਾਜ਼ਤ ਦੇ ਕੇ ਚੁਣਵੇਂ ਲੋਕਾਂ ਨੂੰ ਮਿਲਾ ਦਿੱਤਾ ਜਾਂਦਾ ਹੈ। ਸਥਾਨਕ ਪੱਤਰਕਾਰਾਂ ਨੂੰ ਚੁਣ-ਚੁਣਕੇ ਮਾਰਿਆ ਜਾ ਰਿਹਾ ਹੈ। ਇਸੇ ਕਰਕੇ 2024 ਵਿਚ ਸਭ ਤੋਂ ਵੱਧ ਪੱਤਰਕਾਰ ਮਾਰੇ ਗਏ। ਗਾਜ਼ਾ ਦੀ ਰਿਪੋਰਟਿੰਗ ਕਾਰਨ ਅਲ-ਜਜ਼ੀਰਾ ਲਈ ਕੰਮ ਕਰ ਰਹੇ ਪੱਤਰਕਾਰ ਇਜ਼ਰਾਇਲੀ ਫ਼ੌਜ ਦੇ ਖ਼ਾਸ ਨਿਸ਼ਾਨੇ ’ਤੇ ਹਨ।



ਗਾਜ਼ਾ ਸਰਕਾਰ ਦੇ ਮੀਡੀਆ ਆਫ਼ਿਸ ਅਨੁਸਾਰ 7 ਅਕਤੂਬਰ 2023 ਤੋਂ ਲੈ ਕੇ ਇਜ਼ਰਾਇਲ ਵੱਲੋਂ 237 ਪੱਤਰਕਾਰਾਂ ਦੀ ਹੱਤਿਆ ਕੀਤੀ ਗਈ ਹੈ। ਇਕ ਹੋਰ ਰਿਪੋਰਟ ਅਨੁਸਾਰ ਹੁਣ ਤੱਕ ਇਜ਼ਰਾਇਲੀ ਫ਼ੌਜ ਨੇ 241 ਪੱਤਰਕਾਰਾਂ ਦਾ ਕਤਲ ਕੀਤਾ ਹੈ। ਸੀਪੀਜੇ (ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ) ਨੇ ਵੀ ਪੁਸ਼ਟੀ ਕੀਤੀ ਹੈ ਕਿ ਗਾਜ਼ਾ ਸੰਘਰਸ਼ ਵਿਚ ਘੱਟੋਘੱਟ 186 ਪੱਤਰਕਾਰ ਮਾਰੇ ਗਏ ਹਨ। ਇਜ਼ਰਾਈਲ ਆਪਣੀ ਖ਼ਸਲਤ ਅਨੁਸਾਰ ਪੱਤਰਕਾਰਾਂ ਨੂੰ ਜਾਣ-ਬੁੱਝ ਕੇ ਨਿਸ਼ਾਨਾ ਬਣਾਉਣ ਤੋਂ ਮੁੱਕਰ ਰਿਹਾ ਹੈ। ਜਦਕਿ ਇਹ ਸਪਸ਼ਟ ਹੈ ਕਿ ਅਲ-ਜਜ਼ੀਰਾ ਦੇ ਕਈ ਪੱਤਰਕਾਰਾਂ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਇਸ ਲਈ ਮਾਰਿਆ ਗਿਆ ਤਾਂ ਜੋ ਬਾਕੀ ਪੱਤਰਕਾਰ ਦਹਿਸ਼ਤਜ਼ਦਾ ਹੋ ਕੇ ਰਿਪੋਰਟਿੰਗ ਕਰਨੀ ਬੰਦ ਕਰ ਦੇਣ। ਸੀਪੀਜੇ ਦੀ ਖੇਤਰੀ ਨਿਰਦੇਸ਼ਕ ਸਾਰਾ ਕੁਦਾਹ ਨੇ ਕਿਹਾ, “ਇਜ਼ਰਾਇਲ ਦਾ ਪੱਤਰਕਾਰਾਂ ਨੂੰ ਭਰੋਸੇਯੋਗ ਸਬੂਤ ਪੇਸ਼ ਕੀਤੇ ਬਿਨਾਂ ‘ਖਾੜਕੂ’ ਕਰਾਰ ਦੇਣ ਦਾ ਪੈਟਰਨ ਪ੍ਰੈੱਸ ਦੀ ਆਜ਼ਾਦੀ ਦੇ ਸਨਮਾਨ ਅਤੇ ਉਸਦੇ ਇਰਾਦਿਆਂ ਉੱਪਰ ਗੰਭੀਰ ਸਵਾਲ ਖੜ੍ਹੇ ਕਰਦਾ ਹੈ।” ਪੱਤਰਕਾਰਾਂ ਦੇ ਪਹਿਲੇ ਕਤਲ ਵੀ ਇਸ ਦੀ ਪੁਸ਼ਟੀ ਕਰਦੇ ਹਨ। ਜਿਵੇਂ ਅਕਤੂਬਰ 2023 ’ਚ ਅਲ-ਜਜ਼ੀਰਾ ਦੇ ਪੱਤਰਕਾਰ ਵਾਇਲ ਅਲ ਦਾਹਦੋਹ ਦੀ ਪਤਨੀ, ਪੁੱਤਰ, ਧੀ ਅਤੇ ਪੋਤਰੇ ਦੀ ਹੱਤਿਆ। ਕੁਝ ਹਫ਼ਤੇ ਬਾਅਦ ਦੁਬਾਰਾ ਹਮਲੇ ’ਚ ਉਹ ਆਪ ਜ਼ਖ਼ਮੀ ਹੋ ਗਿਆ ਅਤੇ ਕੈਮਰਾਮੈਨ ਮਾਰਿਆ ਗਿਆ।

ਅਲ ਸ਼ਰੀਫ਼ ਨੂੰ ਪਤਾ ਸੀ ਕਿ ਪੱਤਰਕਾਰੀ ਦਾ ਫ਼ਰਜ਼ ਨਿਭਾਉਣ ਕਾਰਨ ਉਸ ਨੂੰ ਆਪਣੀ ਜਾਨ ਗਵਾਉਣੀ ਪੈ ਸਕਦੀ ਹੈ। ਜੁਲਾਈ ’ਚ ਉਸਨੇ ਸੀਪੀਜੇ ਨੂੰ ਦੱਸਿਆ ਸੀ ਕਿ ਉਹ “ਇਸ ਡਰ ਨਾਲ ਜੀ ਰਿਹਾ ਹੈ ਕਿ ਕਿਸੇ ਵੀ ਪਲ ਬੰਬਾਰੀ ’ਚ ਮੇਰੀ ਸ਼ਹਾਦਤ ਹੋ ਸਕਦੀ ਹੈ।” ਪਰ ਉਸਨੇ ਰਿਪੋਰਟਿੰਗ ਕਰਨੀ ਬੰਦ ਨਹੀਂ ਕੀਤੀ, ਸਗੋਂ ਹੋਰ ਵੀ ਵਧੇਰੇ ਸੰਜੀਦਗੀ ਨਾਲ ਰਿਪੋਰਟਿੰਗ ਕਰਦਾ ਰਿਹਾ।

ਗਾਜ਼ਾ ਵਿਚ ਕਤਲੇਆਮ ਨੂੰ ਦੇਖਕੇ ਦੁਨੀਆ ਦੇ ਲੋਕਾਂ ਨੂੰ ਲੱਗਦਾ ਹੋਵੇਗਾ ਕਿ ਹਾਲਾਤ ਇਸ ਤੋਂ ਭਿਆਨਕ ਅਤੇ ਮਾੜੇ ਨਹੀਂ ਹੋ ਸਕਦੇ, ਪਰ ਬੈਂਜਾਮਿਨ ਨੇਤਨਯਾਹੂ ਦੇ ਦਹਿਸ਼ਤਗਰਦ ਫ਼ੌਜੀ ਗਰੋਹਾਂ ਨੇ ਇੱਕੋ ਹਮਲੇ ’ਚ ਪੰਜ ਪੱਤਰਕਾਰਾਂ ਨੂੰ ਮਾਰਕੇ ਇਹ ਦੱਸ ਦਿੱਤਾ ਕਿ ਇਹ ਇਜ਼ਰਾਇਲੀ ਦੀ ਕਰੂਰਤਾ ਦੀ ਇੰਤਹਾ ਨਹੀਂ ਹੈ। ਉਹ ਤਾਂ ਕਰੂਰਤਾ ਨੂੰ ਅਜਿਹਾ ਰੂਪ ਦੇਣ ਦੇ ਸਮਰੱਥ ਹਨ ਜਿਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਗਾਜ਼ਾ ਉੱਪਰ ਮੁਕੰਮਲ ਕਬਜ਼ੇ ਨੂੰ ਅੰਜਾਮ ਦੇਣ ਲਈ ਇਜ਼ਰਾਇਲੀ ਜੰਗੀ ਮਸ਼ੀਨ ਨੂੰ ਜੰਗ ਦੇ ਅੰਤਰਰਾਸ਼ਟਰੀ ਨਿਯਮਾਂ ਦੀ ਉਲੰਘਣਾ ਕਰਕੇ ਪੱਤਰਕਾਰਾਂ ਨੂੰ ਗਿਣ-ਮਿੱਥਕੇ ਕਤਲ ਕਰਨ ’ਚ ਵੀ ਕੋਈ ਹਿਚਕ ਨਹੀਂ ਹੈ। ਗਾਜ਼ਾ ’ਚ ਪੱਤਰਕਾਰ ਹੁਣ ਸਿਰਫ਼ ਨਾਗਰਿਕਾਂ ਦੇ ਕਤਲੇਆਮ ਦੀ ਰਿਪੋਰਟ ਨਹੀਂ ਕਰ ਰਹੇ, ਸਗੋਂ ਖ਼ੁਦ ਵੀ ਸਿੱਧੇ ਰੂਪ ’ਚ ਕਤਲੇਆਮ ਦਾ ਸਾਹਮਣਾ ਕਰ ਰਹੇ ਹਨ। ਉੱਥੇ ਕੀਤੇ ਜਾ ਰਹੇ ਜੁਰਮਾਂ ਨੂੰ ਰਿਕਾਰਡ ’ਤੇ ਲਿਆਉਣ ਕਾਰਨ ਮਾਈਕ੍ਰੋਫ਼ੋਨ ਅਤੇ ਕੈਮਰੇ ਚੁੱਕੀ ਫਿਰਦੇ ਪੱਤਰਕਾਰ ਇਜ਼ਰਾਇਲੀ ਹਾਕਮਾਂ ਦੀਆਂ ਨਜ਼ਰਾਂ ’ਚ ਹਥਿਆਰਬੰਦ ਲੜਾਕਿਆਂ ਤੋਂ ਵੀ ਵਧੇਰੇ ਖ਼ਤਰਨਾਕ ਹਨ।

ਇਜ਼ਰਾਇਲੀ-ਫ਼ਲਸਤੀਨੀ ਰਸਾਲੇ +972 ਮੈਗਜ਼ੀਨ ਅਤੇ ਹਿਬਰਿਊ ਭਾਸਾ ਦੇ ਲੋਕਲ ਕਾਲ ਨੇ ਤਿੰਨ ਖ਼ੁਫੀਆ ਸਰੋਤਾਂ ਦੇ ਹਵਾਲੇ ਨਾਲ ਖ਼ੁਲਾਸਾ ਕੀਤਾ ਹੈ ਕਿ 7 ਅਕਤੂਬਰ 2023 ਦੀ ਘਟਨਾ ਤੋਂ ਬਾਅਦ ਇਜ਼ਰਾਇਲ ਦੀ ਫ਼ੌਜ ਵਿਚ ਖ਼ਾਸ ਯੂਨਿਟ “ਵਾਜਬ ਠਹਿਰਾਉਣ ਵਾਲਾ ਸੈੱਲ” ਬਣਾਇਆ ਗਿਆ ਸੀ ਜਿਸਦਾ ਕੰਮ ਅਜਿਹੀ ਸੂਚਨਾ ਜੁਟਾਉਣਾ ਸੀ ਜਿਸ ਨਾਲ ਇਜ਼ਰਾਇਲ ਦਾ ਅਕਸ ਮਜ਼ਬੂਤ ਬਣੇ ਅਤੇ ਜੋ ਪ੍ਰਮੁੱਖ ਸੰਗੀਆਂ ਤੋਂ ਕੂਟਨੀਤਕ ਤੇ ਫ਼ੌਜੀ ਮੱਦਦ ਹਾਸਲ ਕਰਨ ’ਚ ਮੱਦਦ ਕਰੇ। ਪੱਤਰਕਾਰਾਂ ਉੱਪਰ ਝੂਠੇ ਦੋਸ਼ ਲਾਉਣਾ ਇਸ ਪ੍ਰੋਜੈਕਟ ਦਾ ਹਿੱਸਾ ਹੈ ਤਾਂ ਜੋ ਦੁਨੀਆ ਉਨ੍ਹਾਂ ਦੀ ਰਿਪੋਰਟਿੰਗ ਉੱਪਰ ਯਕੀਨ ਨਾ ਕਰੇ। ਰਿਪੋਰਟ ਨੇ ਇਕ ਪੱਤਰਕਾਰ ਦੀ ਮਿਸਾਲ ਦਿੱਤੀ ਜਿਸ ਨੂੰ ਦਹਿਸ਼ਤਗਰਦ ਬਣਾਕੇ ਪੇਸ਼ ਕੀਤਾ ਗਿਆ, ਅਤੇ ਮਕਸਦ ਪੂਰਾ ਹੋਣ ਤੋਂ ਬਾਅਦ ਦੋਸ਼ ਵਾਪਸ ਲੈ ਲਿਆ ਗਿਆ। ਗਾਜ਼ਾ ਵਿਚ ਅਜਿਹਾ ਠੱਪਾ ਲਗਾਏ ਜਾਣ ਦਾ ਅਰਥ ਕਿਸੇ ਨੂੰ ਮੌਤ ਦੀ ਸਜ਼ਾ ਸੁਣਾਉਣ ਵਾਂਗ ਹੈ।

ਇਜ਼ਰਾਇਲੀ ਹਕੂਮਤ ਦੇ ਨਾਲ-ਨਾਲ ਅਮਰੀਕੀ ਸਾਮਰਾਜੀਆਂ ਨੇ ਵੀ ਇਜ਼ਰਾਇਲੀ ਵੱਲੋਂ ਥੋਪੀ ਇਸ ਕਰੂਰ ਜੰਗ ਨੂੰ ਵਾਜਬ ਠਹਿਰਾਉਣ ਲਈ ਆਪਣੀ ਪੂਰੀ ਪ੍ਰਚਾਰ ਮਸ਼ੀਨਰੀ ਝੋਕੀ ਹੋਈ ਹੈ। ਅਮਰੀਕਾ ਦੀ ਫ਼ੌਜੀ ਤੇ ਵਿਤੀ ਮੱਦਦ ਅਤੇ ਹੋਰ ਪੱਛਮੀ ਸਾਮਰਾਜੀ ਰਾਜਾਂ ਦਾ ਚੁੱਪ ਰਹਿਕੇ ਸਹਿਯੋਗ ਹੀ ਇਸ ਧਾੜਵੀ ਜੰਗ ਨੂੰ ਸੰਭਵ ਬਣਾ ਰਹੇ ਹਨ। ਮੋਦੀ ਹਕੂਮਤ ਵਰਗੀਆਂ ਅਮਰੀਕਾ ਦੀਆਂ ਪਿਛਲੱਗ ਸਰਕਾਰਾਂ ਦੀ ਮਿਲੀਭੁਗਤ ਤੇ ਮੱਦਦ ਵੀ ਜੱਗ ਜ਼ਾਹਰ ਹੈ।

ਪੱਤਰਕਾਰਾਂ ਦਾ ਗਿਣ-ਮਿੱਥਕੇ ਸਫ਼ਾਇਆ ਕਰਨਾ ਮਹਿਜ਼ ਸਥਾਨਕ ਜਾਂ

## ਅਨਸ ਅਲ-ਸ਼ਰੀ.ਫ ਦੀ ਆਖ਼ਰੀ ਵਸੀਅਤ:

‘ਇਹ ਮੇਰੀ ਵਸੀਅਤ ਅਤੇ ਆਖ਼ਰੀ ਸੰਦੇਸ਼ ਹੈ। ਜੇ ਇਹ ਸ਼ਬਦ ਤੁਹਾਡੇ ਤੱਕ ਪਹੁੰਚਣ, ਤਾਂ ਸਮਝ ਲੈਣਾ ਕਿ ਇਜ਼ਰਾਇਲ ਮੈਨੂੰ ਮਾਰਨ ਅਤੇ ਮੇਰੀ ਆਵਾਜ਼ ਨੂੰ ਖ਼ਾਮੋਸ਼ ਕਰਨ ਵਿਚ ਕਾਮਯਾਬ ਹੋ ਗਿਆ ਹੈ।

ਸਭ ਤੋਂ ਪਹਿਲਾਂ ਤਾਂ, ਤੁਹਾਡੇ ਉੱਪਰ ਸੁੱਖ-ਸ਼ਾਂਤੀ ਅਤੇ ਅੱਲਾਹ ਦੀ ਰਹਿਮਤ ਤੇ ਆਸ਼ੀਰਵਾਦ ਦੀ ਬਖ਼ਸ਼ਿਸ਼ ਹੋਵੇ। ਅੱਲਾਹ ਜਾਣਦਾ ਹੈ ਕਿ ਜਦੋਂ ਤੋਂ ਮੈਂ ਜਬਾਲੀਆ ਸ਼ਰਨਾਰਥੀ ਕੈਂਪ ਦੀਆਂ ਗਲੀਆਂ ਅਤੇ ਸੜਕਾਂ ’ਚ ਜ਼ਿੰਦਗੀ ਦੀਆਂ ਅੱਖਾਂ ਖੋਲ੍ਹੀਆਂ, ਉਦੋਂ ਤੋਂ ਹੀ ਮੈਂ ਆਪਣੇ ਲੋਕਾਂ ਲਈ ਸਹਾਰਾ ਅਤੇ ਆਵਾਜ਼ ਬਣਨ ਲਈ ਆਪਣੀ ਪੂਰੀ ਕੋਸ਼ਿਸ਼ ਅਤੇ ਤਾਕਤ ਲਗਾ ਦਿੱਤੀ। ਮੇਰੀ ਇਹੀ ਉਮੀਦ ਸੀ ਕਿ ਅੱਲਾਹ ਮੇਰੀ ਉਮਰ ਲੰਮੀ ਕਰੇ ਤਾਂ ਜੋ ਮੈਂ ਆਪਣੇ ਪਰਿਵਾਰ ਅਤੇ ਪਿਆਰੇ ਲੋਕਾਂ ਨਾਲ ਆਪਣੇ ਮੂਲ ਸ਼ਹਿਰ, ਮਕਬੂਜ਼ਾ ਅਸਕਲਾਨ (ਅਲ-ਮਜਦਲ) ਵਾਪਸ ਪਰਤ ਸਕਾਂ। ਪਰ ਅੱਲਾਹ ਦੀ ਮਰਜ਼ੀ ਪਹਿਲਾਂ ਹੈ, ਅਤੇ ਉਸਦਾ ਫ਼ੈਸਲਾ ਅੰਤਿਮ ਹੈ।

ਮੈਂ ਦਰਦ ਦਾ ਹਰ ਰੰਗ ਜੀਵਿਆ ਹੈ, ਪੀੜਾ ਅਤੇ ਨੁਕਸਾਨ ਦਾ ਸੁਆਦ ਕਈ ਵਾਰ ਚੱਖਿਆ ਹੈ, ਫਿਰ ਵੀ ਸੱਚ ਜਿਵੇਂ ਹੈ ਉਸ ਨੂੰ ਉਸੇ ਤਰ੍ਹਾਂ ਬਿਨਾਂ ਤੋੜੇ-ਮਰੋੜੇ ਜਾਂ ਗ਼ਲਤ ਬਿਆਨੀ ਕੀਤੇ ਅੱਗੇ ਪਹੁੰਚਾਉਣ ’ਚ ਮੈਂ ਕਦੇ ਹਿਚਕ ਨਹੀਂ ਦਿਖਾਈ। ਤਾਂ ਜੋ ਅੱਲਾਹ ਉਨ੍ਹਾਂ ਦੇ ਖ਼ ?ਲਾਫ਼ ਗਵਾਹ ਬਣੇ ਜੋ ਚੁੱਪ ਰਹੇ, ਜਿਨ੍ਹਾਂ ਨੇ ਸਾਡੇ ਕਤਲ ਮਨਜ਼ੂਰ ਕਰ ਲਏ, ਜਿਨ੍ਹਾਂ ਨੇ ਸਾਡੇ ਸਾਹ ਘੁੱਟੇ, ਅਤੇ ਜਿਨ੍ਹਾਂ ਦੇ ਦਿਲ ਸਾਡੇ ਬੱਚਿਆਂ ਅਤੇ ਔਰਤਾਂ ਦੇ ਜਿਸਮਾਂ ਦੇ ਖਿੰਡੇ ਹੋਏ ਲੋਥੜਿਆਂ ਨਾਲ ਵੀ ਨਾ ਪਸੀਜੇ, ਜਿਨ੍ਹਾਂ ਨੇ ਉਸ ਕਤਲੇਆਮ ਨੂੰ ਰੋਕਣ ਲਈ ਕੁਝ ਨਹੀਂ ਕੀਤਾ ਜਿਸਦਾ ਸਾਹਮਣਾ ਸਾਡੇ ਲੋਕਾਂ ਨੂੰ ਪਿਛਲੇ ਡੇਢ ਸਾਲ ਤੋਂ ਵੀ ਵੱਧ ਸਮੇਂ ਤੋਂ ਕਰਨਾ ਪੈ ਰਿਹਾ ਹੈ।

ਮੈਂ ਤੁਹਾਨੂੰ ਫ਼ਲਸਤੀਨ ਦੀ ਅਮਾਨਤ ਸੌਂਪਦਾ ਹਾਂ—ਮੁਸਲਿਮ ਜਗਤ ਦੇ ਤਾਜ ਦਾ ਗਹਿਣਾ, ਇਸ ਦੁਨੀਆ ਦੇ ਹਰ ਆਜ਼ਾਦ ਇਨਸਾਨ ਦੀ ਧੜਕਣ। ਮੈਂ ਤੁਹਾਨੂੰ ਇਸਦੇ ਲੋਕਾਂ ਦੀ, ਇਸਦੇ ਮਜ਼ਲੂਮ ਅਤੇ ਮਾਸੂਮ ਬੱਚਿਆਂ ਦੀ ਅਮਾਨਤ ਸੌਂਪਦਾ ਹਾਂ, ਜਿਨ੍ਹਾਂ ਨੂੰ ਕਦੇ ਸੁਪਨੇ ਦੇਖਣ ਜਾਂ ਸੁਰੱਖਿਆ ਅਤੇ ਸੁੱਖ-ਸ਼ਾਂਤੀ ਵਿਚ ਜਿਊਣ ਦਾ ਮੌਕਾ ਨਹੀਂ ਮਿਲਿਆ। ਉਨ੍ਹਾਂ ਦੇ ਪਵਿੱਤਰ ਜਿਸਮ ਹਜ਼ਾਰਾਂ ਟਨ ਇਜ਼ਰਾਇਲੀ ਬੰਬਾਂ ਅਤੇ ਮਿਜ਼ਾਈਲਾਂ ਹੇਠਾਂ ਕੁਚਲ ਦਿੱਤੇ ਗਏ, ਟੁਕੜੇ-ਟੁਕੜੇ ਹੋ ਕੇ ਇੱਧਰ-ਉੱਧਰ ਦੀਵਾਰਾਂ ’ਤੇ ਚਿਪਕ ਗਏ।

**ਮੈਂ ਤੁਹਾਨੂੰ ਅਰਜ਼ ਕਰਦਾ ਹਾਂ:** ਆਪਣੀ ਆਵਾਜ਼ ਨੂੰ ਜ਼ੰਜੀਰਾਂ ਨਾਲ ਖ਼ਾਮੋਸ਼ ਨਾ ਹੋਣ ਦੇਣਾ, ਨਾ ਹੀ ਸਰਹੱਦਾਂ ਨੂੰ ਆਪਣਾ ਰਾਹ ਰੋਕਣ ਦੀ ਇਜਾਜ਼ਤ ਦੇਣਾ। ਤੁਸੀਂ ਇਸ ਜ਼ਮੀਨ ਅਤੇ ਇਸਦੇ ਲੋਕਾਂ ਦੀ ਆਜ਼ਾਦੀ ਵੱਲ ਲੈ ਜਾਣ ਵਾਲਾ ਪੁਲ ਬਣਨਾ, ਜਦ ਤੱਕ ਕਿ ਸਾਡੀ ਚੋਰੀ ਕੀਤੀ ਹੋਈ ਮਾਂ-ਧਰਤੀ ਉੱਪਰ ਮਾਣ-ਸਨਮਾਨ ਅਤੇ ਆਜ਼ਾਦੀ ਦਾ ਸੂਰਜ ਚੜ੍ਹ ਨਾ ਜਾਵੇ...’

## ਭੁੱਖਮਰੀ ਅਤੇ ਮੌਤਾਂ ਨਾਲ ਜੂਝ ਰਿਹਾ ਗਾਜ਼ਾ

### ਬਾਲ ਰੋਗ ਵਿਸ਼ੇਸ਼ਗ ਅਤੇ ਡਾਕਟਰਜ਼ ਵਿਦਾਊਟ ਬਾਰਡਰਜ਼ ਯੂਐਸਏ ਦੀ ਬੋਰਡ ਮੈਂਬਰ ਡਾ. ਅਕਸਾ ਦੁਰਾਨੀ ਦਾ ਅਨੁਭਵ

ਜਦੋਂ ਮੈਂ ਗਾਜ਼ਾ ਵਿਚ ਦਾਖ਼ਲ ਹੋਈ ਤ™ ਇਜ਼ਰਾਈਲੀ ਫ਼ੌਜ ਦਾ ਨਿਯਮ ਸੀ: ਮੈਂ ਸਿਰਫ਼ ਸੱਤ ਪਾਊਂਡ ਖਾਣਾ ਲੈ ਜਾ ਸਕਦੀ ਹਾਂ। ਜਦੋਂ ਮੈਂ ਪ੍ਰੋਟੀਨ ਬਾਰ ਤੋਲ ਰਹੀ ਸੀ, ਤਾਂ ਜੋ ਸੀਮਾ ਤੋਂ ਘੱਟ ਹੋਵੇ, ਮੈਂ ਆਪਣੇ ਪਤੀ ਨੂੰ ਕਿਹਾ: ‘ਇਹ ਕਿੰਨਾ ਭਿਆਨਕ ਹੈ?’ ਮੈਂ ਇਕ ਮਾਨਵੀ ਸਹਾਇਤਾ ਕਾਰਕੁਨ ਹਾਂ। ਖਾਣਾ ਲਿਜਾਣ ਉੱਪਰ ਕੋਈ ਸੀਮਾ ਕਿਉਂ ਹੋਵੇਗੀ? ਮੈਂ ਬਹੁਤ ਜ਼ਿਆਦਾ ਭੁੱਖ ਵਾਲੇ ਕਈ ਇਲਾਕਿਆਂ ਵਿਚ ਕੰਮ ਕੀਤਾ ਹੈ, ਪਰ ਇੱਥੇ ਜੋ ਚੀਜ਼ ਸਭ ਤੋਂ ਦੁਖਦਾਈ ਹੈ, ਉਹ ਹੈ ਇਸਦੀ ਕਰੂਰਤਾ, ਇਹ ਕਿੰਨੀ ਜਾਣ-ਬੁੱਝ ਕੇ ਕੀਤੀ ਜਾ ਰਹੀ ਹੈ। ਮੈਂ ਦੋ ਮਹੀਨੇ ਗਾਜ਼ਾ ਵਿਚ ਰਹੀ; ਇੱਥੇ ਜੋ ਹੋ ਰਿਹਾ ਹੈ, ਉਸਦੀ ਭਿਆਨਕਤਾ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਅਤੇ ਮੈਂ ਇਹ ਬਾਲ ਚਿਕਿਤਸਾ ਆਈਸੀਯੂ ਡਾਕਟਰ ਦੇ ਤੌਰ ’ਤੇ ਕਹਿ ਰਹੀ ਹਾਂ, ਜਿਸਦੇ ਕੰਮ ਦਾ ਹਿੱਸਾ ਬੱਚਿਆਂ ਨੂੰ ਤਿਲ-ਤਿਲ ਮਰਦੇ ਦੇਖਣਾ ਹੈ। ਸਾਡੇ ਆਪਣੇ ਸਟਾਫ਼ ਵਿਚ ਡਾਕਟਰ ਅਤੇ ਨਰਸਾਂ ਹਨ ਜੋ ਭੁੱਖੇ, ਥੱਕੇ ਹੋਏ ਹੋਣ ਦੇ ਬਾਵਜੂਦ ਮਰੀਜ਼ਾਂ ਦਾ ਇਲਾਜ ਕਰਨ ਲਈ ਯਤਨਸ਼ੀਲ ਹਨ। ਉਹ ਤੰਬੂਆਂ ਵਿੱਚ ਰਹਿ ਰਹੇ ਹਨ। ਉਨ੍ਹਾਂ ਵਿੱਚੋਂ ਕੁਝ ਨੇ ਆਪਣੇ ਪਰਿਵਾਰ ਦੇ ਪੰਦਰਾਂ, ਵੀਹ ਮੈਂਬਰ ਗੁਆ ਦਿੱਤੇ ਹਨ। ਹਸਪਤਾਲ ਵਿੱਚ ਹਵਾਈ ਹਮਲਿਆਂ ਨਾਲ ਅਪਾਹਜ ਹੋਏ ਬੱਚੇ ਹਨ: ਟੁੱਟੀਆਂ ਬਾਹਾਂ, ਟੁੱਟੀਆਂ ਲੱਤਾਂ, ਬੁਰੀ ਤਰ੍ਹਾਂ ਜਲੇ ਹੋਣ ਦੇ ਜ਼ਖ਼ਮ। ਅਕਸਰ ਦਰਦ ਦੀ ਦਵਾਈ ਨਹੀਂ ਮਿਲਦੀ। ਪਰ ਬੱਚੇ ਦਰਦ ਬਾਰੇ ਨਹੀਂ ਚੀਕ ਰਹੇ, ਉਹ ਚੀਕ ਰਹੇ ਹਨ: ‘ਮੈਨੂੰ ਭੁੱਖ ਲੱਗੀ ਏ! ਮੈਨੂੰ ਭੁੱਖ ਲੱਗੀ ਏ!’ ਮੈਨੂੰ ਸਿਰਫ਼ ਬੱਚਿਆਂ ’ਤੇ ਧਿਆਨ ਕੇਂਦਰਤ ਕਰਨ ਤੋਂ ਨਫ਼ਰਤ ਹੈ, ਕਿਉਂਕਿ ਕੋਈ ਵੀ ਭੁੱਖਾ ਨਹੀਂ ਰਹਿਣਾ ਚਾਹੀਦਾ। ਪਰ ਬੱਚੇ... ਉਹ ਤੁਹਾਨੂੰ ਵੱਖਰੀ ਤਰ੍ਹਾਂ ਨਾਲ ਸਤਾਉਂਦੇ ਹਨ। ਜਦੋਂ ਮੇਰੇ ਦੋ ਮਹੀਨੇ ਪੂਰੇ ਹੋਏ, ਮੈਂ ਵਾਪਸ ਜਾਣਾ ਨਹੀਂ ਸੀ ਚਾਹੁੰਦੀ। ਇਹ ਅਜਿਹਾ ਅਹਿਸਾਸ ਸੀ ਜੋ ਮੈਨੂੰ ਲੱਗਭੱਗ ਵੀਹ ਸਾਲਾਂ ਦੇ ਮਾਨਵੀ ਕਾਰਜਾਂ ਵਿਚ ਕਦੇ ਨਹੀਂ ਹੋਇਆ। ਪਰ ਮੈਨੂੰ ਸ਼ਰਮ ਆਈ। ਆਪਣੇ ਫ਼ਲਸਤੀਨੀ ਸਾਥੀਆਂ ਨੂੰ ਛੱਡਕੇ ਜਾਂਦਿਆਂ ਸ਼ਰਮ ਆਈ, ਜੋ ਮੇਰੀ ਮੁਲਾਕਾਤ ਦੇ ਸਭ ਤੋਂ ਖ਼ੂਬਸੂਰਤ ਅਤੇ ਦਿਆਲੂ ਲੋਕਾਂ ਵਿੱਚੋਂ ਸਨ। ਮੈਨੂੰ ਇਕ ਅਮਰੀਕੀ ਦੇ ਤੌਰ ’ਤੇ ਸ਼ਰਮ ਆਈ, ਇਕ ਇਨਸਾਨ ਦੇ ਤੌਰ ’ਤੇ ਸ਼ਰਮ ਆਈ, ਕਿ ਅਸੀਂ ਇਸ ਚੀਜ਼ ਨੂੰ ਰੋਕਣ ਵਿਚ ਅਸਮਰੱਥ ਰਹੇ ਹਾਂ ਜੋ ਸਪੱਸ਼ਟ ਤੌਰ ’ਤੇ ਨਸਲਕੁਸ਼ੀ ਹੈ। ਮੈਨੂੰ ਚੇਤੇ ਹੈ ਜਦੋਂ ਸਾਡੀ ਬੱਸ ਬਫ਼ਰ ਜ਼ੋਨ ਤੋਂ ਨਿਕਲੀ। ਖਿੜਕੀ ਤੋਂ ਇਕ ਪਾਸੇ ਮੈਂ ਰਾਫ਼ਾ ਨੂੰ ਦੇਖ ਸਕਦੀ ਸੀ, ਜੋ ਸਿਰਫ਼ ਮਲਬਾ ਸੀ। ਦੂਜੇ ਪਾਸੇ ਹਰਿਆ-ਭਰਿਆ, ਹਰਿਆਲੀ ਨਾਲ ਭਰਪੂਰ ਇਜ਼ਰਾਈਲ ਸੀ। ਜਦੋਂ ਅਸੀਂ ਗੇਟ ਤੋਂ ਨਿਕਲੇ, ਪਹਿਲੀ ਚੀਜ਼ ਜੋ ਮੈਂ ਦੇਖੀ ਉਹ ਇਜ਼ਰਾਈਲੀ ਫ਼ੌਜੀਆਂ ਦਾ ਗਰੁੱਪ ਸੀ, ਜੋ ਮੇਜ਼ ’ਤੇ ਬੈਠੇ, ਦੁਪਹਿਰ ਦਾ ਖਾਣਾ ਖਾ ਰਹੇ ਸਨ। ਖਾਣੇ ਨਾਲ ਭਰੀ ਮੇਜ਼ ਦੇਖ ਕੇ ਮੈਨੂੰ ਕਦੇ ਏਨੀ ਘਿਣ ਨਹੀਂ ਆਈ।



ਖੇਤਰੀ ਤ੍ਰਾਸਦੀ ਨਹੀਂ ਹੈ, ਸਗੋਂ ਇਹ ਲੜਾਈ ਦੇ ਖੇਤਰਾਂ ਵਿਚ ਪੱਤਰਕਾਰਾਂ ਦੀ ਸੁਰੱਖਿਆ ਸੰਬੰਧੀ ਅੰਤਰਰਾਸ਼ਟਰੀ ਨਿਯਮਾਂ ਦੀ ਖੁੱਲ੍ਹੇਆਮ ਉਲੰਘਣਾ ਹੈ। ਜੋ ਇਸ ਦਾ ਸੰਕੇਤ ਵੀ ਹੈ ਕਿ ਯੁੱਧ ਦੀ ਰਿਪੋਰਟਿੰਗ ਕਰਕੇ ਸੱਚਾਈ ਨੂੰ ਸਾਹਮਣੇ ਲਿਆਉਣ ਵਾਲਿਆਂ ਦੀ ਰਾਖੀ ਕਰਨ ਦੀ ਆਲਮੀ ਨੈਤਿਕ ਜ਼ਿੰਮੇਵਾਰੀ ਦੀ ਹਕੀਕਤ ਕੀ ਹੈ ਅਤੇ ਆਪਣੇ ਆਪ ਨੂੰ ਲੋਕਤੰਤਰ ਦੇ ਚੈਂਪੀਅਨ ਕਹਾਉਣ ਵਾਲੇ ਪੱਛਮੀ ਰਾਜ ਕਿਵੇਂ ਆਪਣੇ ਲੋਕਤੰਤਰੀ ਮਖੌਟੇ ਲਾਹ ਕੇ ਪੱਤਰਕਾਰਾਂ ਨੂੰ ਖ਼ਾਮੋਸ਼ ਕਰਨ ’ਚ ਇਜ਼ਰਾਇਲੀ ਦਹਿਸ਼ਤਵਾਦ ਦਾ ਹੱਥ ਵਟਾ ਰਹੇ ਹਨ। ਉਨ੍ਹਾਂ ਦੀ ਪ੍ਰੈੱਸ ਦੀ ਆਜ਼ਾਦੀ ਦੀ ਚਿੰਤਾ ਝੂਠੀ ਹੈ।

ਪੱਤਰਕਾਰਾਂ ਅਤੇ ਮੀਡੀਆ ਕਾਮੇ ਸਿਰਫ਼ ਗਾਜ਼ਾ ਵਿਚ ਹੀ ਅਸੁਰੱਖਿਅਤ ਨਹੀਂ ਹਨ। ਦੁਨੀਆ ਭਰ ਵਿਚ ਪੱਤਰਕਾਰਾਂ ਨੂੰ ਦਹਿਸ਼ਤ, ਧਮਕੀਆਂ ਅਤੇ ਕਤਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਾਕੀ ਦੁਨੀਆ ਦੇ ਮੁਕਾਬਲੇ ਇਜ਼ਰਾਇਲੀ ਸਟੇਟ ਨੇ ਗਾਜ਼ਾ ਦੀ ਸਚਾਈ ਨੂੰ ਲੁਕੋਣ ਲਈ ਮਨੁੱਖਤਾ ਵਿਰੁੱਧ ਇਨ੍ਹਾਂ ਜੰਗੀ ਜੁਰਮਾਂ ਨੂੰ ਪੂਰੀ ਤਰ੍ਹਾਂ ਸਜ਼ਾ-ਮੁਕਤ ਬਣਾ ਦਿੱਤਾ ਹੈ। ਜਿਵੇਂ ‘ਸੁਤੰਤਰ ਦੁਨੀਆ’ ਕਹਾਉਣ ਵਾਲੇ ਮੁਲਕ ਦੇ ਰਾਜ-ਨੇਤਾ ਪੂਰੀ ਤਰ੍ਹਾਂ ਬੇਪ੍ਰਵਾਹ ਹੋ ਕੇ ਇਸ ਕਰੂਰਤਾ ਨੂੰ ਦੇਖ ਕੇ ਅਣਡਿੱਠ ਕਰ ਰਹੇ ਹਨ, ਜਿਵੇਂ ਕੁਝ ਮੀਡੀਆ ਸਮੂਹ ਹਕੀਕਤ ਨੂੰ ਜਾਣ-ਬੁੱਝਕੇ ਨਜ਼ਰਅੰਦਾਜ਼ ਕਰਕੇ ਆਜ਼ਾਦਾਨਾ ਪੁਸ਼ਟੀ ਕੀਤੇ ਬਿਨਾਂ ਹੀ ਇਜ਼ਰਾਇਲੀ ਕੂੜ-ਪ੍ਰਚਾਰ ਨੂੰ ਪਵਿੱਤਰ ਸ਼ਲੋਕ ਵਾਂਗ ਰਟ ਕੇ ਮਾਰੇ ਗਏ ਪੱਤਰਕਾਰਾਂ ਨੂੰ ਹੀ ਦੋਸ਼ੀ ਠਹਿਰਾ ਰਹੇ ਹਨ, ਇਨ੍ਹਾਂ ਖ਼ਾਸੀਅਤਾਂ ਕਾਰਨ ਗਾਜ਼ਾ ਦਾ ਕੇਸ ਬਾਕੀਆਂ ਨਾਲੋਂ ਵੱਖਰਾ ਹੈ।

ਵੇਖਿਆ ਜਾਵੇ ਤਾਂ ਇਹ ਹਾਲੀਆ ਇਤਿਹਾਸ ਵਿਚ ਪੱਤਰਕਾਰੀ ਲਈ ਸਭ ਤੋਂ ਖ਼ਤਰਨਾਕ ਸਮਾਂ ਹੈ। ਪੱਤਰਕਾਰਾਂ ਨੂੰ ਸਿਰਫ਼ ਆਪਣੀ ਜਨਤਕ ਜ਼ਿੰਮੇਵਾਰੀ ਨਿਭਾਉਣ—ਵਾਪਰ ਰਹੇ ਦੇ ਗਵਾਹ ਬਣਨ ਅਤੇ ਸੱਚਾਈ ਦੀ ਰਿਪੋਰਟ ਕਰਨ ਲਈ—ਧਮਕਾਇਆ, ਸਤਾਇਆ ਅਤੇ ਮਾਰਿਆ ਜਾ ਰਿਹਾ ਹੈ। ਸੰਸਾਰ ਭਰ ਵਿਚ ਲੜਾਈ ਦੇ ਖੇਤਰਾਂ ਵਿਚ ਕੰਮ ਕਰ ਰਹੇ ਪੱਤਰਕਾਰਾਂ ਲਈ ਖ਼ਤਰੇ ਤੇਜ਼ੀ ਨਾਲ ਵਧੇ ਹਨ। 2023 ਵਿਚ ਔਸਤਨ ਹਰ ਚਾਰ ਦਿਨਾਂ ਵਿਚ ਇਕ ਪੱਤਰਕਾਰ ਜਾਂ ਮੀਡੀਆ ਕਾਮੇ ਦੀ ਹੱਤਿਆ ਕੀਤੀ ਗਈ। 2024 ਵਿਚ ਇਹ ਅੰਕੜਾ ਹੋਰ ਵੀ ਭਿਆਨਕ ਬਣ ਗਿਆ—ਹਰ ਤਿੰਨ ਦਿਨ ਵਿਚ ਇਕ ਪੱਤਰਕਾਰ ਦੀ ਹੱਤਿਆ ਹੋਈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਇਜ਼ਰਾਇਲੀ ਫ਼ੌਜਾਂ ਵੱਲੋਂ ਮਾਰੇ ਗਏ। ਗ਼ਾਜ਼ਾ ਦੇ ਪੱਤਰਕਾਰ ਕੋਈ ਬਾਹਰੋਂ ਆਏ “ਅੰਤਰਰਾਸ਼ਟਰੀ ਪੈਰਾਸ਼ੂਟ ਪੱਤਰਕਾਰ”ਨਹੀਂ ਹਨ, ਉਹ ਸਥਾਨਕ ਪੱਤਰਕਾਰ ਹਨ—ਜੋ ਇਸ ਧਰਤੀ, ਇਸਦੇ ਲੋਕਾਂ ਅਤੇ ਕਹਾਣੀਆਂ ਨੂੰ ਬਹੁਤ ਨੇੜਿਓਂ ਜਾਣਦੇ ਹਨ। ਉਹ ਗ਼ਾਜ਼ਾ ਦੀ ਤ੍ਰਾਸਦੀ ਨੂੰ ਸਿਰਫ਼ ਰਿਪੋਰਟ ਨਹੀਂ ਕਰ ਰਹੇ, ਸਗੋਂ ਉਸ ਨੂੰ ਖ਼ੁਦ ਜੀ ਰਹੇ ਹਨ। ਕਤਲਾਂ ਤੋਂ ਇਲਾਵਾ, ਇਜ਼ਰਾਇਲ ਭੁੱਖ ਨੂੰ ਵੀ ਜੰਗੀ ਹਥਿਆਰ ਵਜੋਂ ਵਰਤ ਰਿਹਾ ਹੈ। ਗਾਜ਼ਾ ਦੇ ਲੋਕਾਂ ਵਾਂਗ ਪੱਤਰਕਾਰ ਵੀ ਭੁੱਖ ਨਾਲ ਹਾਲੋ-ਬੇਹਾਲ ਹੋ ਕੇ ਡਿੱਗ ਰਹੇ ਹਨ ਤੇ ਉਸੇ ਹਾਲਤ ਵਿਚ ਰਿਪੋਰਟਿੰਗ ਕਰਦਿਆਂ ਪੂਰੀ ਵਚਨਬੱਧਤਾ ਨਾਲ ਆਪਣਾ ਪੇਸ਼ੇਵਰ ਫਰਜ਼ ਨਿਭਾ ਰਹੇ ਹਨ।

ਇਹ ਹਿੰਸਾ ਨਾ ਤਾਂ ਅਚਾਨਕ ਹੈ ਅਤੇ ਨਾ ਹੀ ਕੋਈ ਇਕੱਲੀਆਂ ਘਟਨਾਵਾਂ। ਇਹ ਪੂਰੀ ਵਿਉਂਤਬੰਦੀ ਨਾਲ ਮੀਡੀਆ ਨੂੰ ਖ਼ਾਮੋਸ਼ ਕਰਨ ਦੇ ਧੜਵੈਲ ਅਤੇ ਚਿੰਤਾਜਨਕ ਰੁਝਾਨ ਦਾ ਹਿੱਸਾ ਹੈ, ਜਿਸਨੂੰ ਨਸਲਵਾਦੀ ਇਜ਼ਰਾਇਲੀ ਰਾਜ ਆਪਣੇ ਮਨੁੱਖਤਾ ਵਿਰੁੱਧ ਜੁਰਮਾਂ ਉੱਪਰ ਪੜਦਾ ਪਾਉਣ ਲਈ ਅੰਜਾਮ ਦੇ ਰਿਹਾ ਹੈ। ਇਹ ਸਾਡੇ ਸਾਰਿਆਂ ਲਈ ਭਿਆਨਕ ਚੀਜ਼ ਹੋਣੀ ਚਾਹੀਦੀ ਹੈ। ਇਹ ਸਿਰਫ਼ ਵਿਅਕਤੀਗਤ ਪੱਤਰਕਾਰਾਂ ’ਤੇ ਹਮਲਾ ਨਹੀਂ ਹੈ, ਇਹ ਤਾਂ ਦਰਅਸਲ ਕੁਲ ਦੁਨੀਆ ਦੇ ਲੋਕਾਂ ਦੇ “ਸੱਚ ਜਾਣਨ ਦੇ ਅਧਿਕਾਰ” ਉੱਪਰ ਹਮਲਾ ਹੈ—ਮਨੁੱਖੀ ਪੀੜਾ ਦੀ ਗਹਿਰਾਈ ਸਮਝਣ ਅਤੇ ਹਾਕਮਾਂ ਨੂੰ ਜਵਾਬਦੇਹ ਬਣਾਉਣ ਦੇ ਅਧਿਕਾਰ ਉੱਪਰ ਹਮਲਾ।

ਇਨ੍ਹਾਂ ਹਾਲਾਤ ਵਿਚ ਪੂਰੀ ਦੁਨੀਆ ਦੇ ਲੋਕਾਂ ਸਿਰ ਵੱਡੀ ਜ਼ਿੰਮੇਵਾਰੀ ਆ ਪਈ ਹੈ। ਉਨ੍ਹਾਂ ਨੂੰ ਫ਼ਲਸਤੀਨੀਆਂ ਦੀ ਨਸਲਕੁਸ਼ੀ ਵਿਰੁੱਧ ਆਵਾਜ਼ ਉਠਾਉਂਦੇ ਸਮੇਂ ਮੀਡੀਆ ਦੀ ਆਜ਼ਾਦੀ ਉੱਪਰ ਇਜ਼ਰਾਇਲੀ ਹਮਲੇ ਨੂੰ ਤਾਂ ਹੋਰ ਵੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

ਸਿਰਾਂ ’ਤੇ ਕੱਫਣ ਬੰਨ੍ਹਕੇ ਗਾਜ਼ਾ ਵਿਚ ਕੰਮ ਕਰ ਰਹੇ ਮੀਡੀਆ ਕਾਮੇ ਸਿਰਫ਼ ਘਟਨਾਵਾਂ ਨੂੰ ਰਿਕਾਰਡ ਨਹੀਂ ਕਰ ਰਹੇ। ਉਹ ਦਰਅਸਲ, ਅੱਜ ਦੇ ਇਤਿਹਾਸ ਦਾ ਮੁੱਢਲਾ ਰੂਪ ਸਿਰਜ ਰਹੇ ਹਨ ਜਿਸ ਦੇ ਆਧਾਰ ’ਤੇ ਭਵਿੱਖ ਦੇ ਇਤਿਹਾਸਕਾਰ ਉਸ ਕਤਲੇਆਮ ਦਾ ਅਧਿਐਨ ਕਰਨਗੇ ਜੋ 21ਵੀਂ ਸਦੀ ਦਾ “ਟੀਵੀ ’ਤੇ ਸਭ ਤੋਂ ਵੱਧ ਦਿਖਾਇਆ ਗਿਆ ਕਤਲੇਆਮ” ਹੈ। ਯੁੱਧਾਂ ਅਤੇ ਸੰਘਰਸ਼ਾਂ ਬਾਰੇ ਪੁਖ਼ਤਾ ਜਾਣਕਾਰੀ ਦਾ ਹੋਣਾ ਸਹੂਲਤ ਦਾ ਸਵਾਲ ਨਹੀਂ ਹੈ, ਸਮੁੱਚੀ ਮਾਨਵਤਾ ਦੀ ਬਿਹਤਰੀ, ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਜੰਗੀ ਜੁਰਮਾਂ ਦੇ ਦੋਸ਼ੀਆਂ ਨੂੰ ਜਵਾਬਦੇਹ ਬਣਾਉਣ ਦੇ ਨਜ਼ਰੀਏ ਤੋਂ ਇਸ ਦਾ ਮਹੱਤਵ ਹੋਰ ਵੀ ਜ਼ਿਆਦਾ ਹੈ। ਜਦੋਂ ਪੱਤਰਕਾਰਾਂ ਦੀ ਜ਼ੁਬਾਨਬੰਦੀ ਕਰ ਦਿੱਤੀ ਜਾਂਦੀ ਹੈ, ਤਾਂ ਸਾਰੇ ਲੋਕ ਝੂਠੀ ਜਾਣਕਾਰੀ, ਕੂੜ-ਪ੍ਰਚਾਰ ਅਤੇ ਸੱਤਾ ਦੀ ਬੇਲਗਾਮ ਦੁਰਵਰਤੋਂ ਦੇ ਹੋਰ ਵੀ ਸੌਖੇ ਸ਼ਿਕਾਰ ਬਣਨ ਦੀ ਹਾਲਤ ’ਚ ਸੁੱਟ ਦਿੱਤੇ ਜਾਂਦੇ ਹਨ। ਇਸ ਨੂੰ ਅਸੀਂ ਭਾਰਤ ਵਿਚ ਭਗਵਾ ਹਕੂਮਤ ਵੱਲੋਂ ਬਣਾਏ ਫਾਸ਼ੀਵਾਦੀ ਹਾਲਾਤ, ਖ਼ਾਸ ਕਰਕੇ ਕਸ਼ਮੀਰ ਅਤੇ ਬਸਤਰ ਦੇ ਹਵਾਲੇ ਨਾਲ ਸੌਖਿਆਂ ਹੀ ਸਮਝ ਸਕਦੇ ਹਾਂ ਜਿੱਥੇ ਸਿਲਸਿਲੇਵਾਰ ਤਰੀਕੇ ਨਾਲ ਪੱਤਰਕਾਰੀ ਨੂੰ ਆਪਣੇ ਉੱਪਰ ਸਵੈ-ਸੈਂਸਰਸ਼ਿਪ ਲਾਗੂ ਕਰ ਲੈਣ ਲਈ ਮਜਬੂਰ ਕਰ ਦਿੱਤਾ ਗਿਆ ਹੈ।

ਗਾਜ਼ਾ ਵਿਚ ਲਗਾਤਾਰ ਬੰਬਾਰੀ, ਅਤੇ ਸਖ਼ਤ ਨਾਕਾਬੰਦੀ ਦੁਆਰਾ ਸਿਲਸਿਲੇਵਾਰ ਨਸਲਕੁਸ਼ੀ ਹੁਣ ਕਿਸੇ ਸਬੂਤ ਦੀ ਮੁਥਾਜ ਨਹੀਂ ਹੈ। ਜਿਨ੍ਹਾਂ ਲੋਕਾਂ ਦੀ ਜ਼ਮੀਰ ਅਜੇ ਵੀ ਝੰਜੋੜੀ ਨਹੀਂ ਜਾ ਰਹੀ, ਅਤੇ ਉਨ੍ਹਾਂ ਨੂੰ ਫਿਰ ਵੀ ਲੱਗਦਾ ਹੈ ਕਿ ਉਹ ਮਨੁੱਖੀ ਤੇ ਜਮਹੂਰੀ ਹੱਕਾਂ ਦੀ ਚੇਤਨਾ ਬਾਰੇ ਜਾਗਰੂਕ ਹਨ, ਉਨ੍ਹਾਂ ਨੂੰ ਆਪਣੇ ਅੰਦਰ ਝਾਤੀ ਜ਼ਰੂਰ ਮਾਰਨੀ ਚਾਹੀਦੀ ਹੈ। ਇਸ ਨਸਲਕੁਸ਼ੀ ਨੂੰ ਬਰਦਾਸ਼ਤ ਕਰਦੇ ਰਹਿਣ ਅਤੇ ਇਸ ਵਿਰੁੱਧ ਨਾ ਬੋਲਣ ਦਾ ਭਾਵ ਹੈ ਨਾ ਸਿਰਫ਼ ਪੱਤਰਕਾਰੀ, ਸਗੋਂ ਜਵਾਬਦੇਹੀ, ਲੋਕਤੰਤਰੀ ਮੁੱਲਾਂ ਅਤੇ ਨਿਆਂਪਸੰਦ ਭਵਿੱਖ ਦੀ ਸੰਭਾਵਨਾ ਨੂੰ ਨਸ਼ਟ ਕਰਨ ’ਚ ਭਾਗੀਦਾਰ ਬਣਨਾ। ਗ਼ਾਜ਼ਾ ਵਿਚ ਨਸਲਕੁਸ਼ੀ ਅਤੇ ਭਿਆਨਕ ਤਬਾਹੀ ਦੀ ਸੱਚਾਈ ਨੂੰ ਦੁਨੀਆ ਤੱਕ ਪਹੁੰਚਾਉਣ ਲਈ ਸਭ ਕੁਝ ਦਾਅ ’ਤੇ ਲਾ ਕੇ ਕੰਮ ਕਰ ਰਹੇ ਪੱਤਰਕਾਰਾਂ ਦੀ ਰਾਖੀ ਲਈ ਡੱਟਣਾ ਸਮੁੱਚੀ ਮਨੁੱਖਤਾ ਦਾ ਫ਼ਰਜ਼ ਹੈ। ਪੱਤਰਕਾਰਾਂ ਨੂੰ ਹਿੰਸਾ ਦੇ ਡਰ ਤੋਂ ਮੁਕਤ ਹੋ ਕੇ ਆਪਣਾ ਫ਼ਰਜ਼ ਨਿਭਾਉਣ ਦੀ ਆਜ਼ਾਦੀ ਮਿਲਣੀ ਚਾਹੀਦੀ ਹੈ। ਇਸ ਤੋਂ ਘੱਟ ਕੁਝ ਵੀ ਪ੍ਰਗਟਾਵੇ ਦੀ ਆਜ਼ਾਦੀ ਦੇ ਸਭ ਤੋਂ ਬੁਨਿਆਦੀ ਸਿਧਾਂਤਾਂ ਨਾਲ ਧੋਖਾ ਹੋਵੇਗਾ।

ਗ਼ਾਜ਼ਾ ਦੇ ਪੱਤਰਕਾਰਾਂ ਦੀ ਦਲੇਰੀ, ਵਚਨਬੱਧਤਾ ਅਤੇ ਕੁਰਬਾਨੀ ਸਾਡੇ ਤੋਂ ਮੁਕੰਮਲ ਹਮਾਇਤ ਅਤੇ ਲਗਾਤਾਰ ਵਕਾਲਤ ਦੀ ਮੰਗ ਕਰਦੀ ਹੈ। ਸਾਡੀ ਖ਼ਾਮੋਸ਼ੀ ਅਤੇ ਬੇਹਰਕਤੀ ਇਤਿਹਾਸ ਵਿਚ ਉਨ੍ਹਾਂ ਦੀ ਰਾਖੀ ਕਰਨ ਵਿਚ ਸਾਡੀ ਵੱਡੀ ਨਾਕਾਮੀ ਵਜੋਂ ਦਰਜ ਹੋਵੇਗੀ, ਜੋ ਅੱਜ ਸੱਚ ਨੂੰ ਸਾਹਮਣੇ ਲਿਆਉਣ ਲਈ ਹਵਾਈ ਹਮਲਿਆਂ ਅੱਗੇ ਹਿੱਕ ਡਾਹਕੇ ਲੜ ਰਹੇ ਹਨ।

ਜੰਗ ਵਿਚ ਪੱਤਰਕਾਰਾਂ ਦੀ ਸੁਰੱਖਿਆ ਲਈ ਅੰਤਰਰਾਸ਼ਟਰੀ ਨਿਯਮਾਂ ਨੂੰ ਮਜ਼ਬੂਤ ਬਣਾਉਣ ਤੇ ਲਾਗੂ ਕਰਨ ਅਤੇ ਸਰਕਾਰਾਂ ਨੂੰ ਉਲੰਘਣਾਵਾਂ ਲਈ ਜਵਾਬਦੇਹ ਬਣਾਉਣ ’ਤੇ ਜ਼ੋਰ ਦੇਣਾ ਅੱਜ ਸਮੇਂ ਦੀ ਵੱਡੀ ਮੰਗ ਹੈ। ਇਜ਼ਰਾਇਲ ਦੇ ਖ਼ੂਨੀ ਹੱਥ ਰੋਕਣ ਲਈ ਇਹ ਜ਼ੋਰਦਾਰ ਮੰਗ ਕਰਨੀ ਹੋਵੇਗੀ ਕਿ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣਾ ਬੰਦ ਕੀਤਾ ਜਾਵੇ ਅਤੇ ਗ਼ਾਜ਼ਾ ਪੱਟੀ ਵਿਚ ਅੰਤਰਰਾਸ਼ਟਰੀ ਮੀਡੀਆ ਦੀ ਪਹੁੰਚ ਅਤੇ ਕੰਮ ਕਰਨ ਦੀ ਆਜ਼ਾਦੀ ਯਕੀਨੀ ਬਣਾਈ ਜਾਵੇ।

ਪੁਸਤਕ ਰਿਵਿਊ

# ਬ੍ਰਹਿਮੰਡ ਦੀ ਉਤਪਤੀ


***(ਮਨੁੱਖੀ ਬਾਹੂਬਲੀ ਕਿਵੇਂ ਬਣਿਆ?)***

***ਜਗਦੀਸ਼ ਸਿੰਘ ਚੌਹਕਾ, ਪ੍ਰਕਾਸ਼ਨ-5 ਆਬ ਪ੍ਰਕਾਸ਼ਨ ਜਲੰਧਰ***



ਹਰੀਪਾਲ
403-714-4816

ਜਗਦੀਸ਼ ਸਿੰਘ ਚੌਹਕੀ ਦੀ ਨਵੀਂ ਪੁਸਤਕ ‘ਬ੍ਰਹਿਮੰਡ ਦੀ ਉਤਪਤੀ’ ਗੁਫਾ ਜਗਤ ਤੋਂ ਰਾਕਟ ਯੁੱਗ ਤੱਕ ਦਾ ਸਫ਼ਰ ਬਿਆਨ ਕਰਦੀ ਹੈ ਪਰ ਕਿਤਾਬ ’ਤੇ ਚਰਚਾ ਕਰਨ ਤੋਂ ਪਹਿਲਾਂ ਲੇਖਕ ਜਗਦੀਸ਼ ਸਿੰਘ ਚੌਹਕਾ ਬਾਰੇ ਅਤੇ ਸਮੇਂ ਦੇ ਹਾਲਾਤਾਂ ਬਾਰੇ ਦੋ ਗੱਲਾਂ ਜ਼ਰੂਰ ਕਰ ਲਈਏ। ਸਭ ਤੋਂ ਪਹਿਲਾਂ ਆਪਾਂ ਜਗਦੀਸ਼ ਸਿੰਘ ਚੌਹਕਾ ਬਾਰੇ ਗੱਲ ਕਰੀਏ, ਚੌਹਕਾ ਸਾਹਿਬ ਇਕ ਪ੍ਰਤੀਬਿੰਬ ਕਮਿਊਨਿਸਟ ਹਨ। ਉਸ ਨੇ ਜ਼ਿੰਦਗੀ ਦਾ ਬਹੁਤ ਹਿੱਸਾ ਭਾਰਤ ਵਿਚ ਇਨਕਲਾਬੀ ਲਹਿਰ ਦੇ ਲੇਖੇ ਲਾਇਆ ਹੈ। ਚੜ੍ਹਦੀ ਜਵਾਨੀ ਵਿਚ ਹੀ ਉਹ ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਦਾ ਕੁਲਵਕਤੀ ਮੈਂਬਰ ਬਣ ਗਿਆ। ਕੁਲਵਕਤੀ ਮੈਂਬਰ ਦੀ ਜੇ ਪਰਿਭਾਸ਼ਾ ਦੇਖੀਏ ਤਾਂ ਕੁਲਵਕਤੀ ਮੈਂਬਰ ਉਹ ਹੁੰਦਾ ਹੈ, ਜੋ ਘਰ ਦੀਆਂ ਜ਼ਿੰਮੇਵਾਰੀਆਂ ਨੂੰ ਤਿਲਾਂਜਲੀ ਦੇ ਕੇ ਪਾਰਟੀ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਤੁਰਦਾ ਹੈ। ਉਸ ਨੇ ਆਪਣੇ ਇਲਾਕੇ ਦੀ ਲੋਕਲ ਇਕਾਈ ਨੂੰ ਜਥੇਬੰਦ ਕਰਨ, ਖੱਬੇਪੱਖੀ ਘੋਲਾਂ ਦੀ ਅਗਵਾਈ ਕਰਨ ਤੇ ਪਾਰਟੀ ਲਈ ਫੰਡ ਇਕੱਠਾ ਕਰਨ ਦਾ ਕੰਮ ਕੀਤਾ।




ਅੱਜ ਵੀ ਉਹ ਹੁਣ ਜਦੋਂ ਕੈਨੇਡਾ ਦਾ ਵਸਨੀਕ ਹੈ। ਉਹ ਪਾਰਟੀ ਲਈ ਹਮੇਸ਼ਾ ਫਿਕਰਮੰਦ ਰਹਿੰਦਾ ਹੈ ਅਤੇ ਪਾਰਟੀ ਦੀ ਆਰਥਿਕ ਮਦਦ ਕਰਨ ਲਈ ਅੱਜ ਵੀ ਕਮਰੱਸੇ ਕਸ ਲੈਂਦਾ ਹੈ। ਆਪਣੇ ਪਿੰਡ ਚੌਹਕਾ ਵਿਚ ਜਦੋਂ ਉਹ ਪਾਰਟੀ ਲਈ ਕੰਮ ਕਰਦਾ ਸੀ। ਉਸਨੂੰ ਗੁੰਡਾਗਰਦੀ ਦਾ ਵਿਰੋਧ ਵੀ ਕਰਨਾ ਪਿਆ। ਗੁੰਡਾ ਗਰੋਹ ਨਾਲ ਉਸ ਦਾ ਝਗੜਾ ਕਾਫ਼ੀ ਲੰਬਾ ਚਿਰ ਚੱਲਿਆ। ਲੋਕਾਂ ਵਿਚ ਆਪਣੇ ਹੱਕਾਂ ਪ੍ਰਤੀ ਚੇਤਨਾ ਲਿਆਉਣ ਲਈ ਉਸਨੇ ਕਲਮ ਦਾ ਸਹਾਰਾ ਵੀ ਲਿਆ। ਉਨ੍ਹਾਂ ਛੇ-ਸੱਤ ਕਿਤਾਬਾਂ ਅਗਾਂਹਵਧੂ ਸਾਹਿਤ ਦੀਆਂ ਪੰਜਾਬੀ ਭਾਸ਼ਾ ਨੂੰ ਦਿੱਤੀਆਂ ਅਤੇ ਪੰਜ ਕਿਤਾਬਾਂ ਵਿਚ ਉਸਨੇ ਆਪਣੀ ਜੀਵਨ ਸਾਥੀ ਰਜਿੰਦਰ ਕੌਰ ਚੌਹਕਾ ਦਾ ਸਾਥ ਦਿੱਤਾ। ਇਹ ਸਭ ਕਾਸੇ ਤੋਂ ਬਿਨਾਂ ਉਹ ਭਾਰਤ ਅਤੇ ਕੈਨੇਡਾ ਦੇ ਅਖ਼ਬਾਰਾਂ ਵਿਚ ਅਗਾਂਹਵਧੂ ਲੇਖਦ ਲਿਖਦਾ ਰਹਿੰਦਾ ਹੈ।

ਜਗਦੀਸ਼ ਸਿੰਘ ਚੌਹਕਾ ਇਕ ਗੱਲ ਤੋਂ ਬੜਾ ਖੁਸ਼ਕਿਸਮਤ ਹੈ ਕਿ ਉਨ੍ਹਾਂ ਦੀ ਜੀਵਨ ਸਾਥਣ ਰਜਿੰਦਰ ਕੌਰ ਚੌਹਕਾ ਵੀ ਉਨ੍ਹਾਂ ਦੀ ਹਮਖਿਆਲ ਹੈ, ਜਿਹੜੀ ਕਿ ਇਸਤਰੀ ਸਭਾ ਪੰਜਾਬ ਦੀ ਪ੍ਰਧਾਨ ਵੀ ਰਹੀ ਹੈ। ਵੈਸੇ ਹਮਖਿਆਲ ਜੋੜੀਆਂ ਬਹੁਤ ਘੱਟ ਹੁੰਦੀਆਂ ਹਨ ਪਰ ਪੰਜਾਬ ਵਿਚ ਮਦਨ ਜੀ-ਸ਼ੀਲਾ ਦੀਦੀ, ਸਤਪਾਲ ਡਾਂਗ-ਵਿਮਲਾ ਡਾਂਗ, ਜਗਜੀਤ ਆਨੰਦ-ਉਮਾ ਆਨੰਦ, ਕਈ ਜੋੜੀਆਂ ਹੋਈਆਂ। ਇਸੇ ਤਰ੍ਹਾਂ ਜਗਦੀਸ਼ ਚੌਹਕਾ ਅਤੇ ਰਜਿੰਦਰ ਚੌਹਕਾ ਦੀ ਜੋੜੀ ਵੀ ਲੋਕਪੱਖੀ ਘੋਲਾਂ ਵਿਚ ਵਿਚਲੀ ਗਰਮੀ-ਸਰਦੀ ਇਕੱਠਿਆਂ ਚਲਦੀ ਰਹੀ ਹੈ ਕਿਉਂਕਿ ਜਗਦੀਸ਼ ਚੌਹਕਾ ਪੂੰਜੀਵਾਦ ਸਿਸਟਮ ਦਾ ਵਿਰੋਧੀ ਹੈ ਅਤੇ ਸਮਾਜਵਾਦ ਦਾ ਕੱਟੜ ਸਮਰਥਕ ਹੈ। ਇਸੇ ਕਰਕੇ ਥੋੜਾ ਜਿਹਾ ਪੂੰਜੀਵਾਦ ਬਾਰੇ ਵੀ ਗੱਲ ਕਰਨੀ ਬਣਦੀ ਹੈ।

ਪੂੰਜੀਵਾਦ ਲੁੱਟ-ਖਸੁੱਟ ’ਤੇ ਆਧਾਰਿਤ ਉਹ ਸਿਸਟਮ ਹੈ, ਜਿਸ ਦਾ ਕੋਈ ਅਸੂਲ ਨਹੀਂ, ਕੋਈ ਨੈਤਿਕਤਾ ਨਹੀਂ, ਬਸ ਸਿਰਫ਼ ਪੈਸਾ ਹੀ ਜਿਸਦਾ ਰੱਬ ਹੈ, ਪੈਸਾ ਹੀ ਜਿਸ ਦੀ ਮੰਜ਼ਿਲ ਹੈ। ਪੂੰਜੀਵਾਦ ਰਿਸ਼ਤਿਆਂ ਦਾ ਵੈਰੀ ਹੈ, ਭੈਣ-ਭਾਈ, ਮਾਂ-ਪਿਓ, ਦੋਸਤ-ਮਿੱਤਰ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਜਾਂਦੇ ਹਨ, ਸਿਰਫ਼ ਪੈਸੇ ਲਈ ਕਿਉਂਕਿ ਪੂੰਜੀਵਾਦ ਨੇ ਪਬਲਿਕ ਦੇ ਬਰੇਨ ਨੂੰ ਹਾਈ ਜੈਕ ਕਰ ਲਿਆ ਹੈ। ਲੋਕ ਸਿਰਫ਼ ਉਸਦੀ ਇੱਜ਼ਤ ਕਰਦੇ ਹਨ। ਜਿਸ ਕੋਲ ਪੈਸਾ ਹੈ, ਪਦਵੀ ਹੈ। ਪੂੰਜੀਵਾਦ ਵਿਚ ਨਾ ਤਾਂ ਵਾਤਾਵਰਣ ਦੀ, ਨਾ ਹੀ ਧਰਤੀ ਤੇ ਧਰਤੀ ਉਤੇ ਵੱਸਣ ਵਾਲੇ ਜੀਵ-ਜੰਤੂ ਦੀ ਕੋਈ ਪ੍ਰਵਾਹ ਕੀਤੀ ਜਾਂਦੀ ਹੈ। ਪੂੰਜੀਵਾਦ ਸਭ ਤੋਂ ਪਹਿਲਾਂ ਰਾਜ ਭਾਗ ਤੇ ਕੰਟਰੋਲ ਕਰਦਾ ਹੈ। ਨਵਾ ਕਮਾਉਣ ਦੀ ਖਾਤਰ ਫੈਕਟਰੀਆਂ ਦਾ ਗੰਦ ਦਰਿਆਵਾਂ ਵਿਚ ਰਲਾਉਂਦਾ ਹੈ। ਧਰਤੀ ਤੇ ਜੰਗਲਾਂ ਨੂੰ ਤਬਾਹ ਕਰਦਾ ਹੈ, ਚਾਹੇ ਇਸ ਕਰਕੇ ਮਨੁੱਖੀ ਬਲੀ ਹੀ ਕਿਉਂ ਨਾ ਲੈਣੀ ਪਵੇ। ਅੱਜ ਕੱਲ੍ਹ ਆਦੀ ਵਾਸੀ ਇਲਾਕਿਆਂ ਵਿਚ ਸਭ ਕੁਝ ਇਹ ਹੋ ਰਿਹਾ ਹੈ। ਪੂੰਜੀਵਾਦ ਉਹ ਬਰਮੀ ਹੈ, ਜਿਸ ਵਿਚ ਧਾਰਮਿਕ ਕੱਟੜਤਾ, ਇਲਾਕਾਪ੍ਰਸਤੀ, ਭਾਸ਼ਾ, ਜਾਤਾਂ ਦੇ ਸੱਪ ਹਨ।

ਲੋਕਾਂ ਦੇ ਧਿਆਨ ਆਪ ਦੀਆਂ ਰੋਜ਼ਮਰਾਂ ਦੀਆਂ ਜ਼ਰੂਰਤਾਂ ਤੋਂ ਭੜਕਾਉਣ ਲਈ ਉਹ ਕੋਈ ਵੀ ਸੱਪ ਕੱਢ ਸਕਦੇ ਹਨ। ਪੂੰਜੀਵਾਦ ਦਾ ਮਤਲਬ ਹੈ, ਕੁਝ ਲੋਕਾਂ ਦੀ ਐਯਾਸ਼ੀ ਅਤੇ ਬਹੁਗਿਣਤੀ ਲੋਕ ਭੁਖਮਰੀ, ਬੇਰੁਜ਼ਗਾਰੀ ਦਾ ਸ਼ਿਕਾਰ ਹੁੰਦੇ ਹਨ। ਇਸ ਦੇ ਉਲਟ ਸਮਾਜਵਾਦ ਉਹ ਵਿਵਸਥਾ ਹੈ ਜਾਂ ਉਹ ਸਿਸਟਮ ਹੈ ਜਿਸ ਵਿਚ ਸਿਹਤ, ਵਿਦਿਆ ਉਚ ਮਿਆਰ ਤੱਕ ਦੀ ਮੁਫ਼ਤ ਹੁੰਦੀ ਹੈ। ਲੋਕਾਂ ਦੇ ਦਿਮਾਗ ਵਿਚ ਕੁੱਲੀ, ਗੁੱਲੀ, ਜੁੱਲੀ ਦਾ ਫ਼ਿਕਰ ਨਿਕਲ ਜਾਂਦਾ ਹੈ। ਪੈਸੇ ਦੀ ਦੌੜ ਖਤਮ ਹੋ ਜਾਂਦੀ ਹੈ। ਜਦ ਤੁਹਾਡੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਫਿਰ ਕੱਲ੍ਹ ਦਾ ਫ਼ਿਕਰ ਖਤਮ ਹੋ ਜਾਂਦਾ ਹੈ। ਜਗਦੀਸ਼ ਚੌਹਕਾ ਇਸੇ ਪੂੰਜੀਵਾਦ ਸਿਸਟਮ ਦਾ ਵਿਰੋਧੀ ਅਤੇ ਸਮਾਜਵਾਦ ਦਾ ਹਾਮੀ ਹੈ। ਹੁਣ ਜੇਕਰ ਥੋੜ੍ਹਾ ਬਹੁਤ ਜ਼ਿਕਰ ਚੌਹਕਾ ਜੀ ਦੀ ਕਿਤਾਬ ਬਾਰੇ ਕਰੀਏ ਤਾਂ ਜਗਦੀਸ਼ ਚੌਹਕਾ ਦੇ ਅਨੁਸਾਰ ਸ਼ੁਰੂ ਦਾ ਸਮਾਜ, ਇਕ ਸਮਾਜਵਾਦੀ ਸਮਾਜ ਸੀ ਕਿਉਂਕਿ ਲੋਕ ਜਿਉਂਦਾ ਰਹਿਣ ਲਈ ਖਾਂਦੇ ਪੀਂਦੇ ਸਨ, ਸ਼ਿਕਾਰ ਕਰਕੇ ਵੀ ਵੰਡ ਕੇ ਖਾਂਦੇ ਸਨ ਕਿਉਂਕਿ ਉਸ ਸਮੇਂ ਜੰਜ਼ੀਰਾਵਾਦੀ ਦੀ ਸ਼ੁਰੂਆਤ ਨਹੀਂ ਹੋਈ ਸੀ। ਹੌਲੀ-ਹੌਲੀ ਮਨੁੱਖੀ ਨੂੰ ਸੋਚੀ ਆਉਂਦੀ ਗਈ ਕਿ ਕੁਦਰਤ ਕਰੋਪੀਆਂ ਦਾ ਮੁਕਾਬਲਾ ਇਕੱਠੇ ਰਹਿ ਕੇ ਹੀ ਕੀਤਾ ਜਾ ਸਕਦਾ ਹੈ। ਇਸ ਸੋਚ ਨੇ ਮਨੁੱਖ ਨੂੰ ਕਬੀਲਿਆਂ ਵਿਚ ਰਹਿਣ ਲਈ ਮਜ਼ਬੂਰ ਕਰ ਦਿੱਤਾ। ਕਬੀਲਾ ਯੁੱਗ ਵਿਚ ਪਸ਼ੂ ਪਾਲਣ ਇਕ ਮੁੱਖ ਧੰਦਾ ਬਣ ਗਿਆ। ਇਥੇ ਹੀ ਇਕ ਦੂਜੇ ਕਬੀਲੇ ਤੋਂ ਪਸ਼ੂ ਖੋਹਣ ਦੀ ਸ਼ੁਰੂਆਤ ਵੀ ਹੋਈ। ਜਦ ਮਨੁੱਖੀ ਨੇ ਬੀਜਾਂ ਨੂੰ ਧਰਤੀ ਉਤੇ ਡਿੱਗ ਕੇ ਪੁੰਗਰਦੇ ਦੇਖਿਆ ਤਾਂ ਉਸਨੇ ਖ਼ੁਦ ਬੀਜ ਬੀਜਣੇ ਸ਼ੁਰੂ ਕੀਤੇ ਅਤੇ ਫਿਰ ਕਬੀਲੇ ਵਿਚ ਖੇਤੀ ਨੇ ਪਦਾਰਥਮਿਕਤਾ ਲੈ ਲਈ। ਇਸ ਖੇਤੀ ਲਈ ਬੰਦਿਆਂ ਦੀ ਜ਼ਰੂਰਤ ਸੀ ਅਤੇ ਇਸੇ ਜ਼ਰੂਰਤ ਨੇ ਗੁਲਾਮ ਪ੍ਰਥਾ ਦਾ ਮੁੱਢ ਬੰਨ੍ਹਿਆ। ਇਸੇ ਦੌਰ ਵਿਚ ਹੀ ਅਣਵਿਕਸਿਤ ਇਲਾਕਿਆਂ ਵਿਚੋਂ ਲੋਕਾਂ ਨੂੰ ਫੜ ਕੇ ਪਸ਼ੂਆਂ ਦੀ ਤਰ੍ਹਾਂ ਵੇਚਿਆ ਜਾਣ ਲੱਗਾ। ਇਸੇ ਖੇਤੀ ਨੇ ਪਿੰਡ ਬੱਝਣ ਵਿਚ ਸਾਜਗਾਰ ਹਾਲਾਤ ਪੈਦਾ ਕੀਤੇ।

ਹੌਲੀ-ਹੌਲੀ ਜਿਹੜੇ ਤਾਕਤਵਾਰ ਸੀ, ਉਹ ਧੱਕੇ ਨਾਲ ਜਾਂ ਦੌਲਤ ਦੇ ਜ਼ੋਰ ਨਾਲ ਵੱਡੀਆਂ ਜ਼ਮੀਨਾਂ ਦੇ ਮਾਲਕ ਬਣੇ ਅਤੇ ਜਗੀਰਦਾਰੀ, ਜੋ ਸ਼ੁਰੂ ਹੁੰਦਿਆਂ ਜਿਉਂ ਜਿਉਂ ਮਨੁੱਖ ਹੋਰ ਵਿਕਾਸ ਕਰਦਾ ਗਿਆ। ਪਹਿਲਾਂ ਪਹਿਲ ਖੇਤੀ ਦੀ ਖਾਤਰ ਔਜਾਰ ਵਗੈਰਾ ਬਣਾਉਣ ਦਾ ਕੰਮ ਸ਼ੁਰੂ ਹੋਇਆ। ਮਨੁੱਖ ਦੀਆਂ ਵੱਧ ਰਹੀਆਂ ਲੋੜਾਂ ਨੇ ਫੈਕਟਰੀਆਂ-ਉਦਯੋਗ ਨੂੰ ਜਨਮ ਦਿੱਤਾ। ਇਸ ਦੌਰ ਵਿਚ ਫੈਕਟਰੀ ਮਾਲਕਾਂ ਦੀ ਇਹ ਧਾਰਨਾ ਹੁੰਦੀ ਸੀ ਕਿ ਘੱਟ ਤੋਂ ਘੱਟ ਮਜ਼ਦੂਰਾਂ ਤੋਂ ਵੱਧ ਤੋਂ ਵੱਧ ਕੰਮ ਲਿਆ ਜਾਵੇ। ਇਸ ਲੁੱਟ ਖਸੁੱਟ ਦੇ ਵਿਰੁੱਧ ਵਰਕਰਾਂ ਨੇ ਪਤਾ ਨਹੀਂ ਕਿੰਨੀਆਂ ਕੁਰਬਾਨੀਆਂ ਦਿੱਤੀਆਂ ਅਤੇ ਕਾਮਿਆਂ ਮਾਲਕਾਂ ਦੇ ਇਸ ਯੁੱਧ ਦਰਮਿਆਨ ਕਾਮਿਆਂ ਦਾ ਰਾਹ-ਦਸੇਰਾ ਮਾਰਕਸ ਦਾ ਉਦੇ ਹੁੰਦਾ ਹੈ ਅਤੇ ਮਾਰਕਸ ਦੀ ਵਿਚਾਰਧਾਰਾ, ਜਿਸ ਨੂੰ ਮਾਰਕਸਵਾਦ ਕਿਹਾ ਜਾਂਦਾ ਹੈ, ਨੇ ਇਕ ਵਾਰ ਤੋਂ ਦੋ ਤਿਹਾਈ ਦੁਨੀਆਂ ਨੂੰ ਸਮਾਜਵਾਦੀ ਬਣਾ ਦਿੱਤਾ ਸੀ। ਅਜੇ ਵੀ ਕਿਊਬਾ ਜਾਂ ਕੋਰੀਆ ਵਿਚ ਕਿਸੇ ਨਾ ਕਿਸੇ ਰੂਪ ਵਿਚ ਸਮਾਜਵਾਦ ਲਾਗੂ ਹੈ ਅਤੇ ਡੇਨਮਾਰਕ, ਨੋਰਵੇ ਅਤੇ ਸਵੀਡਨ ਵਿਚ ਸਮਾਜਵਾਦ ਦਾ ਬਦਲ ਰੂਪ ਸੋਸ਼ਲ ਡੈਮੋਕਰੇਸੀ ਬੜੀ ਕਾਮਯਾਬ ਹੈ। ਅੱਜ ਚਾਹੇ ਜੋ ਵੀ ਕਿਹਾ ਜਾਵੇ ਮਜ਼ਦੂਰਾਂ ਦੀ ਲੁੱਟ ਖਸੁੱਟ ਦਾ ਖਾਤਮਾ ਸਿਰਫ਼ ਮਾਰਕਸਵਾਦ ਹੀ ਕਰ ਸਕਦਾ ਹੈ।

ਜਗਦੀਸ਼ ਸਿੰਘ ਚੌਹਕਾ ਨੇ ਭਾਰਤ ਅਤੇ ਪੰਜਾਬ ਦਿਆਂ ਹਾਲਾਤਾਂ ਦਾ ਵੀ ਜ਼ਿਕਰ ਕੀਤਾ ਹੈ ਕਿ ਕਿਵੇਂ ਇਥੇ ਜਗੀਰਦਾਰ ਸਿਸਟਮ ਸ਼ੁਰੂ ਹੋਇਆ ਅਤੇ ਕਿਵੇਂ ਮਾਰਕਸਵਾਦੀ ਨੇ ਪੰਜਾਬ ਦੇ 868 ਪਿੰਡਾਂ ਵਿਚੋਂ ਜਗੀਰਦਾਰੀ ਦਾ ਨਾਸ ਕੀਤਾ।

ਮੈਂ ਇਸ ਕਿਤਾਬ ਬਾਰੇ ਸਿਰਫ਼ ਇੰਨੀ ਕੁ ਜਾਣਕਾਰੀ ਇਸ ਕਰਕੇ ਦਿੱਤੀ ਹੈ ਕਿ ਪਾਠਕਾਂ ਨੂੰ ਇਹ ਕਿਤਾਬ ਯੂਨੀਵਰਸਿਟੀ ਦੀਆਂ ਕਿਤਾਬਾਂ ਵਾਂਗ ਟੈਕਸਟ ਬੁੱਕ ਸਮਝ ਕੇ ਪੜ੍ਹਨੀ ਚਾਹੀਦੀ ਹੈ। ਇਹ ਸਿਰਫ਼ ਇਕ ਕਿਤਾਬ ਹੀ ਨਹੀਂ, ਮਨੁੱਖੀ ਵਿਕਾਸ ਬਾਰੇ ਇਕ ਬਹੁਤ ਵਧੀਆ ਦਸਤਾਵੇਜ਼ ਹੈ। ਆਪਣੀ ਉਮਰ ਦੇ ਇਸ ਪੜਾਅ ’ਤੇ ਪਹੁੰਚ ਕੇ ਵੀ ਜਦ ਚੌਹਕਾ ਜੀ ਕਿੰਨੀਆਂ ਸਰੀਰਕ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ ਤੇ ਫਿਰ ਵੀ ਲੋਕਾਈ ਲਈ ਇੰਨੇ ਫਿਕਰਮੰਦ ਹਨ ਤੇ ਆਪਦੀ ਕਲਮ ਨੂੰ ਹੋਰ ਮਜ਼ਬੂਤੀ ਨਾਲ ਮਨੁੱਖਤਾ ਦੇ ਭਲੇ ਲਈ ਚਲਾ ਰਹੇ ਹਨ।

ਇਸ ਕਰਕੇ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਇਸ ਕਿਤਾਬ ਨੂੰ ਇਤਿਹਾਸਕ ਦਸਤਾਵੇਜ਼ ਦੀ ਤਰ੍ਹਾਂ ਪੜ੍ਹਿਆ ਜਾਵੇ ਅਤੇ ਵਿਚਾਰਿਆ ਜਾਵੇ, ਭਖਵੀਂ ਬਹਿਸ ਕੀਤੀ ਜਾਵੇ। ਮੈਨੂੰ ਉਮੀਦ ਹੀ ਨਹੀਂ ਸਗੋਂ ਯਕੀਨੀ ਹੈ ਕਿ ਚੌਹਕਾ ਜੀ ਇੰਨੇ ਹੌਸਲੇ ਵਾਲੇ ਵਿਅਕਤੀ ਹਨ ਕਿ ਉਹ ਹਮੇਸ਼ਾ ਹੀ ਲੁੱਟੇ ਜਾ ਰਹੇ ਲੋਕਾਂ ਦੇ ਹੱਕ ਵਿਚ ਲਿਖਦੇ ਰਹਿਣਗੇ, ਖੜ੍ਹਦੇ ਰਹਿਣਗੇ।

ਜਥੇਬੰਦਕ ਧਰਮਾਂ ਦਾ ਮਾਇਆ ਜਾਲ

21

# ਅਰਦਾਸ ਅਧਾਰਿਤ ਨਕਲੀ ਧਰਮ



ਹਰਚਰਨ ਸਿੰਘ ਪਰਹਾਰ
403-681-8689
hp8689@gmail.com

**ਨੋਟ : ਅੱਜ ਦੇ ਪ੍ਰਚਲਤ ਜਥੇਬੰਦਕ ਧਰਮਾਂ (ਧਾਰਮਿਕ ਫਿਰਕਿਆਂ) ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ।ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਮਾਇਆ ਜਾਲ ਵਿੱਚ ਫਸਾ ਲੈਂਦੇ।ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ।ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ।ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**

ਪਿਛਲੇ ਸਮੇਂ ਤੋਂ ਅਸੀਂ ਇਸ ਲੇਖ ਲੜੀ ਰਾਹੀਂ ਕੋਸ਼ਿਸ਼ ਕਰ ਰਹੇ ਹਾਂ ਕਿ ਪਾਠਕਾਂ ਨੂੰ ਨਕਲੀ ਧਰਮਾਂ ਦੀ ਦਲ-ਦਲ ਵਿਚੋਂ ਕੱਢ ਕੇ ਅਸਲੀ ਧਰਮ ਨਾਲ ਜੋੜ ਸਕੀਏ। ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਵਲੋਂ ਖੜੇ ਕੀਤੇ ਨਕਲੀ ਧਾਰਮਿਕ ਫਿਰਕਿਆਂ ਦੇ ਪੂਜਾ ਪਾਠ ਜਾਂ ਅੰਦਰੂਨੀ ਸਿਸਟਮ ਦੀ ਜਦੋਂ ਖੋਜ ਕਰਨ ਦਾ ਯਤਨ ਕਰ ਰਹੇ ਹਾਂ ਤਾਂ ਇਸ ਤਰ੍ਹਾਂ ਸਮਝ ਪੈਂਦੀ ਹੈ ਕਿ ਇਨ੍ਹਾਂ ਵਿੱਚ ਅਸਲੀ ਧਰਮ ਦਾ ਅੰਸ਼ ਤਾਂ ਕਿਤੇ ਹੀ ਮਿਲਦਾ ਹੈ, ਸਭ ਕੁਝ ਨਕਲੀ ਹੀ ਪ੍ਰਚਲਤ ਕੀਤਾ ਜਾ ਚੁੱਕਾ ਹੈ। ਧਰਮ ਦੇ ਨਾਮ ’ਤੇ ਲੋਕ ਇਤਨੇ ਬੇਹੋਸ਼ ਹੋ ਚੁੱਕੇ ਹਨ ਕਿ ਅੰਧ-ਵਿਸ਼ਵਾਸ਼ੀ ਜਾਂ ਕਰਮਕਾਂਡੀ ਸ਼ਰਧਾਲੂ ਤਾਂ ਦੂਰ, ਸਾਇੰਸ ਦੀ ਪੜ੍ਹਾਈ ਕਰਕੇ ਡਿਗਰੀਆਂ ਲੈਣ ਵਾਲੇ ਵਿਅਕਤੀ ਵੀ ਇਨ੍ਹਾਂ ਦੇ ਮਾਇਆਜਾਲ ਵਿੱਚ ਬੁਰੀ ਤਰ੍ਹਾਂ ਫਸੇ ਨਜ਼ਰ ਆਉਂਦੇ ਹਨ।ਧਾਰਮਿਕ ਫਿਰਕਿਆਂ ਦੀਆਂ ਕਰਮਕਾਂਡੀ ਤੇ ਅੰਧ-ਵਿਸ਼ਵਾਸ਼ੀ ਰੀਤਾਂ ਰਸਮਾਂ, ਪੂਜਾ-ਪਾਠ ਵਿੱਚ ਉਹ ਵੀ ਉਸੇ ਤਰ੍ਹਾਂ ਫਸੇ ਹੋਏ ਹਨ, ਜਿਵੇਂ ਕੋਈ ਕੋਰਾ ਅਨਪੜ੍ਹ ਵਿਅਕਤੀ। ਬਹੁਤ ਸਾਰੇ ਤਰਕਵਾਦੀ ਸੋਚ ਵਾਲੇ ਵਿਅਕਤੀ, ਜੋ ਕਿ ਨਕਲੀ ਧਰਮਾਂ ਦੀਆਂ ਇਨ੍ਹਾਂ ਨਕਲੀ ਰੀਤਾਂ-ਰਸਮਾਂ, ਕਰਮਕਾਂਡਾਂ ਆਦਿ ਦਾ ਅਕਸਰ ਵਿਰੋਧ ਕਰਦੇ ਹਨ, ਪਰ ਜਦੋਂ ਉਨ੍ਹਾਂ ਹੀ ਵਿਅਕਤੀਆਂ ਦੇ ਨਿੱਜੀ ਜੀਵਨ ਵਿੱਚ ਕੋਈ ਮੌਕਾ ਬਣਦਾ ਹੈ, ਜਦੋਂ ਉਹ ਮਨੁੱਖਤਾ ਨੂੰ ਸਹੀ ਮਾਰਗ ਦਰਸ਼ਨ ਦੇ ਸਕਦੇ ਹਨ, ਉਨ੍ਹਾਂ ਰੀਤਾਂ-ਰਸਮਾਂ ਜਾਂ ਕਰਮਕਾਂਡਾਂ ਨੂੰ ਛੱਡ ਕੇ ਨਵੀਂ ਲੀਹ ਪਾ ਸਕਦੇ ਹਨ, ਉਦੋਂ ਉਹ ਵੀ ਪਰਿਵਾਰ ਜਾਂ ਸਮਾਜ ਦੇ ਦਬਾਅ ਜਾਂ ਪ੍ਰਭਾਵ ਵਿੱਚ ਕੋਈ ਫੈਸਲਾ ਲੈਣ ਦੀ ਜ਼ੁਰਅਤ ਨਹੀਂ ਕਰਦੇ, ਜਿਸ ਨਾਲ ਸਮਾਜ ਵਿੱਚ ਕੋਈ ਤਬਦੀਲੀ ਨਹੀਂ ਹੋ ਰਹੀ।ਜਦੋਂ ਤੱਕ ਜਾਗਰੂਕ ਲੋਕ ਸਮਾਂ ਆਉਣ ’ਤੇ ਧਾਰਮਿਕ ਫਿਰਕਿਆਂ ਦੇ ਨਕਲੀਪਨ ਨੂੰ ਛੱਡ ਕੇ ਮਨੁੱਖਤਾ ਨੂੰ ਕੁਝ ਨਵਾਂ ਰਾਹ ਨਹੀਂ ਦਿੰਦੇ, ਕੁਝ ਵੀ ਬਦਲਣ ਦੀ ਸੰਭਾਵਨਾ ਨਹੀਂ।

ਹੁਣ ਅੱਜ ਦੇ ਵਿਸ਼ੇ ਵੱਲ ਮੁੜਦੇ ਹਾਂ। ਨਕਲੀ ਧਰਮਾਂ ਦੀ ਲੜੀ ਵਿੱਚ ਅੱਜ ਅਸੀਂ **‘ਅਰਦਾਸ ਜਾਂ ਪ੍ਰਾਰਥਨਾ (Prayer)’** ਅਧਾਰਿਤ ਨਕਲੀ ਧਰਮ ਦੀ ਚਰਚਾ ਕਰਾਂਗੇ।ਹਰ ਧਾਰਮਿਕ ਫਿਰਕੇ ਵਿੱਚ ਅਰਦਾਸ ਜਾਂ ਪ੍ਰਾਰਥਨਾ ਦਾ ਅਹਿਮ ਰੋਲ ਹੈ। ਜੇ ਅਰਦਾਸ ਕਿਸੇ ਧਾਰਮਿਕ ਫਿਰਕੇ ਵਿਚੋਂ ਕੱਢ ਦਿੱਤੀ ਜਾਵੇ ਜਾਂ ਜੋ ਧਾਰਨਾ ਅਰਦਾਸ ਬਾਰੇ ਵੱਖ-ਵੱਖ ਫਿਰਕਿਆਂ ਦੇ ਸ਼ਰਧਾਲੂਆਂ ਵਿੱਚ ਪ੍ਰਚਲਤ ਹੈ, ਉਸ ਬਾਰੇ ਉਨ੍ਹਾਂ ਨੂੰ ਅਸਲੀਅਤ ਪਤਾ ਲੱਗ ਜਾਵੇ ਤਾਂ ਦਿਨਾਂ ਵਿੱਚ ਹੀ ਅੱਧੋਂ ਵੱਧ ਸ਼ਰਧਾਲੂ ਅਜਿਹੇ ਧਰਮ ਨੂੰ ਛੱਡਣ ਲਈ ਤਿਆਰ ਹੋਣਗੇ। ਡਿਕਸ਼ਨਰੀਆਂ ਮੁਤਾਬਿਕ ਅਰਦਾਸ ਦਾ ਭਾਵ ਹੈ: ਆਪਣੇ ਇਸ਼ਟ, ਗੁਰੂ, ਰਹਿਬਰ, ਪੀਰ, ਪੈਗੰਬਰ, ਦੇਵੀ-ਦੇਵਤੇ ਦੀ ਮੂਰਤੀ, ਧਾਰਮਿਕ ਗ੍ਰੰਥ, ਕਰਾਮਾਤੀ ਸਥਾਨ, ਕਰਾਮਾਤੀ ਵਸਤੂ ਆਦਿ ਅੱਗੇ ਸੱਚੇ ਦਿਲੋਂ, ਸਮਰਪਣ, ਪਿਆਰ, ਭਾਵਨਾ, ਸ਼ਰਧਾ, ਸਤਿਕਾਰ ਆਦਿ ਨਾਲ ਕਿਸੇ ਮੰਗ ਦੀ ਪੂਰਤੀ, ਮੰਗ ਪੂਰੀ ਹੋਣ ’ਤੇ ਧੰਨਵਾਦ, ਕਿਸੇ ਮੁਸੀਬਤ ਵਿਚੋਂ ਨਿਕਲਣ ਜਾਂ ਕਿਸੇ ਵਿਰੋਧੀ ਨੂੰ ਮੁਸੀਬਤ ਵਿੱਚ ਪਾਉਣ, ਉਤਸ਼ਾਹ ਲੈਣ, ਗੁਰੂ, ਰਹਿਬਰ, ਪੀਰ, ਪੈਗੰਬਰ ਦੀ ਉਸਤਤ ਕਰਨ, ਆਪਣੀਆਂ ਗਲਤੀਆਂ ਤੋਂ ਤੋਬਾ ਕਰਨ, ਕਿਸੇ ਮਿੱਤਰ ਪਿਆਰੇ ਦੀ ਸਿਹਤਯਾਬੀ ਜਾਂ ਸ਼ੁਭ ਇਛਾਵਾਂ ਆਦਿ ਲਈ ਕੀਤੀ ਜੋਦੜੀ, ਫਰਿਆਦ, ਬੇਨਤੀ ਆਦਿ ਨੂੰ ਅਰਦਾਸ ਜਾਂ ਪ੍ਰੇਅਰ ਕਿਹਾ ਜਾਂਦਾ ਹੈ।

ਆਮ ਤੌਰ ’ਤੇ ਇਹ ਵੀ ਕਿਹਾ ਜਾਂਦਾ ਹੈ ਕਿ ਕੋਈ ਵੀ ਅਰਦਾਸ ਕਦੇ ਖਾਲੀ ਹੱਥ ਨਹੀਂ ਕਰਨੀ ਚਾਹੀਦੀ ਅਤੇ ਦੂਜਾ ਸੱਚੇ ਦਿਲੋਂ ਕੀਤੀ ਹੋਈ ਅਰਦਾਸ ਪੂਰੀ ਜਰੂਰ ਹੁੰਦੀ ਹੈ। ਜੇ ਪੂਰੀ ਨਾ ਹੋਵੇ ਤਾਂ ਤੁਹਾਡੀ ਸ਼ਰਧਾ ਜਾਂ ਵਿਸ਼ਵਾਸ਼ ਵਿੱਚ ਕਮੀ ਹੋ ਸਕਦੀ ਹੈ? ਜਿਸਦੇ ਅੱਗੇ ਅਰਦਾਸ ਕੀਤੀ ਜਾਦੀ ਹੈ, ਉਸਦੀ ਅਰਦਾਸਾਂ ਪੂਰੀਆਂ ਕਰਨ ਵਾਲੀ ਕਰਾਮਾਤੀ ਸ਼ਕਤੀ ’ਤੇ ਸ਼ੱਕ ਨਹੀਂ ਕੀਤਾ ਜਾ ਸਕਦਾ, ਉਸਤੇ ਕਿੰਤੂ ਨਹੀਂ ਹੋ ਸਕਦਾ, ਉਸਨੂੰ ਚੈਲਿੰਜ ਨਹੀਂ ਕੀਤਾ ਜਾ ਸਕਦਾ। ਤੁਹਾਡੀ ਸ਼ਰਧਾ ਜਾਂ ਤੁਹਾਡੇ ਵਿਸ਼ਵਾਸ਼ ਵਿੱਚ ਕਮੀ ਹੋ ਸਕਦੀ ਹੈ। ਪੁਜਾਰੀ ਅਜਿਹਾ ਪਾਠ ਆਪਣੇ ਸ਼ਰਧਾਲੂਆਂ ਨੂੰ ਬਚਪਨ ਤੋਂ ਪੜ੍ਹਾਉਣਾ ਸ਼ੁਰੂ ਕਰ ਦਿੰਦੇ ਹਨ। ਇਸ ਲਈ ਬਚਪਨ ਤੋਂ ਮਨੁੱਖ ਦੀ ਘਾੜਤ ਅਜਿਹੀ ਘੜੀ ਹੁੰਦੀ ਹੈ ਕਿ ਸੱਚ ਸਾਹਮਣੇ ਵਰਤਦਾ ਦੇਖ ਕੇ ਵੀ ਉਹ ਸੱਚ ਕਹਿਣ ਜਾਂ ਮੰਨਣ ਦੀ ਹਿੰਮਤ ਨਹੀਂ ਕਰ ਪਾਉਂਦਾ। ਉਹ ਹਮੇਸ਼ਾਂ ਆਪਣੇ ਆਪ ਨੂੰ ਹੀ ਦੋਸ਼ੀ ਸਮਝਦਾ ਹੈ। ਪੁਜਾਰੀਆਂ ਦਾ ਸਾਰਾ ਧੰਦਾ ਇਸ ਅਧਾਰ ’ਤੇ ਹੀ ਚਲਦਾ ਹੈ। ਪਿਛਲੇ ਦਿਨੀਂ ਇੰਟਰਨੈਟ ’ਤੇ ਪ੍ਰੇਅਰ ਬਾਰੇ ਖੋਜ ਕਰਦਿਆ ਪਤਾ ਚੱਲਿਆ ਕਿ ਕਈ ਮਾਡਰਨ ਪੁਜਾਰੀਆਂ ਨੇ ਅਜਿਹੀਆਂ ਵੈਬਸਾਈਟਾਂ ਬਣਾਈਆਂ ਹੋਈਆਂ ਹਨ ਕਿ ਤੁਸੀਂ ਉਨ੍ਹਾਂ ਨੂੰ ਆਪਣੀ ਫਰਿਆਦ (ਦੱਖ, ਤਕਲੀਫ) ਈ-ਮੇਲ ਰਾਹੀਂ ਭੇਜੋ ਅਤੇ ਨਾਲ ਕਰੈਡਿਟ ਕਾਰਡ ਰਾਹੀਂ ਪੇਅ ਕਰੋ ਅਤੇ ਫਿਰ ਉਹ ਤੁਹਾਡੇ ਲਈ ਅਰਦਾਸ ਕਰਨਗੇ। ਉਨ੍ਹਾਂ ਵੈਬਸਾਈਟਾਂ ਵਿੱਚ ਇਹ ਵੀ ਲਿਖਿਆ ਮਿਲਦਾ ਹੈ ਕਿ ਤੁਸੀਂ ਆਪਣੀ ਕਿਸੇ ਦੁੱਖ ਤਕਲੀਫ ਲਈ ਅਰਦਾਸ ਕਿਵੇਂ ਲਿਖਣੀ ਹੈ, ਅਰਦਾਸਾਂ ਦੇ ਸੈਂਪਲ ਵੀ ਦਿੱਤੇ ਹੋਏ ਹਨ। ਇਸਦੇ ਨਾਲ ਹੀ ਅਜਿਹੇ ਸੈਂਪਲ ਵੀ ਦਿੱਤੇ ਹੋਏ, ਜਿਨ੍ਹਾਂ ਵਿੱਚ ਅਨੇਕਾਂ ਸ਼ਰਧਾਲੂਆਂ ਦੀ ਗਵਾਹੀ ਦਿੱਤੀ ਹੋਈ ਹੈ, ਜਿਨ੍ਹਾਂ ਦੀਆਂ ਅਰਦਾਸਾਂ ਪੂਰੀਆਂ ਹੋ ਚੁੱਕੀਆਂ ਹਨ। ਇੱਕ ਪੁਜਾਰੀ ਨੇ ਅਜਿਹੀ ਵੈਬ ਸਾਈਟ ਵੀ ਬਣਾਈ ਹੋਈ ਹੈ ਕਿ ਤੁਸੀਂ ਪੂਜਾ ਪਾਠ ਅਰਦਾਸ ਲਈ ਆਨਲਾਈਨ ਪੇਅ ਕਰੋ ਤਾਂ ਫਿਰ ਉਹ ਤੁਹਾਡੇ ਲਈ ਆਪਣੇ ਧਰਮ ਸਥਾਨ ’ਤੇ ਬੈਠ ਕੇ ਪੂਜਾ ਕਰੇਗਾ ਅਤੇ ਤੁਸੀਂ ਆਪਣੇ ਘਰ ਵੈਬ ਕੈਮ ਰਾਹੀਂ ਚੱਲ ਰਿਹਾ ਪੂਜਾ ਪਾਠ ਆਪ ਵੀ ਦੇਖ ਸਕਦੇ ਹੋ ਅਤੇ ਸ਼ਾਮਿਲ ਵੀ ਹੋ ਸਕਦੇ ਹੋ।

ਜਦੋਂ ਅਸੀਂ ਕਹਿੰਦੇ ਹਾਂ ਕਿ ਅੱਜ ਧਰਮ ਵਪਾਰ ਤੋਂ ਵੱਧ ਕੁਝ ਨਹੀਂ ਤਾਂ ਸ਼ਰਧਾਲੂ ਨਰਾਜ਼ਗੀ ਪ੍ਰਗਟ ਕਰਦੇ ਹਨ, ਪਰ ਇਹ ਸਭ ਦੇਖ ਕੇ ਕੌਣ ਕਹਿ ਸਕਦਾ ਹੈ ਕਿ ਧਰਮ ਦਾ ਵਪਾਰੀਕਰਨ ਨਹੀਂ ਹੋ ਚੁੱਕਾ। ਇਕ ਸਾਈਟ ’ਤੇ ਇਹ ਵੀ ਪੜ੍ਹਨ ਨੂੰ ਮਿਲਿਆ ਕਿ ਅਰਦਾਸ ਨਾਲ ਜੇਕਰ ਪੁਜਾਰੀ ਨੂੰ ਧਰਮ ਦੇ ਨਾਮ ’ਤੇ ਪੈਸਾ ਦਿੱਤਾ ਜਾਵੇ ਤਾਂ ਉਸਦੇ ਪੂਰੇ ਹੋਣ ਦੇ ਚਾਂਸ ਵਧ ਜਾਂਦੇ ਹਨ। ਕਈ ਅਜਿਹੇ ਫਿਰਕੇ ਵੀ ਹਨ, ਜੋ ਕਹਿੰਦੇ ਹਨ ਕਿ ਸਾਨੂੰ ਪੁਜਾਰੀਆਂ ਨੂੰ ਵਿੱਚ ਪਾਉਣ ਦੀ ਲੋੜ ਨਹੀਂ, ਸਗੋਂ ਆਪਣੇ ਗੁਰੂ, ਰਹਿਬਰ, ਪੀਰ-ਪੈਗੰਬਰ, ਦੇਵੀ-ਦੇਵਤੇ ਅੱਗੇ ਆਪ ਸਿੱਧੀ ਅਰਦਾਸ ਕਰਨ ਚਾਹੀਦੀ ਹੈ ਅਤੇ ਸੱਚੇ ਦਿਲੋਂ ਕੀਤੀ ਅਰਦਾਸ ਕਰਦੇ ਬਿਰਥੀ ਨਹੀਂ ਜਾਂਦੀ।ਕਈ ਫਿਰਕੇ ਇਹ ਵੀ ਮੰਨਦੇ ਹਨ ਕਿ ਸਾਨੂੰ ਵਿਅਕਤੀਆਂ, ਦੇਵੀ ਦੇਵਤਿਆਂ ਜਾਂ ਪੀਰਾਂ ਪੈਗੰਬਰਾਂ, ਗੁਰੂਆਂ, ਮੂਰਤੀਆਂ ਆਦਿ ਅੱਗੇ ਅਰਦਾਸ ਕਰਨ ਦੀ ਥਾਂ ਸਿੱਧੀ ਰੱਬ ਅੱਗੇ ਅਰਦਾਸ ਕਰਨੀ ਚਾਹੀਦੀ ਹੈ, ਉਹ ਕਿਉਂਕਿ ਸਭ ਦੇ ਦਿਲਾਂ ਦੀਆਂ ਆਪੇ ਜਾਣਦਾ ਹੈ, ਇਸ ਲਈ ਮਨ ਵਿੱਚ ਸੱਚੇ ਦਿਲੋਂ ਸ਼ਰਧਾ ਭਾਵਨਾ ਨਾਲ ਕੀਤੀ ਅਰਦਾਸ ਸਫਲ ਹੋ ਜਾਂਦੀ ਹੈ।

**ਹੁਣ ਇੱਕ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਸ ਸਭ ਤਰ੍ਹਾਂ ਦੀਆਂ ਅਰਦਾਸਾਂ ਪੂਰੀਆਂ ਹੁੰਦੀਆਂ ਹਨ ਜਾਂ ਹੋ ਸਕਦੀਆਂ ਹਨ? ਜਾਂ ਫਿਰ ਇਹ ਸ਼ਰਧਾਲੂਆਂ ਦੇ ਮਨਾਂ ਵਿੱਚ ਪੁਜਾਰੀਆਂ ਦਾ ਪਾਇਆ ਮਾਇਆਜਾਲ ਹੀ ਹੈ? ਦੂਜਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਲੋਕ ਇਨ੍ਹਾਂ ਅਰਦਾਸਾਂ ਰੂਪੀ ਨਕਲੀ ਧਰਮਾਂ ਵਿੱਚ ਫਸਦੇ ਕਿਉਂ ਹਨ?** ਆਉ ਇਸ ਤੇ ਵਿਚਾਰ ਕਰਦੇ ਹਾਂ। ਧਾਰਮਿਕ ਫਿਰਕਾ ਕੋਈ ਵੀ ਹੋਵੇ, ਉਹ ਇਹ ਮੰਨਦਾ ਹੈ ਕਿ ਸਾਰੇ ਧਰਮਾਂ ਦੇ ਗੁਰੂਆਂ, ਰਹਿਬਰਾਂ, ਪੀਰਾਂ-ਪੈਗੰਬਰਾਂ, ਦੇਵੀ-ਦੇਵਤਿਆਂ, ਸਾਧਾਂ-ਸੰਤਾਂ ਆਦਿ ਦੇ ਉਪਰ ਇੱਕ ਅਜਿਹੀ ਸ਼ਕਤੀ ਹੈ, ਜੋ ਇਸ ਸੰਸਾਰ ਨੂੰ ਚਲਾਉਂਦੀ ਹੈ ਅਤੇ ਉਸ ਸ਼ਕਤੀ ਦਾ ਨਾਮ ਰੱਬ (God) ਹੈ ਜਾਂ ਵੱਖ-ਵੱਖ ਫਿਰਕਿਆਂ ਨੇ ਰੱਬ ਦੇ ਵੱਖ-ਵੱਖ ਨਾਮ ਰੱਖੇ ਹੋਏ ਹਨ। ਉਨ੍ਹਾਂ ਅਨੁਸਾਰ ਰੱਬ ਸਮੇਂ-ਸਮੇਂ ਗੁਰੂਆਂ ਜਾਂ ਪੈਗੰਬਰਾਂ ਆਦਿ ਨੂੰ ਇਸ ਧਰਤੀ ’ਤੇ ਖਾਸ ਮਿਸ਼ਨ ਅਧੀਨ ਅਤੇ ਖਾਸ ਸ਼ਕਤੀਆਂ ਦੇ ਕੇ ਭੇਜਦਾ ਹੈ। ਇਹੀ ਕਾਰਨ ਹੈ ਕਿ ਵੱਖ-ਵੱਖ ਧਰਮਾਂ ਦੇ ਧਰਮ ਗ੍ਰੰਥ ਗੁਰੂਆਂ, ਪੈਗੰਬਰਾਂ ਆਦਿ ਵਲੋਂ ਕੀਤੀਆਂ ਕਰਾਮਾਤਾਂ (ਅਖੌਤੀ) ਨਾਲ ਭਰੇ ਪਏ ਹਨ। ਜਿਥੇ ਇਨ੍ਹਾਂ ਪੈਗੰਬਰੀ ਪੁਰਸ਼ਾਂ ਦਾ ਸਿੱਧਾ ਸਬੰਧ ਰੱਬ ਨਾਲ ਹੁੰਦਾ ਹੈ, ਉਥੇ ਇਨ੍ਹਾਂ ਮਹਾਨ ਪੁਰਸ਼ਾਂ ਦੇ ਇਸ ਸੰਸਾਰ ਤੋਂ ਰੁਖਸਤ ਹੋਣ ਬਾਅਦ ਪੁਜਾਰੀ ਲੋਕ ਪੈਗੰਬਰ ਅਤੇ ਰੱਬ ਵਿਚਕਾਰ ਵਿਚੋਲੇ ਦਾ ਕੰਮ ਕਰਦਾ ਹੈ। ਉਨ੍ਹਾਂ ਦਾ ਮੰਨਣਾ ਹੁੰਦਾ ਹੈ ਕਿ ਕਰਾਮਤਾਂ ਨਾਲ ਲੈਸ ਇਹ ਪੈਗੰਬਰੀ ਪੁਰਸ਼, ਜਿਥੇ ਆਪਣੇ ਸ਼ਰਧਾਲੂਆਂ ਨੂੰ ਮਨ ਇੱਛਤ ਵਰ ਦੇਣ ਦੇ ਸਮਰੱਥ ਹੁੰਦੇ ਹਨ, ਉਥੇ ਵਿਰੋਧੀਆਂ ਨੂੰ ਪਲਾਂ ਵਿੱਚ ਤਬਾਹ ਕਰਨ ਜਾਂ ਸਰਾਪ ਆਦਿ ਦੇਣ ਦੀ ਸ਼ਕਤੀ ਦੇ ਮਾਲਿਕ ਵੀ ਹੁੰਦੇ ਹਨ। ਉਹ ਜੋ ਚਾਹੁਣ ਕਰ ਸਕਦੇ ਹਨ। ਉਨ੍ਹਾਂ ਵਲੋਂ ਜਾਂ ਉਨ੍ਹਾਂ ਅੱਗੇ ਜਾਂ ਉਨ੍ਹਾਂ ਰਾਹੀਂ ਪੂਰਨ ਵਿਧੀ ਨਾਲ ਪੂਜਾ ਪਾਠ ਕਰਕੇ ਸੱਚੇ ਦਿਲੋਂ ਕੀਤੀਆਂ ਅਰਦਾਸਾਂ ਰੱਬ ਵਲੋਂ ਸੁਣੀਆਂ ਜਾਂਦੀਆਂ ਹਨ ਅਤੇ ਰੱਬ ਦੇ ਭਗਤ ਮਨ ਇੱਛਤ ਫਲ ਪਾਉਂਦੇ ਹਨ।

ਜਿਹੜੇ ਵਿਅਕਤੀ ਰੱਬ ਦੇ ਭਗਤਾਂ ਜਾਂ ਸ਼ਰਧਾਲੂਆਂ ਨੂੰ ਦੁੱਖ ਦਿੰਦੇ ਹਨ, ਉਨ੍ਹਾਂ ਨੂੰ ਰੱਬ ਆਪ ਸਜ਼ਾਵਾਂ ਦਿੰਦਾ ਹੈ। ਇਥੋਂ ਤੱਕ ਕਿ ਰੱਬ ਆਪਣੇ ਸ਼ਰਧਾਲੂਆਂ ਦੇ ਕਹਿਣ ’ਤੇ ਸਰਾਪ ਦੇ ਕੇ ਵਿਰੋਧੀ ਦਾ ਸਰਬਨਾਸ਼ ਵੀ ਕਰ ਸਕਦਾ ਹੈ। ਅਜਿਹਾ ਸਭ ਕੁਝ ਆਮ ਤੌਰ ’ਤੇ ਵੱਖ-ਵੱਖ ਧਾਰਮਿਕ ਫਿਰਕਿਆਂ ਦੇ ਪੁਜਾਰੀਆਂ ਦੇ ਪ੍ਰਚਾਰ ਜਾਂ ਉਨ੍ਹਾਂ ਦੇ ਧਰਮ ਗ੍ਰੰਥਾਂ ਵਿਚੋਂ ਪੜ੍ਹਨ ਸੁਣਨ ਨੂੰ ਮਿਲਦਾ ਹੈ। ਇੱਕ ਆਮ ਇਨਸਾਨ ਜੋ ਕਿ ਆਪਣੀ ਮਿਹਨਤ ਮੁਸ਼ੱਕਤ ਨਾਲ ਰੋਜ਼ੀ ਰੋਟੀ ਕਮਾ ਕੇ ਆਪਣੀ ਅਤੇ ਆਪਣੇ ਪਰਿਵਾਰ ਦੀ ਪਾਲਨਾ ਕਰ ਰਿਹਾ ਹੈ, ਉਸ ਕੋਲ ਇਤਨਾ ਸਮਾਂ ਕਿੱਥੇ ਕਿ ਉਹ ਅਜਿਹੀਆਂ ਡੂੰਘੀਆਂ ਗੱਲਾਂ ਬਾਰੇ ਜਾਣੇ ਜਾਂ ਖੋਜ ਕਰੇ, ਉਹ ਤਾਂ ਆਪਣੀ ਰੋਜ਼ਾਨਾ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਦਾ ਝੰਬਿਆ, ਦੁੱਖਾਂ ਤਕਲੀਫਾਂ ਦਾ ਭੰਨਿਆ ਪਹਿਲਾਂ ਹੀ ਕੋਈ ਆਸਰਾ ਭਾਲਦਾ ਫਿਰ ਰਿਹਾ ਹੁੰਦਾ ਹੈ, ਜਦੋਂ ਉਸਨੂੰ ਪੁਜਾਰੀਆਂ ਵਲੋਂ ਉਕਤ ਪੱਟੀ ਪੜ੍ਹਾਈ ਜਾਂਦੀ ਹੈ ਤਾਂ ਉਸਨੂੰ ਸਕੂਨ ਮਿਲਦਾ ਹੈ, ਮਨ ਨੂੰ ਦਰਵਾਸ ਮਿਲਦੀ ਹੈ ਕਿ ਉਸਦੇ ਦੁੱਖਾਂ ਤਕਲੀਫਾਂ ਮੁਸੀਬਤਾਂ ਨੂੰ ਹਰਨ ਵਾਲਾ ਵੀ ਕੋਈ ਹੈ, ਜਿਸ ਅੱਗੇ ਫਰਿਆਦੀ ਹੋਇਆਂ ਸਭ ਦੁੱਖ ਕਲੇਸ਼ ਕੱਟੇ ਜਾਣਗੇ? ਉਸ ਕੋਲ ਆਪਣੀਆਂ ਨਿੱਜੀ, ਉਸਦੇ ਸਮਾਜ ਜਾਂ ਮਨੁੱਖਤਾ ਦੀਆਂ ਸਾਂਝੀਆਂ ਸਮੱਸਿਆਵਾਂ ਬਾਰੇ ਸੋਚਣ, ਵਿਚਾਰਨ ਜਾਂ ਹੱਲ ਕਰਨ ਲਈ ਨਾ ’ਤੇ ਸਮਾਂ ਹੀ ਹੁੰਦਾ ਹੈ ਅਤੇ ਨਾ ਹੀ ਸਮਰੱਥਾ ਹੁੰਦੀ ਹੈ। ਉਸਨੂੰ ਪੁਜਾਰੀਆਂ ਜਾਂ ਧਰਮ ਅਧਾਰਿਤ ਸਮਾਜ ਵਲੋਂ ਬਚਪਨ ਤੋਂ ਤਿਆਰ ਹੀ ਇਸ ਢੰਗ ਨਾਲ ਕੀਤਾ ਹੁੰਦਾ ਹੈ ਕਿ ਉਸਦੀਆਂ ਸਾਰੀਆਂ ਸਮੱਸਿਆਵਾਂ ਦਾ ਇੱਕੋ-ਇੱਕ ਤਸੱਲੀਬਖਸ਼ ਅਤੇ ਸ਼ਰਤੀਆ ਇਲਾਜ ਸ਼ਰਧਾ ਨਾਲ ਧਰਮ ਜਾਂ ਰੱਬ ਨੂੰ ਸਮਰਪਿਤ ਹੋਣਾ ਹੈ ਅਤੇ ਜੋ ਮਾਰਗ ਉਹ ਦਿਖਾਉਣ, ਉਸਨੂੰ ਅੱਖਾਂ ਮੀਟ ਕੇ ਮੰਨੀ ਤੁਰੇ ਜਾਣਾ ਹੈ। ਉਸਨੂੰ ਸੋਚਣ ਜਾਂ ਵਿਚਾਰਨ ਦੀ ਲੋੜ ਕੋਈ ਨਹੀਂ ਕਿਉਂਕਿ ਜੋ ਕੁਝ ਵੀ ਸੋਚਣ ਅਤੇ ਵਿਚਾਰਨ ਵਾਲਾ ਸੀ, ਉਹ ਬਹੁਤ ਸਮਾਂ ਪਹਿਲਾਂ ਸਾਡੇ ਧਰਮ ਗੁਰੂਆਂ ਨੇ ਵਿਚਾਰ ਕੇ ਧਰਮ ਗ੍ਰੰਥਾਂ ਵਿੱਚ ਲਿਖ ਦਿੱਤਾ ਹੈ। ਸ਼ਰਧਾਲੂ ਦਾ ਕੰਮ ਉਸਨੂੰ ਅੱਖਾਂ ਮੀਟ ਕੇ ਸ਼ਰਧਾ ਨਾਲ ਮੰਨਣਾ ਹੈ, ਉਸਤੇ ਕਿੰਤੂ ਪ੍ਰੰਤੂ ਕਰਨ ਵਾਲਾ ਕੁਝ ਪ੍ਰਾਪਤ ਨਹੀਂ ਕਰ ਸਕਦਾ।

ਤੁਸੀਂ ਕੁਝ ਨਵਾਂ ਨਹੀਂ ਸੋਚ ਸਕਦੇ, ਤੁਹਾਨੂੰ ਆਪਣੀਆਂ ਅੱਜ ਦੀਆਂ ਸਾਰੀਆਂ ਸਮੱਸਿਆਵਾਂ ਜਾਂ ਮੌਜੂਦਾ ਦੌਰ ਦੇ ਚੈਲੰਜਾਂ ਦੇ ਹੱਲ ਸਾਡੇ ਧਰਮ ਗ੍ਰੰਥਾਂ ਜਾਂ ਪੁਜਾਰੀਆਂ ਵਲੋਂ ਬਣਾਈਆਂ ਮਰਿਯਾਦਾਵਾਂ ਦੇ ਦਾਇਰੇ ਵਿੱਚ ਰਹਿ ਕਿ ਹੀ ਲੱਭਣੇ ਪੈਣਗੇ।ਤੁਹਾਨੂੰ ਆਪਣੇ ਧਾਰਮਿਕ ਫਿਰਕੇ ਦੇ ਦਾਇਰੇ ਤੋਂ ਬਾਹਰ ਹੋ ਕੇ ਸੋਚਣ ਦੀ ਇਜ਼ਾਜਤ ਨਹੀਂ। ਤੁਸੀਂ ਵੱਧ ਤੋਂ ਵੱਧ ਧਰਮ ਗ੍ਰੰਥਾਂ ਦੇ ਅਰਥ ਹੀ ਕਰ ਸਕਦੇ ਹੋ ਜਾਂ ਹੋਰ ਭਾਸ਼ਾਵਾਂ ਵਿੱਚ ਟਰਾਂਸਲੇਸ਼ਨ ਕਰ ਸਕਦੇ ਹੋ ਤਾਂ ਕਿ ਫਿਰਕੇ ਦਾ ਦਾਇਰਾ ਵਿਸ਼ਾਲ ਹੋ ਸਕੇ। ਇਹੀ ਵਜ੍ਹਾ ਹੈ ਕਿ ਸ਼ਰਧਾਲੂ ਬਹੁਤੀ ਵਾਰ ਆਪਣੀਆਂ ਜਾਂ ਸਮਾਜ ਦੀਆਂ ਸਾਂਝੀਆਂ ਸਮੱਸਿਆਵਾਂ ਬਾਰੇ ਸੋਚਣ ਵਿਚਾਰਨ ਅਤੇ ਉਨ੍ਹਾਂ ਦੇ ਹੱਲ ਲਈ ਯਤਨ ਕਰਨ ਦੀ ਥਾਂ ਸਭ ਕੁਝ ਰੱਬ ’ਤੇ ਸੁੱਟ ਦਿੰਦੇ ਹਨ। ਉਹ ਸੋਚਦੇ ਹਨ ਕਿ ਰੱਬ ਆਪੇ ਸਭ ਠੀਕ ਕਰੇਗਾ। ਰੱਬ ਦੇ ਘਰ ਦੇਰ ਹੈ, ਅੰਧੇਰ ਨਹੀਂ। ਉਨ੍ਹਾਂ ਦੇ ਨੇਮ ਨਾਲ ਪੂਜਾ-ਪਾਠ ਕਰਨ ਜਾਂ ਅਰਦਾਸਾਂ ਕਰਨ ਨਾਲ ਸਾਰੇ ਮਸਲੇ ਹੋ ਜਾਣਗੇ, ਸਭ ਦੁੱਖ ਮੁਸੀਬਤਾਂ ਕੱਟੀਆਂ ਜਾਣਗੀਆਂ, ਸਭ ਪਾਸੇ ਖੁਸ਼ਹਾਲੀ ਆ ਜਾਵੇਗੀ? ਅਸਲ ਵਿੱਚ ਫਿਰਕਿਆਂ ਦੀ ਸੋਚ ਵਿੱਚ ਬੱਝਾ ਮਨੁੱਖ, ਸਾਰੀ ਮਨੁੱਖਤਾ ਦੇ ਸਾਂਝੇ ਦੁੱਖਾਂ, ਦਰਦਾਂ, ਤਕਲੀਫਾਂ, ਮੁਸੀਬਤਾਂ ਆਦਿ ਨੂੰ ਕਦੇ ਸਮਝ ਹੀ ਨਹੀਂ ਸਕਦਾ ਕਿਉਂਕਿ ਉਸਨੂੰ ਅਜਿਹਾ ਕਰਨਾ ਕਦੇ ਸਿਖਾਇਆ ਹੀ ਨਹੀਂ ਜਾਂਦਾ, ਉਸਦੀ ਸੋਚ ਨੂੰ ਆਪਣੇ ਨਿੱਜ ਤੋਂ ਉੱਪਰ ਉਠਣਾ ਸਿਖਾਉਂਦੀ ਹੀ ਨਹੀਂ। ਉਹ ਤਾਂ ਆਪਣੀਆਂ ਲੋੜਾਂ, ਮੰਗਾਂ ਆਦਿ ਦੀ ਪੂਰਤੀ ਲਈ ਪੂਜਾ-ਪਾਠ ਜਾਂ ਅਰਦਾਸਾਂ ਵਿੱਚ ਹੀ ਫਸਿਆ ਰਹਿੰਦਾ ਹੈ। ਉਸ ਕੋਲ ਸਰਬੱਤ ਦੇ ਭਲੇ ਲਈ ਕੁਝ ਕਰਨ ਦਾ ਵਿਹਲ ਕਿਥੋਂ ਹੈ? ਉਸਦਾ ਸਰਬਤ ਦਾ ਭਲਾ ਤਾਂ ਅਰਦਾਸ ਵਿੱਚ ਆਪਣੀਆਂ ਮੰਗਾਂ ਦੀ ਲਿਸਟ ਤੋਂ ਬਾਅਦ ਕਿਤੇ ਅਖੀਰ ਵਿੱਚ ਆਉਂਦਾ ਹੈ। ਸਾਰੀ ਸ੍ਰਿਸ਼ਟੀ ਦੇ ਇੱਕ ਮਾਲਕ ਰੱਬ ਵਿੱਚ ਯਕੀਨ ਕਰਨ ਦਾ ਦਾਅਵਾ ਕਰਨ ਵਾਲੇ ਮਨੁੱਖ ਦੀ ਸਾਂਝੀਵਾਲਤਾ ਵੀ ਆਪਣੇ ਫਿਰਕੇ ਤੱਕ ਸੀਮਤ ਹੁੰਦੀ ਹੈ। ਪੁਜਾਰੀਆਂ ਦਾ ਧਰਮ ਅਧਾਰਿਤ ਧੰਦਾ ਸ਼ਰਧਾਲੂ ਮਨੁੱਖ ਦੀ ਅਜਿਹੀ ਸੋਚ ਕਾਰਨ ਹੀ ਹੈ। ਜੇ ਮਨੁੱਖ ਪੁਜਾਰੀਆਂ ਦੀ ਫਿਰਕਿਆਂ ਅਧਾਰਿਤ ਸਿੱਖਿਆ ਦੇ ਦਾਇਰੇ ਤੋਂ ਬਾਹਰ ਨਿਕਲ ਕੇ ਸੋਚਣ ਲੱਗੇ ਤਾਂ ਉਨ੍ਹਾਂ ਦਾ ਨਕਲੀ ਧਰਮਾਂ ਅਧਾਰਿਤ ਧੰਦਾ ਬਹੁਤਾ ਚਿਰ ਨਹੀਂ ਚੱਲ ਸਕੇਗਾ? ਇਸੇ ਕਾਰਨ ਪੁਜਾਰੀ ਹਰ ਵਕਤ ਸ਼ਰਧਾਲੂ ਨੂੰ ਸੋਚਣ ਤੋਂ ਰੋਕਣ ਦੇ ਉਪਾਅ ਕਰਦੇ ਹਨ ਤੇ ਮਨੁੱਖ ਨੂੰ ਪੂਜਾ, ਪਾਠ, ਕਰਮਕਾਂਡੀ ਮਰਿਯਾਦਾਵਾਂ ਤੇ ਅਰਦਾਸਾਂ ਵਿੱਚ ਉਲਝਾ ਕੇ ਰੱਖਦੇ ਹਨ।

**ਹੁਣ ਸੋਚਣਾ ਇਹ ਬਣਦਾ ਹੈ ਕਿ ਇਸਦਾ ਹੱਲ ਕੀ ਹੋਵੇ?** ਮਨੁੱਖ ਹਮੇਸ਼ਾਂ ਆਪਣੇ ਭਵਿੱਖ ਲਈ ਚਿੰਤਤ ਰਹਿੰਦਾ ਹੈ, ਬੇਸ਼ਕ ਚਿੰਤਕ ਹੋਣਾ ਵੀ ਚਾਹੀਦਾ ਹੈ, ਇਹ ਚਿੰਤਾ ਹੀ ਉਸਨੂੰ ਅੱਗੇ ਵਧਣ ਲਈ ਜਾਂ ਕੁਝ ਹੋਰ ਕਰਨ ਲਈ ਪ੍ਰੇਰਦੀ ਹੈ। ਭਾਵੇਂ ਇਸਦਾ ਨਕਾਰਾਮਤਕ ਪੱਖ ਇਹ ਵੀ ਹੈ ਕਿ ਇਸ ਭਵਿੱਖ ਦੀ ਚਿੰਤਾ ਵਿੱਚ ਬਹੁਤ ਇਕੱਠਾ ਕਰਦਾ ਮਨੁੱਖ, ਜਿਥੇ ਆਪਣਾ ਅੱਜ ਗੁਆ ਲੈਂਦਾ ਹੈ, ਉਥੇ ਦੂਜਿਆਂ ਦੇ ਹੱਕ ਮਾਰਨ ਦੇ ਕੁਰਾਹੇ ਵੀ ਪੈ ਜਾਂਦਾ ਹੈ। ਉਸਦੀ ਭਵਿੱਖ ਲਈ ਚਿੰਤਾ ਵਿਚੋਂ ਹੀ ਡਰ ਪੈਦਾ ਹੁੰਦਾ ਹੈ ਅਤੇ ਫਿਰ ਬਹੁਤ ਕੁਝ ਇਕੱਠਾ ਕਰਨ ਦਾ ਲਾਲਚ ਵੀ। ਜਿਸ ਤਰ੍ਹਾਂ ਇਸ ਲੇਖ ਲੜੀ ਵਿੱਚ ਪਹਿਲਾਂ ਵੀ ਕਈ ਵਾਰ ਜ਼ਿਕਰ ਆਇਆ ਹੈ ਕਿ ਪੁਜਾਰੀਆਂ ਦੇ ਨਕਲੀ ਧਰਮ ਮਨੁੱਖ ਦੇ ਡਰ ਅਤੇ ਲਾਲਚੀ ਸੁਭਾਓ ਕਰਕੇ ਹੀ ਸਦੀਆਂ ਤੋਂ ਚੱਲ ਰਹੇ ਹਨ। ਜਿਥੇ ਪੁਜਾਰੀ ਪਹਿਲਾਂ ਸ਼ਰਧਾਲੂ ਦੇ ਦਿਮਾਗ ਵਿੱਚ ਇਹ ਧਾਰਨਾ ਪੱਕੀ ਕਰਦਾ ਹੈ ਕਿ ਇਸ ਸ੍ਰਿਸ਼ਟੀ

ਨੂੰ ਚਲਾਉਣ ਵਾਲੀ ਇੱਕ ਸਰਬ ਸ਼ਕਤੀਮਾਨ ਤਾਕਤ ਹੈ, ਜੇ ਉਸ ਵਿੱਚ ਯਕੀਨ ਕਰਨ ਵਾਲਾ ਸ਼ਰਧਾਲੂ ਸੱਚੇ ਦਿਲੋਂ ਉਸਦੀ ਪੂਜਾ ਪਾਠ ਕਰੇ, ਉਸਦੀ ਭਜਨ ਬੰਦਗੀ ਕਰੇ, ਉਸ ਅੱਗੇ ਅਰਦਾਸ ਕਰੇ ਤਾਂ ਨਾ ਸਿਰਫ ਇਸ ਜਨਮ ਵਿੱਚ ਹੀ ਸਭ ਕੁਝ ਪ੍ਰਾਪਤ ਕਰ ਸਕਦਾ ਹੈ, ਸਗੋਂ ਅਗਲੇ ਜਨਮਾਂ ਲਈ ਵੀ ਆਪਣਾ ਪ੍ਰਬੰਧ ਕਰ ਸਕਦਾ ਹੈ। ਪੁਜਾਰੀਆਂ ਦੇ ਨਕਲੀ ਧਰਮਾਂ ਦਾ ਸਾਰਾ ਧੰਦਾ ਇਸ ਸੋਚ ਤੇ ਹੀ ਖੜ੍ਹਾ ਹੈ।

ਪੁਜਾਰੀ ਮਨੁੱਖ ਨੂੰ ਕਦੇ ਵੀ ਇਹ ਨਹੀਂ ਦੱਸਦਾ ਕਿ ਸ੍ਰਿਸ਼ਟੀ ਵਿੱਚ ਰੱਬ (ਕੁਦਰਤ) ਦਾ ਸਾਰਾ ਸਿਸਟਮ ਇੱਕ ਨਿਯਮ ਵਿੱਚ ਚਲਦਾ ਹੈ ਤੇ ਕੁਦਰਤ ਦਾ ਇਹ ਨਿਯਮ (Law of Nature) ਅਟੱਲ ਹੈ, ਇਸਨੂੰ ਬਦਲਿਆ ਨਹੀਂ ਜਾ ਸਕਦਾ, ਇਸਨੂੰ ਸਮਝ ਕੇ ਆਪਣੇ ਜਾਂ ਮਨੁੱਖਤਾ ਦੇ ਭਲੇ ਲਈ ਵਰਤਿਆ ਜਾ ਸਕਦਾ ਹੈ। ਇਥੇ ਜੋ ਕੁਝ ਵੀ ਵਾਪਰ ਹੈ, ਇਹ ਸਭ ਕੁਦਰਤ ਦੇ ਅਟੱਲ ਨਿਯਮਾਂ ਅਨੁਸਾਰ ਹੈ। ਇਨ੍ਹਾਂ ਨਿਯਮਾਂ ਨੂੰ ਆਪਣੇ ਹੱਕ ਜਾਂ ਵਿਰੋਧ ਵਿੱਚ ਭੁਗਤਾਉਣ ਲਈ ਕਿਸੇ ਪੂਜਾ, ਪਾਠ, ਅਰਦਾਸ ਆਦਿ ਦੀ ਲੋੜ ਨਹੀਂ ਪੈਂਦੀ, ਇਸਨੂੰ ਸਮਝ ਕੇ ਵਰਤਣਾ ਪੈਂਦਾ ਹੈ। ਇਨ੍ਹਾਂ ਨਿਯਮਾਂ ਨੂੰ ਸਮਝ ਕੇ ਸਾਇੰਸਦਾਨਾਂ ਨੇ ਮਨੁੱਖਤਾ ਲਈ ਬੇਸ਼ੁਮਾਰ ਸੁੱਖ ਸਹੂਲਤਾਂ ਪੈਦਾ ਕੀਤੀਆਂ ਹਨ ਅਤੇ ਕਰ ਰਹੇ ਹਨ। ਇਨ੍ਹਾਂ ਨਿਯਮਾਂ ਨੂੰ ਸਮਝ ਕੇ ਮਨੁੱਖੀ ਜੀਵਨ ਨੂੰ ਸੌਖਾ ਕਰਨ ਅਤੇ ਦੁੱਖਾਂ, ਤਕਲੀਫਾਂ, ਬੀਮਾਰੀਆਂ ਆਦਿ ਤੋਂ ਬਚਾਉਣ ਦੇ ਯਤਨ ਕੀਤੇ ਜਾਂਦੇ ਹਨ। ਹੁਣ ਇਨ੍ਹਾਂ ਨਕਲੀ ਧਰਮਾਂ ਦੇ ਪੁਜਾਰੀਆਂ ਨੂੰ ਪੁੱਛਣਾ ਬਣਦਾ ਹੈ ਇਨ੍ਹਾਂ ਦੇ ਪੂਜਾ, ਪਾਠਾਂ, ਅਰਦਾਸਾਂ ਨੇ ਪਿਛਲੇ 5 ਹਜ਼ਾਰ ਸਾਲ ਵਿੱਚ ਮਨੁੱਖਤਾ ਨੂੰ ਸਿਵਾਏ ਝੂਠੇ ਲਾਰਿਆਂ ਦੇ ਕੀ ਦਿੱਤਾ ਹੈ? ਸਗੋਂ ਇਨ੍ਹਾਂ ਧਰਮ ਪੁਜਾਰੀਆਂ ਨੇ ਸਿਆਸੀ ਤੇ ਸਰਮਾਏਦਾਰ ਲੋਕਾਂ ਨਾਲ ਰਲ ਕੇ ਆਪਣੇ ਫਿਰਕਿਆਂ ਦੀ ਗਿਣਤੀ ਵਧਾਉਣ ਤੇ ਧਰਮ ਦੇ ਨਾਮ ਤੇ ਰਾਜ ਸਥਾਪਿਤ ਕਰਨ ਲਈ ਕਰੋੜਾਂ ਲੋਕਾਂ ਦਾ ਧਰਮ ਯੁੱਧਾਂ ਵਿੱਚ ਖ਼ੂਨ ਵਹਾਇਆ ਹੈ।

ਅਗਰ ਅਸੀਂ ਨਕਲੀ ਧਰਮਾਂ ਦੀ ਦਲ-ਦਲ ਵਿਚੋਂ ਨਿਕਲਣਾ ਚਾਹੁੰਦੇ ਹਾਂ ਤਾਂ ਸਾਨੂੰ ਇਹ ਗੱਲ ਪੱਕੇ ਤੌਰ 'ਤੇ ਮੰਨ ਲੈਣੀ ਚਾਹੀਦੀ ਹੈ ਕਿ ਇਸ ਸ੍ਰਿਸ਼ਟੀ ਵਿੱਚ ਸਭ ਕੁਝ ਕੁਦਰਤ ਦੇ ਅਟੱਲ ਨਿਯਮਾਂ ਅਨੁਸਾਰ ਚਲਦਾ ਹੈ। ਇਹ ਨਿਯਮ ਕਿਸੇ ਦੇ ਪੂਜਾ, ਪਾਠ, ਸਿਮਰਨ, ਭਜਨ, ਬੰਦਗੀ, ਅਰਦਾਸ ਆਦਿ ਕਰਨ ਨਾਲ ਨਹੀਂ ਬਦਲਦੇ ਅਤੇ ਨਾ ਹੀ ਕਿਸੇ ਵਿਅਕਤੀ ਵਿਸ਼ੇਸ਼ ਜਾਂ ਕਿਸੇ ਜਗ੍ਹਾ ਵਿੱਚ ਕੋਈ ਕਰਾਮਾਤੀ ਸ਼ਕਤੀ ਹੁੰਦੀ ਹੈ। ਕਿਸੇ ਮਨੁੱਖ ਕੋਲ ਨਾ ਕਦੇ ਕੋਈ ਅਜਿਹੀਆਂ ਕਰਾਮਾਤੀ ਸ਼ਕਤੀਆਂ ਸਨ ਅਤੇ ਨਾ ਹੀ ਹੁਣ ਹਨ, ਜਿਨ੍ਹਾਂ ਨਾਲ ਉਹ ਕਿਸੇ ਦਾ ਫਾਇਦਾ ਜਾਂ ਨੁਕਸਾਨ ਕਰ ਸਕਦਾ ਹੈ।ਪੁਜਾਰੀਆਂ ਵਲੋਂ ਪੈਦਾ ਕੀਤਾ ਇਹ ਸਿਰਫ ਭਰਮ ਹੀ ਹੈ। ਜਿਤਨੀ ਜਲਦੀ ਇਸ ਭਰਮਜਾਲ ਵਿਚੋਂ ਨਿਕਲ ਜਾਵਾਂਗੇ, ਉਤਨੀ ਜਲਦੀ ਅਸੀਂ ਨਕਲੀ ਧਰਮਾਂ ਦੇ ਜੰਜਾਲ ਤੋਂ ਮੁਕਤ ਹੋ ਜਾਵਾਂਗੇ। ਕਿਸੇ ਦੀ ਕੋਈ ਅਰਦਾਸ ਕਰਨ ਜਾਂ ਪ੍ਰਾਰਥਨਾ ਕਰਨ ਨਾਲ ਨਾ ਹੀ ਕਦੇ ਕੁਝ ਵਾਪਰਿਆ ਹੈ ਅਤੇ ਨਾ ਹੀ ਵਾਪਰੇਗਾ। ਜੋ ਕੁਝ ਵੀ ਵਾਪਰਦਾ ਹੈ, ਉਹ ਅਟੱਲ ਨਿਯਮਾਂ ਅਨੁਸਾਰ ਵਾਪਰਦਾ ਹੈ। ਨਾ ਕਦੇ ਕੋਈ ਕਰਾਮਾਤ ਵਾਪਰੀ ਹੈ ਅਤੇ ਨਾ ਹੀ ਵਾਪਰੇਗੀ।ਜੋ ਕੁਝ ਵੀ ਚੰਗਾ ਜਾਂ ਮੰਦਾ ਹੁੰਦਾ ਹੈ, ਉਹ ਮਨੁੱਖ ਹੀ ਕਰਦਾ ਹੈ।

ਸਾਡੀਆਂ ਸਮੱਸਿਆਵਾਂ ਅਤੇ ਦੁੱਖ ਤਕਲੀਫਾਂ, ਹੁਣ ਸਾਡੇ ਵਲੋਂ ਆਪ ਜਾਂ ਸਾਡੀਆਂ ਪਹਿਲੀਆਂ ਨਸਲਾਂ ਵਲੋਂ ਪੈਦਾ ਕੀਤੀਆਂ ਹੋਈਆਂ ਹਨ। ਬਹੁਤ ਸਾਰੀਆਂ ਸਾਡੀਆਂ ਅੱਜ ਦੀਆਂ ਸਮੱਸਿਆਵਾਂ ਸਾਡੀਆਂ ਡਰ, ਲਾਲਚ, ਈਰਖਾ, ਨਫਰਤ, ਹੰਕਾਰ, ਆਪਣੇ ਆਪ ਨੂੰ ਦੂਜਿਆਂ ਤੋਂ ਉਚਾ ਸਮਝਣ, ਦੂਜਿਆਂ ਦਾ ਹੱਕ ਮਾਰਨ, ਧੱਕਾ ਕਰਨ, ਕਬਜ਼ਾ ਕਰਨ, ਬਹੁਤਾ ਇਕੱਠਾ ਕਰਨ ਆਦਿਕ ਮਨੁੱਖੀ ਕਮਜ਼ੋਰੀਆਂ ਕਾਰਨ ਹਨ। ਇਨ੍ਹਾਂ ਦਾ ਹੱਲ ਨਕਲੀ ਧਰਮਾਂ ਦੇ ਪੂਜਾ, ਪਾਠ ਜਾਂ ਅਰਦਾਸਾਂ ਵਿੱਚ ਨਹੀਂ, ਇਹ ਤੁਹਾਡੇ ਸੋਸ਼ਣ ਦੇ ਅੱਡੇ ਹਨ। ਇਹ ਧਰਮ ਦੇ ਨਾਮ 'ਤੇ ਬਣੀਆਂ ਮਹਿਜ ਦੁਕਾਨਾਂ ਹਨ, ਜਿਥੇ ਅਗਿਆਨਤਾ, ਅੰਧ ਵਿਸ਼ਵਾਸ਼, ਫੋਕਟ ਕਰਮਕਾਂਡ, ਝੂਠੇ ਲਾਰਿਆਂ ਰੂਪੀ ਅਰਦਾਸਾਂ ਆਦਿ ਦਾ ਸੌਦਾ ਸ਼ਰਧਾ ਦੇ ਬੈਗ ਵਿੱਚ ਪਾ ਕੇ ਵੇਚਿਆ ਜਾਂਦਾ ਹੈ।

ਇਨ੍ਹਾਂ ਦਾ ਹੱਲ ਅਸਲੀ ਧਰਮ ਨੂੰ ਅਪਨਾਉਣ ਵਿੱਚ ਹੈ। ਅਸਲੀ ਧਰਮ, ਧਰਮ ਦੇ ਨਾਮ 'ਤੇ ਖੜੀਆਂ ਇਮਾਰਤਾਂ ਜਾਂ ਧਰਮ ਦੇ ਨਾਮ 'ਤੇ ਬਣੀਆਂ ਮਰਿਯਾਦਾਵਾਂ ਜਾਂ ਗ੍ਰੰਥਾਂ ਵਿੱਚ ਨਹੀਂ ਹੈ? ਅਸਲੀ ਧਰਮ ਤਾਂ ਆਪਣੇ ਆਪੇ ਦੀ ਖੋਜ ਦਾ ਨਾਮ ਹੈ, ਆਪਣੇ ਅੰਦਰ ਝਾਤੀ ਮਾਰਨ ਦਾ ਨਾਮ ਹੈ, ਅੰਦਰੋਂ ਜਾਗਣ ਦਾ ਨਾਮ ਹੈ, ਆਪਾ ਚੀਨਣ ਦਾ ਨਾਮ ਹੈ, ਆਪਣੇ ਅੰਦਰ ਅਤੇ ਬਾਹਰ ਵਰਤਦੇ ਕੁਦਰਤੀ ਵਰਤਾਰਿਆਂ ਨੂੰ ਸਮਝਣ ਅਤੇ ਅਪਨਾਉਣ ਦਾ ਨਾਮ ਹੈ, ਆਪਣੇ ਅੰਦਰ ਦੀਆਂ ਬੁਨਿਆਦੀ ਕਮਜ਼ੋਰੀਆਂ ਲੋਭ, ਮੋਹ, ਹੰਕਾਰ, ਈਰਖਾ, ਨਫਰਤ, ਕਾਮ ਆਦਿ ਕਮਜ਼ੋਰੀਆਂ ਨੂੰ ਸੁਚਾਰੂ ਰੂਪ ਵਿੱਚ ਆਪਣੇ ਅਤੇ ਸਮਾਜ ਦੇ ਭਲੇ ਲਈ ਵਰਤਣ ਦਾ ਨਾਮ ਹੈ। ਜਿਸ ਦਿਨ ਮਨੁੱਖ ਅੰਦਰੋਂ ਜਾਗ ਪੈਂਦਾ ਹੈ, ਉਸਨੂੰ ਕੁਦਰਤ ਦੇ ਨਿਯਮਾਂ ਦੀ ਸੋਝੀ ਹੋ ਜਾਂਦੀ ਹੈ, ਫਿਰ ਉਸਨੂੰ ਨਾ 'ਤੇ ਫਿਰਕਿਆਂ ਅਧਾਰਿਤ ਨਕਲੀ ਧਰਮਾਂ ਦੀ ਲੋੜ ਰਹਿੰਦੀ ਹੈ, ਨਾ ਹੀ ਪੂਜਾ, ਪਾਠ, ਅਰਦਾਸਾਂ ਆਦਿ ਨਾਲ ਕੋਈ ਦੁਨਿਆਵੀ ਜਾਂ ਅਗਲੇ ਜਨਮਾਂ ਲਈ ਸਹੂਲਤਾਂ ਲੈਣ ਦਾ ਲਾਲਚ ਰਹਿੰਦਾ ਹੈ ਅਤੇ ਨਾ ਹੀ ਅਜਿਹੇ ਪੂਜਾ, ਪਾਠਾਂ, ਅਰਦਾਸਾਂ ਆਦਿ ਨਾ ਕਰਨ ਕਾਰਨ ਕੋਈ ਨੁਕਸਾਨ ਹੋਣ ਦਾ ਡਰ ਰਹਿੰਦਾ ਹੈ।ਉਸਨੂੰ ਫਿਰ ਸਾਰੀ ਮਨੁੱਖਤਾ (ਸ੍ਰਿਸ਼ਟੀ) ਅੰਦਰ ਨਿਯਮ ਰੂਪ ਵਿੱਚ ਵਸਦਾ ਰੱਬ ਦਿਸ ਪੈਂਦਾ ਹੈ।

ਉਸਨੂੰ ਨਾ ਕਿਸੇ ਅਕਾਸ਼ਾਂ ਜਾਂ ਪਤਾਲਾਂ ਵਿੱਚ ਲੁਕ ਬੈਠੇ ਰੱਬ ਦੀ ਪ੍ਰਾਪਤੀ ਲਈ ਕਿਸੇ ਭਜਨ, ਬੰਦਗੀ, ਸਿਮਰਨ ਆਦਿ ਦੀ ਲੋੜ ਪੈਂਦੀ ਹੈ, ਨਾ ਹੀ ਉਸਨੂੰ ਕਿਸੇ ਭੋਰੇ ਵਿੱਚ ਬੈਠ ਕੇ ਮਾਲਾ ਫੜ ਕੇ ਬੈਠਣਾ ਪੈਂਦਾ ਹੈ, ਨਾ ਹੀ ਉਸਨੂੰ ਗ੍ਰਿਹਸਤ ਤਿਆਗ ਕੇ ਜੰਗਲਾਂ ਪਹਾੜਾਂ ਵਿੱਚ ਭਟਕਣਾ ਪੈਂਦਾ ਹੈ ਅਤੇ ਨਾ ਕੋਈ ਡੇਰਾ ਬਣਾਉਣ ਦੀ ਲੋੜ ਪੈਂਦੀ ਹੈ। ਉਹ ਤਾਂ ਘਰ ਤੇ ਸਮਾਜ ਵਿੱਚ ਬੈਠਾ ਹੀ ਸੱਚ ਨਾਲ ਜੁੜਿਆ ਰਹਿੰਦਾ ਹੈ। ਉਹ ਨਾ ਸਿਰਫ ਆਪਣੇ ਦੁੱਖਾਂ ਤਕਲੀਫਾਂ ਨੂੰ ਆਪਣੀ ਸਮਰਥਾ, ਯੋਗਤਾ ਅਤੇ ਸਾਧਨਾਂ ਨਾਲ ਹੱਲ ਕਰਨ ਲਈ ਯਤਨ ਕਰਦਾ ਹੈ, ਸਗੋਂ ਸਾਰੀ ਮਨੁੱਖਤਾ ਦੀਆਂ ਸਮੱਸਿਆਵਾਂ ਉਸਨੂੰ ਆਪਣੀਆਂ ਲਗਦੀਆਂ ਹਨ ਅਤੇ ਫਿਰ ਉਨ੍ਹਾਂ ਦੇ ਹੱਲ ਲਈ ਪੂਜਾ ਪਾਠ ਅਰਦਾਸਾਂ ਦੇ ਚੱਕਰ ਵਿੱਚ ਨਹੀਂ ਫਸਦਾ, ਸਗੋਂ ਰਲ਼ ਮਿਲ਼ ਕੇ ਹੱਲ ਕਰਨ ਦਾ ਯਤਨ ਕਰਦਾ ਹੈ। ਉਹ ਫਿਰ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਰੱਬ ਵਲੋਂ ਕਿਸੇ ਦੇਵੀ ਦੇਵਤੇ ਪੈਗੰਬਰ ਆਦਿ ਨੂੰ ਭੇਜਣ ਦੀ ਆਸ ਵਿੱਚ ਨਹੀਂ ਬੈਠਦਾ। ਉਹ ਇਮਾਨਦਾਰੀ ਨਾਲ ਕਰਮ ਕਰਨ, ਆਪਣਾ ਫਰਜ ਨਿਭਾਉਣ ਵਿੱਚ ਵਿਸ਼ਵਾਸ਼ ਰੱਖਦਾ ਹੈ, ਉਹ ਕੁਦਰਤ ਦੇ ਅਟੱਲ ਨਿਯਮਾਂ ਅਨੁਸਾਰ ਜੋ ਵੀ ਫਲ ਮਿਲਦਾ ਹੈ, ਉਸ ਵਿੱਚ ਸਬਰ ਕਰਦਾ ਹੈ। ਉਸਦਾ ਜੀਵਨ ਸੰਤੋਖੀ ਹੁੰਦਾ ਹੈ। ਉਸਨੂੰ ਸਮਝ ਹੁੰਦੀ ਹੈ ਕਿ ਮਨ ਵਸਤਾਂ ਨਾਲ ਨਹੀਂ ਸੰਤੋਖ ਨਾਲ ਰੱਜਦਾ ਹੈ। ਜੇ ਕਿਸੇ ਕਰਮ ਦਾ ਨਤੀਜਾ ਉਸਦੇ ਅਨੁਸਾਰ ਨਹੀਂ ਵੀ ਆਉਂਦਾ ਤਾਂ ਉਹ ਦੁਆਰਾ ਵੱਖਰੇ ਢੰਗ ਨਾਲ ਯਤਨ ਕਰਦਾ ਹੈ ਕਿਉਂਕਿ ਉਸਨੂੰ ਪਤਾ ਹੁੰਦਾ ਹੈ ਕਿ ਉਸਦਾ ਕੰਮ ਉਸਨੂੰ ਆਪ ਹੀ ਕਰਨਾ ਪੈਣਾ ਹੈ ਜਾਂ ਉਸਨੂੰ ਕਿਸੇ ਹੋਰ ਵਿਅਕਤੀ ਦੀ ਮੱਦਦ ਦੀ ਲੋੜ ਹੋ ਸਕਦੀ ਹੈ, ਪਰ ਉਸਨੂੰ ਇਹ ਬਿਲਕੁਲ ਸਪੱਸ਼ਟ ਹੁੰਦਾ ਹੈ ਕਿਸੇ ਬਾਹਰੀ ਅਦਿਖ ਕਰਾਮਾਤੀ ਸ਼ਕਤੀ ਨੇ ਆ ਕੇ ਉਸਦਾ ਨਾ ਕੋਈ ਫਾਇਦਾ ਕਰਨਾ ਹੈ ਤੇ ਨਾ ਹੀ ਨੁਕਸਾਨ। ਇਸ ਲਈ ਸੱਚਾ ਧਰਮੀ ਮਨੁੱਖ ਅਰਦਾਸਾਂ ਜਾਂ ਪੁਜਾਰੀ ਦੀਆਂ ਕਮਰਕਾਂਡੀ ਮਰਿਯਾਦਾਵਾਂ ਜਾਂ ਪੂਜਾ ਪਾਠ ਵਿੱਚ ਨਹੀਂ ਫਸਦਾ।ਕੁਦਰਤ ਦੇ ਅਟੱਲ ਨਿਯਮਾਂ ਨੂੰ ਸਮਝਦਾ ਹੋਇਆ ਸਰਬਤ ਦੇ ਭਲੇ ਦੀ ਸੋਚ ਦਾ ਧਾਰਨੀ ਹੋਇਆ ਸਹਿਜ ਵਿੱਚ ਚਲਦਾ ਰਹਿੰਦਾ ਹੈ।

# ਨਕਸਲਬਾੜੀ ਲਹਿਰ ਦੇ ਯੋਧੇ : ਅਕਾਲੀ ਨਿਰੰਜਣ ਸਿੰਘ ਕਾਲਸਾਂ



ਅੰਗਰੇਜ਼ੀ ਰਾਜ ਅਤੇ ਸੱਤਾ ਤਬਦੀਲੀ ਤੋਂ ਬਾਅਦ ਹੋਂਦ ਵਿੱਚ ਆਈ ਲੋਕ ਵਿਰੋਧੀ ਭਾਰਤੀ ਹਕੂਮਤ ਨਾਲ, ਲੋਕਾਂ ਦੀ ਮੁਕਤੀ ਤੇ ਖ਼ੁਸ਼ਹਾਲੀ ਲਈ ਜਦੋਜਹਿੰਦ ਕਰਕੇ ਸ਼ਹਾਦਤ ਦਾ ਜਾਮ ਪੀਣ ਵਾਲੇ ਬਾਬਾ ਨਿਰੰਜਣ ਸਿੰਘ ਅਕਾਲੀ ਦਾ ਜਨਮ ਪਿੰਡ ਕਾਲਸਾਂ ਵਿਖੇ ਲਗਭਗ 1895 ਨੂੰ ਹੋਇਆ। ਕਾਲਸਾਂ ਪਿੰਡ ਉਸ ਵਕਤ ਪਟਿਆਲਾ ਰਿਆਸਤ ਦਾ ਹਿੱਸਾ ਸੀ, ਆਮ ਜਨਤਾ ਉਪਰ ਰਾਜਿਆਂ ਤੇ ਜਾਗੀਰਦਾਰਾਂ ਦਾ ਦੀ ਪੂਰੀ ਧੌਂਸ ਤੇ ਦਾਬਾ ਸੀ। ਇਲਾਕੇ ਵਿੱਚ 1888 ਦੀ ਹਦਾਇਤਾਂ ਮੁਤਾਬਿਕ ਜਲਸੇ ਜਲੂਸ ਕੱਢਣ ਤੇ ਪੂਰਨ ਪਾਬੰਦੀ ਅਤੇ ਸਕੂਲ ਖੋਲ੍ਹਣ ਦੀ ਮਨਾਹੀ ਸੀ, ਆਪਣਾ ਨਿੱਜੀ ਸਕੂਲ ਚਲਾਉਣ ਵਾਲੇ ਤੇ ਵੀ ਮੁਕੱਦਮਾ ਚੱਲਦਾ ਸੀ। ਉਸ ਸਮੇਂ ਕਿਸੇ ਨੂੰ ਵੀ ਛੇ ਮਹੀਨਿਆਂ ਲਈ ਬਿਨ੍ਹਾਂ ਮੁਕੱਦਮੇ ਤੋਂ ਬੰਦੀ ਬਣਾਇਆ ਜਾ ਸਕਦਾ ਸੀ, ਖੇਤੀ ਪੈਦਾਵਾਰ ਦੀ ਜਿਣਸ ਦਾ ਵੱਡਾ ਹਿੱਸਾ ਜਾਗੀਰਦਾਰ ਤੇ ਰਾਜੇ ਹੀ ਲੁੱਟ ਕੇ ਲੈ ਜਾਂਦੇ ਸਨ ਜਿਸ ਕਰਕੇ ਖੇਤੀ ਵਿੱਚ ਕਿਰਤ ਕਰਨ ਵਾਲੇ ਕਿਸਾਨਾਂ ਤੇ ਮਜ਼ਦੂਰਾਂ ਦੀ ਹਾਲਤ ਬਦਤਰ ਸੀ। ਰਾਜਿਆਂ-ਜਾਗੀਰਦਾਰਾਂ ਵੱਲੋਂ ਕਿਰਤੀ ਕਾਮਿਆਂ ਦੇ ਘਰਾਂ ਵਿੱਚ ਹੱਕ ਕੇ ਵਾੜੀ ਭੁੱਖ-ਦੁੱਖ ਤੇ ਕੰਗਾਲੀ ਦੇ ਸ਼ੇਕ ਨੇ ਬਚਪਨ ਵਿੱਚ ਹੀ ਅਕਾਲੀ ਨਿਰੰਜਣ ਸਿੰਘ ਨੂੰ ਪ੍ਰਭਾਵਿਤ ਕੀਤਾ, ਉਹ ਸਮਝ ਗਏ ਕਿ ਭੁੱਖ ਦੁੱਖ ਤੇ ਕੰਗਾਲੀ ਪਿਛਲੇ ਕਰਮਾਂ ਦਾ ਫਲ ਨਹੀਂ ਅਸਲ ਵਿੱਚ ਕਿਰਤੀ ਕਾਮਿਆਂ ਦੀ ਲੁੱਟ ਕਰਨ ਵਾਲੀ ਅੰਗਰੇਜ਼ ਹਕੂਮਤ, ਰਾਜੇ ਤੇ ਜਾਗੀਰਦਾਰ ਇਸ ਕੁਕਰਮ ਦੇ ਦੋਸ਼ੀ ਹਨ।

ਲੁੱਟ-ਖਸੁੱਟ, ਗੁਲਾਮੀ ਅਤੇ ਕੰਗਾਲੀ ਲਈ ਜ਼ਿੰਮੇਵਾਰ ਅੰਗਰੇਜ਼ੀ ਰਾਜ ਵਿਰੁੱਧ 1921-22 ਵਿੱਚ ਅਕਾਲੀ ਮੋਰਚਿਆਂ ਦੀ ਚੱਲੀ ਲਹਿਰ ਨੇ ਬਾਬਾ ਨਿਰੰਜਣ ਸਿੰਘ ਅਤੇ ਉਸ ਦੇ ਪਰਿਵਾਰ ਨੂੰ ਬਹੁਤ ਹੀ ਪ੍ਰਭਾਵਿਤ ਕੀਤਾ। ਬਾਬਾ ਜੀ ਦਾ ਵੱਡਾ ਭਰਾ ਅੰਗਰੇਜ਼ੀ ਸੈਨਾ ਵਿੱਚ ਫੌਜੀ ਅਫਸਰ ਸੀ, ਅਕਾਲੀ ਮੋਰਚਿਆਂ ਵਿੱਚ ਭਾਗ ਲੈਣ ਲਈ ਉਹ ਵੀ ਫ਼ੌਜੀ ਨੌਕਰੀ ਨੂੰ ਲੱਤ ਮਾਰ ਕੇ ਪਿੰਡ ਕਾਲਸਾਂ ਆ ਪਹੁੰਚਿਆ। ਪਿੰਡ ਕਾਲਸਾਂ 'ਚੋਂ ਉਸ ਸਮੇਂ ਸਭ ਤੋਂ ਪਹਿਲਾਂ ਅਕਾਲੀ ਮੋਰਚਿਆਂ ਵਿੱਚ ਹਿੱਸਾ ਲੈਣ ਲਈ ਬਾਬਾ ਨਿਰੰਜਣ ਸਿੰਘ ਅਤੇ ਉਨ੍ਹਾਂ ਦਾ ਵੱਡਾ ਭਰਾ ਅੰਮ੍ਰਿਤ ਛੱਕ ਕੇ ਅਕਾਲੀ ਬਣੇ ਸਨ। ਉਦੋਂ ਤੋਂ ਹੀ ਬਾਬਾ ਜੀ ਦਾ ਨਾਉਂ ਅਕਾਲੀ ਨਿਰੰਜਣ ਸਿੰਘ ਪੈ ਗਿਆ। ਉਨ੍ਹਾਂ ਅਕਾਲੀ ਮੋਰਚਿਆਂ ਵਿੱਚ ਬਹੁਤ ਹੀ ਜ਼ਜਬੇ ਤੇ ਉਤਸ਼ਾਹ ਨਾਲ ਕੰਮ ਕੀਤਾ।ਅਕਾਲੀ ਮੋਰਚੇ ਦੇ ਸਿਰਮੌਰ ਆਗੂ ਬਾਬਾ ਖੜਕ ਸਿੰਘ ਜੀ ਦੇ 'ਪਟਿਆਲਾ ਰਿਆਸਤ' ਵਿੱਚ ਦਾਖ਼ਲੇ ਤੇ ਸਖ਼ਤ ਪਾਬੰਦੀ ਸੀ ਪਰ ਬਾਬਾ ਜੀ ਤੇ ਉਨ੍ਹਾਂ ਦੇ ਵੱਡੇ ਭਾਈ ਨੇ ਰਿਆਸਤ ਵਿੱਚ ਬਾਬਾ ਖੜਕ ਸਿੰਘ ਦਾ ਦੌਰੇ ਦੇ ਦੌਰਾਨ ਪੂਰੇ ਜੋਸ਼ ਤੇ ਸਰਗਰਮੀ ਨਾਲ ਸਾਥ ਦਿੱਤਾ। ਜਿਸ ਕਾਰਨ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਗਿਆ ਜ਼ਮੀਨ ਦੀ ਕੁਰਕੀ ਕਰ ਦਿੱਤੀ ਗਈ।

ਅੰਗਰੇਜ਼ੀ ਰਾਜ ਦੀਆਂ ਨੀਤੀਆਂ ਵਿਰੁੱਧ ਪਿੰਡ ਠੀਕਰੀਵਾਲਾ ਵਿਖੇ 1935-36 ਵਿੱਚ ਦੀਵਾਨ ਸਜਾਇਆ ਗਿਆ। ਅੰਗਰੇਜ਼ ਹਕੂਮਤ ਦੇ ਵਿਰੁੱਧ ਸਟੇਜ ਤੋਂ ਮਤੇ ਪੇਸ਼ ਕੀਤੇ ਗਏ, ਪੇਸ਼ ਮਤਿਆਂ ਨੂੰ ਬਾਬਾ ਜੀ ਤੇ ਉਨ੍ਹਾਂ ਦੇ ਵੱਡੇ ਭਰਾ ਨੇ ਤਾਇਦ ਕੀਤਾ, ਇਸ ਜੁਰਮ ਤਹਿਤ ਇਨ੍ਹਾਂ ਨੂੰ ਇੱਕ ਸਾਲ ਦੀ ਸਜਾ ਸੁਣਾਈ ਗਈ। ਸਜਾ ਤੇ ਜ਼ਮੀਨ ਦੀ ਕੁਰਕੀ ਨੇ ਘਰ ਦੀ ਆਰਥਿਕ ਹਾਲਤ ਪਾਣੀਓਂ ਪਤਲੀ ਕਰ ਦਿੱਤੀ, ਘਰ ਪਰਿਵਾਰ ਨੂੰ ਬੇਹੱਦ ਗਰੀਬੀ ਵਾਲੇ ਦਿਨ ਵੇਖਣੇ ਪਏ। ਸਜਾ ਪੂਰੀ ਹੋਣ ਤੋਂ ਬਾਅਦ 1937 ਵਿੱਚ ਸਾਰਾ ਪਰਿਵਾਰ ਲਾਇਲਪੁਰ ਆਣ ਵੱਸਿਆ, ਜਿੱਥੇ ਉਨ੍ਹਾਂ ਮੁਜਾਰਿਆਂ ਦੇ ਤੌਰ ਖੇਤੀ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਹੀ ਦਿਨਾਂ ਵਿੱਚ ਬਾਬਾ ਜਵਾਲਾ ਸਿੰਘ ਜੀ ਠੱਠੀਆਂ ਅਤੇ ਹਰਨਾਮ ਸਿੰਘ ਕਲੇਸ ਦੀ ਅਗਵਾਈ ਤਹਿਤ ਲਾਇਲਪੁਰ ਇਲਾਕੇ ਦੇ ਪਿੰਡਾਂ ਵਿੱਚ ਜਾਗੀਰਦਾਰਾਂ ਤੋਂ ਜ਼ਮੀਨਾਂ ਖੋਹ ਕੇ ਬੇਜ਼ਮੀਨੇ ਕਿਸਾਨਾਂ ਤੇ ਮਜ਼ਦੂਰਾਂ ਵਿੱਚ ਵੰਡਣ ਲਈ ਕਿਸਾਨ ਕਮੇਟੀਆਂ ਦਾ ਗਠਨ ਕੀਤਾ ਜਾ ਰਿਹਾ ਸੀ, ਬਾਬਾ ਨਿਰੰਜਣ ਸਿੰਘ ਜੀ ਨੇ ਕਿਸਾਨ ਕਮੇਟੀਆਂ ਵੱਲੋਂ ਦਿੱਤੇ ਉਕਤ ਪ੍ਰੋਗਰਾਮ ਤਹਿਤ ਪੂਰੀ ਦ੍ਰਿੜਤਾ ਤੇ ਸਮਰੱਥਾ ਨਾਲ ਇਸ ਲਹਿਰ ਵਿੱਚ ਵੀ ਵੱਡਾ ਯੋਗਦਾਨ ਪਾਇਆ।

ਬਾਬਾ ਨਿਰੰਜਣ ਸਿੰਘ 1946 ਵਿੱਚ ਲਾਇਲਪੁਰ ਤੋਂ ਮੁੜ ਆਪਣੇ ਪਿੰਡ ਕਾਲਸਾਂ ਆ ਪਹੁੰਚੇ। ਉਨ੍ਹਾਂ ਸਮਿਆਂ ਵਿੱਚ ਇਲਾਕੇ ਅਤੇ ਪਿੰਡ ਕਾਲਸਾਂ ਵਿਖੇ ਕਮਿਊਨਿਸਟ ਲਹਿਰ ਦੀ ਬਹੁਤ ਚਰਚਾ ਸੀ। ਬਾਬਾ ਜੀ ਨੇ ਕਮਿਊਨਿਸਟ ਪਾਰਟੀ ਦੇ ਪ੍ਰੋਗਰਾਮ ਨਾਲ ਸਹਿਮਤ ਹੁੰਦਿਆਂ ਇਸ ਲਹਿਰ ਵਿੱਚ ਕੰਮ ਕਰਨਾ ਸ਼ੁਰੂ ਕੀਤਾ। ਬਾਬਾ ਜੀ ਨੂੰ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ 1948 ਵਿੱਚ ਮੈਂਬਰਸ਼ਿਪ ਜਾਰੀ ਕੀਤੀ ਗਈ। ਪਾਰਟੀ ਮੈਂਬਰ ਬਣਨ ਤੋਂ ਬਾਅਦ ਬਾਬਾ ਜੀ ਵੱਲੋਂ ਪਾਰਟੀ ਮੀਟਿੰਗ ਵਿੱਚ ਕਿਰਪਾਲੇਵਾਲ ਦੇ ਸਰਦਾਰਾਂ ਵੱਲੋਂ ਕਿਸਾਨਾਂ ਨੂੰ ਜਬਰੀ ਜ਼ਮੀਨਾਂ 'ਚੋਂ ਬੇਦਖਲ ਕਰਨ ਦਾ ਮਾਮਲਾ ਉਠਾਇਆ ਗਿਆ, ਬਾਬਾ ਜੀ ਨੇ ਮੀਟਿੰਗ ਵਿੱਚ ਇਹ ਵੀ ਸੁਝਾਅ ਦਿੱਤਾ ਕਿ, ਸਰਦਾਰ ਵੱਲੋਂ ਬੇਦਖਲ ਕਿਸਾਨਾਂ ਦੇ ਨਾਲ-ਨਾਲ ਇਲਾਕੇ ਦੇ ਹੋਰ ਕਿਸਾਨਾਂ-ਮਜਦੂਰਾਂ ਨੂੰ ਵੀ ਸਰਦਾਰਾਂ ਦੀ ਧੱਕੇਸ਼ਾਹੀ ਦੇ ਵਿਰੁੱਧ ਲਾਮਬੰਦ ਕਰਕੇ ਕਿਸਾਨਾਂ ਦਾ ਜ਼ਮੀਨ ਤੇ ਮੁੜ ਕਬਜ਼ਾ ਕਰਵਾਇਆ ਜਾਵੇ। ਬਾਬਾ ਜੀ ਦੇ ਸੁਝਾਅ ਤੇ ਪਾਰਟੀ ਵੱਲੋਂ 10 ਦਸੰਬਰ 1948 ਨੂੰ ਕਿਰਪਾਲੇਵਾਲ ਕਾਨਫਰੰਸ ਤੇ ਮੁਜ਼ਾਹਰਾ ਕਰਨ ਦਾ ਪ੍ਰੋਗਰਾਮ ਤੈਅ ਕੀਤਾ ਗਿਆ। ਇਸ ਸਬੰਧੀ ਪੋਸਟਰ ਛਾਪ ਕੇ ਵਰਕਰਾਂ ਵੱਲੋਂ ਪਿੰਡ-ਪਿੰਡ ਲਾਏ ਗਏ। ਇਲਾਕੇ ਵਿੱਚ ਮੀਟਿੰਗਾਂ-ਰੈਲੀਆਂ ਦੀ ਮੁਹਿੰਮ ਸ਼ੁਰੂ ਕਰ ਕੇ ਤਿਆਰੀਆਂ ਕੀਤੀਆਂ ਗਈਆਂ। ਮਿਥੇ ਦਿਨ ਹੋਈ ਵਿਸ਼ਾਲ ਸ਼ਮੂਲੀਅਤ ਹਕੂਮਤ ਤੇ ਸਰਦਾਰਾਂ ਦੀ ਧੱਕੇਸ਼ਾਹੀ ਦੇ ਵਿਰੁੱਧ ਏਕੇ ਦਾ ਸਬੂਤ ਦੇ ਰਹੀ ਸੀ। ਸਰਦਾਰਾਂ ਦੀ ਸੁਰੱਖਿਆ ਲਈ ਸੈਂਕੜੇ ਘੋੜ ਸਵਾਰ ਪੁਲਿਸ ਦਸਤੇ ਤਾਇਨਾਤ ਸਨ। ਇਲਾਕੇ ਭਰ ਦੇ ਜਾਗੀਰਦਾਰ ਤੇ ਬਦਮਾਸ਼ ਵੀ ਪੁਲਿਸ ਸੁਰੱਖਿਆ 'ਚ ਦੂਰੋਂ ਖੜ੍ਹੇ ਲੋਕਾਂ ਦੇ ਦਰਿਆ ਵੱਲ ਵੇਖ ਕੇ ਪ੍ਰੇਸ਼ਾਨੀ ਵਿੱਚ ਡੁੱਬ ਰਹੇ ਸਨ। ਬਾਬਾ ਨਿਰੰਜਣ ਸਿੰਘ ਅਕਾਲੀ ਅਤੇ ਸਾਥੀਆਂ ਦੀ ਅਗਵਾਈ ਹੇਠ ਘੋਲ ਜਾਰੀ ਰੱਖ ਕੇ ਜ਼ਮੀਨ ਤੋਂ ਬੇਦਖਲ ਕਿਸਾਨਾਂ ਨੂੰ ਮੁੜ ਜ਼ਮੀਨ ਦਾ ਕਬਜ਼ਾ ਦਿਵਾਇਆ ਗਿਆ, ਇਸ ਘੋਲ ਦੌਰਾਨ ਦੋ ਮਜ਼ਦੂਰਾਂ ਨੂੰ ਸ਼ਹਾਦਤ ਦੇਣੀ ਪਈ।

ਪੈਪਸੂ ਮਨਿਸਟਰੀ ਟੁੱਟਣ ਤੋਂ ਬਾਅਦ 1953 ਦੇ ਦੌਰਾਨ ਪੁਰਾਣੇ ਬਕਾਇਆ ਦੀ ਜਬਰੀ ਉਗਰਾਹੀ ਲਈ ਮੁਜਾਰਿਆਂ ਉਪਰ ਤਸ਼ੱਦਦ ਦਾ ਦੌਰ ਸ਼ੁਰੂ ਕੀਤਾ ਗਿਆ ਬਾਬਾ ਜੀ ਨੂੰ ਵੀ ਵਰੰਟਡ ਕੀਤਾ ਗਿਆ ਉਹ ਗੁਪਤਵਾਸ ਰਹਿ ਕੇ ਕੰਮ ਕਰਨ ਲੱਗੇ। ਖ਼ੁਸ਼ ਹੈਸੀਅਤ ਟੈਕਸ ਵਿਰੋਧੀ ਮੋਰਚੇ ਦੇ ਅੰਦੋਲਨ ਵਿੱਚ ਵੀ ਬਾਬਾ ਨਿਰੰਜਣ ਸਿੰਘ ਅਕਾਲੀ ਦੀ ਸਰਗਰਮ ਭੂਮਿਕਾ ਸੀ।

ਬਾਬਾ ਨਿਰੰਜਣ ਸਿੰਘ ਅਕਾਲੀ ਦ੍ਰਿੜ ਤੇ ਦਲੇਰ ਕਮਿਊਨਿਸਟ ਇਨਕਲਾਬੀ ਸੀ, ਕਾਮਰੇਡ ਸਟਾਲਿਨ ਦੀ ਮੌਤ ਤੋਂ ਬਾਅਦ ਸੋਵੀਅਤ ਰੂਸ ਤੇ ਸੋਧਵਾਦੀ ਜੁੰਡਲੀ ਕਬਜ਼ਾ ਹੋ ਗਿਆ। ਸੀਪੀਆਈ ਆਗੂ ਰੂਸੀ ਸੋਧਵਾਦੀ ਜੁੰਡਲੀ ਮੁਤਾਬਿਕ ਕਾਮਰੇਡ ਸਟਾਲਿਨ ਦੀ ਤੋਹੀਨ ਕਰਨ ਲੱਗੇ ਇਸ ਸਬੰਧੀ ਬਾਬਾ ਨਿਰੰਜਣ ਸਿੰਘ ਅਕਾਲੀ ਨੇ ਇਨ੍ਹਾਂ ਆਗੂਆਂ ਦੀ ਸਖ਼ਤ ਨੁਕਤਾਚੀਨੀ ਕਰਦੇ ਹੋਏ ਬਹਿਸਾਂ ਕਰਦੇ ਸਨ। ਅਖੀਰ ਉਹ ਸੀਪੀਆਈ ਤੋਂ ਅਸਤੀਫਾ ਦੇ ਕੇ ਸੀਪੀਐਮ ਵਿੱਚ ਚਲੇ ਗਏ ਪਰ ਸੀਪੀਐਮ ਵੀ ਪੁਰਾਣੀ ਲੀਡਰਸ਼ਿਪ ਦੀ ਸੋਧਵਾਦੀ ਲਾਈਨ ਨੂੰ ਭਾਂਜ ਦੇਣ ਦੀ ਬਜਾਏ ਰੂਸੀ ਸੋਧਵਾਦੀ ਜੁੰਡਲੀ ਦੀ ਪੂਛ ਨਾਲ ਬੱਝੇ ਰਹੇ। ਸੋਧਵਾਦੀ ਲਾਈਨ ਮੁਤਾਬਿਕ ਹੀ ਉਨ੍ਹਾਂ ਪੱਛਮੀ ਬੰਗਾਲ ਵਿੱਚ ਰਾਜਭਾਗ ਦੇ ਡੰਡੇ ਨੂੰ ਹੱਥ ਪਾਕੇ 25 ਮਈ 1967 ਨੂੰ ਨਕਸਲਬਾੜੀ ਦੀ ਕਿਸਾਨ ਬਗ਼ਾਵਤ ਕੁਚਲਣ ਲਈ ਪੁਲਸੀ ਧਾੜਾਂ ਦੇ ਪੱਟੇ ਖੋਲ੍ਹ ਦਿੱਤੇ, 15 ਸੰਗਰਾਮੀ ਕਿਸਾਨਾਂ ਜਿਨ੍ਹਾਂ ਵਿੱਚ ਵੱਧ ਔਰਤਾਂ ਤੇ ਬੱਚੇ ਸਨ ਨੂੰ ਗੋਲੀਆਂ ਮਾਰਕੇ ਸ਼ਹੀਦ ਕਰ ਦਿੱਤਾ। ਨਕਸਲਬਾੜੀ ਬਾਰੇ ਖ਼ਬਰਾਂ ਸੁਣਕੇ ਬਾਬਾ ਨਿਰੰਜਣ ਸਿੰਘ ਅਕਾਲੀ ਨੇ ਸੀਪੀਐਮ ਨਾਲੋਂ ਨਾਤਾ ਤੋੜ ਲਿਆ, ਉਹ ਛਪਾਰ ਮੇਲੇ ਵਿੱਚ ਨਕਸਲਬਾੜੀ ਕਿਸਾਨ ਬਗ਼ਾਵਤ ਦੇ ਹੱਕ ਵਿੱਚ ਕੀਤੀ ਖੁੱਲ੍ਹੀ ਕਾਨਫਰੰਸ ਵਿੱਚ ਸ਼ਾਮਿਲ ਹੋਏ ਜਿੱਥੇ ਜਨਤਕ ਤੌਰ 'ਤੇ ਇਨਕਲਾਬ ਲਈ ਹਥਿਆਰਬੰਦ ਘੋਲ ਚਲਾਉਣ ਦਾ ਸੱਦਾ ਦਿੱਤਾ ਗਿਆ।

ਬਾਬਾ ਨਿਰੰਜਣ ਸਿੰਘ ਅਕਾਲੀ ਤੇ ਸਾਥੀਆਂ ਨੇ ਆਪਣੇ ਇਲਾਕੇ ਵਿੱਚ ਲਾਮਬੰਦੀ ਲਈ ਬਾਬਾ ਬੂਝਾ ਸਿੰਘ ਜੀ ਦੀਆਂ ਪਿੰਡਾਂ ਵਿੱਚ ਮੀਟਿੰਗਾਂ ਰੱਖ ਕੇ ਸਕੂਲਿੰਗ ਕਰਵਾਈ। ਉਨ੍ਹਾਂ ਪਾਰਟੀ ਨੂੰ ਹਥਿਆਰ ਖਰੀਦਣ ਵਾਸਤੇ ਆਪਣੇ ਵੱਲੋਂ 500 ਰੁਪਏ ਸਹਾਇਤਾ ਵੀ ਦਿੱਤੀ। ਨਕਸਲੀ ਪਾਰਟੀ ਦਾ ਪਹਿਲਾ ਪੋਸਟਰ 'ਰਾਜਸੀ ਤਾਕਤ ਬੰਦੂਕ ਦੀ ਨਾਲੀ 'ਚੋਂ ਨਿਕਲਦੀ ਹੈ' ਇਸੇ ਤਰ੍ਹਾਂ ਦੂਸਰਾ 'ਖਾੜਕੂ ਘੋਲ ਲਾਮਬੰਦ ਕਰੋ' ਬਾਬਾ ਨਿਰੰਜਣ ਸਿੰਘ ਅਕਾਲੀ ਨੇ ਇਹ ਪੋਸਟਰ ਆਪ ਸਾਇਕਲ ਤੇ ਜਾਕੇ ਪਿੰਡ-ਪਿੰਡ ਸੱਥਾਂ ਵਿੱਚ ਲਾਏ। ਉਨ੍ਹਾਂ ਕਿਲਾ ਹਕੀਮਾਂ ਦੇ ਘੋਲ ਵਿੱਚ ਵੀ ਸਰਗਰਮ ਰੋਲ ਸੀ। ਬਾਬਾ ਜੀ ਦੇ ਨਕਸਲਬਾੜੀ ਲਹਿਰ ਵਿੱਚ ਵਰੰਟਡ ਹੋਣ ਤੋਂ ਬਾਅਦ ਉਨ੍ਹਾਂ ਦੇ ਨੇੜਲੇ ਰਿਸ਼ਤੇਦਾਰਾਂ ਤੇ ਪਿੰਡ ਵਾਸੀਆਂ ਨੂੰ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ।

ਬਾਬਾ ਜੀ ਨੇ ਨਕਸਲੀ ਆਗੂ ਬਾਬੂ ਸਿੰਘ ਅਤੇ ਦਲੀਪ ਨਾਲ ਮਿਲ ਕੇ, ਨਕਸਲੀ ਕਾਮਰੇਡ ਗੁਲਜ਼ਾਰਾ ਸਿੰਘ ਭੱਠਲ ਨੂੰ ਪੁਲਿਸ ਹੱਥੋਂ ਸ਼ਹੀਦ ਕਰਵਾਉਣ ਵਾਲੇ ਪੁਲਿਸ ਮੁਖ਼ਬਰ ਮੇਹਰ ਸਿੰਘ ਦੇ 4 ਅਗਸਤ 1970 ਨੂੰ ਗੋਲੀਆਂ ਮਾਰਕੇ ਬਦਲਾ ਲਿਆ। ਇਸ ਘਟਨਾ ਵੇਲੇ ਇਨ੍ਹਾਂ ਨਾਲ ਜੀਤਾ ਨਾਂ ਦਾ ਵਿਅਕਤੀ ਸੀ, ਇਸ ਦੌਰਾਨ ਇਨ੍ਹਾਂ ਸਾਰੇ ਸਾਥੀਆਂ ਨੇ 8 ਅਗਸਤ ਨੂੰ ਖੁੱਡੀ ਮਿਲਣ ਦਾ ਟਾਇਮ ਤੈਅ ਕੀਤਾ, ਪਰ ਜੀਤਾ 5 ਅਗਸਤ ਨੂੰ ਹੀ ਧਨੌਲੇ ਥਾਣੇ ਪੇਸ਼ ਹੋ ਗਿਆ ਅਤੇ 8 ਅਗਸਤ ਦੀ ਮੀਟਿੰਗ ਬਾਰੇ ਪੁਲਿਸ ਨੂੰ ਭੇਦ ਖੋਲ੍ਹ ਦਿੱਤਾ। ਹਰਨੇਕ ਹੰਡਿਆਏ ਨੇ ਬਾਬਾ ਨਿਰੰਜਣ ਸਿੰਘ ਅਕਾਲੀ, ਦਲੀਪ ਸਿੰਘ ਅਤੇ ਬਾਬੂ ਸਿੰਘ ਦੇ ਪਿੰਡ ਖੁੱਡੀ (ਬਰਨਾਲਾ) ਇੱਕਠੇ ਹੋਣ ਤੇ ਪੁਲਿਸ ਨੂੰ ਸੂਚਨਾ ਦੇ ਦਿੱਤੀ। ਇਨ੍ਹਾਂ ਸਾਥੀਆਂ ਨੂੰ 9 ਅਗਸਤ ਸਵੇਰੇ ਤਿੰਨ ਵਜੇ ਖੁੱਡੀ ਤੋਂ ਗ੍ਰਿਫ਼ਤਾਰ ਕਰਕੇ ਹੰਡਿਆਏ ਕੋਠੀ ਲੈ ਆਏ। ਉਥੇ ਐਸਪੀ ਫੂਲਕਾ ਅਤੇ ਡੀਐਸਪੀ ਸਿੰਦਕਰ ਮੌਜੂਦ ਸਨ। ਤਿੰਨੇ ਸਾਥੀਆਂ ਨੂੰ ਵੱਖੋ ਵੱਖਰੇ ਕਮਰਿਆਂ ਵਿੱਚ ਬੰਦ ਕਰਕੇ ਅਣਮਨੁੱਖੀ ਬੇਰਹਿਮ ਤਸ਼ੱਦਦ ਕੀਤਾ ਗਿਆ ਪਰ ਪੁਲਿਸ ਤਸ਼ੱਦਦ ਇਨ੍ਹਾਂ ਇਨਕਲਾਬੀਆਂ ਨੂੰ ਝੁਕਾਅ ਨਾ ਸਕਿਆ। ਪੰਜਾਬ ਦੀ ਬਾਦਲ ਹਕੂਮਤ ਤੇ ਪੁਲਿਸ ਅਫਸਰਾਂ ਨੇ ਬਾਬਾ ਨਿਰੰਜਣ ਸਿੰਘ ਅਕਾਲੀ ਵੱਲੋਂ ਦੇਸ਼ ਦੀ ਅਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਅਤੇ ਉਨ੍ਹਾਂ ਨੂੰ ਇਸ ਬਜ਼ੁਰਗ ਅਵਸਥਾ ਦਾ ਬਿਨ ਖਿਆਲ ਕੀਤਿਆਂ ਗੈਰ ਕਾਨੂੰਨੀ ਢੰਗ ਨਾਲ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ। ਡੀਐਸਪੀ ਸਿੰਦਕਰ ਦੇ ਹੁਕਮ ਤੇ ਤਿੰਨਾਂ ਇਨਕਲਾਬੀਆਂ ਨੂੰ ਸੰਗਲਾਂ ਪਾ ਕੇ ਜੀਪਾਂ ਪਿੱਛੇ ਬੰਨ੍ਹ ਦਿੱਤਾ ਗਿਆ। ਪੁਲਸੀ ਦਰਿੰਦੇ ਇਨ੍ਹਾਂ ਨੂੰ ਹੰਡਿਆਏ ਦੀ ਕੋਠੀ ਤੋਂ ਪੱਖੋਂ ਕੈਂਚੀਆਂ ਵੱਲ ਘੜੀਸ ਕੇ ਲਿਜਾ ਰਹੇ ਸਨ। ਤਿੰਨਾਂ ਇਨਕਲਾਬੀਆਂ ਦੇ ਪਿੰਡੇ ਉਚੜ ਕੇ ਖ਼ੂਨ ਵਗ ਰਿਹਾ ਸੀ। ਜੱਲਾਦ ਪੁਲਿਸੀਏ ਜੀਪਾਂ ਰੋਕ-ਰੋਕ ਘੜੀਸ ਕੇ ਅਧਮੋਏ ਕੀਤੇ ਇਨ੍ਹਾਂ ਇਨਕਲਾਬੀਆਂ ਤੋਂ ਨਕਸਲੀ ਗਤੀਵਿਧੀਆਂ ਦੇ ਭੇਦ ਪੁੱਛਣ ਦੀ ਕੋਸ਼ਿਸ਼ ਕਰਦੇ ਪਰ ਪੁਲਿਸ ਵੱਲੋਂ ਕੀਤੇ ਤਸ਼ੱਦਦ ਨੂੰ ਉਹ ਸਬਰ ਨਾਲ ਝੱਲਦੇ ਹੋਏ ਕੁੱਝ ਦੱਸਣ ਤੋਂ ਇਨਕਾਰ ਕਰ ਦਿੰਦੇ। ਤਿੰਨੇ ਨਕਸਲੀ ਯੋਧਿਆਂ ਨੂੰ ਮੀਲਾਂ ਬੱਧੀ ਜੀਪਾਂ ਨਾਲ ਧੂਹ ਕੇ ਉਨ੍ਹਾਂ ਦਾ ਅੰਗ-ਅੰਗ ਤੋੜਨ ਤੋਂ ਬਾਅਦ ਪੱਖੋ ਕੈਂਚੀਆਂ ਲਾਗੇ ਐਸਪੀ ਫੂਲਕਾ ਦੇ ਖੇਤਾਂ 'ਚ ਦਰਖਤਾਂ ਨਾਲ ਬੰਨ੍ਹ ਕੇ ਦਿਨ ਦਿਹਾੜੇ ਗੋਲੀਆਂ ਮਾਰਕੇ ਪੁਲਿਸ ਮੁਕਾਬਲਾ ਬਣਾਇਆ ਗਿਆ।

# ਗਾਜ਼ਾ: ਜਿੱਥੇ ਭੁੱਖ ਨਾਲ ਸਿਰਜਿਆ ਮੌਤ ਦਾ ਬਿਰਤਾਂਤ ਭੁੱਖ ਨਾਲ ਮਰ ਰਹੇ ਮਾਸੂਮ ਤੇ ਦੁਨੀਆ ਦੀ ਚੁੱਪ

*ਆਪਣੇ ਆਪ ਨੂੰ ਦੁਨੀਆਂ ਦੀਆਂ ਮਹਾਂ ਸ਼ਕਤੀਆਂ ਬਣਾ ਕੇ ਪੇਸ਼ ਕਰਦੀਆਂ ਸਾਮਰਾਜੀ ਤਾਕਤਾਂ ਅਸਲ ਵਿੱਚ ਮਹਾਂ ਧਾੜਵੀ, ਮਹਾਂ ਜੰਗਬਾਜ਼ ਅਤੇ ਦੁਨੀਆਂ ਭਰ ਦੇ ਲੋਕਾਂ ਦੀਆਂ ਦੋਖੀ ਵਹਿਸ਼ੀ ਤਾਕਤਾਂ ਹਨ । ਇਹ ਮੁਜ਼ਰਿਮ ਹਨ । ਦੁਨੀਆਂ ਉਪਰ ਕਬਜ਼ਾ ਜਮਾਉਣ, ਫਾਸ਼ੀ ਗੋਲ਼ਿਆਂ ਨੂੰ ਥਾਪੜਾ ਦੇ ਕੇ ਸੰਸਾਰ ਨੂੰ ਜੰਗ ਅਤੇ ਭੁੱਖਮਰੀ ਦੇ ਪੰਜਿਆਂ ਵਿਚ ਧੱਕਣ ਲਈ ਸਿਸਕਾਰਨ ਦੇ ਮਨਸੂਬਿਆਂ ਨੂੰ ਸਮਝਕੇ ਲੋਕਾਂ ਅਤੇ ਜੋਕਾਂ ਦੇ ਰਿਸ਼ਤੇ ਨੂੰ ਸਮਝਣ ਵਿੱਚ ਸਾਡੀ ਤੀਜੀ ਅੱਖ ਦੇ ਦੁਆਰ ਖੋਲ੍ਹਣ ਅਤੇ ਖਾਮੋਸ਼ੀ ਤੋੜਨ ਦਾ ਪੈਗ਼ਾਮ ਦਿੰਦਾ ਗੁਰਚਰਨ ਨੂਰਪੁਰ ਦਾ ਇਹ ਲੇਖ ਤੁਹਾਡੀ ਨਜ਼ਰ ਹੈ : ਸੰਪਾਦਕ*



-ਗੁਰਚਰਨ ਸਿੰਘ ਨੂਰਪਰ
9855051099

ਜਿਸ ਦੁਨੀਆ ਵਿੱਚ ਅਸੀਂ ਰਹਿ ਰਹੇ ਹਾਂ ਇਸ ਦੇ ਮੱਧ-ਪੂਰਬ ਦੇ ਖਿੱਤੇ ਗਾਜ਼ਾ ਪੱਟੀ ਵਿੱਚ ਪਿਛਲੇ ਅਰਸੇ ਦੌਰਾਨ ਘਰਾਂ, ਸਕੂਲਾਂ, ਹਸਪਤਾਲਾਂ ਨੂੰ ਤਹਿਸ ਨਹਿਸ ਕਰਕੇ ਹਜਾਰਾਂ ਜਿਓਂਦੇ ਜਾਗਦੇ ਲੋਕਾਂ ਨੂੰ ਲਾਛਾਂ ਵਿੱਚ ਤਬਦੀਲ ਕਰ ਦਿੱਤਾ ਗਿਆ। ਬੰਬਾਂ, ਮਿਜ਼ਾਇਲਾਂ ਤੋਂ ਬਚੇ ਲੋਕ ਜਦੋਂ ਬੰਕਰਾਂ ਤੇ ਹੋਰ ਸੁਰੱਖਿਅਤ ਥਾਵਾਂ ਤੇ ਚਲੇ ਗਏ ਤਾਂ ਇਜ਼ਰਾਇਲ ਵੱਲੋਂ ਹਰ ਤਰਾਂ ?ਹ ਦੀ ਉਹਨਾਂ ਦੀ ਮਦਦ ਰੋਕ ਕੇ ਉਹਨਾਂ ਨੂੰ ਭੁੱਖ ਨਾਲ ਵਿਲਕ-ਵਿਲਕ ਕੇ ਮਰਨ ਲਈ ਛੱਡ ਦਿੱਤਾ ਗਿਆ। ਇਹਨਾਂ ਵਿੱਚ ਹਜਾਰਾਂ ਦੀ ਗਿਣਤੀ ਵਿੱਚ ਉਹ ਮਾਸੂਮ ਬੱਚੇ ਹਨ ਜਿਹਨਾਂ ਦਾ ਧਰਮਾਂ, ਨਸਲਾਂ, ਦੇਸ਼ਾਂ ਦੇ ਹੱਦ ਬੰਨਿਆ ਨਾਲ ਫਿਲਹਾਲ ਕੋਈ ਲੈਣ ਦੇਣ ਨਹੀਂ।

ਹਾਲਾਤ ਹੁਣ ਇਹ ਹਨ ਕਿ ਮਾਵਾਂ ਦੇ ਸੀਨਿਆਂ ਚੋਂ ਨੀਰ ਮੁੱਕ ਗਿਆ ਹੈ। ਭੁੱਖ ਨਾਲ ਵਿਲਕਦੇ, ਤਿਲ-ਤਿਲ ਮਰਦੇ, ਮਾਵਾਂ ਦੀਆਂ ਛਾਤੀਆਂ ਨਾਲ ਲੱਗੇ ਮਾਸੂਮਾਂ ਨੂੰ ਦੁਨੀਆਂ ਦੀ ਅਗਵਾਈ ਕਰਨ ਵਾਲੀਆਂ ਤਾਕਤਾਂ ਮੂਕ ਦਰਸ਼ਕ ਬਣ ਵੇਖ ਰਹੀਆਂ ਹਨ। ਬੰਬਾਂ ਮਿਜਾਇਲਾਂ ਦੇ ਸ਼ਿਕਾਰ ਬਣਾ ਕੇ ਮਾਰ ਦਿੱਤੇ ਗਏ ਲੋਕਾਂ ਨਾਲੋਂ ਭੁੱਖ ਨਾਲ ਵਿਲਕ-ਵਿਲਕ ਕੇ ਮਰਦੇ ਬੱਚਿਆਂ ਦੀ ਮੌਤ ਦਾ ਇਹ ਮੰਜ਼ਿਰ ਉਸ ਕਿਤੇ ਵੱਧ ਭਿਆਨਕ ਹੈ। ਇਹ ਅਤਿ ਨਿੰਦਨਯੋਗ ਅਤੇ ਅਤਿ ਭਿਆਨਕ ਹੈ। ਇਹਨਾਂ ਜਾਲਮਾਨਾਂ ਤੇ ਕਰੂਰ ਹਾਲਤਾਂ ਦੀ ਕਿਉਂ ਸਿਰਜਣਾ ਕੀਤੀ ਗਈ? ਇਸ ਸਥਿਤੀ ਨੂੰ ਚੁੱਪ ਰਹਿ ਕੇ ਕਿਉਂ ਵੇਖਿਆ ਜਾ ਰਿਹਾ ਹੈ? ਇਹ ਵੱਡੇ ਸਵਾਲ ਹਨ ਜਿਸ ਦਾ ਜਵਾਬ ਕਿਸੇ ਕੋਲ ਨਹੀਂ। ਇਸ ਲਈ ਬਿਆਨਬਾਜੀਆਂ ਦੀ ਲੋੜ ਨਹੀਂ, ਕੁਝ ਕਰਨ ਦੀ ਲੋੜ ਹੈ ਪਰ ਸ਼ਾਇਦ ਉਡੀਕਿਆਂ ਜਾ ਰਿਹਾ ਹੈ ਕਿ ਜੋ ਕੁਝ ਹੋਣਾ ਚਾਹੀਦਾ ਹੈ ਉਹ ਹੋਣ ਦਿੱਤਾ ਜਾਵੇ। ਜਾਗਦੀਆਂ ਜ਼ਮੀਰਾਂ ਵਾਲੇ ਦੁਨੀਆਂ ਭਰ ਦੇ ਲੋਕਾਂ ਲਈ ਇਹ ਬੇਹੱਦ ਕਸ਼ਟਦਾਇਕ ਸਥਿਤੀ ਹੈ ਅਸੀਂ ਜਿਸ ਦੁਨੀਆਂ ਵਿੱਚ ਰਹਿ ਰਹੇ ਹਾਂ ਇਸ ਦੁਨੀਆਂ ਦੇ ਇੱਕ ਖਿੱਤੇ ਵਿੱਚ ਇੰਨੀ ਕਰੂਰਤਾ ਨਾਲ ਮਸੂਮਾਂ ਨੂੰ ਭੁੱਖ ਨਾਲ ਮਰਨ ਲਈ ਮਜਬੂਰ ਕਰ ਦਿੱਤਾ ਗਿਆ ਪਰ ਅਸੀਂ ਸਾਰੇ ਇਸ ਦੌਰ ਦੇ ਗਵਾਹ ਹਾਂ ਇਸ ਨੂੰ ਬੇਵੱਸ ਦੇਖ ਰਹੇ ਹਾਂ। ਦੁਨੀਆ ਦੀਆਂ ਤਾਕਤਵਰ ਸ਼ਕਤੀਆਂ ਵੱਲੋਂ ਇਸ ਲਈ ਕੁਝ ਨਾ ਕਰ ਗੁਜ਼ਰਨਾ ਬੇਹੱਦ ਅਫਸੋਸਨਾਕ ਅਤੇ ਨਿੰਦਨਯੋਗ ਹੈ।

ਪਿਛਲੇ ਦਿਨੀ ਇੱਕ ਮਾਂ ਵੱਲੋਂ ਗੋਦੀ ਚੁੱਕੇ ਹੋਏ ਭੁੱਖ ਨਾਲ ਪਿੰਜਰ ਬਣ ਗਏ ਬੱਚੇ ਦੀ ਤਸਵੀਰ ਦੁਨੀਆਂ ਭਰ ਵਿੱਚ ਇੰਨੀ ਵਾਇਰਲ ਹੋਈ ਕਿ ਇਸ ਤਸਵੀਰ ਨੂੰ ਵੇਖ ਕੇ ਹਰ ਸੰਵੇਦਨਸ਼ੀਲ ਅੱਖ ਨਮ ਹੋਈ। ਰਾਖ ਦੇ ਮਲਬੇ 'ਤੇ ਬੈਠੇ ਹਜਾਰਾਂ ਲੋਕਾਂ ਦੀਆਂ ਅਜਿਹੀਆਂ ਭਿਆਨਕ ਤਸਵੀਰਾਂ ਆ ਰਹੀਆਂ ਹਨ ਜਿਹਨਾਂ ਨੂੰ ਵਿਖਾਏ ਜਾਣ ਤੋਂ ਪਹਿਲਾਂ ਚੈਂਨਲਾਂ 'ਤੇ ਲਿਖਿਆ ਆਉਂਦਾ ਹੈ ਕਿ ਇਹ ਤਸਵੀਰਾਂ ਤੁਹਾਨੂੰ ਵਿਚਲਿਤ ਕਰ ਸਕਦੀਆਂ ਹਨ। ਸਬਜੀ ਦੇ ਇੱਕ ਟੱਬ ਤੋਂ ਸਬਜੀ ਲੈਣ ਲਈ ਹਜਾਰਾਂ ਲੋਕ ਭਾਂਡੇ ਲੈ ਕੇ ਆ ਜਾਂਦੇ ਹਨ। ਇੱਕ ਬਰੈੱਡ ਨੂੰ ਹਾਸਲ ਕਰਨ ਲਈ ਸੈਂਕੜੇ ਹੱਥ ਅਹੁਲਦੇ ਹਨ। ਭੁੱਖ ਦਾ ਅਜਿਹਾ ਭਿਆਨਕ ਮੰਜ਼ਿਰ ਕਿ ਭੁੱਖ ਨਾਲ ਆਪਣੀਆਂ ਅੱਖਾਂ ਸਾਹਮਣੇ ਤਿਲਤਿਲ ਮਰਦੇ ਬੱਚਿਆਂ ਨੂੰ ਵੇਖ ਕੇ ਮਾਵਾਂ ਆਖਣ ਲੱਗੀਆਂ ਹਨ ਕਿ 'ਇਹ ਮੌਤ ਬਹੁਤ ਭਿਆਨਕ ਹੈ। ਇਸ ਨਾਲੋਂ ਤਾਂ ਚੰਗਾ ਸੀ ਇਹ ਮਾਸੂਮ ਗੋਲੀਆਂ ਨਾਲ ਹੀ ਮਰ ਜਾਂਦੇ।' ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਬਿਆਨ ਦੇ ਰਹੇ ਹਨ ਗਾਜ਼ਾ ਵਿੱਚ ਭੁੱਖ ਵਰਗੀ ਕੋਈ ਸਥਿਤੀ ਨਹੀਂ ਹੈ। ਜਦਕਿ ਹਾਲਾਤ ਇੰਨੇ ਭਿਆਨਕ ਹਨ ਕਿ ਉੱਥੇ ਕਵਰੇਜ਼ ਕਰ ਰਹੇ ਵੱਡੇ ਮੀਡੀਆ ਹਾਊਸਾਂ ਦੇ ਪੱਤਰਕਾਰਾਂ ਨੂੰ ਵੀ ਕਈ ਕਈ ਦਿਨ ਖਾਣਾ ਨਹੀਂ ਮਿਲਦਾ। ਨੇਤਨਯਾਹੂ ਸਰਕਾਰ ਦੇ ਮੰਤਰੀ ਵੀ ਇਹ ਬਿਆਨਬਾਜੀਆਂ ਕਰਦੇ ਰਹੇ ਹਨ ਕਿ ਜੰਗ ਤੋਂ ਬਚੇ ਫਲਸਤੀਨੀਆਂ ਨੂੰ ਭੁੱਖ ਨਾਲ ਮਰਨ ਲਈ ਮਜਬੂਰ ਕਰ ਦਿੱਤਾ ਜਾਵੇਗਾ। ਇਸ ਦਾ ਸਿੱਧਾ ਭਾਵ ਇਹ ਹੈ ਕਿ ਗਾਜਾ ਦੇ ਲੋਕ ਭੁੱਖ ਨਾਲ ਮਰ ਨਹੀਂ ਰਹੇ ਬਲਕਿ ਇਹਨਾਂ ਨੂੰ ਮਾਰਿਆ ਜਾ ਰਿਹਾ ਹੈ। ਕਿਸੇ ਰਾਹਤ ਕੈਂਪ ਤੋਂ ਖਾਣਾ ਲੈ ਰਹੇ ਲੋਕਾਂ 'ਤੇ ਇਜ਼ਰਾਈਲੀ ਫੌਜ ਵੱਲੋਂ ਅਚਾਨਕ ਗੋਲੀਆਂ ਦੀ ਵਾਛਿੜ ਕਰ ਦਿੱਤੀ ਜਾਂਦੀ ਹੈ ਜਿਸ ਦਾ ਭਾਵ ਇਹ ਹੈ ਕਿ ਲੋਕ ਭੁੱਖ ਜਾਂ ਗੋਲੀ ਦੋਹਾਂ ਵਿੱਚੋਂ ਇੱਕ ਨੂੰ ਚੁਣ ਲੈਣ। ਹਸਪਤਾਲ ਵਿੱਚ ਦਾਖਲ ਇੱਕ 16-17 ਸਾਲਾ ਲੜਕਾ ਜਿਸ ਦਾ ਇੱਕ ਹੱਥ ਬੰਬ ਨਾਲ ਉੱਡ ਗਿਆ ਸੀ ਦਾਖਲ ਹੋਣ ਸਮੇਂ ਚਾਲੀ ਕਿੱਲੋ ਦਾ ਸੀ ਉਸ ਨੂੰ ਖਾਣਾ ਨਾ ਮਿਲਣ ਕਰਕੇ ਕੁਝ ਹੀ ਦਿਨਾਂ ਵਿੱਚ ਇਹ ਦਸ ਕਿੱਲੋ ਦਾ ਰਹਿ ਗਿਆ। ਅਸੀਂ ਅੰਦਾਜਾ ਕਰ ਸਕਦੇ ਹਾਂ ਕਿੰਨੇ ਮਾੜੇ ਹਾਲਾਤ ਹਨ।

ਇਸ ਸਮੇਂ ਨੇਤਨਯਾਹੂ ਦਾ ਆਪਣੇ ਦੇਸ਼ ਇਜਰਾਈਲ ਵਿੱਚ ਹੀ ਵੱਡਾ ਵਿਰੋਧ ਹੋ ਰਿਹਾ ਹੈ। ਵੱਡੀ ਗਿਣਤੀ ਵਿੱਚ ਇਜਰਾਈਲੀ ਉਸ ਦੀ ਕਾਰਜਪ੍ਰਣਾਲੀ ਤੋਂ ਖੁਸ਼ ਨਹੀਂ ਹਨ। ਲੋਕ ਲਗਾਤਾਰ ਸਵਾਲ ਪੁੱਛ ਰਹੇ ਹਨ ਕਿ ਜਿਸ ਯੁੱਧ ਨੂੰ ਬਹੁਤ ਪਹਿਲਾਂ ਬੰਦ ਕਰ ਦਿੱਤਾ ਜਾਣਾ ਚਾਹੀਦਾ ਸੀ ਲਗਾਤਾਰ ਚਲਦਾ ਕਿਉਂ ਰੱਖਿਆ ਜਾ ਰਿਹਾ ਹੈ? ਹਾਲਾਤ ਇਹ ਹਨ ਕਿ ਜੰਗ ਲਾਈ ਰੱਖਣੀ ਅਤੇ ਭਿਆਨਕ ਤੋਂ ਭਿਆਨਕ ਹਾਲਾਤ ਬਣਾਈ ਰੱਖਣੇ ਇੱਕ ਘਟਨਾ ਤੋਂ ਮਗਰੋਂ ਦੂਜੀ ਤੇ ਦੂਜੀ ਤੋਂ ਮਗਰੋਂ ਕਿਸੇ ਤੀਜੀ ਘਟਨਾ ਨੂੰ ਅੰਜ਼ਾਮ ਦੇਣਾ ਜਿਵੇਂ ਉਸ ਦੀ ਮਜਬੂਰੀ ਬਣ ਗਿਆ ਹੈ। ਉਸ ਨੂੰ ਇਸ ਗੱਲ ਦਾ ਇਲਮ ਹੋ ਗਿਆ ਹੈ ਕਿ ਜਦੋਂ ਹਾਲਾਤ ਆਮ ਵਰਗੇ ਹੋਣਗੇ ਤਾਂ ਤੁਰੰਤ ਉਸ ਨੂੰ ਜਨਤਾ ਦੀ ਅਦਾਲਤ ਵਿੱਚ ਖੜੇ ਹੋਣਾ ਪਵੇਗਾ। ਅਮਰੀਕਾ ਵਿੱਚ ਜਿੱਥੇ ਨੇਤਨਯਾਹੂ ਨੂੰ ਇੱਕ ਚੰਗਾ ਨੇਤਾ ਸਮਝਿਆ ਜਾਂਦਾ ਸੀ ਉੱਥੇ ਵੀ ਉਸ ਦੀ ਇਸ ਸਮੇਂ ਕਿਰਕਿਰੀ ਹੋ ਰਹੀ ਹੈ। ਭੁੱਖ ਨਾਲ ਮਰਦੇ ਮਾਸੂਮ ਬੱਚਿਆਂ ਦੀਆਂ ਖਬਰਾਂ ਬਾਰੇ ਅਮਰੀਕੀ ਰਾਸ਼ਟਰਪਤੀ ਡੋਨੋਲਡ ਟਰੰਪ ਨੇ ਇੰਨਾ ਕਿਹਾ ਹੈ ਕਿ ਭੁੱਖਮਰੀ ਨੂੰ ਦੇਖਦਿਆਂ ਨੇਤਨਯਾਹੂ ਨੂੰ ਗੋਲੀ ਬੰਦੀ ਦਾ ਐਲਾਨ ਕਰ ਦੇਣਾ ਚਾਹੀਦਾ ਹੈ। ਅਮਰੀਕੀ ਰਾਸ਼ਟਰਪਤੀ ਵੱਲੋਂ ਕੇਵਲ ਇੰਨਾ ਕਹਿ ਕੇ ਲਾਂਭੇ ਹੋ ਜਾਣਾ ਕਾਫੀ ਨਹੀਂ। ਅਮਰੀਕਾ ਦੇ ਲੋਕ ਇਹ ਆਸ ਕਰ ਰਹੇ ਹਨ ਕਿ ਅਮਰੀਕਾ ਜੋ ਹਰ ਤਰ੍ਹਾਂ ਦੀਆਂ ਇਜ਼ਰਾਈਲੀ ਜੰਗੀ ਮੁਹਿੰਮਾਂ ਦੀ ਹਮਾਇਤ ਕਰਦਾ ਰਿਹਾ ਹੈ ਨੂੰ ਅੱਗੇ ਹੋ ਕੇ ਇਸ ਭੁੱਖ ਦੇ ਅਮਾਨਵੀ ਵਰਤਾਰੇ ਨੂੰ ਰੋਕਣ ਦੇ ਯਤਨ ਕਰਨੇ ਚਾਹੀਦੇ ਹਨ।


ਦਹਾਕਿਆ ਤੋਂ ਚੱਲ ਰਹੀ ਫਲਸਤੀਨ ਇਜ਼ਰਾਈਲ ਜੰਗ ਵਿੱਚ ਹਰ ਵਾਰ ਜਦੋਂ ਵੀ ਦੋਹਾਂ ਦੇਸ਼ਾਂ ਦਰਮਿਆਨ ਜੰਗ ਹੋਈ ਹਰ ਵਾਰ ਫਲਸਤੀਨ ਦੇ ਵੱਡੇ ਇਲਾਕਿਆਂ ਤੇ ਇਜ਼ਰਾਈਲ ਆਪਣਾ ਕਬਜਾ ਕਰਦਾ ਗਿਆ ਤੇ ਫਲਸਤੀਨ ਦੁਨੀਆਂ ਦੇ ਨਕਸ਼ੇ ਤੋਂ ਹਰ ਵਾਰ ਛੋਟਾ ਹੁੰਦਾ ਗਿਆ। ਮੌਜੂਦਾ ਦੌਰ ਦੇ ਘਟਨਾ ਕਰਮ ਵਿੱਚ ਇਜ਼ਰਾਈਲ ਇਹ ਦੋਸ਼ ਲਾਉਂਦਾ ਰਿਹਾ ਹੈ ਕਿ ਹਮਾਸ ਵੱਲੋਂ ਇੱਕ ਹਜਾਰ ਦੇ ਕਰੀਬ ਇਜਰਾਈਲੀ ਨਾਗਰਿਕ ਹਿਰਾਸਤ ਵਿੱਚ ਲਏ ਗਏ ਹਨ ਉਹਨਾਂ ਨੂੰ ਰਿਹਾਅ ਕਰਵਾਉਣ ਲਈ ਅਸੀਂ ਜੰਗ ਲੜ ਰਹੇ ਹਾਂ ਦੂਜੇ ਪਾਸੇ ਹਮਾਸ ਵੀ ਇਹ ਮੰਗ ਕਰ ਰਿਹਾ ਹੈ ਕਿ ਇਜ਼ਰਾਈਲ ਪਹਿਲਾਂ ਤੋਂ ਬੰਦੀ ਬਣਾਏ ਹੋਏ ਫਲਸਤੀਨ ਦੇ ਨਾਗਰਿਕਾਂ ਨੂੰ ਰਿਹਾਅ ਕਰੇ। ਇਸ ਦੌਰਾਨ ਹਮਾਸ ਵੱਲੋਂ 7 ਅਕਤੂਬਰ 2023 ਨੂੰ ਪਹਿਲਾ ਹਮਲਾ ਕੀਤਾ ਗਿਆ ਸੀ। ਇਸ ਮਗਰੋਂ ਹਮਲਾ ਰੋਕ ਦਿੱਤਾ ਗਿਆ ਅਤੇ ਇਜ਼ਰਾਈਲ ਨੂੰ ਇਹ ਕਿਹਾ ਗਿਆ ਕਿ ਜੇਕਰ ਬੰਦੀ ਬਣਾਏ ਫਲਸਤੀਨ ਨਾਗਰਿਕਾਂ ਨੂੰ ਇਜ਼ਰਾਈਲ ਛੱਡ ਦਿੰਦਾ ਹੈ ਤਾਂ ਅਸੀਂ ਵੀ ਉਸ ਦੇ ਬੰਦੇ ਬਣਾਏ ਇਜ਼ਰਾਈਲੀ ਨਾਗਰਿਕਾਂ ਨੂੰ ਰਿਹਾ ਕਰ ਦੇਵਾਂਗੇ। ਪਰ ਇਜ਼ਰਾਈਲ ਨੂੰ ਇਹ ਪ੍ਰਤਾਵ ਮਨਜੂਰ ਨਹੀਂ ਸੀ।

ਫਲਸਤੀਨ ਇਜ਼ਰਾਈਲ ਜੰਗ ਦੇ ਚਲਦਿਆਂ ਮੱਧ ਪੂਰਬ ਦੇਸ਼ਾਂ ਵਿੱਚ ਹਾਲਾਤ ਬੜੀ ਤੇਜੀ ਨਾਲ ਬਦਲ ਰਹੇ ਹਨ। ਅਮਰੀਕੀ ਜਨਤਾ ਦੇ ਵਿਰੋਧ ਕਰਕੇ ਅਮਰੀਕੀ ਸਰਕਾਰ ਲਗਾਤਾਰ ਇਜ਼ਰਾਈਲ ਦੀ ਹਮਾਇਤ ਜਾਰੀ ਨਹੀਂ ਰੱਖ ਸਕੇਗੀ। ਖਬਰਾਂ ਇਹ ਵੀ ਆ ਰਹੀਆਂ ਹਨ ਕਿ ਅਫਗਾਨ ਤਾਲਿਬਾਨ ਇਜ਼ਰਾਈਲ ਨਾਲ ਲੜ ਰਹੀ ਜਥੇਬੰਦੀ ਹਮਾਸ ਦੀ ਹਮਾਇਤ ਲਈ ਤਿਆਰ ਹੋ ਰਹੇ ਹਨ। ਨੀਦਰਲੈਂਡ ਵਰਗਾ ਦੇਸ਼ ਜੋ ਇਜ਼ਰਾਈਲ ਦਾ ਕੱਟੜ ਹਮਾਇਤੀ ਰਿਹਾ ਹੈ ਨੇ ਵੀ ਆਪਣਾ ਰੁਖ਼ ਬਦਲ ਲਿਆ ਹੈ। ਯੁਰਪੀਨ ਦੇਸ਼ਾਂ ਵਿੱਚ ਇਹ ਮੰਗ ਵੀ ਜੋਰ ਫੜਨ ਲੱਗੀ ਹੈ ਕਿ ਫਲਸਤੀਨ ਨੂੰ ਇੱਕ ਮੁਕੰਬਲ ਆਜਾਦ ਦੇਸ਼ ਦਾ ਦਰਜਾ ਦਿੱਤਾ ਜਾਵੇ। ਪਰ ਇਸ ਸਭ ਕੁਝ ਦੇ ਚਲਦਿਆਂ ਫਲਸਤੀਨ ਦੇ ਲੋਕਾਂ ਦੀ ਹਾਲਤ ਹਰ ਦਿਨ ਬਦ ਤੋਂ ਬਦਤਰ ਹੋ ਰਹੀ ਹੈ।

ਪੂਰੀ ਦੁਨੀਆਂ ਦੇ ਇਤਿਹਾਸ ਵਿੱਚ ਜ਼ੁਲਮੋ ਤਸ਼ੱਦਦ ਦੀਆਂ ਅਨੇਕਾਂ ਦਿਲ ਹੂਲਵੀਆਂ ਕਹਾਣੀਆਂ ਹਨ। ਪਰ ਅੱਜ ਦੀ ਆਧੂਨਿਕ ਦੁਨੀਆਂ ਵਿੱਚ ਅਸੀਂ ਇਹ ਸਭ ਕੁਝ ਹੁੰਦਾ ਆਪਣੇ ਅੱਖੀ ਦੇਖ ਰਹੇ ਹਾਂ। ਅਸੀਂ ਧਰਤੀ ਵਾਸੀ ਇਸ ਦੇ ਗਵਾਹ ਹਾਂ ਕਿ ਕਿਸੇ ਦੇਸ਼ ਨੂੰ ਤਬਾਹ ਵੀ ਕਰ ਦਿੱਤਾ ਗਿਆ ਹੋਵੇ ਉਸ ਦੇ ਅਸਮਾਨ ਚੋਂ ਮੌਤ ਬਰਸਾਈ ਜਾ ਰਹੀ ਹੋਵੇ ਤੇ ਧਰਤੀ 'ਤੇ ਮਾਸੂਮਾਂ ਦੇ ਮਰਨ ਲਈ ਮੌਤੋਂ ਬੁਰੀ ਭੁੱਖ ਦੀ ਤਰਾਸਦੀ ਹੋਵੇ। ਸਾਨੂੰ ਸਭ ਧਰਤੀ ਵਾਸੀਆਂ ਨੂੰ ਇਸ ਦਾ ਅਫਸੋਸ ਹੋਣਾ ਚਾਹੀਦਾ ਹੈ ਕਿ ਅਸੀਂ ਜਿਸ ਧਰਤੀ ਦੇ ਵਾਸੀ ਹਾਂ ਉਸ ਦੇ ਇੱਕ ਖਿੱਤੇ ਵਿੱਚ 40 ਹਜਾਰ ਮਾਸੂਮ ਬੱਚੇ ਭੁੱਖ ਨਾਲ ਵਿਲਕ ਰਹੇ ਹਨ। ਹੁਣ ਤੱਕ ਦੀਆਂ ਖਬਰਾਂ ਮੁਤਾਬਕ 122 ਮੌਤਾਂ ਭੁੱਖ ਨਾਲ ਹੋ ਚੁੱਕੀਆਂ ਹਨ ਅਤੇ ਇਹਨਾਂ ਵਿੱਚ 83 ਮਾਸੂਮ ਬੱਚੇ ਹਨ। ਹਾਲਾਤ ਇਹ ਹਨ ਕਿ ਇਲਾਜ ਕਰਨ ਲਈ ਦਵਾਈਆਂ ਨਹੀਂ, ਪੀਣ ਲਈ ਪਾਣੀ ਨਹੀਂ ਅਤੇ ਇਲਾਜ ਕਰਨ ਵਾਲੇ ਡਾਕਟਰ ਤੱਕ ਵੀ ਭੁੱਖ ਨਾਲ ਮਰ ਰਹੇ ਹਨ। ਅੰਤਰਰਾਸ਼ਟਰੀ ਮੀਡੀਆ ਵੱਲੋਂ ਖਬਰਾਂ ਇਹ ਵੀ ਹਨ ਕਿ ਇਸ ਸਮੇਂ ਗਾਜ਼ਾ ਨੂੰ ਇੱਕ ਤਰਾਂ ?ਹ ਨਾਲ ਇਜ਼ਰਾਈਲੀ ਫੌਜ ਕਾਬਜ ਹੀ ਹੋ ਗਈ ਹੈ ਉਹ ਰਾਹਤ ਸਮੱਗਰੀ ਲੈ ਕੇ ਆਉਣ ਵਾਲੇ ਵਾਹਨਾਂ ਨੂੰ ਇਜ਼ਰਾਈਲੀ ਫੌਜੀ ਜਾਂ ਤਾਂ ਲੁੱਟ ਰਹੇ ਹਨ ਜਾਂ ਫਿਰ ਤਬਾਹ ਕਰ ਰਹੇ ਹਨ।

ਇੱਕ ਤਾਨਾਸ਼ਾਹ ਵੱਲੋਂ ਗਾਜ਼ਾ ਦੇ ਵੱਡੇ ਇਲਾਕੇ ਨੂੰ ਕਤਲਗਾਹ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਖਾਨ ਯੂਨਿਸ, ਰਾਫਾਹ, ਅਲ ਕਬੀਰਾ, ਕਿਜ਼ਾਨ ਵਰਗੇ ਗਾਜ਼ਾ ਦੇ ਸ਼ਹਿਰਾਂ ਨੂੰ ਨੇਸਤੋਨਬੂਦ ਕਰ ਦਿੱਤਾ ਗਿਆ। ਇਹਨਾਂ ਚੋਂ ਵੱਡੀ ਗਿਣਤੀ ਨਾਗਰਿਕ ਇਜ਼ਰਾਈਲ ਦੇ ਕਬਜੇ ਵਿੱਚ ਹਨ। ਇਹਨਾਂ ਸ਼ਹਿਰਾਂ ਨੂੰ ਇਸ ਕਦਰ ਮਲਬੇ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ ਕਿ ਜੇਕਰ ਇਹਨਾਂ ਨੂੰ ਦੁਬਾਰਾ ਪਹਿਲੀ ਦਿੱਖ ਦੇਣੀ ਹੋਵੇ ਤਾਂ ਮਾਹਿਰਾਂ ਅਨੁਸਾਰ ਇਸ ਲਈ 80 ਸਾਲ ਲੱਗਣਗੇ।

ਇਤਿਹਾਸ ਗਵਾਹ ਹੈ ਕਿ ਮਾਨਵਤਾ ਵਿਰੋਧੀ, ਬਰਬਰਤਾ ਪੂਰਨ, ਭਿਆਨਕ ਬਿਰਤਾਂਤ ਦੀ ਸਿਰਜਣਾ ਕਰਨ ਵਾਲਿਆਂ ਨੂੰ ਲੋਕ ਕਦੇ ਮੁਆਫ ਨਹੀਂ ਕਰਦੇ। ਇਹ ਭਾਵੇਂ ਕੋਈ ਹਿਟਲਰ ਹੋਵੇ, ਮੁਸੋਲਿਨੀ ਹੋਵੇ, ਚੰਗੇਜ਼ ਖਾਨ ਹੋਵੇ ਜਾਂ ਕੋਈ ਹੋਰ ਪਰ ਕੀ ਅੱਜ ਸਾਡੀ ਆਧੂਨਿਕ ਦੁਨੀਆਂ ਦੇ ਕਿਸੇ ਹਿੱਸੇ ਵਿੱਚ ਕੁਝ ਲੋਕਾਂ ਤੇ ਜੁਲਮ ਢਾਹੇ ਜਾ ਰਹੇ ਹਨ ਤਾਂ ਇਸ ਦੇ ਹਿੱਸੇਦਾਰ ਉਹ ਸਭ ਤਾਕਤਾਂ ਵੀ ਹਨ ਜੋ ਇਸ ਦੁਨੀਆਂ ਨੂੰ ਚਲਾ ਰਹੀਆਂ ਹਨ। ਦੁਨੀਆਂ ਦੀਆਂ ਵੱਡੀਆਂ ਤਾਕਤਾਂ ਨੂੰ ਇਸ ਜ਼ੁਲਮੋ ਤਸ਼ੱਦਦ ਨੂੰ ਰੋਕਣ ਲਈ ਅੱਗੇ ਆਉਣਾ ਚਾਹੀਦਾ ਹੈ। ਇਜ਼ਰਾਈਲ ਫਲਸਤੀਨ ਦੀ ਜੰਗ ਤੋਂ ਦੁਨੀਆਂ ਭਰ ਦੇ ਜੰਗਬਾਜਾਂ ਤੇ ਜੰਗਾਂ ਯੁੱਧਾਂ ਦੀ ਹਮਾਇਤ ਕਰਨ ਵਾਲਿਆਂ ਨੂੰ ਇਹ ਸਮਝ ਜਾਣਾ ਚਾਹੀਦਾ ਹੈ ਕਿ ਕੋਈ ਵੀ ਜੰਗ ਮਸਲਿਆਂ ਦਾ ਹੱਲ ਨਹੀਂ ਹੁੰਦੀ ਬਲਕਿ ਜੰਗ ਹੋਰ ਇੰਨੇ ਵੱਡੇ ਮਸਲੇ ਪੈਦਾ ਕਰਦੀ ਹੈ ਜਿਹਨਾਂ ਦੇ ਹੱਲ ਮਗਰੋਂ ਸਦੀਆਂ ਤੱਕ ਨਹੀਂ ਨਿਕਲਦੇ। ਇਸ ਖਿੱਤੇ ਵਿੱਚ ਤੁਰੰਤ ਜੰਗਬੰਦੀ ਹੋਣੀ ਚਾਹੀਦੀ ਹੈ ਅਤੇ ਜਿਵੇਂ ਕਿ ਆਵਾਜਾਂ ਉੱਠ ਰਹੀਆਂ ਹਨ ਫਲਸਤੀਨ ਨੂੰ ਇੱਕ ਆਜ਼ਾਦ ਦੇਸ਼ ਐਲਾਨ ਕਰ ਦੇਣਾ ਚਾਹੀਦਾ। ਦੁਨੀਆਂ ਭਰ ਦੀਆਂ ਤਾਕਤਾਂ ਨੂੰ ਇਸ ਸਮੇਂ ਅੱਗੇ ਵਧ ਕੇ ਫਲਸਤੀਨ ਦੇ ਲੋਕਾਂ ਦੀ ਹਰ ਤਰ੍ਹਾਂ ਨਾਲ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।



# ਫਲਸਤੀਨ ਦੇ ਹੱਕ ਵਿੱਚ ਆਲਮੀ ਸਟਰਾਈਕ ਦੇ ਸੱਦੇ 'ਚ ਪੰਜਾਬ ਨੇ ਵੀ ਪਾਇਆ ਹਿੱਸਾ









**ਬਲਜਿੰਦਰ ਸਿੰਘ ਪਟਿਆਲਾ**

ਗਲੋਬਲ ਸਟਰਾਈਕ ਦੇ ਸੱਦੇ ਨੂੰ ਪੰਜਾਬ ਵਿਚ ਵੀ ਹੁੰਗਾਰਾ ਭਰਿਆ ਗਿਆ। ਬੇਸ਼ੱਕ ਤੁਰੰਤ-ਪੈਰ ਕੋਈ ਵੱਡੀ ਸਰਗਰਮੀ ਕਰਨੀ ਸੰਭਵ ਨਹੀਂ ਸੀ, ਫਿਰ ਵੀ ਕੁਝ ਥਾਵਾਂ ਉੱਪਰ ਵੱਖ-ਵੱਖ ਜਥੇਬੰਦੀਆਂ ਦੇ ਸੰਵੇਦਨਸ਼ੀਲ ਆਗੂਆਂ ਵੱਲੋਂ ਪਹਿਲਕਦਮੀਂ ਲੈ ਕੇ ਵੱਧ ਤੋਂ ਵੱਧ ਸੰਭਵ ਜਨਤਕ ਇਕੱਤਰਤਾਵਾਂ ਕੀਤੀਆਂ ਗਈਆਂ। ਫ਼ਲਸਤੀਨੀ ਲੋਕਾਂ ਦੀ ਹਮਾਇਤ ਵਿਚ ਪੰਜਾਬ ਵਿਚ ਖਟਕੜ ਕਲਾਂ, ਗੜ੍ਹਸ਼ੰਕਰ, ਬਰਨਾਲਾ, ਲਹਿਰਾਗਾਗਾ, ਜਗਰਾਓਂ ਅਤੇ ਸਿਹੌੜਾ (ਲੁਧਿਆਣਾ) ਆਦਿ ਥਾਵਾਂ ਤੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਤੇ ਕਾਰਕੁਨਾਂ ਵੱਲੋਂ ਇਕਮੁੱਠਤਾ ਪ੍ਰਦਰਸ਼ਨ ਕੀਤੇ ਗਏ।

**ਖਟਕੜ ਕਲਾਂ:** ਇਨਕਲਾਬੀ ਕਵੀ ਦੀਪ ਕਲੇਰ ਅਤੇ ਗਾਇਕ ਧਰਮਿੰਦਰ ਮਸਾਣੀ ਵੱਲੋਂ ਕਵਿਤਾ ਅਤੇ ਗੀਤ ਪੇਸ਼ ਕਰਕੇ ਫ਼ਲਸਤੀਨੀਂ ਸੰਘਰਸ਼ ਨਾਲ ਇਕਮੁੱਠਤਾ ਪ੍ਰਗਟਾਈ ਗਈ। ਸ਼ਹੀਦ ਭਗਤ ਸਿੰਘ ਦੇ ਜ਼ੱਦੀ ਘਰ ਖਟਕੜ ਕਲਾਂ ਵਿਖੇ ਸ਼ਹੀਦੀ ਯਾਦਗਾਰ ਕਮੇਟੀ ਬੰਗਾ ਦੇ ਸੱਦੇ 'ਤੇ ਇਕੱਤਰਤਾ ਕੀਤੀ ਗਈ ਜਿਸ ਨੂੰ ਅਮੋਲਕ ਸਿੰਘ ਪ੍ਰਧਾਨ ਪਲਸ ਮੰਚ, ਬੂਟਾ ਸਿੰਘ ਮਹਿਮੂਦਪੁਰ ਕਨਵੀਨਰ ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਅਤੇ ਯਾਦਗਾਰ ਕਮੇਟੀ ਦੇ ਆਗੂਆਂ ਤੀਰਥ ਰਸੂਲਪੁਰੀ ਅਤੇ ਖ਼ੁਸ਼ੀਰਾਮ ਗੁਣਾਚੌਰ ਨੇ ਸੰਬੋਧਨ ਕੀਤਾ। ਇਸ ਮੌਕੇ ਗੁਰਨੇਕ ਸਿੰਘ ਚੂਹੜਪੁਰ, ਨੰਦ ਲਾਲ ਰਾਏਪੁਰ ਡੱਬਾ, ਖ਼ੁਸ਼ੀ ਰਾਮ ਗੁਣਾਚੌਰ, ਪਰਮਜੀਤ ਕੌਰ ਰਾਏਪੁਰ ਡੱਬਾ, ਰਣਜੀਤ ਕੌਰ ਮਹਿਮੂਦਪੁਰ, ਕਮਲੇਸ਼ ਰਸੂਲਪੁਰੀ, ਜਸਪਾਲ ਹੀਓਂ, ਪ੍ਰੇਮ ਲਾਲ ਹੀਓਂ ਆਦਿ ਆਗੂ ਤੇ ਜਮਹੂਰੀ ਕਾਰਕੁਨ ਵੀ ਸ਼ਾਮਲ ਹੋਏ।

**ਗੜ੍ਹਸ਼ੰਕਰ:** ਗੜ੍ਹਸ਼ੰਕਰ ਵਿਖੇ ਡੀਟੀਐੱਫ ਅਤੇ ਹੋਰ ਜਨਤਕ ਜਥੇਬੰਦੀਆਂ ਵੱਲੋਂ ਸੂਬਾਈ ਜਨਰਲ ਸਕੱਤਰ ਮਾਸਟਰ ਮੁਕੇਸ਼ ਗੁਜਰਾਤੀ, ਸੁਖਦੇਵ ਡਾਨਸੀਵਾਲ, ਹਰਮੇਸ਼ ਢੇਸੀ ਅਤੇ ਹੋਰ ਆਗੂਆਂ ਦੀ ਅਗਵਾਈ ਵਿਚ ਇਕਮੁੱਠਤਾ ਪ੍ਰਦਰਸ਼ਨ ਕੀਤਾ ਗਿਆ। ਜਿਸ ਵਿਚ ਬਹੁਤ ਸਾਰੀਆਂ ਲੋਕਪੱਖੀ ਸਰਗਰਮ ਸ਼ਖਸੀਅਤਾਂ ਨੇ ਸ਼ਮੂਲੀਅਤ ਕੀਤੀ।

**ਲਹਿਰਾਗਾਗਾ:** ਲਹਿਰਾਗਾਗਾ ਵਿਖੇ ਲੋਕ ਚੇਤਨਾ ਮੰਚ, ਪਸਸਫ, ਫੀਲਡ ਵਰਕਰਜ਼ ਯੂਨੀਅਨ ਆਦਿ ਜਥੇਬੰਦੀਆਂ ਵੱਲੋਂ ਸਾਂਝੀ ਜਨਤਕ ਮੀਟਿੰਗ ਕੀਤੀ ਗਈ ਜਿਸ ਨੂੰ ਮੰਚ ਦੇ ਪ੍ਰੈਸ ਸਕੱਤਰ ਰਣਜੀਤ ਲਹਿਰਾ, ਰਤਨਪਾਲ ਡੂਡੀਆਂ, ਪਸਸਫ ਦੇ ਆਗੂ ਸੁਖਦੇਵ ਚੰਗਾਲੀਵਾਲਾ, ਅਮਰੀਕ, ਫੀਲਡ ਵਰਕਰਜ਼ ਯੂਨੀਅਨ ਦੇ ਪ੍ਰਧਾਨ ਭੋਲਾ ਸਿੰਘ ਭੱਠਲ ਤੇ ਨਰਿੰਦਰਪਾਲ ਚੰਗਾਲੀਵਾਲਾ ਨੇ ਸੰਬੋਧਨ ਕੀਤਾ।

**ਬਰਨਾਲਾ:** ਬਰਨਾਲਾ ਵਿਖੇ ਵੱਖ-ਵੱਖ ਜਨਤਕ ਜਥੇਬੰਦੀਆਂ ਵੱਲੋਂ ਫ਼ਲਸਤੀਨੀ ਲੋਕਾਂ ਦੀ ਕੀਤੀ ਜਾ ਰਹੀ ਨਸਲਕੁਸ਼ੀ ਖਿਲਾਫ਼ ਜਨਤਕ ਮੀਟਿੰਗ ਆਯੋਜਤ ਕੀਤੀ ਗਈ। ਮੀਟਿੰਗ ਨੂੰ ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੋਹਣ ਸਿੰਘ ਮਾਝੀ, ਸਕੱਤਰ ਬਿੱਕਰ ਸਿੰਘ ਔਲਖ, ਭਾਰਤੀ ਕਿਸਾਨ ਯੂਨੀਅਨ ਏਕਤਾ-ਡਕੌਂਦਾ ਦੇ ਆਗੂਆਂ ਮਨਜੀਤ ਧਨੇਰ, ਗੁਰਦੇਵ ਸਿੰਘ ਮਾਂਗੇਵਾਲ, ਕੁਲਵੰਤ ਸਿੰਘ ਭਦੌੜ, ਤਰਕਸ਼ੀਲ ਸੁਸਾਇਟੀ ਦੇ ਸੂਬਾ ਆਗੂ ਰਜਿੰਦਰ ਭਦੌੜ, ਹੇਮ ਰਾਜ ਸਟੈਨੋ, ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਸਾਥੀ ਨਰਾਇਣ ਦੱਤ, ਰਜਿੰਦਰ ਪਾਲ, ਇਕਬਾਲ ਕੌਰ ਉਦਾਸੀ, ਪਰਮਜੀਤ ਕੌਰ ਜੋਧਪੁਰ, ਜਗਰਾਜ ਟੱਲੇਵਾਲ, ਹਰਮਨਦੀਪ ਹਿੰਮਤਪੁਰਾ, ਸੁਖਦੀਪ ਹਥਨ, ਮਨਜੀਤ ਰਾਜ, ਮੇਲਾ ਸਿੰਘ ਕੱਟੂ, ਰਾਜੀਵ ਕੁਮਾਰ ਆਦਿ ਆਗੂਆਂ ਨੇ ਸੰਬੋਧਨ ਕੀਤਾ।



ਜਗਰਾਓਂ : ਇਨਕਲਾਬੀ ਕੇਂਦਰ ਪੰਜਾਬ ਦੇ ਸੱਦੇ ਤੇ ਜਗਰਾਓਂ ਵਿਖੇ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਫ਼ਲਸਤੀਨ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਗਈ। ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਅਤੇ ਮੁੱਖ ਵਕਤਾ ਕੰਵਲਜੀਤ ਖੰਨਾ ਤੋਂ ਇਲਾਵਾ ਹੋਰ ਪ੍ਰਤੀਨਿਧਾਂ ਨੇ ਵੀ ਸੰਬੋਧਨ ਕੀਤਾ।

ਸਿਹੌੜਾ (ਲੁਧਿਆਣਾ) ਫਲਸਤੀਨ ਦੇ ਲੜਦੇ ਜੁਝਾਰੂ ਲੋਕ ਜ਼ਿੰਦਾਬਾਦ। ਫਲਸਤੀਨ ਅਸੀਂ ਤੁਹਾਡੇ ਨਾਲ ਹਾਂ।(ਅਵਾਮੀ ਰੰਗ ਮੰਚ (ਪਲਸ ਮੰਚ) ਸਿਹੌੜਾ) ਇਜਰਾਈਲ ਵੱਲੋਂ ਫਲਸਤੀਨ ਤੇ ਗਾਜਾ ਵਿੱਚ ਕੀਤੀ ਜਾ ਰਹੀ ਨਸਲਕੁਸ਼ੀ ਦੇ ਖਿਲਾਫ ਆਲਮੀ ਪੱਧਰ ਤੇ ਇਕਮੁੱਠਤਾ ਜਾਹਿਰ ਕਰਨ ਦੇ ਦਿੱਤੇ ਸੱਦੇ ਤਹਿਤ ਅਵਾਮੀ ਰੰਗ ਮੰਚ (ਪਲਸ ਮੰਚ ਸਿਹੌੜਾ) ਵੱਲੋਂ ਇਜ਼ਰਾਈਲ ਸਾਮਰਾਜੀ ਹਕੂਮਤ ਦੇ ਖਿਲਾਫ ਅਤੇ ਸੰਘਰਸ਼ ਕਰਦੇ ਫਲਸਤੀਨ ਤੇ ਗਾਜਾ ਦੇ ਲੋਕਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ।












# ਮਦਰ ਟੈਰੇਸਾ ਦੇ ਜਨਮ ਦਿਹਾੜੇ 'ਤੇ ਸ਼ੋਸ਼ਲ ਮੀਡੀਆ 'ਤੇ ਚੱਲੀ ਚਰਚਾ

ਮਦਰ ਟੈਰੇਸਾ ਇੱਕ ਅਜਿਹਾ ਨਾਮ ਹੈ ਜਿਸ ਦੁਆਲੇ ਇੱਕ ਆਭਾ ਮੰਡਲ ਉੱਸਰਿਆ ਹੋਇਆ ਹੈ ਤੇ ਉਸਨੂੰ ਸਤਿਕਾਰ ਦੀ ਨਿਗ ?ਹਾ ਨਾਲ਼ ਦੇਖਿਆ ਜਾਂਦਾ ਹੈ। ਅਜਿਹੀਆਂ ਸਖਸ਼ੀਅਤਾਂ ਉੱਪਰ ਸਵਾਲ ਖੜ੍ਹੇ ਕਰਨਾ ਔਖਾ ਕੰਮ ਹੁੰਦਾ ਹੈ ਕਿਉਂਕਿ ਭਾਰਤ ਵਰਗੇ ਸਮਾਜਾਂ 'ਚ ਜਿੱਥੇ ਅਜਾਦ ਤੇ ਆਲੋਚਨਾਤਮਕ ਸੋਚਣੀ ਦੀ ਕਾਫੀ ਘਾਟ ਹੈ, ਉੱਥੇ ਲੋਕ ਅਜਿਹੀ ਸਖਸ਼ੀਅਤ ਵਿਰੁੱਧ ਇੱਕ ਵੀ ਸ਼ਬਦ ਸੁਣਨ ਨੂੰ ਤਿਆਰ ਨਹੀਂ ਹੁੰਦੇ। ਪਰ ਸੱਚ ਤਾਂ ਸੱਚ ਹੁੰਦਾ ਹੈ, ਇਹ ਕਿਸੇ ਦੀ ਮਰਜੀ ਦੀ ਪਰਵਾਹ ਨਹੀਂ ਕਰਦਾ। 1910 'ਚ ਅਲਬਾਨੀਆ 'ਚ ਪੈਦਾ ਹੋਈ ਮਦਰ ਟੈਰੇਸਾ ਦਾ ਅਸਲ ਨਾਮ ਐਗਨੇਜ ਬੋਜਾਖਿਹੂ ਸੀ। 1929 'ਚ ਭਾਰਤ 'ਚ ਕੈਥੋਲਿਕ ਫਿਰਕੇ ਦੇ ਇੱਕ ਰਈਸ ਤਬਕੇ ਦੇ ਸਕੂਲ ਵਿੱਚ ਪੜ੍ਹਾਉਣ ਲਈ ਭਾਰਤ ਆਈ। 1950 'ਚ ਕਲਕੱਤਾ 'ਚ ਗਰੀਬਾਂ ਲਈ 'ਮਿਸ਼ਨਰਜੀ ਆਫ ਚੈਰਿਟੀ' ਦੀ ਸਥਾਪਨਾ ਕੀਤੀ। ਜਿਸਦਾ ਮਕਸਦ "ਗਰੀਬਾਂ ਤੇ ਵਿਚਾਰਿਆਂ ਲਈ ਯੀਸੂ ਦੇ ਸਰੋਕਾਰਾਂ ਨੂੰ ਜਾਰੀ ਰੱਖਣਾ" ਸੀ।

ਇਸ ਸੰਸਥਾ ਨੇ ਬੇਘਰਿਆਂ ਲਈ ਆਸ਼ਰਮ ਬਣਾਏ, ਕੋਹੜ ਰੋਗੀਆਂ ਲਈ ਇੱਕ ਪਿੰਡ ਬਣਾਇਆ। ਇੱਥੋਂ ਹੀ ਉਸਦੀ ਚਰਚਾ ਹੋਣੀ ਸ਼ੁਰੂ ਹੁੰਦੀ ਹੈ। 1969 ਵਿੱਚ ਉਸ ਬਾਰੇ ਇੱਕ ਦਸਤਾਵੇਜੀ ਫਿਲਮ 'ਸਮਥਿੰਗ ਬਿਊਟੀਫੁੱਲ ਫਾਰ ਗੌਡ' ਅਤੇ ਇਸੇ ਨਾਮ ਹੇਠ 1971 ਵਿੱਚ ਛਪੀ ਪੁਸਤਕ ਤੋਂ ਬਾਅਦ ਉਸਨੂੰ ਹੋਰ ਵੀ ਪ੍ਰਸਿੱਧੀ ਹਾਸਲ ਹੋਈ। ਇਸਤੋਂ ਬਾਅਦ ਭਾਰਤ ਤੇ ਅਮਰੀਕਾ ਦੀ ਸਰਕਾਰ, ਸੰਯੁਕਤ ਰਾਸ਼ਟਰ ਤੇ ਵੈਟੀਕਨ ਵੱਲੋਂ ਉਸਨੂੰ ਕਈ ਪੁਰਸਕਾਰ ਦਿੱਤੇ ਗਏ। 1979 ਵਿੱਚ ਉਸਨੂੰ ਸ਼ਾਂਤੀ ਲਈ ਨੋਬਲ ਪੁਰਸਕਾਰ ਦਿੱਤਾ ਗਿਆ। ਅਸਲ 'ਚ ਮਦਰ ਟੈਰੇਸਾ ਦੀ ਸੰਸਥਾ ਦੁੱਖਾਂ, ਦਰਦਾਂ ਤੇ ਬਿਮਾਰੀਆਂ ਰੱਬ ਦੀ ਦਾਤ ਮੰਨਦੀ ਸੀ ਤੇ ਇਹਨਾਂ ਨੂੰ ਰੱਬ ਦੀ ਰਜਾ 'ਚ ਰਹਿੰਦੇ ਹੋਏ ਸਹਿਣ ਕਰਨ 'ਚ ਯਕੀਨ ਰੱਖਦੀ ਸੀ, ਇਸ ਲਈ ਇਲਾਜ ਕਰਨਾ ਉਹਨਾਂ ਦਾ ਮੰਤਵ ਹੁੰਦਾ ਹੀ ਨਹੀਂ ਸੀ। ਮਿਸ਼ਨਰੀਜ ਆਫ ਚੈਰਿਟੀ ਦੇ ਕਲਕੱਤਾ ਵਿਚਲੇ ਆਸ਼ਰਮਾਂ ਦੀ ਫੇਰੀ ਦੌਰਾਨ ਪੱਤਰਕਾਰ ਮੈਰੀ ਲਾਉਡਨ ਇੱਕ ਦਸਤਾਵੇਜੀ ਫਿਲਮ 'ਮਦਰ ਟੈਰੇਸਾ : ਹੈੱਲਸ ਏਂਜਲ' 'ਚ ਦੱਸਦੀ ਹੈ ਕਿ, "ਇੱਕ ਕਮਰੇ ਵਿੱਚ 50-60 ਰੋਗੀਆਂ ਨੂੰ ਸਟ੍ਰੇਚਰ 'ਤੇ ਲਿਟਾਇਆ ਜਾਂਦਾ ਸੀ ਤੇ ਉੱਥੇ ਕੋਈ ਕੁਰਸੀ ਨਹੀਂ



ਸੀ। ਉਹਨਾਂ ਨੂੰ ਕੋਈ ਦਰਦ ਨਿਵਾਰਕ ਵੀ ਨਹੀਂ ਦਿੱਤਾ ਜਾਂਦਾ ਸੀ। ਵੱਖ-ਵੱਖ ਰੋਗੀਆਂ ਨੂੰ ਟੀਕੇ ਲਾਉਣ ਲਈ ਇੱਕੋ ਹੀ ਸਰਿੰਜ ਵਰਤੀ ਜਾਂਦੀ ਸੀ ਤੇ ਉਸਨੂੰ ਰੋਗਾਣੂ ਰਹਿਤ ਕਰਨ ਦੀ ਥਾਂ ਸਿਰਫ ਟੂਟੀ ਦੇ ਪਾਣੀ ਹੇਠ ਧੋ ਲਿਆ ਜਾਂਦਾ ਸੀ। ਮਰਦਾਂ ਦੇ ਵਾਰਡ ਚ ਇੱਕ 15 ਸਾਲ ਦਾ ਮੁੰਡਾ ਸੀ। ਇੱਕ ਅਮਰੀਕੀ ਡਾਕਟਰ ਨੇ ਮੈਨੂੰ ਦੱਸਿਆ ਕਿ ਉਸਨੂੰ ਗੁਰਦੇ ਦੀ ਸਮੱਸਿਆ ਹੈ ਤੇ ਇਹ ਦਿਨੋਂ-ਦਿਨ ਖਰਾਬ ਹੋ ਰਿਹਾ ਹੈ। ਇਸਦਾ ਅਪਰੇਸ਼ਨ ਕੀਤੇ ਜਾਣ ਲਈ ਹਸਪਤਾਲ ਲਿਜਾਣ ਦੀ ਲੋੜ ਹੈ। ਉਸਨੇ ਕਿਹਾ ਕਿ ਅਜਿਹਾ ਕੀਤਾ ਨਹੀਂ ਜਾਵੇਗਾ ਕਿਉਂਕਿ ਜੇ ਇੱਕ ਲਈ ਇਹ ਕੀਤਾ ਜਾਂਦਾ ਹੈ ਤਾਂ ਬਾਕੀਆਂ ਲਈ ਵੀ ਕਰਨਾ ਪਵੇਗਾ। ਇਸ ਆਸ਼ਰਮ ਵਿੱਚ ਰੋਗੀਆਂ ਦੇ ਦੁੱਖਾਂ, ਤਕਲੀਫਾਂ ਨੂੰ ਦੂਰ ਕਰਨ ਦੀ ਥਾਂ ਉਹਨਾਂ ਨੂੰ ਉਚਿਆਇਆ ਜਾਂਦਾ ਤੇ ਇਹਨਾਂ ਦੁੱਖਾਂ-ਤਕਲੀਫਾਂ ਨੂੰ ਚੁੱਪਚਾਪ ਸਹਿੰਦੇ ਰਹਿਣ ਦਾ ਮਹਿਮਾ-ਮੰਡਨ ਕੀਤਾ ਜਾਂਦਾ ਸੀ। ਮਦਰ ਟੈਰੇਸਾ ਉੱਪਰ ਭਰਵੀਂ ਖੋਜਬੀਣ ਕਰਕੇ 'ਦ ਮਿਸ਼ਨਰੀ ਪੁਜੀਸ਼ਨ : ਮਦਰ ਟੈਰੇਸਾ ਇਨ ਥਿਊਰੀ ਐਂਡ ਪ੍ਰੈਕਟਿਸ' ਨਾਮ ਦੀ ਵਿਵਾਦਤ ਕਿਤਾਬ ਲਿਖਣ ਵਾਲ ?ਾ ਕ੍ਰਿਸਟੋਫਰ ਹਿਚਨਸ ਲਿਖਦਾ ਹੈ, "ਸਵਾਲ ਇਮਾਨਦਾਰੀ ਨਾਲ਼ ਪੀੜਤਾਂ ਨੂੰ ਰਾਹਤ ਦੇਣ ਦਾ ਨਹੀਂ ਸਗੋਂ ਮੌਤ, ਤਕਲੀਫ ਅਤੇ ਗੁਲਾਮੀ 'ਤੇ ਅਧਾਰਤ ਇੱਕ 'ਕਲਟ' ਦੀ ਸ਼ੁਰੂਆਤ ਕਰਨ ਦਾ ਹੈ। ਬੇਸਹਾਰਾ ਬੱਚੇ, ਨਾਕਾਰਾ ਲੋਕ, ਕੋਹੜੀ ਅਤੇ ਮਰਨ ਕੰਢੇ ਪਏ ਲੋਕ ਦਇਆ ਭਾਵ ਦੀ ਨੁਮਾਇਸ਼ ਲਈ ਕੱਚਾ ਮਾਲ ਹਨ। ਉਹ ਕਿਸੇ ਤਰ੍ਹਾਂ ਦੀ ਸ਼ਿਕਾਇਤ ਕਰਨ ਦੀ ਹਾਲਤ 'ਚ ਨਹੀਂ ਹੁੰਦੇ ਅਤੇ ਉਹਨਾਂ ਦੀ ਸਹਿਣਸ਼ੀਲਤਾ ਅਤੇ ਬਹੁਤ ਅਧੋਗਤੀ ਵਿੱਚ ਜਿਉਂਦੇ ਰਹਿਣ ਦੀ ਸਮਰੱਥਾ ਇੱਕ ਸ਼ਾਨਦਾਰ ਗੁਣ ਮੰਨਿਆਂ ਜਾਂਦਾ ਹੈ। ਇੱਥੇ ਹੀ ਬੱਸ ਨਹੀਂ, ਅਸਲ ਵਿੱਚ ਮਦਰ ਟੈਰੇਸਾ ਵੱਲੋਂ ਕੀਤੀ ਸੇਵਾ ਉਸ ਢਾਂਚੇ ਦੀ ਸੇਵਾ ਹੈ ਜੋ ਗਰੀਬੀ ਪੈਦਾ ਕਰਦਾ ਹੈ ਅਤੇ ਉਹਨਾਂ ਲੋਕਾਂ ਦੀ ਸੇਵਾ ਹੈ ਜਿਹਨਾਂ ਨੇ ਹੋਰਨਾਂ ਨੂੰ ਇਸ ਤਰ੍ਹਾਂ ਗਰੀਬੀ 'ਚ ਧੱਕ ਕੇ ਖੁਦ ਜਾਇਦਾਦ ਦੇ ਅੰਬਾਰ ਲਾਏ ਹਨ। ਇਸੇ ਕਾਰਨ ਮਦਰ ਟੈਰੇਸਾ ਤੇ ਉਸਦੀ ਸੰਸਥਾ ਨੂੰ ਅਨੇਕਾਂ ਬਹੁਕੌਮੀ ਕੰਪਨੀਆਂ, ਸਰਮਾਏਦਾਰ ਘਰਾਣਿਆਂ ਤੋਂ ਮੋਟਾ ਚੰਦਾ ਮਿਲਦਾ ਸੀ ਤੇ ਥਾਂ-ਥਾਂ ਉਸਦਾ ਮਾਨ-ਸਨਮਾਨ ਹੁੰਦਾ ਸੀ, ਉਸਨੂੰ ਉਚਿਆਇਆ ਜਾਂਦਾ ਸੀ। ਸਿੱਧੀ ਸਮਝ ਆਉਣ ਵਾਲੀ ਇੱਕ ਗੱਲ ਇਹ ਵੀ ਹੈ ਕਿ ਮਦਰ ਟੈਰੇਸਾ ਦੀ ਸੰਸਥਾ ਨੂੰ ਲੱਖਾਂ-ਕਰੋੜਾਂ ਰੁਪਏ ਦਾਨ ਕਰਕੇ ਗਰੀਬਾਂ ਦਾ ਭਲਾ ਕਰਨ ਵਾਲੇ ਖੁਦ ਆਪਣੇ ਮਜਦੂਰਾਂ, ਕਾਮਿਆਂ ਦੀਆਂ ਤਨਖਾਹਾਂ ਕਿਉਂ ਨਹੀਂ ਵਧਾਉਂਦੇ? ਉਹਨਾਂ ਨੂੰ ਚੰਗੀਆਂ ਕੰਮ ਦੀਆਂ ਹਾਲਤਾਂ ਕਿਉਂ ਨਹੀਂ ਮੁਹੱਈਆ ਕਰਵਾਉਂਦੇ? ਇਹ ਗੱਲ ਵੀ ਸੋਚਣ ਵਾਲੀ ਹੈ ਕਿ ਮਦਰ ਟੈਰੇਸਾ ਦੇ ਰਾਹ ਨੂੰ ਉਚਿਆਉਣ ਵਾਲਾ ਇਹ ਤਬਕਾ ਖੁਦ ਉਸਦੇ ਰਾਹ ਕਿਉਂ ਨਹੀਂ ਚਲਦਾ? ਉਹ ਕਿਉਂ ਆਪਣੀ ਜਾਇਦਾਦ ਛੱਡ ਕੇ ਦੁੱਖ ਤੇ ਗਰੀਬੀ ਜਿਹੀਆਂ "ਰੱਬ ਦੀਆਂ ਦਾਤਾਂ"ਨੂੰ ਹਾਸਲ ਕਰਨ ਦੇ ਰਾਹ ਨਹੀਂ ਪੈਂਦਾ?

ਮਦਰ ਟੇਰੇਸਾ ਨਾਲ ਜੁੜਿਆ ਇੱਕ ਹੋਰ ਵਾਕਿਆ ਸੁਣੋ।

2-3 ਦਸੰਬਰ 1984 ਦੀ ਰਾਤ ਭੋਪਾਲ 'ਚ ਯੂਨੀਅਨ ਕਾਰਬਾਈਡ ਦੇ ਕਾਰਖਾਨੇ ਚ ਜਹਿਰੀਲਲ ਗੈਸ ਲੀਕ ਹੋਣ ਨਾਲ਼ ਹਜਾਰਾਂ ਲੋਕ ਮਾਰੇ ਗਏ ਤੇ ਲੱਖਾਂ ਇਸਦੇ ਜਹਿਰੀਲੇ ਅਸਰ ਨਾਲ਼ ਪ੍ਰਭਾਵਿਤ ਹੋਏ ਸਨ। ਇਹ ਮੁਨਾਫੇ ਦੀ ਹਵਸ ਲਈ ਕੀਤਾ ਸਭ ਤੋਂ ਘਿਨਾਉਣਾ ਤੇ ਵੱਡਾ ਕਤਲੇਆਮ ਸੀ। 10 ਅਰਬ ਡਾਲਰ ਦੀ ਜਾਇਦਾਦ ਵਾਲੇ ਇਸ ਕਾਰਖਾਨੇ ਦੇ ਸੁਰੱਖਿਆ ਸਾਧਨਾਂ ਉੱਪਰ ਮਾਮੂਲੀ ਖਰਚਾ ਕਰਨ ਨੂੰ ਵੀ ਤਿਆਰ ਨਹੀਂ ਸਨ ਜਿਸ ਕਾਰਨ ਇਹ ਹਾਦਸਾ ਵਾਪਰਿਆ। ਸਰਕਾਰ ਨੇ ਇਸਦੇ ਮੁੱਖ ਦੋਸ਼ੀ ਐਂਡਰਸਨ ਨੂੰ ਰਾਤੋ-ਰਾਤ ਅਮਰੀਕਾ ਭੇਜ ਦਿੱਤਾ ਸੀ। ਉਸ ਵੇਲੇ ਜਦੋਂ ਪੀੜਤ ਮਜਦੂਰ ਇਨਸਾਫ ਦੀ ਮੰਗ ਕਰ ਰਹੇ ਸਨ ਤਾਂ ਮਦਰ ਟੈਰੇਸਾ ਉੱਥੇ ਸੇਵਾ ਲਈ ਪਹੁੰਚੀ ਤੇ ਪੀੜਤਾਂ ਨੂੰ ਜਾ ਕੇ ਕਹਿੰਦੀ ਰਹੀ, "ਇਹ ਇੱਕ ਦੁਰਘਟਨਾ ਹੈ। ਇਸ ਲਈ ਮਾਫ ਕਰਨਾ ਜਰੂਰੀ ਹੈ। ਮਾਫ ਕਰਨ ਨਾਲ਼ ਦਿਲ ਹਲਕਾ ਹੋ ਜਾਂਦਾ ਹੈ ਅਤੇ ਮਾਫ ਕਰਨ ਤੋਂ ਬਾਅਦ ਲੋਕ ਹਜ਼ਾਰ ਗੁਣਾ ਬਿਹਤਰ ਮਹਿਸੂਸ ਕਰਦੇ ਹਨ।

ਇਸ ਤਰਾਂ ਮਦਰ ਟੈਰੇਸਾ ਸੇਵਾ ਦੇ ਨਾਮ 'ਤੇ ਗਰੀਬਾਂ ਨੂੰ ਸ਼ਾਂਤ ਰੱਖ ਕੇ ਸਰਮਾਏਦਾਰਾਂ ਨੂੰ ਖੁਸ਼ ਕਰਦੀ ਰਹੀ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਅਸਲ ਵਿੱਚ ਉਸਨੇ ਗਰੀਬਾਂ ਦੀ ਸੇਵਾ ਦੇ ਨਾਮ 'ਤੇ ਅਮੀਰਾਂ, ਸਰਮਾਏਦਾਰਾਂ ਦੀ ਹੀ ਸੇਵਾ ਕੀਤੀ ਹੈ। ਅੱਜ ਅਜਿਹੀਆਂ ਦਾਨ ਪੰਨ ਵਾਲੀਆਂ ਸੰਸਥਾਵਾਂ ਦਾ ਜਾਲ ਵਿਛਿਆ ਹੋਇਆ ਹੈ ਜਿਹੜੀਆਂ ਸਮੁੱਚੇ ਲੁਟੇਰੇ ਪ੍ਰਬੰਧ ਨੂੰ ਬਦਲਣ ਦੀ ਗੱਲ ਕਰਨ ਦੀ ਥਾਂ, ਗਰੀਬਾਂ ਨੂੰ ਹੋਰ ਹੀਣੇ ਬਣਾਕੇ ਪੇਸ਼ ਕਰਨ ਤੇ ਇਹਨਾਂ ਦਾਨ ਪੰਨ ਕਰਨ ਵਾਲਿਆਂ ਨੂੰ ਨਾਇਕ ਬਣਾਕੇ ਪੇਸ਼ ਕਰਨ ਦਾ ਕੰਮ ਕਰ ਰਹੀਆਂ ਹਨ।

-ਲਲਕਾਰ 'ਚੋਂ ਧੰਨਵਾਦ ਸਹਿਤ
















ਪੁਸਤਕ ਖੇਡ ਜਗਤ

# ਗੁੰਮਨਾਮ ਚੈਂਪੀਅਨ ਦਾਰਾ ਸਿੰਘ -ਪ੍ਰਿੰਸੀਪਲ ਬਲਵੰਤ ਸਿੰਘ ਸੰਧੂ

*ਪੰਜਾਬ ਖੇਤਰ ਦੇ ਖੇਡ ਜਗਤ ਨੂੰ ਦੁਨੀਆ ਦੇ ਪੈਮਾਨੇ 'ਤੇ ਪਹੁੰਚਾਉਣ ਵਾਲੇ ਪ੍ਰਿੰ.ਸਰਵਣ ਸਿੰਘ ਨੂੰ ਮਾਣ ਹੈ ਕਿ ਉਨ੍ਹਾਂ ਦੇ ਪਰਿਵਾਰ 'ਚੋਂ ਇਸ ਖੇਤਰ ਵਿਚ ਨਵੀਂ ਖੇਡ ਜਗਤ ਦੀ ਲਿਖਤ ਲਿਖਣ ਵਾਲਾ ਬਲਵੰਤ ਸਿੰਘ ਸੰਧੂ ਭਵਿੱਖ ਵਿਚ ਉਨ੍ਹਾਂ ਦੀ ਗੁਰਜ ਦਾ ਹਿੱਸੇਦਾਰ ਬਣੇਗਾ। ਜਦੋਂ ਵੀ ਪੰਜਾਬ ਦਾ ਇਤਿਹਾਸ ਵਿਸ਼ੇਸ਼ ਕਰਕੇ ਵੱਖ-ਵੱਖ ਖੇਤਰ ਦੇ ਪਹਿਲਵਾਨਾਂ, ਕਬੱਡੀ ਖਿਡਾਰੀਆਂ, ਹਾਕੀ ਦੇ ਜਾਦੂਗਰਾਂ, ਦਰਾੜੂਆਂ ਆਦਿ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਹੋਵੇ ਤਾਂ ਉਸ ਵਿਚ ਜਿਥੇ ਪੰਜਾਬ ਦੇ ਇਨ੍ਹਾਂ ਹੀਰਿਆਂ ਦੇ ਖੇਡਣ ਦੀ ਕਲਾ ਅਤੇ ਜੌਹਰ ਸਿਰਫ਼ ਗਰਾਉਂਡਾ ਤੱਕ ਹੀ ਸੀਮਤ ਰਹਿ ਜਾਣੇ ਸਨ ਜੇ ਉਨ੍ਹਾਂ ਨੂੰ ਸ਼ਬਦੀ ਅਤੇ ਕਲਮੀ ਰੂਪ ਪ੍ਰੋ. ਸਰਵਣ ਸਿੰਘ ਵਰਗੇ ਨਾ ਦਿੰਦੇ। ਜਿਨ੍ਹਾਂ ਦੀ ਲੇਖਣੀ ਵਿਚ ਏਨਾ ਵੱਡਾ ਰਸ ਅਤੇ ਜਸ ਹੁੰਦਾ ਹੈ। ਜਿਹੜਾ ਲਗਾਤਾਰ ਹੋਰ ਨਵੇਂ ਖੇਡ ਖੇਤਰ ਦੇ ਲਿਖਾਰੀਆਂ ਨੂੰ ਪ੍ਰੇਰਦਾ ਹੈ। ਜਿਹੜੇ ਲਗਾਤਾਰ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਤੇ ਵਾਚਦੇ ਹਨ ਉਹ ਸਿਰਫ਼ ਪੰਜਾਬ ਤੱਕ ਹੀ ਸੀਮਤ ਨਹੀਂ ਸਗੋਂ ਉਨ੍ਹਾਂ ਤੂਤੀ ਦੇਸ਼ਾਂ ਅਤੇ ਵਿਦੇਸ਼ਾਂ ਵਿਚ ਵੀ ਵੱਜਦੀ ਹੈ। ਇਤਿਹਾਸਕਾਰੀ ਦਾ ਇਹ ਪੱਖ ਪੰਜਾਬ ਦੀ ਸਮੁੱਚੀ ਬਦਲੀ ਹੋਈ ਤੋਰ ਵਿਚ ਇਕ ਵਿਲੱਖਣ ਰੂਹ ਭਰਦਾ ਹੈ। ਜਿਹੜੀ ਹਮੇਸ਼ਾ ਯਾਦ ਕਰਾਉਂਦੀ ਹੈ ਕਿ ਪੰਜਾਬ ਜਿਥੇ ਪੰਜ ਦਰਿਆਵਾਂ ਤੋਂ ਲੈ ਕੇ ਗੁਰਬਾਣੀ ਦੀ ਧਾਰਾ ਵਿਚੋਂ ਹੁੰਦਾ ਹੋਇਆ ਸਿਰੜੀ ਪੰਜਾਬੀਆਂ ਨੂੰ ਖੇਡਾਂ ਦੇ ਖੇਤਰ ਵਿਚ ਵੀ ਮੱਲਾਂ ਮਾਰਨ ਵਾਸਤੇ ਪ੍ਰਫੁੱਲਤ ਕਰ ਗਿਆ। ਜਿਨ੍ਹਾਂ ਦੀਆਂ ਪੈੜਾਂ ਪੰਜਾਬ ਦੇ ਹਰੇਕ ਕਸਬੇ ਅਤੇ ਪਿੰਡ ਉਪਰ ਪਈਆਂ ਹੋਈਆਂ ਹਨ। ਹੁਣ ਕਈ ਵਾਰੀ ਜਾਪਦਾ ਹੈ ਕਿ ਜਿਸ ਕਿਸਮ ਦੀ ਪੰਜਾਬ ਨੂੰ ਪੁੱਠੀ ਹਵਾ ਲੱਗੀ ਹੋਈ ਹੈ, ਜਿਥੇ ਨਸ਼ਿਆਂ ਅਤੇ ਪਰਵਾਸ ਦੀ ਪ੍ਰਕਿਰਿਆ ਦੇ ਵਹਾਅ ਚਲ ਰਹੇ ਹਨ ਕਿ ਕੀ ਪੰਜਾਬ ਮੁੜ ਆਪਣੀ ਉਸ ਸ਼ਾਨਦਾਰ ਬਹਾਲੀ ਵੱਲ ਵਧ ਸਕੇਗਾ ਜਿਹੜੀ ਇਸ ਦੀ ਭੌਂਏਂ ਵਿਚ ਪਈ ਸੀ। ਦਾਰਾ ਸਿੰਘ ਵਰਗੇ ਭਲਵਾਨ ਨੂੰ ਕਥਾ ਨੂੰ ਯਾਦ ਕਰਨਾ ਅਤੇ ਚੇਤਿਆਂ 'ਚ ਵਸਾਉਣਾ ਤਾਂ ਕਿ ਪ੍ਰਿੰ. ਬਲਵੰਤ ਸਿੰਘ ਸੰਧੂ ਵਰਗੇ ਹੋਰ ਲੇਖਕ ਇਸ ਦਿਸ਼ਾ ਵੱਲ ਕਦਮ ਪੁੱਟ ਸਕਣ। ਇਸ ਕਾਰਜ ਲਈ ਨਵੀਂ ਲੇਖਕਾ ਅਤੇ ਰਿਵਿਊ ਕਰਤਾ ਰਮਨਦੀਪ ਕੌਰ ਨੇ ਸਿਰਫ਼ ਕਿਤਾਬ ਦਾ ਜ਼ਿਕਰ ਹੀ ਨਹੀਂ ਕੀਤੀ ਬਲਕਿ ਉਸ ਦੀ ਰਵਾਨਗੀ ਨੂੰ ਆਪਣੀ ਕਲਮ ਰਾਹੀਂ ਪਾਠਕਾਂ ਦੇ ਅੰਗ-ਸੰਗ ਕੀਤਾ ਹੈ। ਭਵਿੱਖ ਵਿਚ ਅਜਿਹੀਆਂ ਕਲਮਾਂ ਨੂੰ ਹੋਰ ਉਤਸਾਹਤ ਕਰਨਾ 'ਸਰੋਕਾਰਾਂ ਦੀ ਆਵਾਜ਼' ਆਪਣਾ ਫਰਜ਼ ਸਮਝਦਾ ਹੈ। - ਸੰਪਾਦਕ*




ਰਿਵਿਊ-ਕਰਤਾ
ਰਮਨਦੀਪ ਕੌਰ

ਪੰਜਾਬ ਦਾ ਸੱਭਿਆਚਾਰ ਕਲਾਵਾਂ ਨੂੰ ਪਿਆਰ ਕਰਨ ਵਾਲਾ ਸੱਭਿਆਚਾਰ ਹੈ। ਜਿਸ ਦੇ ਕਈ ਰੰਗ ਦੇਖਣ ਨੂੰ ਮਿਲਦੇ ਹਨ। ਗਿੱਧੇ ਭੰਗੜੇ ਖਾਣ-ਪਾਣ ਅਤੇ ਖੇਡ ਕਲਾ। ਇਹਨਾਂ ਰੰਗਾਂ ਨੂੰ ਪੰਜਾਬ ਬੜੀ ਨੀਝ ਨਾਲ ਮਾਣਦਾ ਹੈ। ਅਜਿਹਾ ਹੀ ਡੂੰਘਾਈ ਤੇ ਨੀਝ ਨਾਲ ਖੇਡ ਕਲਾ ਨੂੰ ਮਾਨਣ ਵਾਲਾ ਪ੍ਰੇਮੀ ਜਿਸਨੇ ਕੁਸ਼ਤੀ ਦੀ ਦੁਨੀਆਂ ਦੇ ਗੁਮਨਾਮ ਚੈਂਪੀਅਨ ਦੀ ਜ਼ਿੰਦਗੀ ਬਾਰੇ ਵਿਸ਼ਲੇਸ਼ਣ ਕਰਕੇ ਨਾ ਹੀ ਜਾਣਿਆ ਬਲਕਿ ਦੁਨੀਆਂ ਸਾਹਮਣੇ ਪੇਸ਼ ਵੀ ਕੀਤਾ। ਅਜਿਹਾ ਹੀ ਖੇਡ ਜਗਤ ਲਈ ਰੂਹਾਨੀ ਪ੍ਰੇਮ ਤੇ ਕਲਾ ਹੈ ਪ੍ਰਿੰਸੀਪਲ ਬਲਵੰਤ ਸਿੰਘ ਸੰਧੂ ਜੀ ਦੇ ਨਾਵਲ ਗੁਮਨਾਮ ਚੈਂਪੀਅਨ ਵਿੱਚ। ਜੀਵਨੀ ਨੂੰ ਇੱਕ ਨਾਵਲ ਵਿੱਚ ਢਾਲਣਾ ਇਹ ਵੀ ਤਾਂ ਇੱਕ ਖੇਡ ਨੂੰ ਪ੍ਰੇਮ ਕਰਨ ਵਾਲੀ ਬਿਰਤੀ ਹੀ ਕਰ ਸਕਦੀ ਹੈ। ਇਸ ਨਾਵਲ ਵਿੱਚ ਜਿੱਥੇ ਦਾਰਾ ਸਿੰਘ ਬਾਰੇ ਪਤਾ ਲੱਗਦਾ ਹੈ ਉੱਥੇ ਹੀ ਡਾਕਟਰ ਸੰਧੂ ਦੀ ਸਿਰੜੀ ਮਿਹਨਤ ਤੇ ਲਗਨ ਵੀ ਦਿਖਾਈ ਦਿੰਦੀ ਹੈ। ਇੱਕ ਵਿਲੱਖਣ ਕੌਂਸਲ ਤੇ ਪ੍ਰੇਮ ਜੋ ਬਲਵੰਤ ਸਿੰਘ ਸੰਧੂ ਜੀ ਨੂੰ ਲਗਾਤਾਰ ਕੰਮ ਕਰਨ ਲਈ ਪ੍ਰੇਰਦਾ ਹੈ। ਇਹ ਨਾਵਲ ਪੜ੍ਹਦਿਆਂ ਜਿੱਥੇ ਅਸੀਂ ਦਾਰਾ ਸਿੰਘ ਦੀ ਜ਼ਿੰਦਗੀ ਨਾਲ ਜੁੜਦੇ ਹਾਂ ਉੱਥੇ ਹੀ ਅਸੀਂ ਲੇਖਕ/ ਨਾਵਲਕਾਰ ਦੀ ਮਿਹਨਤ ਦੇ ਵੀ ਸਦਕੇ ਜਾਂਦੇ ਹਾਂ ।

ਪੰਜਾਬ ਦੀ ਧਰਤੀ ਮੁੱਢ ਕਦੀਮਾਂ ਤੋਂ ਹੀ ਤਕੜੇ ਜੁੱਸੇ ਵਾਲੇ ਪੰਜਾਬੀਆਂ ਦੀ ਧਰਤੀ ਰਹੀ ਹੈ, ਜਿਨ੍ਹਾਂ ਨੇ ਵਧੀਆ ਖੁਰਾਕਾਂ ਖਾਧੀਆਂ, ਸਿਹਤਾਂ ਸੰਭਾਲੀਆਂ ਤੇ ਮੇਲਿਆਂ ਤੇ ਛਿੰਝਾਂ ਵਿੱਚ ਘੁਲਦੇ ਹੋਏ ਪਹਿਲਵਾਨ ਨੂੰ ਜਨਮ ਦਿੱਤਾ ਹੈ। ਅਜਿਹੇ ਹੀ ਇੱਕ ਪਹਿਲਵਾਨ ਦੀ ਕਹਾਣੀ ਹੈ ਇਹ ਨਾਵਲ ਜਿਸ ਦਾ ਨਾਮ ਸੀ ਦਾਰਾ ਸਿੰਘ ਦੁਲਚੀਪੁਰ ਪਿੰਡ ਦੁਲਚੀਪੁਰ ਦਾ ਇੱਕ ਛੋਟਾ ਜਿਹਾ ਬੱਚਾ ਜਿਸ ਦੇ ਸਿਰ ਤੋਂ ਬਾਪ ਦਾ ਸਾਇਆ ਉੱਠ ਚੁੱਕਾ ਸੀ ਕਿਸ ਤਰ੍ਹਾਂ ਬਚਪਨ ਤੋਂ ਹੀ ਕੁਸ਼ਤੀ ਲਈ ਡੂੰਘੀ ਖਿੱਚ ਰੱਖਦਾ ਸੀ। ਮੇਲੇ ਤੇ ਛਿੰਝ ਜਾਂਦਾ ਤਾਂ ਜਿੱਥੇ ਬਾਕੀ ਬੱਚੇ ਭੰਗੂੜੇ ਝੂਟ ਰਹੇ ਹੁੰਦੇ ਉਹ ਪਹਿਲਵਾਨਾਂ ਦੇ ਘੋਲ ਦੇਖਦਾ ਤੇ ਦਾਅ ਪੇਚ ਸਿੱਖਦਾ ਤੇ ਫਿਰ ਅਜਮਾਉਂਦਾ। ਪਿੰਡ ਦੀ ਸੱਥ ਵਿੱਚ ਪਹਿਲਵਾਨਾਂ ਦੇ ਦਾਅ ਪੇਚਾਂ ਦੀਆਂ ਹੁੰਦੀਆਂ ਗੱਲਾਂ ਉਸ ਨੂੰ ਬਹੁਤ ਖਿੱਚਦੀਆਂ। ਹੌਲੀ-ਹੌਲੀ ਪਿੰਡ ਵਿੱਚ ਹੀ ਕੁਸ਼ਤੀਆਂ ਲੜਨ ਦਾ ਦੌਰ ਸ਼ੁਰੂ ਹੋਇਆ। ਬਾਪ ਦਾ ਸਾਇਆ ਨਾ ਹੋਣ ਕਾਰਨ ਸਕੂਲ ਤਾਂ ਨਾ ਜਾ ਸਕਿਆ ਬਲਕਿ ਪਸ਼ੂ ਚਾਰਨ ਜਾਂਦੇ ਜਿੱਦ ਜਿੱਦ ਡੰਡ ਬੈਠਕਾਂ ਲਾਉਣੀਆਂ, ਕਸਰਤਾਂ ਕਰਨੀਆਂ, ਜ਼ੋਰ ਲਾਉਣਾ। ਹੌਲੀ ਹੌਲੀ ਦਾਰੇ ਨੇ ਆਪਣੇ ਨਾਲ ਸਭ ਸਾਥੀਆਂ ਨੂੰ ਪਛਾੜ ਦਿੱਤਾ ਹੌਲੀ ਹੌਲੀ ਉਸਨੇ ਆਪਣੀ ਖੁਰਾਕ ਵਧਾ ਦਿੱਤੀ ਅਤੇ ਆਪਣੇ ਨਾਾ ਦਿਹਆਂ ਮੁੰਡਿਆਂ ਨੂੰ ਪਛਾੜਨ ਲੱਗਾ। ਆਪਣੇ ਨਾਲ ਦਿਆਂ ਮੁੰਡਿਆਂ ਨਾਲ ਹੁੰਦੀਆਂ ਨਿੱਤ ਦਿਨ ਲੜਾਈਆਂ ਅਤੇ ਉਲਾਂਭਿਆਂ ਤੋਂ ਤੰਗ ਆ ਕੇ ਉਸਦਾ ਵੱਡੇ ਭਰਾ ਇੰਦਰ ਉਸਨੂੰ ਲਾਹੌਰ ਦੇ ਨਾਮੀ ਪਹਿਲਵਾਨ ਉਸਤਾਦ ਸੱਜਣ ਸਿੰਘ ਦੇ ਅਖਾੜੇ ਵਿੱਚ ਭਲਵਾਨੀ ਸਿੱਖਣ ਲਈ ਛੱਡ ਆਇਆ। ਹੁਣ ਦਾਰੇ ਦੇ ਚਾਰੇ ਪਾਸੇ ਕੁਸ਼ਤੀ ਦਾ ਮਾਹੌਲ ਸੀ। ਰੱਜ ਕੇ ਖੁਰਾਕਾਂ ਖਾਂਦੇ ਤੇ ਜ਼ੋਰ ਅਜਮਾਈ ਕਰਦੇ। ਸਾਧਨਾ ਤੇ ਭਲਵਾਨੀ ਦਾ ਅਸਲ ਪਤਾ ਉਸਨੂੰ ਸੱਜਣ ਸਿੰਘ ਦੇ ਅਖਾੜੇ ਵਿੱਚ ਹੀ ਲੱਗਿਆ ਸੀ। ਇੱਥੋਂ ਉਸ ਦੀ ਭਲਵਾਨੀ ਲਈ ਲਗਨ ਤੇ ਕਸ਼ਿਸ਼ ਹੋਰ ਵਧ ਗਈ। ਜਿਸ ਦਿਨ ਅਖਾੜੇ ਤੋਂ ਛੁੱਟੀ ਹੋਣੀ ਤਾਂ ਨਾਮੀ ਪਹਿਲਵਾਨਾਂ ਨੂੰ ਮਿਲ ਕੇ ਆਉਣਾ ਜਾਂ ਉਹਨਾਂ ਬਾਰੇ ਪਤਾ ਕਰਨਾ ਦਾਰੇ ਨੂੰ ਹੋਰ ਉਤਸਾਹ ਬਖਸ਼ਦਾ ਸੀ। ਉਹ ਆਪਣੇ ਸਾਥੀਆਂ ਅੱਲਾ ਬਖਸ਼, ਕੁੰਡਾ, ਮੰਗਲ ਤੇ ਗੁਰਦਿੱਤਾ ਨਾਲ ਇਹਨਾਂ ਪਹਿਲਵਾਨਾਂ ਦੀਆਂ ਖੁਰਾਕਾਂ ਅਤੇ ਕੁਸ਼ਤੀਆਂ ਬਾਰੇ ਸਵਾਲ ਜਵਾਬ ਕਰਦਾ ਰਹਿੰਦਾ ਤੇ ਸਮਾਂ ਮਿਲਦਿਆਂ ਉਹਨਾਂ ਨੂੰ ਮਿਲ ਕੇ ਵੀ ਆਉਂਦਾ ਕਿਉਂਕਿ ਉਨੀ ਦਿਨੀ ਲਾਹੌਰ ਪਹਿਲਵਾਨੀ ਦਾ ਗੜ ਸੀ। ਉਹ ਇੰਨੀ ਦਿਨੀ ਬੂਟਾ ਸਿੰਘ ਚੂਹਾ ਮੰਨੀ ਰੈਣੀ ਵਾਲਾ ਤੇ ਕਿੱਕਰ ਸਿੰਘ ਤੇ ਗਾਮੇ ਵਰਗੇ ਨਾਮੀ ਪਹਿਲਵਾਨਾਂ ਦੇ ਅਖਾੜਿਆਂ ਵਿੱਚ ਵੀ ਗਿਆ ਅਤੇ ਉਨਾਂ ਦੀ ਮਿੱਟੀ ਮਸਤਕ ਨਾਲ ਲਾਈ। ਕੁਸ਼ਤੀ ਦੇ ਇਤਿਹਾਸ ਅਤੇ ਭਵਿੱਖ ਬਾਰੇ ਤਰ੍ਹਾਂ ਤਰ੍ਹਾਂ ਦੀ ਜਾਣਕਾਰੀ ਅਤੇ ਗਿਆਨ ਦਾਰੇ ਨੂੰ ਇਥੋਂ ਹੀ ਵੱਖ-ਵੱਖ ਤਰੀਕਿਆਂ ਨਾਲ ਮਿਲਿਆ ਜਿਸ ਲਈ ਦਾਰੇ ਨੇ ਖਿੱਚ ਵੀ ਦਿਖਾਈ ਤੇ ਬੜੇ ਸ਼ੌਂਕ ਨਾਲ ਕੁਸ਼ਤੀ ਬਾਰੇ ਗੱਲਾਂ ਸੁਣਦਾ। ਇੱਥੋਂ ਦਾਰਾ ਸਿੰਘ ਨੇ ਤਿੰਨ ਚਾਰ ਸਾਲ ਵਿੱਚ ਕੁਸ਼ਤੀ ਦੇ ਕਾਫੀ ਦਾਓ ਪੇਚ ਸਿੱਖੇ ਤੇ ਆਲੇ ਦੁਆਲੇ ਦੇ ਇਲਾਕੇ ਵਿੱਚ ਛਿੰਝਾਂ ਉੱਤੇ ਕਿਸ਼ਤੀਆਂ ਦੇ ਜੌਹਰ ਦਿਖਾਉਂਦੇ ਰਹੇ। ਇਲਾਕੇ ਵਿੱਚ ਉਸਦੀ ਜਾਣ ਪਛਾਣ ਬਣਨੀ ਸ਼ੁਰੂ ਹੋ ਗਈ ਸੀ। ਦਾਰਾ ਸਿੰਘ ਕੁਸ਼ਤੀ ਵਿੱਚ ਨਾਮ ਹੀ ਨਹੀਂ ਸੀ ਕਮਾਉਣਾ ਚਾਹੁੰਦਾ ਬਲਕਿ ਘਰ ਦੀ ਗਰੀਬੀ ਨੂੰ ਵੀ ਦੂਰ ਕਰਨਾ ਚਾਹੁੰਦਾ ਸੀ। ਇਸੇ ਲਈ ਉਹ ਸਿੰਘਾਪੁਰ ਆਪਣੇ ਭਰਾ ਦਲੀਪ ਸਿੰਘ ਕੋਲ ਚਲਾ ਗਿਆ ਜਿੱਥੇ ਉਹਨਾਂ ਨੇ ਆਪਣਾ ਡੇਅਰੀ ਫਾਰਮ ਖੋਲਿਆ ਹੋਇਆ। ਇੱਥੇ ਉਹ ਆਪਣੇ ਭਰਾ ਨਾਲ ਕੰਮਕਾਜ ਵਿੱਚ ਮਦਦ ਕਰਦਾ ਰਿਹਾ ਪਰ ਛੇਤੀ ਹੀ ਇਸ ਤੋਂ ਉਸਦਾ ਮਨ ਅੱਕ ਗਿਆ।ਉਸਨੂੰ ਉੱਠਦੇ ਬਹਿੰਦੇ ਪਹਿਲਵਾਨ ਬਣਨ ਦੇ ਸੁਪਨੇ ਆਉਂਦੇ। ਕਿੱਕਰ, ਕੁੱਲੂ, ਗੁਲਾਮ ਤੇ ਗਾਮਾ ਉਸਦੇ ਆਦਰਸ਼ ਸਨ। ਉਹ ਥੋੜਾ ਉਦਾਸ ਰਹਿਣ ਲੱਗ ਪਿਆ। ਹੌਲੀ-ਹੌਲੀ ਉਸ ਦੇ ਕੱਦ ਕਾਠ ਅਤੇ ਜੁੱਸੇ ਕਾਰਨ ਉਸ ਦੀ ਭਰਤੀ ਸਿੰਘਾਪੁਰ ਪੁਲਿਸ ਵਿੱਚ ਹੋ ਗਈ ਜਿੱਥੋਂ ਉਸਦਾ ਕੁਸ਼ਤੀ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਇੱਥੋਂ ਉਸਦੇ ਕੁਸ਼ਤੀ ਦੀ ਆਧੁਨਿਕ ਟਰੇਨਿੰਗ ਅਤੇ ਖੁਰਾਕ ਫਿਰ ਤੋਂ ਸ਼ੁਰੂ ਹੋ ਗਈ। ਪੁਲਿਸ ਦੇ ਖੇਡ ਵਿਭਾਗ ਨੂੰ ਹੀਰਾ ਮਿਲ ਗਿਆ ਸੀ ਜਿਸ ਨੂੰ ਤ੍ਰਸ਼ਣ ਅਤੇ ਘੜਨ ਦੀ ਲੋੜ ਸੀ। ਦਾਰਾ ਹੋਰ ਤਕੜਾ ਹੋਣ ਲੱਗਾ ਤੇ ਲੋਕਾਂ ਤੇ ਪੁਲਿਸ ਨੂੰ ਉਸ ਦੀ ਕੁਸ਼ਤੀ ਦੀ ਬੇਸਬਰੀ ਨਾਲ ਉਡੀਕ ਰਹਿੰਦੀ। ਇੱਥੇ ਉਸਨੇ ਤਕੜੇ ਤਕੜੇ ਪਹਿਲਵਾਨਾਂ ਨੂੰ ਹਰਾਉਣਾ ਸ਼ੁਰੂ ਕਰ ਦਿੱਤਾ। ਫਰੀ ਸਟਾਈਲ ਕੁਸ਼ਤੀ ਅਖਾੜਿਆਂ ਵਿੱਚ ਦਾਰਾ ਸਿੰਘ ਦੀ ਇੱਕ ਵੱਖਰੀ ਪਛਾਣ ਬਣ ਗਈ। ਉਸ ਦੀਆਂ ਪ੍ਰਾਪਤੀਆਂ ਦੇਖਦਿਆਂ ਪੁਲਿਸ ਵਿੱਚ ਉਸਨੂੰ ਇੱਕ ਸਾਲ ਦੇ ਵਿੱਚ ਹੀ ਲੋਸ ਕਾਰਪੋਰਲ ਬਣਾ ਦਿੱਤਾ ਗਿਆ। 1940 ਵਿੱਚ ਮਹਾਰਾਜਾ ਪਟਿਆਲਾ ਨੇ ਵੀ ਮਲਾਇਆ ਵਿੱਚ ਦਾਰਾ ਸਿੰਘ ਦੀ ਕੁਸ਼ਤੀ ਦੇਖੀ ਤੇ ਬਹੁਤ ਪ੍ਰਭਾਵਿਤ ਹੋਇਆ। ਛੇਤੀ ਹੀ ਉਹ ਪੁਲਿਸ ਵਿੱਚ ਸਬ ਇੰਸਪੈਕਟਰ ਵੀ ਬਣ ਗਿਆ। ਦੂਸਰੀ ਵਿਸ਼ਵ ਜੰਗ ਵਿੱਚ ਜਾਪਾਨ ਦੇ ਵਿਰੁੱਧ ਲੜਦਿਆਂ ਦਾਰੇ ਦੇ ਦੋ ਗੋਲੀਆਂ ਲੱਗੀਆਂ। ਇਸ ਲੜਾਈ ਵਿੱਚ ਅੰਗਰੇਜ਼ਾਂ ਦੇ ਹਾਰਨ ਕਾਰਨ ਹਾਲਾਤ ਬਦਲ ਗਏ ਤੇ ਦਾਰੇ ਦੀ ਨੌਕਰੀ ਛੁੱਟ ਗਈ। ਮੌਤ ਨੂੰ ਨੇੜੇ ਤੋਂ ਦੇਖਣ ਦੇ ਕਾਰਨ ਦਾਰੇ ਦਾ ਜ਼ਿੰਦਗੀ ਪ੍ਰਤੀ ਨਜ਼ਰੀਆ ਬਦਲ ਗਿਆ। ਹੁਣ ਉਹ ਆਪਣੇ ਭਰਾ ਨਾਲ ਡੇਅਰੀ ਫਾਰਮ ਦਾ ਕੰਮ ਦੇਖਣ ਲੱਗਿਆ। ਫਿਰ ਹੌਲੀ ਹੌਲੀ ਸਮਾਂ ਬੀਤਿਆ ਤੇ ਕੁਸ਼ਤੀ ਦੇ ਕਾਰਨ ਹੀ ਜਪਾਨ ਦੀ ਫੌਜ ਵਿੱਚ ਭਰਤੀ ਕਰ ਲਿਆ ਗਿਆ। ਉੱਥੇ ਉਸਨੂੰ ਖੁੱਲੀ ਖੁਰਾਕ ਦਿੱਤੀ ਜਾਣ ਲੱਗੀ ਤੇ ਕੁਸ਼ਤੀ ਲੜਨ ਦੀ ਜਪਾਨੀ ਤਕਨੀਕ ਸਿਖਾਈ ਗਈ। ਜਪਾਨ ਵਿੱਚ ਵੀ ਦਾਰਾ ਆਪਣੀ ਕੁਸ਼ਤੀ ਦੇ ਜੌਹਰ ਦਿਖਾਉਣ ਲੱਗਾ। ਨਾਮੀ ਪਹਿਲਵਾਨ ਉਸਦੇ ਨਾਮ ਤੋਂ ਡਰਨ ਲੱਗੇ। ਇੱਥੇ ਰਹਿੰਦਿਆਂ ਉਸ ਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਵੀ ਯੋਗਦਾਨ ਪਾਇਆ। ਅੰਗਰੇਜ਼ਾਂ ਨੇ ਜਦ ਜਪਾਨ ਤੋਂ ਇਲਾਕੇ ਛਡਵਾਉਣ ਲਈ ਦੂਸਰੀ ਲੜਾਈ ਛੇੜੀ ਤਾਂ ਅੰਗਰੇਜ਼ ਜੇਤੂ ਰਹੇ ਜਿਸ ਕਾਰਨ ਫਿਰ ਦਾਰੇ ਤੇ ਮਾੜੇ ਦਿਨਾਂ ਦਾ ਪਰਛਾਵਾਂ ਆ ਗਿਆ। ਉਸ ਤੇ ਜਪਾਨੀਆਂ ਦੀ ਮਦਦ ਕਰਨ ਦੇ ਕਾਰਨ ਕੇਸ ਚਲਾਇਆ ਗਿਆ ਪਰ ਇਹ ਦੋਸ਼ ਸਾਬਤ ਨਾ ਹੋ ਸਕਿਆ ਤੇ ਉਹ ਬਰੀ ਹੋ ਗਿਆ

ਇਸ ਤੋਂ ਬਾਅਦ ਦਾਰੇ ਨੇ ਆਪਣਾ ਧਿਆਨ ਸਿਰਫ ਕੁਸ਼ਤੀ ਵੱਲ ਲਾਉਣ ਦਾ ਮਨ ਬਣਾ ਲਿਆ। ਹੁਣ ਉਸਨੇ ਚੀਨੀ ਕੁਸ਼ਤੀ ਦੇ ਵੀ ਗੁਰ ਸਿੱਖ ਲਏ ਸਨ। ਉਸਨੇ ਉੱਥੇ ਹੈਪੀ ਵਰਲਡ ਕਲੱਬ ਜੁਆਇਨ ਕਰ ਲਿਆ ਜਿਸ ਵਿੱਚ ਉਸਨੇ ਵੱਡੇ ਵੱਡੇ ਪਹਿਲਵਾਨਾਂ ਨੂੰ ਅਖਾੜਿਆਂ ਵਿੱਚ ਪਛਾੜਿਆ ਸੀ। ਇੱਥੇ ਉਸ ਦਾ ਨਾਮ ਹੀਰੇ ਵਾਂਗ ਚਮਕਣ ਲੱਗਾ। ਹੁਣ ਦਾਰੇ ਨੂੰ ਹਰਾਉਣਾ ਹਾਰੀ ਸਾਰੀ ਦੇ ਵੱਸ ਦੀ ਗੱਲ ਨਾ ਰਹੀ। ਇੱਥੇ ਹੀ ਉਸਨੇ ਨਾਮੀ ਪਹਿਲਵਾਨ ਕਿੰਗ ਕਾਂਗ ਨੂੰ ਵੀ ਹਰਾਇਆ ਸੀ। ਉਸਨੂੰ ਵੱਖ-ਵੱਖ ਮੁਲਕਾਂ ਵਿੱਚੋਂ ਕੁਸ਼ਤੀਆਂ ਖੇਡਣ ਦੇ ਸੱਦੇ ਆਉਣ ਲੱਗੇ ਪਰ ਸ਼ਾਇਦ ਕਿਸਮਤ ਨੂੰ ਕੁਝ ਹੋਰ ਮਨਜ਼ੂਰ ਸੀ। ਉਸ ਨੂੰ ਵਿਦੇਸ਼ਾਂ ਦੀ ਜਗ੍ਹਾ ਭਾਰਤ ਆਉਣਾ ਪਿਆ ਕਿਉਂਕਿ ਸਰੀਕੇ ਵਿੱਚੋਂ ਹੀ ਕਿਸੇ ਨੇ ਉਸਦੇ ਭਰਾ ਇੰਦਰ ਦਾ ਕਤਲ ਕਰ ਦਿੱਤਾ ਸੀ। ਉਹ ਪੰਜਾਬ ਆਇਆ ਅਤੇ ਆਪਣੇ ਭਰਾ ਦੇ ਕਤਲ ਦਾ ਬਦਲਾ ਲੈਣ ਦੇ ਤਰੀਕੇ ਲੱਭਦਾ ਰਿਹਾ ਤੇ ਅੰਤ ਫਿਰ ਕਤਲ ਕਰ ਵੀ ਦਿੱਤਾ।

ਇਸ ਦੇ ਦੋਸ਼ ਵਿੱਚ ਉਸਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਦਾਰਾ ਬੜਾ ਉਦਾਸ ਰਹਿਣ ਲੱਗ ਪਿਆ। ਹੌਲੀ ਹੌਲੀ ਜਦ ਉਸ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿੱਚ ਬਦਲ ਗਈ ਤਾਂ ਦਾਰੇ ਦੇ ਮਨ ਵਿੱਚ ਕੁਸ਼ਤੀ ਲੜਨ ਦੀ ਖਾਹਿਸ਼ ਅੰਗੜਾਈਆਂ ਲੈਣ ਲੱਗੀ। ਇਸ ਸਮੇਂ ਫਿਰੋਜਪੁਰ ਜੇ ਦੇ ਜੇਲਰ ਨੇ ਉਸ ਦੀ ਬਹੁਤ ਮਦਦ ਕੀਤੀ ਜਿਸਨੇ ਉਸ ਦੀ ਖੁਰਾਕ ਦਾ ਪ੍ਰਬੰਧ ਕੀਤਾ ਅਤੇ ਦੋ ਪਹਿਲਵਾਨ ਉਸਦੇ ਜੋਰ ਕਰਵਾਉਣ ਲਈ ਬੁਲਵਾਏ। ਇੱਥੋਂ ਉਸਦਾ ਕੁਸ਼ਤੀਆਂ ਦਾ ਦੌਰ ਮੁੜ ਤੋਂ ਸ਼ੁਰੂ ਹੋਇਆ। ਮੁੱਖ ਮੰਤਰੀ ਭੀਮ ਸੈਨ ਸੱਚਰ ਉਸ ਦੀ ਕੁਸ਼ਤੀਆਂ ਤੋਂ ਬਹੁਤ ਪ੍ਰਭਾਵਿਤ ਹੋਇਆ। ਦਾਰੇ ਦੀ ਕੁਸ਼ਤੀ ਦੀ ਦੁਨੀਆਂ ਵਿੱਚ ਫਿਰ ਤੋਂ ਚੜ੍ਹਾਈ ਹੋ ਗਈ। ਜਦ ਸੋਵੀਅਤ ਯੂਨੀਅਨ ਦਾ ਮਾਰਸ਼ਲ ਬੁਲਗਾਨਿਨ ਅਤੇ ਨੀਕੀਤਾ ਖਰੋਸ਼ਚੋਵ ਭਾਰਤ ਦੇ ਦੌਰੇ ਤੇ ਆਏ ਤਾਂ ਜਵਾਹਰਲਾਲ ਨਹਿਰੂ ਜੀ ਨੇ ਉਹਨਾਂ ਨੂੰ ਭਾਰਤ ਦੀਦਾਰ ਕਰਵਾਉਣ ਦਾ ਵਿਸ਼ੇਸ਼ ਪ੍ਰੋਗਰਾਮ ਕੀਤਾ ਜਿਸ ਵਿੱਚ ਪੰਜਾਬ ਦਰਸ਼ਨ ਵਿੱਚ ਦਾਰੇ ਦੀ ਕੁਸ਼ਤੀ ਹਾਂਗਕਾਂਗ ਦੇ ਪ੍ਰਸਿੱਧ ਚੈਂਪੀਅਨ ਹਰਦਿੱਤ ਸਿੰਘ ਨਾਲ ਕਰਵਾਈ ਗਈ। ਜਿਸ ਵਿੱਚ ਦਾਰਾ ਸਿੰਘ ਜੇਤੂ ਰਿਹਾ ਤੇ ਇਸੇ ਪ੍ਰਭਾਵ ਹੇਠ ਸਰਕਾਰ ਨੇ ਉਸ ਨੂੰ ਰਿਹਾ ਕਰਨ ਦਾ ਫੈਸਲਾ ਦਿੱਤਾ। ਜੇਲ ਵਿੱਚੋਂ ਛੁੱਟ ਦਾਰਾ ਪਿੰਡ ਦਲਚੀਪੁਰ ਵਿੱਚ ਖੁਸ਼ੀ ਖੁਸ਼ੀ ਰਹਿਣ ਲੱਗਾ। ਨਾਮ ਹੋਣ ਕਰਕੇ ਹਰ ਇੱਕ ਦਾ ਧਿਆਨ ਦਾਰੇ ਵੱਲ ਰਹਿੰਦਾ। ਲੋਕ ਦੂਰੋਂ ਦੂਰੋਂ ਉਸ ਨੂੰ ਮਿਲਣ ਆਉਂਦੇ। ਇਸ ਸ਼ੋਹਰਤ ਨੇ ਹੌਲੀ ਹੌਲੀ ਉਸ ਦੇ ਚਰਿੱਤਰ ਵਿੱਚ ਨਿਘਾਰ ਲੈ ਆਂਦਾ। ਜਿਸ ਕਾਰਨ ਦਿਨੋ ਦਿਨ ਉਸ ਦਾ ਧਿਆਨ ਕੁਸ਼ਤੀ ਤੋਂ ਹਟ ਤੀਵੀਂ ਬਾਜੀ ਵੱਲ ਚਲਾ ਗਿਆ। ਇਸ ਤੋਂ ਬਾਅਦ ਜਿਵੇਂ ਕੁਸ਼ਤੀ ਦੀ ਦੁਨੀਆ ਵਿੱਚੋਂ ਉਹ ਅਲੋਪ ਹੀ ਹੁੰਦਾ ਗਿਆ।




ਬੜਾ ਕੁਝ ਦੱਸਦਾ ਤੇ ਸਿਖਾਉਂਦਾ ਇਹ ਨਾਵਲ ਵੱਖ ਵੱਖ ਰੋਮਾਂਚਕ ਰੰਗਾਂ ਅਤੇ ਅਰਥਾਂ ਨਾਲ ਭਰਪੂਰ ਹੈ। ਦਾਰੇ ਦੀ ਜ਼ਿੰਦਗੀ ਦੇ ਉਬੜ ਖਾਬੜ ਰਾਹ ਪਾਠਕਾਂ ਨੂੰ ਨਾਵਲ ਦੇ ਨਾਲ ਜੋੜੀ ਰੱਖਣ ਚ ਨਾਟਕੀ ਰੋਲ ਅਦਾ ਕਰਦੇ ਹਨ। ਪ੍ਰਿੰਸੀਪਲ ਬਲਵੰਤ ਸਿੰਘ ਸੱਧੂ ਦੀ ਲੇਖਣੀ, ਘਟਨਾਵਾਂ ਨੂੰ ਪੇਸ਼ ਕਰਨ ਦੀ ਕਲਾਕਾਰੀ, ਭਾਸ਼ਾ ਦੀ ਵਰਤੋਂ ਅਤੇ ਢੁਕਵੀਆਂ ਉਦਾਹਰਨਾਂ ਦੀ ਪੇਸ਼ਕਾਰੀ ਨੇ ਦਾਰੇ ਦੀ ਜ਼ਿੰਦਗੀ ਨੂੰ ਬਹੁਤ ਸੋਹਣੇ ਰੂਪ ਤੇ ਰੰਗ ਵਿੱਚ ਇੱਕ ਨਾਵਲ ਰਾਹੀਂ ਪੇਸ਼ ਕੀਤਾ ਹੈ।

## ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵਲੋਂ ਕਵੀ ਦਰਬਾਰ

# ਪੱਤਰਕਾਰ ਤੇ ਇਤਿਹਾਸਕਾਰ ਜਗਤਾਰ ਸਿੰਘ ਹੋਏ ਰੂ-ਬ-ਰੂ





ਬਰੈਂਪਟਨ, (ਡਾ. ਝੰਡ) : ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਮਹੀਨਾਵਾਰ ਸਮਾਗ਼ਮ ਲੰਘੇ ਐਤਵਾਰ 17 ਅਗਸਤ ਨੂੰ 2250 ਬੋਵੇਰਡ ਡਰਾਈਵ (ਈਸਟ) ਦੇ ਮੀਟਿੰਗ-ਹਾਲ ਵਿੱਚ ਹੋਇਆ। ਸਮਾਗ਼ਮ ਦੇ ਮੁੱਖ-ਮਹਿਮਾਨ ਤੇ ਬੁਲਾਰੇ ਉੱਘੇ ਇਤਿਹਾਸਕਾਰ ਤੇ 'ਇੰਡੀਅਨ ਐੱਕਸਪ੍ਰੈਸ' ਦੇ ਸਾਬਕਾ ਪੱਤਰਕਾਰ ਜਗਤਾਰ ਸਿੰਘ ਸਨ। ਪ੍ਰਧਾਨਗੀ-ਮੰਡਲ ਵਿੱਚ ਉਨ੍ਹਾਂ ਦੇ ਨਾਲ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ, ਚੇਅਰਪਰਸਨ ਅਜਾਇਬ ਸਿੰਘ ਸੰਘਾ, ਸ਼ਮਸ਼ੇਰ ਸਿੰਘ ਅਤੇ ਸੁਰਿੰਦਰਜੀਤ ਕੌਰ ਸੁਸ਼ੋਭਿਤ ਸਨ। ਸਮਾਗ਼ਮ ਦੇ ਆਰੰਭ ਵਿੱਚ ਮਲੂਕ ਸਿੰਘ ਕਾਹਲੋਂ ਨੇ ਸਮਾਗ਼ਮ ਦੇ ਮੁੱਖ-ਮਹਿਮਾਨ, ਸਮੂਹ ਮਹਿਮਾਨਾਂ ਤੇ ਮੈਂਬਰਾਂ ਦਾ ਸੁਆਗ਼ਤ ਕਰਦਿਆਂ ਹੋਇਆਂ ਨਿੱਘੀ 'ਜੀ-ਆਇਆਂ' ਕਹੀ।

ਉਪਰੰਤ, ਮੰਚ-ਸੰਚਾਲਕ ਤਲਵਿੰਦਰ ਮੰਡ ਵੱਲੋਂ ਮੁੱਖ-ਬੁਲਾਰੇ ਜਗਤਾਰ ਸਿੰਘ ਹੁਰਾਂ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੱਤਰਕਾਰੀ ਦੇ ਖ਼ੇਤਰ ਵਿੱਚ ਪੱਤਰਕਾਰਾਂ ਬਹੁਤ ਸਾਰੀਆਂ ਮੁਸ਼ਕਲਾਂ ਨਾਲ ਜੂਝਣਾ ਪੈਂਦਾ ਹੈ, ਖ਼ਾਸ ਤੌਰ ਉਨ੍ਹਾਂ ਨੂੰ ਜੋ ਇਹ ਕਠਨ ਕਾਰਜ ਪੂਰੀ ਇਮਾਨਦਾਰੀ ਤੇ ਦਿਆਨਤਦਾਰੀ ਨਾਲ ਨਿਭਾਉਂਦੇ ਹਨ। ਉਨ੍ਹਾਂ ਦੱਸਿਆ ਕਿ ਸਮੇਂ ਦੀਆਂ ਸਰਕਾਰਾਂ ਵੱਲੋਂ ਮੀਡੀਆ ਦੇ ਵੱਡੇ ਚੈਨਲ ਤੇ ਅਖ਼ਬਾਰੀ ਅਦਾਰੇ 'ਖ਼ਰੀਦ' ਲਏ ਜਾਂਦੇ ਹਨ ਅਤੇ ਉਹ ਫਿਰ ਸਰਕਾਰ ਚਲਾ ਰਹੀ ਪਾਰਟੀ ਦੀਆਂ ਪਾਲਸੀਆਂ ਤੇ ਉਸਦੀ ਵਿਚਾਰਧਾਰਾ ਦੇ ਹੀ ਸੋਹਲੇ ਗਾਉਂਦੇ ਹਨ। ਉਨ੍ਹਾਂ ਕਿਹਾ ਕਿ ਪੱਤਰਕਾਰੀ ਵਿੱਚ ਵੀ ਪੱਤਰਕਾਰਾਂ ਦੇ ਅੱਗੋਂ ਕਈ ਗਰੁੱਪ ਬਣ ਜਾਂਦੇ ਹਨ। ਇੱਕ ਗਰੁੱਪ ਰਾਜਸੱਤਾ 'ਤੇ ਕਾਬਜ਼ ਪਾਰਟੀ ਦੀਆਂ ਪਾਲਸੀਆਂ ਨੂੰ ਅੰਜਾਮ ਦੇਣ ਵਾਲਿਆਂ ਦਾ ਅਤੇ ਦੂਸਰਾ ਨਿਧੜਕ ਤੇ ਨਿਡਰ ਹੋ ਕੇ ਲਿਖਣ ਵਾਲਿਆਂ ਦਾ ਬਣ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਪਿਛਲੀ ਸਦੀ ਦੇ 80'ਵਿਆਂ ਵਿੱਚ ਪੱਤਰਕਾਰਾਂ ਨੂੰ ਅਨੇਕਾਂ ਕਠਨਾਈਆਂ ਦਾ ਸਾਹਮਣਾ ਕਰਨਾ ਪਿਆ। ਇਸ ਦੌਰਾਨ ਉਨ੍ਹਾਂ ਭਾਰਤ ਅਤੇ ਪੰਜਾਬ ਦੇ ਅਜੋਕੇ ਹਾਲਾਤ ਬਾਰੇ ਵੀ ਕੁਝ ਟਿਪਣੀਆਂ ਕੀਤੀਆਂ ਅਤੇ ਪੰਜਾਬ ਦੇ ਇਤਿਹਾਸ ਬਾਰੇ ਲਿਖੀਆਂ ਗਈਆਂ ਆਪਣੀਆਂ ਪੁਸਤਕਾਂ ਬਾਰੇ ਵੀ ਜ਼ਿਕਰ ਕੀਤਾ। ਪ੍ਰਧਾਨਗੀ-ਮੰਡਲ ਵਿੱਚੋਂ ਬਲਰਾਜ ਚੀਮਾ, ਕਰਨ ਅਜਾਇਬ ਸਿੰਘ ਸੰਘਾ ਤੇ ਸੁਰਿੰਦਰਜੀਤ ਕੌਰ ਵੱਲੋਂ ਅਤੇ ਸਰੋਤਿਆਂ ਵਿੱਚੋਂ ਮਲੂਕ ਸਿੰਘ ਕਾਹਲੋਂ, ਡਾ. ਜਗਮੋਹਨ ਸੰਘਾ, ਤਲਵਿੰਦਰ ਮੰਡ, ਸੁਰਜੀਤ ਸਿੰਘ ਵਿਰਕ, ਸੁੱਚਾ ਸਿੰਘ ਮਾਂਗਟ, ਰਾਜਕੁਮਾਰ ਓਸ਼ੋਰਾਜ ਤੇ ਹਰਜੀਤ ਸਿੰਘ ਬਾਜਵਾ ਵੱਲੋਂ ਉਨ੍ਹਾਂ ਨੂੰ ਕਈ ਸੁਆਲ ਪੁੱਛੇ ਗਏ ਜਿਨ੍ਹਾਂ ਦੇ ਜੁਆਬ ਉਨ੍ਹਾਂ ਵੱਲੋਂ ਤਸੱਲੀਪੂਰਵਕ ਦਿੱਤੇ ਗਏ।

ਸਮਾਗਮ ਦੇ ਦੂਸਰੇ ਬੁਲਾਰੇ 'ਪ੍ਰਾਈਮ ਏਸ਼ੀਆ ਟੀ.ਵੀ.' ਦੇ ਹੋਸਟ ਪਰਮਵੀਰ ਬਾਠ ਨੇ ਪੰਜਾਬੀ ਰੇਡੀਓ ਤੇ ਟੀ.ਵੀ. ਚੈਨਲਾਂ ਅਤੇ ਪੰਜਾਬੀ ਸਾਹਿਤਕ ਸੰਸਥਾਵਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਜਿੱਥੇ ਇਹ ਪੰਜਾਬੀ ਸੰਸਕ੍ਰਿਤਕ ਪ੍ਰੰਪਰਾਵਾਂ ਤੇ ਸਮਾਜਿਕ ਕਦਰਾਂ-ਕੀਮਤਾਂ ਨੂੰ ਅੱਗੇ ਤੋਰ ਰਹੇ ਹਨ, ਉੱਥੇ ਕੁਝ ਲੋਕ ਅਜਿਹੇ ਵੀ ਹਨ ਜਿਨ੍ਹਾਂ ਕਰਕੇ ਪੰਜਾਬੀਅਤ ਅਤੇ ਪੰਜਾਬੀ ਭਾਸ਼ਾ ਦਾ ਨਿਰਾਦਰ ਹੋ ਰਿਹਾ ਹੈ। ਸਭਾ ਦੇ ਮੈਂਬਰਾਂ ਤੇ ਸਰੋਤਿਆਂ ਨੂੰ ਅਜਿਹੇ ਸਮਾਗ਼ਮਾਂ ਵਿੱਚ ਮਿਲ ਬੈਠ ਕੇ ਵਿਚਾਰ-ਚਰਚਾ ਕਰਨ ਲਈ ਮੁਬਾਰਕਬਾਦ ਦਿੰਦਿਆਂ ਹੋਇਆਂ ਉਨ੍ਹਾਂ ਕਿਹਾ ਕਿ ਤੁਸੀ ਸਾਰੇ ਕਰਮਾਂ-ਭਾਗਾਂ ਵਾਲੇ ਹੋ ਜੋ ਇਸ ਤਰ੍ਹਾਂ ਦੇ ਸਾਹਿਤਕ ਸਮਾਗ਼ਮਾਂ ਵਿੱਚ ਆਉਣ ਲਈ ਸਮਾਂ ਕੱਢਦੇ ਹੋ। ਇੱਥੋਂ ਬੜਾ ਕੁਝ ਸਿੱਖਣ ਲਈ ਮਿਲਦਾ ਹੈ।

ਇਸ ਦੌਰਾਨ ਸਮਾਗ਼ਮ ਨੂੰ ਕੰਪਿਊਟਰ ਮਾਹਿਰ ਕ੍ਰਿਪਾਲ ਸਿੰਘ ਪੰਨੂੰ ਅਤੇ ਇੰਜੀ. ਈਸ਼ਰ ਸਿੰਘ ਨੇ ਵੀ ਸੰਬੋਧਨ ਕੀਤਾ। ਪ੍ਰਧਾਨਗੀ-ਮੰਡਲ ਵਿੱਚੋਂ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਇਸ ਸੈਸ਼ਨ ਦੀ ਕਾਰਵਾਈ ਨੂੰ ਬੜੇ ਸਾਰਥਿਕ ਸ਼ਬਦਾਂ ਵਿੱਚ ਸਮੇਟਿਆ ਗਿਆ ਅਤੇ ਬਲਰਾਜ ਚੀਮਾ ਵੱਲੋਂ ਸਮੂਹ ਬੁਲਾਰਿਆਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਮੁੱਖ-ਮਹਿਮਾਨ ਜਗਤਾਰ ਸਿੰਘ ਤੇ ਉਨ੍ਹਾਂ ਦੀ ਸੁਪਤਨੀ ਨੂੰ ਸਭਾ ਵੱਲੋਂ ਸਰਟੀਫ਼ਿਕੇਟ, ਦਸਤਾਰ ਅਤੇ ਸ਼ਾਨਦਾਰ ਸ਼ਾਲ ਨਾਲ ਸਨਮਾਨਿਤ ਕੀਤਾ ਗਿਆ।

ਸਮਾਗ਼ਮ ਦੇ ਦੂਸਰੇ ਭਾਗ ਵਿੱਚ ਕਵੀ-ਦਰਬਾਰ ਦਾ ਸੰਚਾਲਨ ਡਾ. ਜਗਮੋਹਨ ਸੰਘਾ ਵੱਲੋਂ ਕੀਤਾ ਗਿਆ। ਇਸ ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿੱਚ ਪ੍ਰੋ. ਆਸ਼ਿਕ ਰਹੀਲ, ਇਕਬਾਲ ਬਰਾੜ, ਪ੍ਰਿੰ. ਗਿਆਨ ਸਿੰਘ ਘਈ, ਹਰਜੀਤ ਸਿੰਘ ਬਾਜਵਾ ਅਤੇ ਸੁਖਚਰਨਜੀਤ ਕੌਰ ਗਿੱਲ ਸਨ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰੋੜ੍ਹ-ਕਵੀ ਪ੍ਰੀਤਮ ਧੰਜਲ ਦੀ ਸੰਜੀਦਾ ਕਵਿਤਾ ਨਾਲ ਕੀਤੀ ਗਈ। ਉਪਰੰਤ, ਵਾਰੋ-ਵਾਰੀ ਜੱਸੀ ਭੁੱਲਰ, ਰਾਜਕੁਮਾਰ ਓਸ਼ੋਰਾਜ, ਹਰਮੇਸ਼ ਜੀਂਦੋਵਾਲ, ਮਕਸੂਦ ਚੌਧਰੀ, ਅਮਰ ਸਿੰਘ ਪੰਛੀ, ਕਰਨ ਅਜਾਇਬ ਸੰਘਾ, ਤਲਵਿੰਦਰ ਮੰਡ, ਪਰਮਜੀਤ ਢਿੱਲੋਂ, ਇਕਬਾਲ ਬਰਾੜ, ਸੁਰਜੀਤ ਕੌਰ, ਹਰਜੀਤ ਬੰਮਰਾ, ਬਲਬੀਰ ਰਾਇਕੋਟੀ, ਪ੍ਰੋ. ਆਸ਼ਿਕ ਰਹੀਲ, ਅਜੀਤ ਸਿੰਘ ਲਾਇਲ, ਹਰਜੀਤ ਸਿੰਘ ਬਾਜਵਾ, ਪਿਆਰਾ ਸਿੰਘ ਕੁੱਦੋਵਾਲ, ਹਰਦਿਆਲ ਝੀਤਾ, ਮਲੂਕ ਸਿੰਘ ਕਾਹਲੋਂ, ਸਤਪਾਲ ਸਿੰਘ ਕੋਮਲ, ਜਗਮੋਹਨ ਸੰਘਾ ਤੇ ਹੋਰ ਕਈਆਂ ਵੱਲੋਂ ਆਪਣੀਆਂ ਕਵਿਤਾਵਾਂ ਤੇ ਗੀਤ ਪੇਸ਼ ਕੀਤੇ ਗਏ।

ਸਮਾਗਮ ਦੇ ਅਖ਼ੀਰ ਵੱਲ ਵੱਧਦਿਆਂ ਸੁਖਚਰਨਜੀਤ ਕੌਰ ਗਿੱਲ ਵੱਲੋਂ ਸਮਾਗ਼ਮ ਦੇ ਸਮੂਹ ਬੁਲਾਰਿਆਂ। ਕਵੀਆਂ-ਕਵਿੱਤਰੀਆਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਸਮਾਗ਼ਮ ਵਿੱਚ ਪ੍ਰੋ. ਸਿਕੰਦਰ ਸਿੰਘ ਗਿੱਲ, ਰਮਿੰਦਰ ਵਾਲੀਆ, ਰਿੰਟੂ ਭਾਟੀਆ, ਹਰਭਿੰਦਰ ਕੌਰ, ਮਿਸਿਜ਼ ਘਈ, ਮਿਸਿਜ਼ ਸ਼ਮਸ਼ੇਰ ਸਿੰਘ ਸਮੇਤ ਕਈ ਹੋਰ ਹਾਜ਼ਰ ਸਨ।

# ਆਦਿਵਾਸੀ ਲੋਕਾਂ ਦੇ ਕਤਲੇਆਮ ਵਿਰੁੱਧ ਸਾਂਝੀ ਰੈਲੀ ਤੇ ਮੁਜ਼ਾਹਰਾ

## ਮੋਗਾ ਦੀ ਧਰਤੀ 'ਤੇ ਗੂੰਜੇ ਆਪਣੇ ਹੀ ਲੋਕਾਂ ਵਿਰੁੱਧ ਜੰਗ ਬੰਦ ਕਰਨ ਦੇ ਨਾਅਰੇ





ਮੋਗਾ, (ਬਲਜਿੰਦਰ ਸਿੰਘ ਪਟਿਆਲਾ) : ਇੱਥੇ ਪੰਜਾਬ ਦੀਆਂ ਦਰਜਨਾਂ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਆਦਿਵਾਸੀਆਂ ਤੇ ਉਨ੍ਹਾਂ ਦੇ ਹਿਤਾਂ ਲਈ ਸੰਘਰਸ਼ ਕਰ ਰਹੇ ਅੰਦੋਲਨਾਂ ਦੇ ਕਰੂਰ ਕਤਲੇਆਮ ਵਿਰੁੱਧ ਰੋਹ ਭਰਪੂਰ ਰੈਲੀ ਅਤੇ ਮੁਜ਼ਾਹਰਾ ਕਰਕੇ ਮੰਗ ਕੀਤੀ ਗਈ ਕਿ ਆਦਿਵਾਸੀ ਖੇਤਰਾਂ 'ਚ 'ਅਪਰੇਸ਼ਨ ਕਗਾਰ' ਸਮੇਤ ਹਰ ਤਰ੍ਹਾਂ ਦੇ ਫ਼ੌਜੀ ਅਪਰੇਸ਼ਨ ਬੰਦ ਕੀਤੇ ਜਾਣ, ਝੂਠੇ ਪੁਲਿਸ ਮੁਕਾਬਲਿਆਂ ਸਮੇਤ ਹਰ ਤਰ੍ਹਾਂ ਦੇ ਜਬਰ-ਜ਼ੁਲਮ ਫੌਰੀ ਰੋਕੇ ਜਾਣ, ਉੱਥੋਂ ਸਾਰੇ ਪੁਲਿਸ ਕੈਂਪ ਹਟਾਏ ਜਾਣ ਅਤੇ ਪੁਲਿਸ ਤੇ ਅਰਧ ਸੈਨਿਕ ਬਲ ਵਾਪਸ ਬੁਲਾਏ ਜਾਣ, ਜਲ-ਜੰਗਲ-ਜ਼ਮੀਨ ਤੇ ਖਨਿਜ ਭੰਡਾਰ ਕਾਰਪੋਰੇਟਾਂ ਨੂੰ ਲੁਟਾਉਣੇ ਬੰਦ ਕੀਤੇ ਜਾਣ ਅਤੇ ਲੋਕ ਵਿਰੋਧੀ ਆਰਥਕ ਮਾਡਲ ਰੱਦ ਕੀਤਾ ਜਾਵੇ, ਆਦਿਵਾਸੀਆਂ ਦੇ ਟਾਕਰੇ ਖ਼ਿਲਾਫ਼ ਡਰੋਨਾਂ ਤੇ ਹੈਲੀਕਾਪਟਰਾਂ ਰਾਹੀਂ ਬੰਬਾਰੀ ਬੰਦ ਕੀਤੀ, ਯੂਏਪੀਏ, ਅਫਸਪਾ ਸਮੇਤ ਸਾਰੇ ਕਾਲੇ ਕਾਨੂੰਨ ਰੱਦ ਕੀਤੇ, ਕੌਮੀ ਜਾਂਚ ਏਜੰਸੀ ਭੰਗ ਕੀਤੀ ਜਾਵੇ, ਗ੍ਰਿਫ਼ਤਾਰ ਕੀਤੇ ਗਏ ਜਮਹੂਰੀ ਹੱਕਾਂ ਦੇ ਕਾਰਕੁਨ ਰਿਹਾ ਕੀਤੇ ਜਾਣ, ਲੋਕ ਜਥੇਬੰਦੀਆਂ ਅਤੇ ਸੰਘਰਸ਼ਾਂ 'ਤੇ ਲਾਈਆਂ ਪਬੰਦੀਆਂ ਖਤਮ ਕੀਤੀਆਂ ਜਾਣ ਅਤੇ ਸੰਘਰਸ਼ ਕਰਨ ਦੇ ਜਮਹੂਰੀ ਹੱਕ ਬਹਾਲ ਕੀਤੇ ਜਾਣ।

ਇਸ ਤੋਂ ਪਹਿਲਾਂ ਦਾਣਾ ਮੰਡੀ ਵਿਚ ਰੈਲੀ ਵਿਚ ਜੁੜੇ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, ਵਿਦਿਆਰਥੀਆਂ, ਔਰਤਾਂ, ਤਰਕਸ਼ੀਲਾਂ, ਜਮਹੂਰੀ ਹੱਕਾਂ ਦੇ ਝੰਡਾਬਰਦਾਰਾਂ, ਲੋਕਪੱਖੀ ਲੇਖਕਾਂ, ਸਾਹਿਤਕਾਰਾਂ, ਕਲਾਕਾਰ-ਰੰਗਕਰਮੀਆਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਬੀ ਕੇ ਯੂ ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਪੰਜਾਬ ਖੇਤ ਮਜਦੂਰ ਯੂਨੀਅਨ ਦੇ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਅਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੇ ਕਨਵੀਨਰ ਡਾ. ਪਰਮਿੰਦਰ, ਤਰਕਸ਼ੀਲ ਸੋਸਾਇਟੀ ਪੰਜਾਬ ਦੇ ਸੂਬਾ ਪ੍ਰਧਾਨ ਰਾਜਿੰਦਰ ਭਦੌੜ, ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ, ਪੇਂਡੂ ਮਜਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਕਾਰਖਾਨਾ ਮਜਦੂਰ ਯੂਨੀਅਨ ਦੇ ਪ੍ਰਧਾਨ ਲਖਵਿੰਦਰ ਸਿੰਘ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰਿਤਪਾਲ ਸਿੰਘ, ਪੀ.ਐਸ.ਯੂ ਦੇ ਸੂਬਾ ਪ੍ਰਧਾਨ ਰਣਬੀਰ ਸਿੰਘ ਰੰਧਾਵਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਪ੍ਰੈਸ ਸਕੱਤਰ ਅਵਤਾਰ ਸਿੰਘ ਮਹਿਮਾ, ਪੀ.ਐਸ.ਯੂ (ਸ਼ਹੀਦ ਰੰਧਾਵਾ) ਦੇ ਆਗੂ ਹੁਸ਼ਿਆਰ ਸਿੰਘ, ਬੀਕੇਯੂ (ਕ੍ਰਾਂਤੀਕਾਰੀ) ਦੇ ਸੂਬਾ ਪ੍ਰਧਾਨ ਬਲਦੇਵ ਸਿੰਘ ਜ਼ੀਰਾ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਦਿਲਬਾਗ ਸਿੰਘ ਜੀਰਾ, ਸਾਬਕਾ ਸੈਨਿਕ ਕ੍ਰਾਂਤੀਕਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਬਲਕਰਨ ਸਿੰਘ ਨੇ ਕਿਹਾ ਕਿ ਭਾਰਤੀ ਹੁਕਮਰਾਨਾਂ ਵੱਲੋਂ ਬਸਤਰ ਅਤੇ ਹੋਰ ਆਦਿਵਾਸੀ ਖੇਤਰਾਂ ਵਿਚ ਲੱਖਾਂ ਦੀ ਗਿਣਤੀ 'ਚ ਅਰਧ-ਸੈਨਿਕ ਤਾਕਤਾਂ ਝੋਕਕੇ ਚਲਾਏ ਜਾ ਰਹੇ ਖ਼ੂਨੀ ਅਪਰੇਸ਼ਨਾਂ ਦਾ ਇੱਕੋਇਕ ਮਨੋਰਥ ਦੇਸ਼ ਦੇ ਜਲ-ਜੰਗਲ-ਜ਼ਮੀਨਾਂ ਤੇ ਖਨਿਜ ਭੰਡਾਰ ਵਿਦੇਸ਼ੀ ਤੇ ਦੇਸੀ ਇਜਾਰੇਦਾਰ ਸਰਮਾਏਦਾਰਾਂ ਨੂੰ ਲੁਟਾਉਣਾ ਹੈ। ਸਾਰੇ ਜਮਹੂਰੀ ਤੇ ਮਨੁੱਖੀ ਤਕਾਜ਼ਿਆਂ ਨੂੰ ਤਿਆਗਕੇ ਡਰੋਨਾਂ, ਹੈਲੀਕਾਪਟਰਾਂ ਰਾਹੀਂ ਬੰਬਾਰੀ ਤੋਂ ਸਪਸ਼ਟ ਹੈ ਕਿ ਆਦਿਵਾਸੀ ਲੋਕਾਂ ਤੇ ਹੋਰ ਸੰਘਰਸ਼ਸ਼ੀਲ ਤਾਕਤਾਂ ਦਾ ਬਦਰੇਗ ਕਤਲੇਆਮ ਕਰਕੇ ਮੋਦੀ ਸਰਕਾਰ ਇਹ ਜੰਗਲ ਖਾਲੀ ਕਰਾ ਕੇ ਅਜਾਰੇਦਾਰ ਸਰਮਾਏਦਾਰਾਂ ਦੇ ਧਾੜਵੀ ਖਣਨ ਪ੍ਰੋਜੈਕਟਾਂ ਦੇ ਹਵਾਲੇ ਕਰਨ 'ਤੇ ਤੁਲੀ ਹੋਈ ਹੈ। ਇਸੇ ਦੇ ਹਿੱਸੇ ਵਜੋਂ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਅਤੇ ਜਾਬਰ ਹੱਲੇ ਦਾ ਵਾਜਬ ਵਿਰੋਧ ਕਰਨ ਵਾਲੇ ਲੋਕਪੱਖੀ ਲੇਖਕਾਂ, ਵਿਦਵਾਨਾਂ ਅਤੇ ਜਮਹੂਰੀ ਤੇ ਮਨੁੱਖੀ ਹੱਕਾਂ ਦੇ ਕਾਰਕੁਨਾਂ ਨੂੰ ਝੂਠੇ ਕੇਸਾਂ ਵਿਚ ਫਸਾਕੇ ਜੇਲ੍ਹਾਂ ਵਿਚ ਸਾੜਿਆ ਜਾ ਰਿਹਾ ਹੈ ਅਤੇ ਆਦਿਵਾਸੀਆਂ ਤੇ ਮਾਓਵਾਦੀਆਂ ਨੂੰ ਮੁਕਾਬਲਿਆਂ ਵਿਚ ਮਾਰਿਆ ਜਾ ਰਿਹਾ ਹੈ। ਵੱਡੇ ਕਾਰਪੋਰੇਟਾਂ ਦੀ ਲਾਲਚੀ ਅੱਖ ਪੂਰੇ ਦੇਸ਼ ਦੇ ਖੇਤੀ ਅਤੇ ਖਣਿਜ ਭੰਡਾਰਾਂ ਉੱਪਰ ਹੈ ਅਤੇ ਜੇਕਰ ਭਾਰਤ ਦੇ ਮਿਹਨਤਕਸ਼ ਲੋਕ ਜਾਗਰੂਕ ਹੋ ਕੇ ਇਸ ਹਮਲੇ ਨੂੰ ਠੱਲ ਨਹੀਂ ਪਾਉਂਦੇ ਤਾਂ ਦੇਰ-ਸਵੇਰ ਸਾਰੇ ਸੂਬਿਆਂ ਦੇ ਲੋਕ ਇਸ ਖ਼ੂਨੀ ਹਮਲੇ ਦਾ ਨਿਸ਼ਾਨਾ ਬਣਨਗੇ। ਆਦਿਵਾਸੀ ਖੇਤਰਾਂ ਵਿਚ ਫਾਸ਼ੀ ਕਹਿਰ ਢਾਹੁਣ ਦਾ ਇਹ ਸਿਲਸਿਲਾ ਪੰਜਾਬ ਅੰਦਰ ਵੀ ਇਸੇ ਕਾਰਪੋਰੇਟ ਜਗਤ ਦੀ ਸੇਵਾ ਲਈ ਸੰਘਰਸ਼ਸ਼ੀਲ ਤਾਕਤਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ ਅਤੇ ਇੱਥੇ ਵੀ ਲੋਕ ਸੰਘਰਸ਼ਾਂ ਦੇ ਅੱਗੇ ਵਧਣ ਨਾਲ ਜਮਹੂਰੀ ਹੱਕਾਂ ਦੇ ਘਾਣ ਅਤੇ ਹਕੂਮਤੀ ਪਾਬੰਦੀਆਂ ਨੇ ਹੋਰ ਤਿੱਖੇ ਜਬਰ ਦਾ ਰੂਪ ਧਾਰਨ ਕਰਨਾ ਹੈ। ਇਸ ਲਈ ਸੰਸਾਰ ਕਾਰਪੋਰੇਟ ਜਗਤ ਦੇ ਹਿਤਾਂ ਲਈ ਬੋਲੇ ਇਸ ਹੱਲੇ ਵਿਰੁੱਧ ਸਾਂਝੀ ਲੜਾਈ ਲੜਨ ਦੀ ਲੋੜ ਹੈ ਅਤੇ ਇਹ ਸਾਂਝੀ ਰੈਲੀ ਇਸ ਦਿਸ਼ਾ 'ਚ ਇਕ ਇਤਿਹਾਸਕ ਹੰਭਲਾ ਹੈ। ਰੈਲੀ ਵਿਚ ਦਲਿਤ ਤੇ ਮਜ਼ਦੂਰ ਮੁਕਤੀ ਮੋਰਚਾ, ਆਟੋ ਰਿਕਸ਼ਾ ਯੂਨੀਅਨ ਮੋਗਾ ਅਤੇ ਹੋਰ ਜਥੇਬੰਦੀਆਂ ਦੇ ਸਾਥੀ ਵੀ ਕਾਫਲੇ ਦੇ ਰੂਪ 'ਚ ਸ਼ਾਮਿਲ ਹੋਏ।

ਇਕੱਠ ਵਿਚ ਲੇਖਕ, ਅਨੁਵਾਦਕ ਅਤੇ ਜਮਹੂਰੀ ਕਾਰਕੁਨ ਬੂਟਾ ਸਿੰਘ ਮਹਿਮੂਦਪੁਰ ਵੱਲੋਂ ਮਤੇ ਪੇਸ਼ ਕੀਤੇ ਜਿਨ੍ਹਾਂ ਨੂੰ ਹੱਥ ਖੜ੍ਹੇ ਕਰ ਕੇ ਪ੍ਰਵਾਨਗੀ ਦਿੱਤੀ ਗਈ। ਮਤਿਆਂ ਵਿਚ ਮੰਗ ਕੀਤੀ ਗਈ ਕਿ ਆਦਿਵਾਸੀ ਇਲਾਕਿਆਂ ਵਿਚ ਓਪਰੇਸ਼ਨ ਕਗਾਰ ਅਤੇ ਹੋਰ ਨੀਮ-ਫ਼ੌਜੀ ਅਪਰੇਸ਼ਨ ਬੰਦ ਕੀਤੇ ਜਾਣ, ਆਦਿਵਾਸੀਆਂ ਅਤੇ ਮਾਓਵਾਦੀਆਂ ਦਾ ਕਤਲੇਆਮ ਬੰਦ ਕੀਤਾ ਜਾਵੇ ਅਤੇ ਲੋਕ ਵਿਰੋਧੀ ਆਰਥਕ ਨੀਤੀਆਂ ਰੱਦ ਕੀਤੀਆਂ ਜਾਨ। ਇਕ ਵਿਸ਼ੇਸ਼ ਮਤੇ ਦੁਆਰਾ ਗਾਜ਼ਾ ਵਿਚ ਫ਼ਲਸਤੀਨੀ ਲੋਕਾਂ ਦਾ ਕਤਲੇਆਮ ਬੰਦ ਕਰਨ ਦੀ ਮੰਗ ਕੀਤੀ ਗਈ ਅਤੇ ਫ਼ਲਸਤੀਨੀ ਲੋਕਾਂ ਦੇ ਮੁਕਤੀ ਸੰਘਰਸ਼ ਨਾਲ ਇਕਮੁੱਠਤਾ ਪ੍ਰਗਟਾਈ ਗਈ। ਸਮਾਗਮ ਵਿਚ ਉੱਘੇ ਨਾਟਕਕਾਰ ਗੁਰਸ਼ਰਨ ਸਿੰਘ ਦੀ ਬੇਟੀ ਅਤੇ ਜਾਣੀ ਪਹਿਚਾਣੀ ਜਮਹੂਰੀ ਕਾਰਕੁੰਨ ਡਾ. ਨਵਸ਼ਰਨ ਵੱਲੋਂ ਰੈਲੀ ਨਾਲ ਇਕਮੁੱਠਤਾ ਦਾ ਸੰਦੇਸ਼ ਪੜ੍ਹਿਆ ਗਿਆ। ਡਾ. ਨਵਸ਼ਰਨ ਨੇ ਆਪਣੇ ਸੰਦੇਸ਼ ਵਿਚ ਕਿਹਾ ਕਿ ਸਤੰਬਰ ਵਿਚ ਅੰਮ੍ਰਿਤਸਰ ਵਿਖੇ ਗੁਰਸ਼ਰਨ ਸਿੰਘ ਜੀ ਦਾ ਮਨਾਇਆ ਜਾ ਰਿਹਾ ਜਨਮ ਦਿਹਾੜਾ ਆਦਿਵਾਸੀ ਸੰਘਰਸ਼ ਨੂੰ ਸਮਰਪਿਤ ਕਰਨ ਦੀ ਜਾਣਕਾਰੀ ਦਾ ਸੁਨੇਹਾ ਸਾਂਝਾ ਕਰਦੇ ਹੋਏ ਉਹਨਾਂ ਵੱਲੋਂ ਸਭ ਨੂੰ ਸਮਾਗਮ ਵਿੱਚ ਸ਼ਾਮਲ ਹੋਣ ਦਾ ਸੱਦਾ ਸਾਂਝਾ ਕੀਤਾ ਗਿਆ। ਪਲਸ ਮੰਚ ਦੇ ਜਗਸੀਰ ਜੀਦਾ ਸਮੇਤ ਕਿੰਨੇ ਹੀ ਗਾਇਕਾਂ ਵੱਲੋਂ ਗੀਤ ਪੇਸ਼ ਕੀਤੇ ਗਏ। ਸਮੁੱਚੇ ਸਮਾਗਮ ਦਾ ਮੰਚ ਸੰਚਾਲਨ ਜਗਤਾਰ ਕਾਲਾਝਾੜ ਨੇ ਕੀਤਾ।

# ਫੜਨਵੀਸ ਦਾ 'ਪਿਆਰਾ ਜ਼ਿਲ੍ਹਾ' ਗੜ੍ਹਚਿਰੌਲੀ: ਸੁੰਗੜਦਾ ਮਾਓਵਾਦ, ਵਧਦੀ ਮਾਈਨਿੰਗ

*[ਪਿਛਲੇ ਕੁਝ ਸਮੇਂ ਤੋਂ ਭਾਰਤੀ ਰਾਜ ਵੱਲੋਂ ਚਲਾਏ ਨੀਮ-ਫ਼ੌਜੀ ਓਪਰੇਸ਼ਨਾਂ ਦੇ ਦਬਾਅ ਹੇਠ ਮਹਾਰਾਸ਼ਟਰ ਦੇ ਗੜ੍ਹਚਿਰੌਲੀ ਜ਼ਿਲ੍ਹੇ ਵਿਚ ਮਾਓਵਾਦੀ ਪਿੱਛੇ ਹਟਦੇ ਗਏ, ਉਨ੍ਹਾਂ ਦੀ ਥਾਂ ਮਾਈਨਿੰਗ ਕੰਪਨੀਆਂ ਆਉਂਦੀਆਂ ਗਈਆਂ। ਇਹ ਸਾਰਾ ਕਾਰੋਬਾਰ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਦੇਖ-ਰੇਖ ਹੇਠ ਹੋ ਰਿਹਾ ਹੈ, ਜਿਸ ਨੇ ਆਪਣੇ ਆਪ ਨੂੰ ਇਸ ਜ਼ਿਲ੍ਹੇ ਦਾ ਸਰਪ੍ਰਸਤ ਮੰਤਰੀ ਥਾਪ ਲਿਆ ਹੈ। ਸਵਾਲ ਇਹ ਹੈ ਕਿ ਆਦਿਵਾਸੀਆਂ ਦੇ ਇਸ ਜੰਗਲ ਉੱਪਰ ਮਾਈਨਿੰਗ ਦਾ ਕੀ ਅਸਰ ਪਵੇਗਾ? ਇਨ੍ਹਾਂ ਪੱਖਾਂ ਦੀ ਪੜਤਾਲ ਦੀ ਵਾਇਰ ਦੀ ਰਿਪੋਰਟਰ ਸੰਤੋਸ਼ੀ ਮਰਕਾਮ ਨੇ ਇਸ ਲੰਮੀ ਰਿਪੋਰਟ ਵਿਚ ਕੀਤੀ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਹ ਰਿਪੋਰਟ ਪਾਠਕਾਂ ਨਾਲ ਸਾਂਝੀ ਕੀਤੀ ਜਾ ਰਹੀ ਹੈ ਜਿਸਦਾ ਉਚੇਚੇ ਤੌਰ 'ਤੇ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। -ਸੰਪਾਦਕ]*

**ਸੰਤੋਸ਼ੀ ਮਰਕਾਮ**
**ਅਨੁ: ਬੂਟਾ ਸਿੰਘ ਮਹਿਮੂਦਪੁਰ**



7 ਜੂਨ ਨੂੰ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਇਕ ਅੰਗਰੇਜ਼ੀ ਅਖ਼ਬਾਰ ਵਿਚ ਲੇਖ ਲਿਖ ਕੇ ਕਾਂਗਰਸ ਦੇ ਆਗੂ ਰਾਹੁਲ ਗਾਂਧੀ ਦੇ ਇਸ ਦਾਅਵੇ ਨੂੰ ਚੁਣੌਤੀ ਦਿੱਤੀ ਕਿ ਰਾਜ ਵਿਧਾਨ ਸਭਾ ਚੋਣਾਂ ਵਿਚ ਧਾਂਦਲੀ ਹੋਈ ਹੈ।

ਦਿਲਚਸਪ ਗੱਲ ਇਹ ਹੈ ਕਿ ਇਸ ਲੇਖ ਦੇ ਮੁੱਢਲੇ ਵਾਕ ਬਿਲਕੁਲ ਵੱਖਰੇ ਵਿਸ਼ੇ 'ਤੇ ਕੇਂਦ੍ਰਿਤ ਸਨ। ਫੜਨਵੀਸ ਨੇ ਲਿਖਿਆ ਕਿ 6 ਜੂਨ ਨੂੰ ਉਹ ਗੜ੍ਹਚਿਰੌਲੀ ਜ਼ਿਲ੍ਹੇ ਦੇ ਦੌਰੇ 'ਤੇ ਸੀ ਅਤੇ ਉਹ ਅਬੂਝਮਾੜ ਦੇ ਸੰਘਣੇ ਜੰਗਲਾਂ ਵਿਚ ਜਾਣ ਵਾਲਾ ਪਹਿਲਾ ਮੁੱਖ ਮੰਤਰੀ ਸੀ। 'ਮੈਂ ਰਾਤ ਗੜ੍ਹਚਿਰੌਲੀ ਵਿਚ ਗੁਜ਼ਾਰੀ ਸੀ। ਮੈਂ ਅੱਜ ਤੱਕ ਉੱਥੇ ਘੱਟੋ-ਘੱਟ ਚਾਰ ਰਾਤਾਂ ਰਹਿ ਚੁੱਕਾ ਹਾਂ।'

ਇਹ ਹੈਰਾਨੀ ਦੀ ਗੱਲ ਲੱਗ ਸਕਦੀ ਹੈ ਕਿ ਰਾਹੁਲ ਗਾਂਧੀ ਨੂੰ ਜਵਾਬ ਦਿੰਦਾ, ਚੋਣ ਪ੍ਰਕਿਰਿਆ 'ਤੇ ਕੇਂਦ੍ਰਿਤ ਇਹ ਲੇਖ ਗੜ੍ਹਚਿਰੌਲੀ ਤੋਂ ਕਿਉਂ ਸ਼ੁਰੂ ਕੀਤਾ ਗਿਆ ਸੀ। ਇਹ ਕੋਈ ਸੰਯੋਗ ਨਹੀਂ ਸੀ। ਮੁੱਖ ਮੰਤਰੀ ਫੜਨਵੀਸ ਦਾ ਇਸ ਜ਼ਿਲ੍ਹੇ ਨਾਲ ਖ਼ਾਸ ਲਗਾਓ ਰਿਹਾ ਹੈ।

ਅਕਸਰ ਪੁੱਛਿਆ ਜਾਂਦਾ ਹੈ ਕਿ ਜਦੋਂ ਦੰਡਕਾਰਣੀਆ (ਛੱਤੀਸਗੜ੍ਹ ਦੇ ਦੰਡਕ ਜੰਗਲਾਂ) ਤੋਂ ਨਕਸਲੀਆਂ ਨੂੰ ਮਿਟਾ ਦਿੱਤਾ ਜਾਵੇਗਾ, ਤਾਂ ਇਸ ਬੀਹੜ ਜੰਗਲ ਦੀ ਕੀ ਤਸਵੀਰ ਬਣੇਗੀ? ਇਸ ਦਾ ਜਵਾਬ ਮਾਓਵਾਦ ਪ੍ਰਭਾਵਿਤ ਗੜ੍ਹਚਿਰੌਲੀ ਜ਼ਿਲ੍ਹੇ ਵਿਚ ਦੇਖਿਆ ਜਾ ਸਕਦਾ ਹੈ।

ਪਿਛਲੇ ਕੁਝ ਸਾਲਾਂ ਤੋਂ ਜਿਓਂ-ਜਿਓਂ ਇਸ ਜ਼ਿਲ੍ਹੇ ਵਿਚ ਮਾਓਵਾਦੀ ਲਹਿਰ ਕਮਜ਼ੋਰ ਹੋਕੇ ਸੁੰਗੜਦੀ ਗਈ ਹੈ, ਮਹਾਰਾਸ਼ਟਰ ਸਰਕਾਰ ਨੇ ਖਾਣਾਂ ਅਤੇ ਉਦਯੋਗਾਂ ਨੂੰ ਵਧਾਉਣ-ਫੈਲਾਉਣ ਦੇ ਅਮਲ ਤੇਜ਼ ਕਰ ਦਿੱਤੇ ਹਨ।

ਪਿਛਲੇ ਦਿਨੀਂ ਇਕ ਅਖ਼ਬਾਰ ਵਿਚ ਦੋ ਖ਼ਬਰਾਂ ਇਕੱਠੀਆਂ ਛਪੀਆਂ ਸਨ। ਇਕ ਖ਼ਬਰ ਮਾਓਵਾਦੀਆਂ ਦੇ ਵੱਡੇ ਆਗੂ (ਜਨਰਲ ਸਕੱਤਰ ਨੰਬਾਲਾ ਕੇਸ਼ਵ ਰਾਓ) ਦੇ ਮੁਕਾਬਲੇ 'ਚ ਮਾਰੇ ਜਾਣ ਦੀ ਸੀ। ਦੂਜੀ, ਮਹਾਰਾਸ਼ਟਰ ਦੇ ਮਾਓਵਾਦ ਪ੍ਰਭਾਵਿਤ ਗੜ੍ਹਚਿਰੌਲੀ ਜ਼ਿਲ੍ਹੇ ਵਿਚ ਕੱਚੇ ਲੋਹੇ ਤੋਂ ਉਦਯੋਗੀ ਲੋਹਾ ਬਣਾਉਣ ਲਈ ਜੰਗਲਾਤ ਵੱਲੋਂ ਮਨਜ਼ੂਰੀ ਦਿੱਤੇ ਜਾਣ ਦੀ ਸੀ, ਜਿਸ ਵਿਚ ਇਕ ਲੱਖ 23 ਹਜ਼ਾਰ ਦਰੱਖ਼ਤ ਕੱਟਣ ਦੀ ਯੋਜਨਾ ਸੀ।

ਇਹ ਮਨਜ਼ੂਰੀ ਲੌਇਡਜ਼ ਸਟੀਲ ਨੂੰ ਮਿਲੀ ਸੀ, ਜਿਸ ਨੂੰ ਪਿਛਲੇ ਸਾਲਾਂ ਵਿਚ ਇਸ ਜੰਗਲ ਉੱਪਰ ਮਾਈਨਿੰਗ ਸ਼ੁਰੂ ਕਰਨ ਦੇ ਬੇਹਿਸਾਬ ਅਧਿਕਾਰ ਮਿਲਦੇ ਗਏ ਹਨ।

22 ਮਈ ਨੂੰ ਵਾਤਾਵਰਣ ਮੰਤਰਾਲੇ ਨੇ ਲੌਇਡਜ਼ ਮੈਟਲਜ਼ ਐਂਡ ਐਨਰਜੀ ਵੱਲੋਂ ਕੱਚੀਆਂ ਧਾਤਾਂ ਨੂੰ ਧੋ ਕੇ ਸ਼ੁੱਧ ਕਰਨ ਲਈ ਲਗਾਏ ਜਾਣ ਵਾਲੇ ਪਲਾਂਟ ਲਈ 900 ਹੈਕਟੇਅਰ ਤੋਂ ਵੱਧ ਜੰਗਲ ਸਾਫ਼ ਕਰਨ ਅਤੇ 1,23,000 ਤੋਂ ਵੱਧ ਦਰੱਖ਼ਤਾਂ ਨੂੰ ਕੱਟਣ ਲਈ ਹਰੀ ਝੰਡੀ ਦੇ ਦਿੱਤੀ ਸੀ।

ਜਿਸ ਦਿਨ 7 ਜੂਨ ਨੂੰ ਫੜਨਵੀਸ ਦਾ ਉਹ ਲੇਖ ਛਪਿਆ, ਕੇਂਦਰੀ ਵਾਤਵਰਣ ਮੰਤਰਾਲੇ ਦੀ ਵਾਤਾਵਰਣ ਮੁਲਾਂਕਣ ਕਮੇਟੀ (513) ਨੇ ਗੜ੍ਹਚਿਰੌਲੀ ਦੀ ਸੁਰਜਾ ?ਗੜ ਖਾਣ ਵਿਚ ਕੱਚੇ ਲੋਹੇ ਦੀ ਪੈਦਾਵਾਰ ਦੁੱਗਣੀ ਤੋਂ ਵੱਧ ਕਰਨ ਲਈ ਲੌਇਡਜ਼ ਮੈਟਲਜ਼ ਐਂਡ ਐਨਰਜੀ ਲਿਮਿਟਡ ਨੂੰ ਵਾਤਾਵਰਣ ਮਨਜ਼ੂਰੀ ਦੇਣ ਦੀ ਸਿਫ਼ਾਰਸ਼ ਕਰ ਦਿੱਤੀ। ਇਹ ਮਨਜ਼ੂਰੀ ਕੰਪਨੀ ਨੂੰ ਆਪਣੀ ਸਾਲਾਨਾ ਪੈਦਾਵਾਰ ਸਮਰੱਥਾ ਨੂੰ 1 ਕਰੋੜ ਟਨ ਤੋਂ ਵਧਾ ਕੇ 2 ਕਰੋੜ 26 ਲੱਖ ਟਨ ਕਰਨ ਦੇ ਸਮਰੱਥ ਬਣਾਏਗੀ। ਇਸ ਤੋਂ ਪਹਿਲਾਂ 2023 'ਚ ਇਸ ਕੰਪਨੀ ਨੂੰ ਆਪਣੀ ਪੈਦਾਵਾਰ 30 ਲੱਖ ਤੋਂ ਵਧਾ ਕੇ 1 ਕਰੋੜ ਟਨ ਪ੍ਰਤੀ ਸਾਲ ਕਰਨ ਦੀ ਮਨਜ਼ੂਰੀ ਦਿੱਤੀ ਗਈ ਸੀ।

ਗੌਰਤਲਬ ਹੈ ਕਿ ਇਸ ਪ੍ਰੋਜੈਕਟ ਨੂੰ ਪਹਿਲਾਂ ਹੀ 'ਉਲੰਘਣਾਵਾਂ ਵਾਲੇ ਮਾਮਲੇ' ਦੇ ਤੌਰ 'ਤੇ ਵਰਗੀਕ੍ਰਿਤ ਕੀਤਾ ਗਿਆ ਸੀ। ਪਰ



ਕੰਪਨੀ ਨੂੰ ਵਾਤਾਵਰਣ ਉਲੰਘਣਾ ਲਈ ਦੋਸ਼ੀ ਠਹਿਰਾਏ ਜਾਣ ਦੇ ਬਾਵਜੂਦ ਵੀ ਖਣਨ ਦੇ ਵਿਸਥਾਰ ਦੀ ਮਨਜ਼ੂਰੀ ਦਿੱਤੀ ਗਈ।

ਦਸੰਬਰ 2022 'ਚ ਮਹਾਰਾਸ਼ਟਰ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਵਾਤਾਵਰਣ ਸੁਰੱਖਿਆ ਐਕਟ, 1986 ਦੀਆਂ ਧਾਰਾਵਾਂ 15, 16 ਅਤੇ 19 ਦੇ ਤਹਿਤ ਗੜ੍ਹਚਿਰੌਲੀ ਦੀ ਇਕ ਅਦਾਲਤ ਵਿਚ ਸ਼ਿਕਾਇਤ ਦਰਜ ਕਰਾਈ ਸੀ ਕਿ 2007 ਦੀ ਵਾਤਾਵਰਣ ਮਨਜ਼ੂਰੀ ਦੀ ਪੰਜ ਸਾਲ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਕੰਪਨੀ ਵੱਲੋਂ ਖਣਨ ਜਾਰੀ ਸੀ। ਮੰਤਰਾਲੇ ਅਤੇ ਅਦਾਲਤ ਦੇ ਰਿਕਾਰਡ ਅਨੁਸਾਰ, ਕੰਪਨੀ ਦੇ ਅਧਿਕਾਰੀਆਂ ਨੇ ਆਪਣਾ ਜੁਰਮ ਕਬੂਲਿਆ ਅਤੇ ਉਹ ਦੋਸ਼ੀ ਠਹਿਰਾਏ ਗਏ। ਇਸ ਦੇ ਲਈ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਕੰਪਨੀ 'ਤੇ 5.48 ਕਰੋੜ ਰੁਪਏ ਜੁਰਮਾਨਾ ਲਾਇਆ ਸੀ।

**ਵਿਵਾਦਾਂ ਨਾਲ ਲੰਮਾ ਸੰਬੰਧ :** ਇਹ ਪ੍ਰੋਜੈਕਟ ਸ਼ੁਰੂ ਤੋਂ ਹੀ ਵਿਵਾਦਾਂ ਦੇ ਘੇਰੇ ਵਿਚ ਰਿਹਾ ਹੈ ਕਿਉਂਕਿ ਇਹ ਖਣਨ ਸਥਾਨ ਸੰਵੇਦਨਸ਼ੀਲ ਭਾਮਰਾਗੜ ਰਿਜ਼ਰਵ ਜੰਗਲ ਦੇ ਅਧੀਨ ਆਉਂਦਾ ਹੈ। ਗੜ੍ਹਚਿਰੌਲੀ ਜ਼ਿਲ੍ਹੇ ਵਿਚ ਲੌਇਡਜ਼ ਮੈਟਲਜ਼ ਐਂਡ ਐਨਰਜੀ ਲਿਮਿਟਡ ਇਕੱਲੀ ਖਣਨ ਕੰਪਨੀ ਹੈ ਜੋ ਲੋਹੇ ਦੀ ਖਾਣ ਚਲਾ ਰਹੀ ਹੈ। ਇਸ ਕੰਪਨੀ ਨੂੰ 2007 ਵਿਚ ਸੂਰਜਾਗੜ ਖਾਣ ਦਾ ਪਟਾ 20 ਸਾਲ ਲਈ ਮਿਲਿਆ ਸੀ, ਜਿਸ ਨੂੰ ਬਾਅਦ ਵਿਚ 2057 ਤੱਕ ਲਈ ਵਧਾ ਦਿੱਤਾ ਗਿਆ।

**ਦੇਵੇਂਦਰ ਫੜਨਵੀਸ ਦੀ ਗੜ੍ਹਚਿਰੌਲੀ ਵਿਚ ਖ਼ਾਸ ਦਿਲਚਸਪੀ :** ਆਦਿਵਾਸੀ ਬਹੁਤਾਤ ਵਾਲਾ ਗੜ੍ਹਚਿਰੌਲੀ ਜ਼ਿਲ੍ਹਾ 'ਵਿਕਾਸ' ਦੇ ਪੈਮਾਨੇ 'ਤੇ ਕਾਫ਼ੀ ਪਿਛੜਿਆ ਹੋਇਆ ਮੰਨਿਆ ਜਾਂਦਾ ਹੈ, ਹਾਲਾਂਕਿ ਇਹ ਖਣਿਜ ਅਤੇ ਵਣ ਵਸੀਲਿਆਂ ਨਾਲ ਭਰਪੂਰ ਹੈ, ਜਿਸਦੀ ਹੱਦ ਛੱਤੀਸਗੜ੍ਹ ਦੇ ਅਬੂਝਮਾੜ ਪਹਾੜ ਨਾਲ ਲੱਗਦੀ ਹੈ।

ਸੂਰਜਾਗੜ ਪਹਾੜ 'ਤੇ ਉੱਚ ਗੁਣਵੱਤਾ ਵਾਲੇ ਕੁਲ 857 ਮੀਟ੍ਰਿਕ ਟਨ ਕੱਚੇ ਲੋਹੇ ਦੇ ਭੰਡਾਰ ਹੋਣ ਦਾ ਅੰਦਾਜ਼ਾ ਹੈ, ਜਿਸ ਵਿਚ 156 ਮੀਟ੍ਰਿਕ ਟਨ ਹੇਮਟਾਈਟ ਅਤੇ 701 ਮੈਟ੍ਰਿਕ ਟਨ ਬੈਂਡਡ ਹੇਮਟਾਈਟ ਕੁਆਰਟਜ਼ (ਬੀਐੱਚਕਿਊ) ਸ਼ਾਮਲ ਹਨ।

ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਆਪਣੇ ਆਪ ਨੂੰ ਗੜ੍ਹਚਿਰੌਲੀ ਦਾ ਸਰਪ੍ਰਸਤ ਮੰਤਰੀ ਅਤੇ ਆਪਣੇ ਕੈਬਨਿਟ ਸਾਥੀ ਆਸ਼ੀਸ਼ ਜੈਸਵਾਲ ਨੂੰ ਸਹਿ-ਸਰਪ੍ਰਸਤ ਮੰਤਰੀ ਨਿਯੁਕਤ ਕੀਤਾ ਹੈ। ਇਸ ਤਰ੍ਹਾਂ ਜ਼ਿਲ੍ਹੇ ਦੀ ਪੂਰੀ ਕਮਾਨ ਆਪਣੇ ਹੱਥ ਵਿਚ ਲੈ ਲਈ ਹੈ।

ਸਾਲ 2025 ਦਾ ਪਹਿਲਾ ਦਿਨ ਫੜਨਵੀਸ ਨੇ ਗੜ੍ਹਚਿਰੌਲੀ ਵਿਚ ਗੁਜ਼ਾਰਿਆ ਸੀ। ਉਹ ਗੜ੍ਹਚਿਰੌਲੀ ਜ਼ਿਲ੍ਹੇ ਵਿਚ ਰਾਤ ਗੁਜ਼ਾਰਨ ਵਾਲਾ ਮਹਾਰਾਸ਼ਟਰ ਦਾ ਪਹਿਲਾ ਮੁੱਖ ਮੰਤਰੀ ਵੀ ਬਣਿਆ ਸੀ। ਇਸ ਦੌਰਾਨ ਉਸ ਨੇ ਜ਼ਿਲ੍ਹੇ ਵਿਚ ਲੌਇਡਜ਼ ਮੈਟਲ ਕੰਪਨੀ ਦੀਆਂ ਕੁਝ ਇਕਾਈਆਂ ਦਾ ਉਦਘਾਟਨ ਵੀ ਕੀਤਾ ਸੀ।

ਅੱਜ ਦੀ ਤਾਰੀਕ 'ਚ ਗੜ੍ਹਚਿਰੌਲੀ ਲਈ 60,000 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਪਾਈਪਲਾਈਨ ਵਿਚ ਹੈ। ਇਸ ਤੋਂ ਇਲਾਵਾ, ਸਰਕਾਰ ਦੀ ਯੋਜਨਾ ਇਕ ਹਵਾਈ ਅੱਡਾ ਬਣਾਉਣ ਅਤੇ ਨਾਗਪੁਰ-ਮੁੰਬਈ ਐਕਸਪ੍ਰੈਸ ਵੇਅ ਦਾ ਵਿਸਥਾਰ ਗੜ੍ਹਚਿਰੌਲੀ ਤੱਕ ਕਰਨ ਦੀ ਵੀ ਹੈ, ਜਿਸ ਨੂੰ 'ਸਮ੍ਰਿੱਧੀ ਮਹਾਮਾਰਗ' ਦੇ ਨਾਂ ਨਾਲ ਜਾਣਿਆ ਜਾਵੇਗਾ।

19 ਜੂਨ ਨੂੰ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਤਜਵੀਜ਼ਤ ਗੜ੍ਹਚਿਰੌਲੀ ਹਵਾਈ ਅੱਡੇ ਲਈ ਇਕ ਖ਼ਾਸ ਸਰਵੇ (ਇਮੀਜੀਏਟ ਆਬਸਟੈਕਲ ਲਿਮੀਟੇਸ਼ਨ ਸਰਫੇਸ ਸਰਵੇ) ਦਾ ਆਦੇਸ਼ ਦਿੱਤਾ। ਨਾਲ ਹੀ ਇਲਾਕੇ ਵਿਚ ਹੋਰ ਪ੍ਰੋਜੈਕਟਾਂ ਲਈ ਵੱਡੇ ਪੱਧਰ 'ਤੇ ਜ਼ਮੀਨ ਐਕਵਾਇਰ ਕਰਨ ਦਾ ਵੀ ਹੁਕਮ ਦਿੱਤਾ।

ਇਸ ਸਾਲ ਫਰਵਰੀ ਵਿਚ ਸਵਿਟਜ਼ਰਲੈਂਡ ਦੇ ਡਾਵੋਸ ਵਿਚ ਆਯੋਜਿਤ ਸਾਲਾਨਾ ਵਿਸ਼ਵ ਆਰਥਕ ਮੰਚ (ਡਬਲਯੂਈਐੱਫ) ਵਿਚ ਫੜਨਵੀਸ ਨੇ ਜਿਸ ਪਹਿਲੇ ਮੈਮੋਰੰਡਮ ਆਫ ਐਸੋਸੀਏਸ਼ਨ ਉੱਪਰ ਦਸਖ਼ਤ ਕੀਤੇ, ਉਹ ਗੜ੍ਹਚਿਰੌਲੀ ਵਿਚ ਪੂੰਜੀ-ਨਿਵੇਸ਼ ਲਈ ਸੀ।

ਮੁੱਖ ਮੰਤਰੀ ਦੇਵੇਂਦਰ ਫੜਨਵੀਸ 22 ਜੁਲਾਈ 2025 ਨੂੰ ਨਕਸਲ ਪ੍ਰਭਾਵਿਤ ਗੜ੍ਹਚਿਰੌਲੀ ਜ਼ਿਲ੍ਹੇ ਵਿਚ ਕਈ ਮਹੱਤਵਪੂਰਣ ਬੁਨਿਆਦੀ ਢਾਂਚਾ ਅਤੇ ਉਦਯੋਗਿਕ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ, ਜਿਨ੍ਹਾਂ ਵਿਚ ਮੁੱਖ ਤੌਰ 'ਤੇ ਹੇਡਰੀ ਵਿਚ 50 ਲੱਖ ਟਨ ਪ੍ਰਤੀ ਸਾਲ (ਐੱਮਟੀਪੀਏ) ਸਮਰੱਥਾ ਵਾਲੇ ਕੱਚਾ ਲੋਹਾ ਗ੍ਰਾਈਂਡਿੰਗ ਪਲਾਂਟ ਦੇ ਪਹਿਲੇ ਪੜਾਅ ਅਤੇ 10 ਐੱਮਟੀਪੀਏ ਸਮਰੱਥਾ ਵਾਲੀ ਸਲਰੀ ਪਾਈਪਲਾਈਨ ਪ੍ਰੋਜੈਕਟ ਸ਼ਾਮਲ ਹਨ। ਇਸ ਤੋਂ ਇਲਾਵਾ, ਕੋਂਸਾਰੀ ਵਿਚ 4.5 ਐੱਮਟੀਪੀਏ ਸਮਰੱਥਾ ਵਾਲਾ ਏਕੀਕਿ ?ਰਤ ਸਟੀਲ ਪਲਾਂਟ, 100 ਬਿਸਤਰੇ ਵਾਲਾ ਮਲਟੀਸਪੈਸ਼ਲਟੀ ਹਸਪਤਾਲ, ਇਕ ਸਕੂਲ ਅਤੇ ਨਕਸਲ ਪ੍ਰਭਾਵਿਤ ਖੇਤਰ ਵਿਚ 116 ਏਕੜ 'ਚ ਫੈਲੀ ਲੌਇਡਜ਼ ਟਾਊਨਸ਼ਿਪ ਸ਼ਾਮਲ ਹੈ।

**ਜਿੰਦਲ ਸਮੂਹ ਦਾ ਵੀ ਹੈ ਪੂੰਜੀ-ਨਿਵੇਸ਼ :** ਜਿੰਦਲ ਦੇ ਜੇਐੱਸਡਬਲਯੂ ਸਮੂਹ ਨੇ ਵੀ ਗੜ੍ਹਚਿਰੌਲੀ ਜ਼ਿਲ੍ਹੇ ਸਮੇਤ ਰਾਜ ਦੇ ਵੱਖ-ਵੱਖ ਖੇਤਰਾਂ ਵਿਚ ਕਈ ਪ੍ਰੋਜੈਕਟਾਂ ਵਿਚ ਲੱਗਭੱਗ 3 ਲੱਖ ਕਰੋੜ ਰੁਪਏ ਦਾ ਪੂੰਜੀ-ਨਿਵੇਸ਼ ਕੀਤਾ ਹੈ। ਇਸ ਜ਼ਿਲ੍ਹੇ ਵਿਚ ਜਮਸ਼ੇਦਪੁਰ ਤੋਂ ਬਾਅਦ ਭਾਰਤ ਦਾ ਦੂਜਾ ਸਟੀਲ ਸਿਟੀ ਬਣਾਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ।

ਨਿਵੇਸ਼ ਦਾ ਐਲਾਨ ਕਰਦੇ ਹੋਏ ਫੜਨਵੀਸ ਨੇ ਕਿਹਾ ਸੀ, 'ਮਹਾਰਾਸ਼ਟਰ ਵਿਚ ਸਟੀਲ, ਸੂਰਜੀ ਊਰਜਾ, ਆਟੋ ਅਤੇ ਸੀਮੈਂਟ ਵਰਗੇ ਮੁੱਖ ਖੇਤਰਾਂ ਵਿਚ ਵੱਖ-ਵੱਖ ਪੂੰਜੀ-ਨਿਵੇਸ਼ ਵਾਲੀ ਕੰਪਨੀ ਜੇਐੱਸਡਬਲਯੂ ਸਟੀਲ ਨਾਲ ਇਕਰਾਰਨਾਮੇ 'ਤੇ ਦਸਖ਼ਤ ਕਰਨਾ, ਗੜ੍ਹਚਿਰੌਲੀ ਨੂੰ ਭਾਰਤ ਦੇ 'ਸਟੀਲ ਸਿਟੀ' ਵਜੋਂ ਵਿਕਸਤ ਕਰਨ ਦੀ ਸਾਡੀ ਵਿਜ਼ਨ ਨੂੰ ਪੂਰਾ ਕਰਨ ਵਿਚ ਇਕ ਮਹੱਤਵਪੂਰਣ ਕਦਮ ਹੈ।'

11 ਅਪ੍ਰੈਲ 2025 ਨੂੰ ਆਯੋਜਤ ਕੀਤੇ ਗਏ ਗੜ੍ਹਚਿਰੌਲੀ ਜ਼ਿਲ੍ਹਾ ਪੂੰਜੀ-ਨਿਵੇਸ਼ ਸਿਖ਼ਰ ਸੰਮੇਲਨ ਵਿਚ 66 ਮਾਈਕ੍ਰੋ, ਛੋਟੇ ਅਤੇ ਦਰਮਿਆਨਾਂ ਉੱਦਮਾਂ ਨੇ 493.4 ਕਰੋੜ ਰੁਪਏ ਦੇ ਇਕਰਾਰਨਾਮਿਆਂ 'ਤੇ ਦਸਖ਼ਤ ਕੀਤੇ ਸਨ।

ਇਸ ਦੌਰਾਨ, ਮਹਾਰਾਸ਼ਟਰ ਉਦਯੋਗਿਕ ਵਿਕਾਸ ਨਿਗਮ (ਐੱਮਆਈਡੀਸੀ) ਨੇ ਗੜ੍ਹਚਿਰੌਲੀ ਵਿਚ ਜੇਐੱਸਡਬਲਯੂ ਸਮੂਹ ਦੇ ਸਟੀਲ ਪ੍ਰੋਜੈਕਟ ਲਈ ਲੱਗਭੱਗ 3,500 ਏਕੜ ਜ਼ਮੀਨ ਐਕਵਾਇਰ ਕਰਨ ਦਾ ਅਮਲ ਸ਼ੁਰੂ ਕਰ ਦਿੱਤਾ ਹੈ। ਮਾਓਵਾਦ ਪ੍ਰਭਾਵਿਤ ਜ਼ਿਲ੍ਹੇ ਦੀ ਵਡਸਾ ਤਹਿਸੀਲ ਵਿਚ ਜ਼ਮੀਨ ਦੀ ਪਛਾਣ ਕੀਤੀ ਗਈ ਹੈ। ਮੰਨਿਆ ਜਾ ਰਿਹਾ ਹੈ ਕਿ ਖੇਤਰਫਲ ਦੀ ਦ੍ਰਿਸ਼ਟੀ ਨਾਲ ਇਹ ਜ਼ਿਲ੍ਹੇ ਵਿਚ ਜ਼ਮੀਨ ਐਕਵਾਇਰ ਕਰਨ ਦਾ ਸਭ ਤੋਂ ਵੱਡਾ ਮਾਮਲਾ ਹੋਵੇਗਾ, ਜਿਸ ਨੂੰ ਸਟੇਟ "ਸਟੀਲ ਹੱਬ" ਵਜੋਂ ਵਿਕਸਤ ਕਰਨ ਦੀ ਯੋਜਨਾ ਬਣਾ ਰਿਹਾ ਹੈ।

**ਖਣਨ ਮਨਜ਼ੂਰੀਆਂ ਵਿਚ ਤੇਜ਼ੀ ਲਈ ਬਿੱਲ :** 30 ਜੂਨ ਨੂੰ ਮਹਾਰਾਸ਼ਟਰ ਸਰਕਾਰ ਨੇ ਗੜ੍ਹਚਿਰੌਲੀ ਜ਼ਿਲ੍ਹੇ ਵਿਚ ਖਣਨ ਮਨਜ਼ੂਰੀਆਂ ਵਿਚ ਤੇਜ਼ੀ ਲਿਆਉਣ ਅਤੇ ਖਣਿਜ ਆਧਾਰਤ ਉਦਯੋਗਾਂ ਨੂੰ ਵਧਾਉਣ ਲਈ ਏਕੀਕ੍ਰਿਤ ਅਥਾਰਟੀ ਸਥਾਪਤ ਕਰਨ ਲਈ ਵਿਧਾਨ ਸਭਾ ਵਿਚ ਬਿੱਲ ਪੇਸ਼ ਕੀਤਾ। ਗੜ੍ਹਚਿਰੌਲੀ ਜ਼ਿਲ੍ਹਾ ਮਾਈਨਿੰਗ ਅਥਾਰਟੀ (ਜੀਡੀਐੱਮਏ) ਦਾ ਪ੍ਰਧਾਨ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਹੋਵੇਗਾ।

ਇਸ ਬਿੱਲ ਅਨੁਸਾਰ, ਅਥਾਰਟੀ ਕੋਲ ਸਾਰੇ ਮੌਜੂਦਾ ਕਾਨੂੰਨਾਂ ਨੂੰ ਦਰਕਿਨਾਰ ਕਰਨ ਦਾ ਅਧਿਕਾਰ ਹੋਵੇਗਾ ਅਤੇ ਕਿਸੇ ਵੀ ਅਦਾਲਤ ਨੂੰ ਇਸਦੇ ਕਿਸੇ ਵੀ ਕੰਮ ਜਾਂ ਆਦੇਸ਼ ਦੇ ਖ਼ਿਲਾਫ਼ ਕੋਈ ਮਾਮਲਾ/ਕਾਰਵਾਈ ਚਲਾਉਣ ਦਾ ਅਧਿਕਾਰ ਨਹੀਂ ਹੋਵੇਗਾ।

7 ਜੁਲਾਈ ਨੂੰ ਇਹ ਬਿੱਲ ਮਹਾਰਾਸ਼ਟਰ ਵਿਧਾਨ ਪਰਿਸ਼ਦ ਨੇ ਪਾਸ ਕਰ ਦਿੱਤਾ। 7 ਜੁਲਾਈ ਨੂੰ ਹੀ ਮਹਾਰਾਸ਼ਟਰ ਦੇ ਉਦਯੋਗ ਮੰਤਰੀ ਉਦੈ ਸਾਮੰਤ ਨੇ ਗੜ੍ਹਚਿਰੌਲੀ ਨੂੰ ਇਕ ਸਟੀਲ ਉਤਪਾਦਨ ਧੁਰੇ ਵਿਚ ਬਦਲਣ ਲਈ ਇਕ ਲੱਖ ਕਰੋੜ ਰੁਪਏ ਦੇ ਪੂੰਜੀ-ਨਿਵੇਸ਼ ਦਾ ਐਲਾਨ ਕੀਤਾ।

**'ਖਾਣਾਂ ਲਈ ਕੰਪਨੀਆਂ ਦੀ ਲਾਈਨ ਲੱਗੀ ਹੈ' :** ਕੰਪਨੀਆਂ ਦੀ ਇਸ ਆਮਦ ਨਾਲ ਸਥਾਨਕ ਆਦਿਵਾਸੀ ਰੋਹ 'ਚ ਹਨ। ਆਦਿਵਾਸੀ ਕਾਰਕੁਨ ਲਾਲਸੂ ਨੋਗੋਟੀ ਦੱਸਦੇ ਹਨ ਕਿ ਗੜ੍ਹਚਿਰੌਲੀ ਜ਼ਿਲ੍ਹੇ ਵਿਚ ਖਾਣਾਂ ਪੱਟਣ ਲਈ ਕੰਪਨੀਆਂ ਦੀ ਲਾਈਨ ਲੱਗੀ ਹੋਈ ਹੈ। ਆਉਣ ਵਾਲੇ ਦਿਨਾਂ ਵਿਚ ਪੂਰੇ ਜ਼ਿਲ੍ਹੇ ਵਿਚ ਕੁਲ 25 ਥਾਵਾਂ 'ਤੇ ਖਾਣਾਂ ਸ਼ੁਰੂ ਕਰਨ ਦੀ ਤਜਵੀਜ਼ ਹੈ। ਸੂਰਜਾਗੜ੍ਹ ਪਹਾੜੀ ਮਾਲਾ ਦੇ ਦੂਜੇ ਪਾਸੇ ਵੀ ਖਾਣਾਂ ਦਾ ਵਿਸਥਾਰ ਕੀਤਾ ਜਾ ਰਿਹਾ ਹੈ, ਜਿਸ ਵਿਚ ਛੇ ਬਲਾਕ ਵੱਖ-ਵੱਖ ਕੰਪਨੀਆਂ ਨੂੰ ਦਿੱਤੇ ਗਏ ਹਨ। ਇਨ੍ਹਾਂ ਵਿਚ ਜਿੰਦਲ ਦਾ ਜੇਐੱਸਡਬਲਯੂ ਸਮੂਹ ਅਤੇ ਰਾਇਪੁਰ ਸਥਿਤ ਨੇਚਰਲ ਰਿਸੋਰਸਿਜ਼ ਐਨਰਜੀ ਕੰਪਨੀ ਵੀ ਸ਼ਾਮਲ ਹਨ। ਕੋਰਚੀ ਤਹਿਸੀਲ ਦੀ ਜੇਂਡੇਪਾੜ ਪਹਾੜੀ ਅਤੇ ਭਾਮਰਾਗੜ੍ਹ ਤਹਿਸੀਲ ਦੇ ਬਾਬਲਾਈ ਪਹਾੜ ਵਿਚ ਵੀ ਲੋਹੇ ਦੀ ਖਾਣ ਪੱਟਣ ਦੀ ਤਜਵੀਜ਼ ਹੈ। ਕੱਚੇ ਲੋਹੇ ਤੋਂ ਇਲਾਵਾ, ਅਡਾਨੀ ਗਰੁੱਪ ਦੀ ਇਕਾਈ ਅੰਬੁਜਾ ਸੀਮੈਂਟਸ ਨੂੰ ਗੜ੍ਹਚਿਰੌਲੀ ਦੇ ਦੇਵਲਮਾਰੀ-ਕਟੇਪੱਲੀ ਖੇਤਰ ਵਿਚ ਚੂਨਾ ਪੱਥਰ







ਖਣਨ ਲਈ ਵੀ ਮਨਜ਼ੂਰੀ ਦਿੱਤੀ ਗਈ ਹੈ। ਇਹ ਲੱਗਭੱਗ 538 ਹੈਕਟੇਅਰ ਖੇਤਰ ਵਿਚ ਸਥਿਤ ਹੈ, ਜਿਸ ਵਿਚ ਲੱਗਭੱਗ 15 ਕਰੋੜ ਟਨ ਚੂਨਾ ਪੱਥਰ ਹੋਣ ਦਾ ਅੰਦਾਜ਼ਾ ਹੈ। ਮੋਹਗਾਂਵ ਗ੍ਰਾਮ ਸਭਾ ਦੇ ਪ੍ਰਧਾਨ ਦੇਵਸਾਇ ਆਤਲਾ ਨੇ ਦੱਸਿਆ ਕਿ ਅਜੇ ਚਾਮੋਰਸ਼ੀ ਤਾਲੁਕਾ ਵਿਚ 1200 ਹੈਕਟੇਅਰ ਖੇਤਰ ਵਿਚ ਬਾਕਸਾਈਟ ਦੇ ਖਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉੱਥੇ ਕਿਸੇ ਆਦਿਵਾਸੀ ਕੰਪਨੀ ਨੂੰ ਅੱਗੇ ਕਰਕੇ ਇਲਾਕੇ ਨੂੰ 90 ਸਾਲ ਲਈ ਲੀਜ਼ 'ਤੇ ਲੈਣ ਦੀ ਯੋਜਨਾ ਹੈ। ਦੇਵਸਾਇ ਨੇ ਦ ਵਾਇਰ ਹਿੰਦੀ ਨੂੰ ਦੱਸਿਆ, 'ਕਿਉਂਕਿ ਇਹ ਇਲਾਕਾ ਪੰਜਵੀਂ ਅਨੁਸੂਚੀ ਖੇਤਰ ਵਿਚ ਆਉਂਦਾ ਹੈ, ਇੱਥੇ ਕੋਈ ਬਾਹਰੀ ਕੰਪਨੀ ਜ਼ਮੀਨ ਨਹੀਂ ਲੈ ਸਕਦੀ। ਇਸ ਲਈ ਕੋਈ ਬਾਹਰੀ ਕੰਪਨੀ ਕਿਸੇ ਆਦਿਵਾਸੀ ਦੇ ਨਾਮ 'ਤੇ ਕੰਪਨੀ ਬਣਾਏਗੀ, ਤੇ ਪਹਿਲਾਂ ਉਹ ਜ਼ਮੀਨ ਉਸਦੇ ਨਾਮ ਕਰਕੇ, ਬਾਅਦ ਵਿਚ ਉਸ ਤੋਂ ਲੀਜ਼ 'ਤੇ ਲੈ ਲਵੇਗੀ।' ਉਹ ਦੱਸਦੇ ਹਨ ਕਿ ਉਨ੍ਹਾਂ ਕੋਲ ਵੀ ਕੁਝ ਲੋਕ ਆਏ ਸਨ। ਉਹ ਲੋਕ ਦੇਵਸਾਇ ਤੋਂ ਉਸ ਜ਼ਮੀਨ ਨੂੰ ਆਪਣੀ ਕੰਪਨੀ 'ਆਦਿਮ ਪਾਰੰਪਰਿਕ ਸੰਸਥਾ' ਦੇ ਨਾਮ ਕਰਨ ਲਈ ਕਹਿ ਰਹੇ ਸਨ। ਬਦਲੇ ਵਿਚ ਕੁਝ ਪੈਸੇ ਦੇਣ ਦੀ ਪੇਸ਼ਕਸ਼ ਕੀਤੀ ਗਈ ਸੀ। ਇਹ ਵੀ ਕਿਹਾ ਗਿਆ ਕਿ ਉਹ ਹੀ ਜ਼ਮੀਨ ਉਨ੍ਹਾਂ ਦੀ ਕੰਪਨੀ ਦੇ ਨਾਮ ਕਰਵਾ ਦੇਣਗੇ ਅਤੇ ਨੌਂ ਸਾਲ ਬਾਅਦ ਉਨ੍ਹਾਂ ਤੋਂ 90 ਸਾਲ ਲਈ ਲੀਜ਼ 'ਤੇ ਲੈਣਗੇ ਅਤੇ ਖਣਨ ਕਰਨਗੇ।

**ਖਣਨ ਦਾ ਵਿਰੋਧ** : ਸ਼ੁਰੂ ਤੋਂ ਹੀ ਸਥਾਨਕ ਆਦਿਵਾਸੀ ਸੂਰਜਾਗੜ੍ਹ ਖੇਤਰ ਵਿਚ ਖਣਨ ਦਾ ਵਿਰੋਧ ਕਰ ਰਹੇ ਹਨ। ਇਸ ਨੂੰ ਲੈ ਕੇ ਕਈ ਸੰਘਰਸ਼ ਹੋਏ ਹਨ। ਪਿੰਡ ਵਾਸੀਆਂ ਦਾ ਦੋਸ਼ ਹੈ ਕਿ ਕੰਪਨੀਆਂ ਨੇ ਉਨ੍ਹਾਂ ਨੂੰ ਧੋਖਾ ਦਿੱਤਾ ਅਤੇ ਗ਼ੈਰ-ਕਾਨੂੰਨੀ ਤਰੀਕੇ ਨਾਲ ਉਨ੍ਹਾਂ ਦੀ ਜ਼ਮੀਨ ਹੜੱਪ ਕੇ ਉਸ ਵਿਚ ਖਣਨ ਦਾ ਕੰਮ ਸ਼ੁਰੂ ਕਰ ਦਿੱਤਾ। ਲੌਇਡਜ਼ ਮੈਟਲਜ਼ ਐਂਡ ਐਨਰਜੀ ਲਿਮਿਟਿਡ ਨੂੰ ਸੂਰਜਾਗੜ੍ਹ ਵਿਚ ਖਣਨ ਦੀ ਮਨਜ਼ੂਰੀ 2007 ਵਿਚ ਮਿਲੀ ਅਤੇ 2008 ਵਿਚ 340.09 ਹੈਕਟੇਅਰ ਖੇਤਰ ਵਿਚ ਖਣਨ ਲਾਇਸੈਂਸ ਮਿਲਣ ਦੇ ਬਾਵਜੂਦ, ਮਾਓਵਾਦੀਆਂ ਅਤੇ ਆਦਿਵਾਸੀ ਭਾਈਚਾਰਿਆਂ ਦੇ ਵਿਰੋਧ, ਅਤੇ ਜੰਗਲ ਤੇ ਜ਼ਮੀਨ ਦੇ ਅਧਿਕਾਰਾਂ ਨਾਲ ਸੰਬੰਧਤ ਮੁੱਦਿਆਂ ਕਾਰਨ ਕਈ ਸਾਲ ਤੱਕ ਕੰਮ ਸ਼ੁਰੂ ਨਹੀਂ ਹੋ ਸਕਿਆ। ਕਈ ਵਾਰ ਮਾਓਵਾਦੀਆਂ ਨੇ ਕੰਪਨੀ ਦੇ ਵਾਹਨ ਜਲਾਏ ਤੇ ਮੁਲਾਜ਼ਮਾਂ ਦੀ ਕੁੱਟਮਾਰ ਕੀਤੀ। 2013 'ਚ ਕੰਪਨੀ ਦੇ ਉੱਪ ਪ੍ਰਧਾਨ ਜਸਪਾਲ ਢਿੱਲੋਂ ਅਤੇ ਦੋ ਹੋਰ ਦੀ ਹੱਤਿਆ ਵੀ ਕਥਿਤ ਮਾਓਵਾਦੀਆਂ ਨੇ ਕੀਤੀ।

ਉਸ ਤੋਂ ਤੁਰੰਤ ਬਾਅਦ, ਤਤਕਾਲੀ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਅਗਸਤ 2015 ਵਿਚ ਕੇਂਦਰੀ ਗ੍ਰਹਿ ਮੰਤਰੀ ਨੂੰ ਖੇਤਰ ਵਿਚ ਨੀਮ-ਫ਼ੌਜੀ ਬਲਾਂ ਦੀ ਮੌਜੂਦਗੀ ਵਧਾਉਣ ਦੀ ਬੇਨਤੀ ਕੀਤੀ, ਤਾਂ ਜੋ ਖਣਨ ਨੂੰ ਬੇਰੋਕ-ਟੋਕ ਜਾਰੀ ਰੱਖਿਆ ਜਾ ਸਕੇ।

ਉਸ ਤੋਂ ਬਾਅਦ ਕੰਪਨੀ ਨੇ ਦੁਬਾਰਾ ਖਣਨ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ। 5 ਦਸੰਬਰ 2016 ਨੂੰ 70 ਪਿੰਡਾਂ ਦੇ ਆਦਿਵਾਸੀ ਆਗੂ, ਸਥਾਨਕ ਸਮਾਜਿਕ ਸੰਗਠਨ ਅਤੇ ਰਾਜਨੀਤਿਕ ਆਗੂਆਂ ਦੇ ਨੁਮਾਇੰਦੇ ਸੂਰਜਾਗੜ੍ਹ ਵਿਚ ਇਕੱਠੇ ਹੋਏ ਅਤੇ ਖਣਨ ਰੋਕਣ ਲਈ ਮਤਾ ਪਾਸ ਕੀਤਾ ਅਤੇ ਮੰਗ ਕੀਤੀ ਕਿ ਸਰਕਾਰ ਸਾਰੀਆਂ ਮੌਜੂਦਾ ਅਤੇ ਤਜਵੀਜ਼ਸ਼ੁਦਾ ਖਣਨ ਲੀਜ਼ਾਂ ਨੂੰ ਰੱਦ ਕਰੇ। ਉਨ੍ਹਾਂ ਨੇ ਲੋਕਾਂ ਦੀ ਰੋਜ਼ੀ-ਰੋਟੀ ਦੀ ਰੱਖਿਆ ਲਈ ਵਣ ਅਧਿਕਾਰ ਕਾਨੂੰਨ, 2006 ਅਤੇ ਅਨੁਸੂਚਿਤ ਖੇਤਰਾਂ ਵਿਚ ਪੰਚਾਇਤ ਦਾ ਵਿਸਥਾਰ (ਪੇਸਾ) ਕਾਨੂੰਨ ਲਾਗੂ ਕਰਨ ਲਈ ਵੀ ਮਤੇ ਪਾਸ ਕੀਤੇ।

ਪਰ, ਸਥਾਨਕ ਆਦਿਵਾਸੀਆਂ ਦੇ ਵਿਰੋਧ ਦੇ ਬਾਵਜੂਦ ਖੁਦਾਈ ਦਾ ਕੰਮ ਬੰਦ ਨਹੀਂ ਹੋਇਆ। 24 ਦਸੰਬਰ 2016 ਨੂੰ ਮਾਓਵਾਦੀਆਂ ਨੇ ਸੂਰਜਾਗੜ੍ਹ ਖਾਣ 'ਤੇ ਹਮਲਾ ਕਰਕੇ ਲੌਇਡਜ਼ ਮੈਟਲਜ਼ ਐਂਡ ਐਨਰਜੀ ਲਿਮਟਿਡ ਦੇ ਦਰਜਨਾਂ ਟਰੱਕਾਂ ਅਤੇ ਅਰਥਮੂਵਰ ਮਸ਼ੀਨਾਂ ਨੂੰ ਅੱਗ ਲਾ ਦਿੱਤੀ। ਲੱਗਭੱਗ 80 ਵਾਹਨ ਸਾੜ ਦਿੱਤੇ ਗਏ। ਕਿਹਾ ਜਾਂਦਾ ਹੈ ਕਿ ਇਸ ਨਾਲ ਕੰਪਨੀ ਨੂੰ 13 ਕਰੋੜ ਰੁਪਏ ਦਾ ਨੁਕਸਾਨ ਹੋਇਆ।

ਇਸ ਤੋਂ ਬਾਅਦ ਇਲਾਕੇ ਵਿਚ ਭਾਰੀ ਪੁਲਿਸ ਫੋਰਸ ਤਾਇਨਾਤ ਕਰ ਦਿੱਤੀ ਗਈ। ਲਾਲਸੂ ਨੇ ਦੱਸਿਆ, "ਖਣਨ ਦਾ ਵਿਰੋਧ ਕਰ ਰਹੇ ਪਿੰਡਾਂ ਦੇ ਲੋਕਾਂ ਨੂੰ ਪੁਲਿਸ ਅਤੇ ਨੀਮ-ਫ਼ੌਜੀ ਬਲਾਂ ਦੇ ਹੱਥੋਂ ਜਬਰ-ਜ਼ੁਲਮ ਅਤੇ ਗ੍ਰਿਫਤਾਰੀਆਂ ਦਾ ਸਾਹਮਣਾ ਕਰਨਾ ਪਿਆ।

2017 ਵਿਚ ਲੱਗਭੱਗ 70 ਪਿੰਡਾਂ ਦੇ ਲੋਕਾਂ ਨੇ ਮਤਾ ਪਾਸ ਕੀਤਾ ਜਿਸ ਵਿਚ ਸਰਕਾਰ ਦੁਆਰਾ ਖਣਨ ਲਾਇਸੈਂਸ ਵੰਡਣ ਦਾ ਵਿਰੋਧ ਕੀਤਾ ਗਿਆ। ਉਨ੍ਹਾਂ ਦਾ ਮੰਨਣਾ ਹੈ ਕਿ ਉਚਿਤ ਪ੍ਰਕਿਰਿਆ ਦਾ ਪਾਲਣ ਨਹੀਂ ਕੀਤਾ ਗਿਆ।

ਸਥਾਨਕ ਲੋਕਾਂ ਦੇ ਅਨੁਸਾਰ, ਵਣ ਅਧਿਕਾਰ ਐਕਟ (2006) ਦੇ ਤਹਿਤ ਜ਼ਮੀਨ ਐਕਵਾਇਰ ਕਰਨ ਦੀ ਪ੍ਰਕਿਰਿਆ ਅਤੇ ਪੰਚਾਇਤ (ਅਨੁਸੂਚਿਤ ਖੇਤਰਾਂ ਤੱਕ ਪੰਚਾਇਤ ਦਾ ਵਿਸਤਾਰ) ਐਕਟ, 1996 ਦੇ ਤਹਿਤ ਉਨ੍ਹਾਂ ਦੀ ਸਹਿਮਤੀ ਲੈਣ ਦੀ ਪ੍ਰਕਿਰਿਆ ਸ਼ੁਰੂ ਨਹੀਂ ਕੀਤੀ ਗਈ।

ਉਨ੍ਹਾਂ ਦਾ ਕਹਿਣਾ ਹੈ ਕਿ ਇੱਥੇ ਖਣਨ ਦਾ ਕੰਮ ਖਣਨ ਪੁਟਾਈ ਕਾਨੂੰਨ, ਵਾਤਾਵਰਣ ਕਾਨੂੰਨ ਅਤੇ ਪੇਸਾ ਕਾਨੂੰਨਾਂ ਨੂੰ ਨਜ਼ਰਅੰਦਾਜ਼ ਕਰਕੇ ਕੀਤਾ ਜਾ ਰਿਹਾ ਹੈ।

ਪੋਟੇਗਾਓਂ ਦੇ ਆਦਿਵਾਸੀ ਵਿਕਾਸ ਪਰਿਸ਼ਦ ਦੇ ਕਾਰਕੁਨ ਵਿਨੋਦ ਮੰਡਾਵੀ ਨੇ ਦੋਸ਼ ਲਾਇਆ ਕਿ 2010 ਵਿਚ ਗੜ੍ਹਚਿਰੋਲੀ ਦੇ ਕੁਲੈਕਟਰ ਵੱਲੋਂ ਜਾਲਸਾਜ਼ੀ ਨਾਲ ਗ੍ਰਾਮ ਸਭਾਵਾਂ ਦੇ ਦਸਤਾਵੇਜ਼ ਤਿਆਰ ਕਰਕੇ ਖਣਨ ਲਈ ਲੋਕਾਂ ਦੀ ਸਹਿਮਤੀ ਦਰਸਾਈ ਗਈ। ਗ੍ਰਾਮ ਸਭਾ ਦੇ ਅਜਿਹੇ ਜਾਅਲੀ ਦਸਤਾਵੇਜ਼ ਐਟਾਪੱਲੀ ਬਲਾਕ ਦੇ ਦਮਕੋਂਡਾਵਾਹੀ, ਬਾਂਡੇ ਇਲਾਕੇ ਵਿਚ ਪਿੰਡਾਂ ਦੇ ਗ੍ਰਾਮਸੇਵਕਾਂ ਰਾਹੀਂ ਬਣਾਏ ਗਏ।

ਸਾਲ 2023 ਵਿਚ ਸੂਰਜਾਗੜ੍ਹ ਖਣਨ ਦੇ ਖ਼ਿਲਾਫ਼ 70 ਤੋਂ ਵੱਧ ਪਿੰਡਾਂ ਦੇ ਆਦਿਵਾਸੀਆਂ ਦੇ ਸ਼ਾਂਤਮਈ ਧਰਨੇ ਉੱਪਰ ਪੁਲਿਸ ਨੇ ਹਮਲਾ ਕਰਕੇ ਧਰਨਾ ਬੰਦ ਕਰਵਾ ਦਿੱਤਾ ਜੋ ਲੱਗਭੱਗ ਅੱਠ ਮਹੀਨੇ ਤੋਂ ਚੱਲ ਰਿਹਾ ਸੀ।

ਲਾਲਸੂ ਨੋਗੋਟੀ ਦੱਸਦੇ ਹਨ ਕਿ ਲੋਕਾਂ ਨੂੰ ਪੁਲਿਸ, ਪ੍ਰਸ਼ਾਸਨ ਅਤੇ ਕੰਪਨੀ ਲਗਾਤਾਰ ਡਰਾ-ਧਮਕਾ ਰਹੇ ਹਨ, ਉਨ੍ਹਾਂ 'ਤੇ ਝੂਠੇ ਕੇਸ ਪਾ ਰਹੇ ਹਨ।

2023 ਵਿਚ ਤੋੜਗੱਟਾ ਵਿਚ ਖਾਣ ਦੇ ਖ਼ਿਲਾਫ਼ ਧਰਨਾ 255 ਦਿਨ ਚੱਲਿਆ ਸੀ, ਜੋ ਗੜ੍ਹਚਿਰੌਲੀ ਦੇ ਇਤਿਹਾਸ ਵਿਚ ਆਦਿਵਾਸੀਆਂ ਦੇ ਸਭ ਤੋਂ ਲੰਬੇ ਅੰਦੋਲਨਾਂ ਵਿੱਚੋਂ ਇਕ ਸੀ।

ਲਾਲਸੂ ਨੇ ਦੋਸ਼ ਲਗਾਇਆ ਕਿ ਸਰਕਾਰ ਨੇ ਪੁਲਿਸ ਰਾਹੀਂ ਉਸ ਸ਼ਾਂਤਮਈ ਅੰਦੋਲਨ ਨੂੰ ਬੇਰਹਮੀ ਨਾਲ ਕੁਚਲ ਦਿੱਤਾ। ਲੋਕਾਂ ਨੂੰ ਉੱਥੋਂ ਖਦੇੜ ਦਿੱਤਾ, ਝੌਂਪੜੀਆਂ ਵਿਚ ਵੜਕੇ ਭੰਨਤੋੜ ਕੀਤੀ, 21 ਲੋਕਾਂ—ਜਿਨ੍ਹਾਂ ਵਿਚ ਔਰਤਾਂ ਵੀ ਸ਼ਾਮਲ ਸਨ—ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ 'ਤੇ ਝੂਠੇ ਕੇਸ ਪਾ ਕੇ 17-18 ਦਿਨ ਚੰਦਰਪੁਰ ਜੇਲ੍ਹ ਵਿਚ ਰੱਖਿਆ ਗਿਆ ਅਤੇ ਬਾਅਦ ਵਿਚ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ।

ਵਿਨੋਦ ਮੰਡਾਵੀ ਨੇ ਦੱਸਿਆ ਕਿ ਉਸ ਇਲਾਕੇ ਵਿਚ ਹਰ ਪੰਜ ਕਿਲੋਮੀਟਰ 'ਤੇ ਪੁਲਿਸ ਚੌਕੀ ਬਣਾਈ ਗਈ ਹੈ, ਕੋਈ ਵੀ ਆਵਾਜ਼ ਉਠਾਉਂਦਾ ਹੈ ਤਾਂ ਉਸ 'ਤੇ ਮਾਓਵਾਦੀ ਹੋਣ ਦਾ ਠੱਪਾ ਲਾ ਦਿੱਤਾ ਜਾਂਦਾ ਹੈ। ਉਸਨੇ ਕਿਹਾ, "ਮੈਨੂੰ ਵੀ ਕਈ ਵਾਰ ਹਿਰਾਸਤ ਵਿਚ ਲਿਆ ਗਿਆ ਹਾਂ।

ਉਸ ਇਲਾਕੇ ਦੇ ਹੋਰ ਲੋਕਾਂ ਨੇ ਵੀ ਦ ਵਾਇਰ ਹਿੰਦੀ ਨੂੰ ਦੱਸਿਆ ਕਿ ਲੋਕ ਹੁਣ ਖਾਣ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨਾਂ ਵਿਚ ਭਾਗ ਲੈਣ ਤੋਂ ਕਤਰਾਉਂਦੇ ਹਨ, ਕਿਉਂਕਿ ਉਨ੍ਹਾਂ ਨੂੰ ਪੁਲਿਸ ਅਤੇ ਨੀਮ-ਫ਼ੌਜੀ ਬਲਾਂ ਦੇ ਹੱਥੋਂ ਜਬਰ-ਜ਼ੁਲਮ ਦਾ ਸਾਹਮਣਾ ਕਰਨਾ ਪੈਂਦਾ ਹੈ। ਪੁਲਿਸ ਉਨ੍ਹਾਂ 'ਤੇ ਮਾਓਵਾਦੀ ਹੋਣ ਜਾਂ ਯੂਏਪੀਏ ਵਰਗੇ ਕਠੋਰ ਕਾਨੂੰਨਾਂ ਦੇ ਤਹਿਤ ਕੇਸ ਦਰਜ ਕਰਦੀ ਹੈ।

**ਉਜਾੜੇ ਦਾ ਸਵਾਲ - ਆਦਿਵਾਸੀਆਂ ਦੀਆਂ ਜ਼ਮੀਨਾਂ ਦਾ ਹਾਲ** : ਲਾਲਸੂ ਨੇ ਦੱਸਿਆ ਕਿ ਫ਼ਿਲਹਾਲ ਇਸ ਇਲਾਕੇ ਵਿਚ ਖਣਨ ਦੀ ਵਜ੍ਹਾ ਨਾਲ ਕਿਸੇ ਵੀ ਪਿੰਡ ਦਾ ਉਜਾੜਾ ਤਾਂ ਨਹੀਂ ਹੋਇਆ ਹੈ, ਪਰ ਅੱਗੇ ਉਜਾੜੇ ਜਾਣ ਦਾ ਖ਼ਤਰਾ ਬਹੁਤ ਵੱਧ ਜਾਵੇਗਾ। ਜਿਵੇਂ-ਜਿਵੇਂ ਖਣਨ ਦਾ ਵਿਸਥਾਰ ਹੋਵੇਗਾ, ਲੋਕਾਂ ਦੀਆਂ ਜ਼ਮੀਨਾਂ ਹੜੱਪਣੀਆਂ ਸ਼ੁਰੂ ਹੋ ਜਾਣਗੀਆਂ। ਇਲਾਕੇ ਦੇ ਕੁਝ ਪਿੰਡਾਂ ਵਿਚ ਲੌਇਡਜ਼ ਕੰਪਨੀ ਨੇ ਲੋਕਾਂ ਤੋਂ ਜ਼ਮੀਨਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਲਾਲਸੂ ਨੇ ਦੱਸਿਆ ਕਿ ਹੇਡਰੀ ਪਿੰਡ ਵਿਚ ਲੌਇਡਜ਼ ਕੰਪਨੀ ਨੇ ਸਕੂਲ, ਹਸਪਤਾਲ ਅਤੇ ਟਰੇਨਿੰਗ ਸੈਂਟਰ ਬਣਾਇਆ, ਜਿਸ ਲਈ ਆਦਿਵਾਸੀਆਂ ਦੀਆਂ ਜ਼ਮੀਨਾਂ ਲਈਆਂ ਗਈਆਂ। ਇਸ ਤਰ੍ਹਾਂ ਜਿਉਂ-ਜਿਉਂ ਖਣਨ ਵੱਧ ਰਿਹਾ ਹੈ, ਹੋਰ ਗਤੀਵਿਧੀਆਂ ਲਈ ਵੀ ਆਦਿਵਾਸੀਆਂ ਦੀਆਂ ਜ਼ਮੀਨਾਂ ਲਈਆਂ ਜਾ ਰਹੀਆਂ ਹਨ।

ਲਾਲਸੂ ਕਹਿੰਦੇ ਹਨ ਕਿ ਸਰਕਾਰ ਤੋਂ ਕੰਪਨੀ ਨੂੰ 340.09 ਹੈਕਟੇਅਰ ਖੇਤਰ ਵਿਚ ਖਣਨ ਦਾ ਲਾਇਸੈਂਸ ਮਿਲਿਆ ਹੋਇਆ ਹੈ, ਪਰ ਕੰਪਨੀ ਉਸ ਇਲਾਕੇ ਵਿਚ ਇਸ ਤੋਂ ਕਈ ਗੁਣਾ ਵੱਧ ਜ਼ਮੀਨਾਂ ਹੋਰ ਗਤੀਵਿਧੀਆਂ ਦੇ ਨਾਂ 'ਤੇ ਲੈ ਰਹੀ ਹੈ।

ਇਸ ਤੋਂ ਇਲਾਵਾ, ਐਟਾਪੱਲੀ ਅਤੇ ਮਦੀਗੁੜੇਮ ਵਿਚ ਕੱਚਾ ਮਾਲ ਜਮਾਂ ਕਰਨ ਲਈ ਕੰਪਨੀ ਨੇ ਬਹੁਤ ਸਾਰੀਆਂ ਜ਼ਮੀਨਾਂ ਲੈ ਰੱਖੀਆਂ ਹਨ। ਆਲਾਪੱਲੀ ਅਤੇ ਕਾਮਨਚੇਰੂ ਦੇ ਆਲੇ-ਦੁਆਲੇ ਵੀ ਪਾਰਕਿੰਗ ਅਤੇ ਕੱਚੇ ਲੋਹੇ ਦੇ ਨਾਲ ਨਿਕਲਣ ਵਾਲੇ ਮਿੱਟੀ-ਪੱਥਰ ਆਦਿ ਨੂੰ ਡੰਪ ਕਰਨ ਲਈ ਆਦਿਵਾਸੀਆਂ ਦੀਆਂ ਬਹੁਤ ਸਾਰੀਆਂ ਜ਼ਮੀਨਾਂ ਐਕਵਾਇਰ ਕੀਤੀਆਂ ਗਈਆਂ ਹਨ।

ਇਸ ਤਰ੍ਹਾਂ ਆਦਿਵਾਸੀਆਂ ਦੀਆਂ ਜ਼ਮੀਨਾਂ ਖੋਹ ਕੇ ਕੰਪਨੀਆਂ ਨੂੰ ਦਿੱਤੀਆਂ ਜਾ ਰਹੀਆਂ ਹਨ।

ਦ ਵਾਇਰ ਹਿੰਦੀ ਨੇ ਇਸ ਸਾਰੇ ਮਸਲੇ 'ਤੇ—ਜ਼ਮੀਨ ਐਕਵਾਇਰ ਕਰਨ ਤੋਂ ਲੈ ਕੇ ਆਦਿਵਾਸੀਆਂ ਦੇ ਸਰੋਕਾਰਾਂ ਤੱਕ—ਲੌਇਡਜ਼ ਕੰਪਨੀ ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦਫ਼ਤਰ ਨੂੰ ਵਿਸਥਾਰਪੂਰਵਕ ਸਵਾਲ ਭੇਜੇ, ਜਿਨ੍ਹਾਂ ਦਾ ਜਵਾਬ ਰਿਪੋਰਟ ਦੇ ਪ੍ਰਕਾਸ਼ਨ ਤੱਕ ਨਹੀਂ ਮਿਲਿਆ।

ਗੜ੍ਹਚਿਰੋਲੀ ਵਿਚ 'ਸੁੰਗੜਦਾ ਮਾਓਵਾਦ, ਵਧਦੀ ਜਾ ਰਹੀ ਮਾਈਨਿੰਗ' ਦੇ ਸਿਰਲੇਖ ਤਹਿਤ ਦ ਵਾਇਰ ਹਿੰਦੀ ਦੀ ਖ਼ਬਰ ਛਪਣ ਤੋਂ ਅਗਲੇ ਹੀ ਦਿਨ, ਯਾਨੀ 22 ਜੁਲਾਈ ਨੂੰ, ਅਖ਼ਬਾਰਾਂ ਦੇ ਪਹਿਲੇ ਪੰਨੇ 'ਤੇ ਲੌਇਡ ਕੰਪਨੀ ਨੇ ਪੂਰੇ ਸਫ਼ੇ ਦਾ ਇਸ਼ਤਿਹਾਰ ਦਿੱਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀਆਂ ਮੁਸਕਰਾਉਂਦੀਆਂ ਤਸਵੀਰਾਂ ਨਾਲ ਛਪਿਆ ਇਹ ਇਸ਼ਤਿਹਾਰ ਗੜ੍ਹਚਿਰੋਲੀ ਜ਼ਿਲ੍ਹੇ ਵਿਚ ਲੌਇਡ ਕੰਪਨੀ ਦੇ ਵੱਡੇ ਪ੍ਰੋਜੈਕਟਾਂ ਦਾ ਫੜਨਵੀਸ ਦੇ ਹੱਥੀਂ ਉਦਘਾਟਨ ਹੋਣ ਦਾ ਜ਼ਿਕਰ ਕਰਦਾ ਸੀ।

ਇਸ ਇਸ਼ਤਿਹਾਰ ਦਾ ਸੁਨੇਹਾ ਸਾਫ਼ ਸੀ- ਗੜ੍ਹਚਿਰੋਲੀ ਜ਼ਿਲ੍ਹੇ ਨੂੰ ਭਾਰਤ ਦਾ "ਸਟੀਲ ਸਿਟੀ "ਬਣਾਉਣਾ ਹੈ। ਪਰ ਕਿਸ ਕੀਮਤ 'ਤੇ? ਆਖ਼ ?ਰ ਇਹ ਕੀਮਤ ਕੌਣ ਚੁਕਾ ਰਿਹਾ ਹੈ?

ਅਸੀਂ ਆਪਣੀ ਪਿਛਲੀ ਖ਼ਬਰ ਵਿਚ ਮਾਓਵਾਦੀਆਂ ਤੋਂ ਬਾਅਦ ਉਭਰਦੇ ਦੰਡਕਾਰਣੀਆ ਦੇ ਬਦਲਦੇ ਚਿਹਰੇ ਨੂੰ ਗੜ੍ਹਚਿਰੋਲੀ ਰਾਹੀਂ ਵਿਖਾਇਆ ਸੀ। ਜਿਉਂ-ਜਿਉਂ ਮਾਓਵਾਦੀ ਅੰਦੋਲਨ ਸੁੰਗੜਦਾ ਜਾਂਦਾ ਹੈ, ਆਦਿਵਾਸੀ ਇਲਾਕਿਆਂ ਵਿਚ ਮਾਈਨਿੰਗ ਕੰਪਨੀਆਂ ਆ ਰਹੀਆਂ ਹਨ। ਰਿਪੋਰਟ ਦੀ ਇਹ ਦੂਜੀ ਕ ? ?ਸਤ ਇਸ ਅਮਲ ਦੇ ਵਾਤਾਵਰਣ ਅਤੇ ਸਮਾਜਿਕ ਜ਼ਿੰਦਗੀ 'ਤੇ ਪੈਣ ਵਾਲੇ ਅਸਰਾਂ ਦੀ ਪੜਤਾਲ ਕਰਦੀ ਹੈ।

**ਵਾਤਾਵਰਣ ਨੂੰ ਹੋ ਰਿਹਾ ਭਾਰੀ ਨੁਕਸਾਨ** : ਸਥਾਨਕ ਆਦਿਵਾਸੀ ਕਾਰਕੁਨ ਲਾਲਸੂ ਸੋਮਾ ਨੋਗੋਟੀ ਦੱਸਦੇ ਹਨ ਕਿ ਖਾਣਾਂ ਪੱਟਣ ਲਈ ਵੱਡੇ ਪੱਧਰ 'ਤੇ ਦਰੱਖ਼ਤਾਂ ਦੀ ਕਟਾਈ ਅਤੇ ਪਹਾੜਾਂ ਵਿਚ ਖਣਨ ਨਾਲ ਵਾਤਾਵਰਣ ਨੂੰ ਗੰਭੀਰ ਨੁਕਸਾਨ ਪਹੁੰਚ ਰਿਹਾ ਹੈ। ਖਣਨ ਤੋਂ ਨਿਕਲਣ ਵਾਲੇ ਗੰਦੇ ਲਾਲ ਪਾਣੀ ਅਤੇ ਗੰਦੀ ਧੂੜ ਹਵਾ ਅਤੇ ਪਾਣੀ ਨੂੰ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰ ਰਹੇ ਹਨ।

ਗ਼ੌਰਤਲਬ ਹੈ ਕਿ ਮੁੱਖ ਮੰਤਰੀ ਫੜਨਵੀਸ ਨੇ 22 ਜੁਲਾਈ ਨੂੰ ਹੀ ਗੜ੍ਹਚਿਰੋਲੀ ਵਿਚ 'ਹਰਿਤ ਮਹਾਰਾਸ਼ਟਰ, ਖ਼ੁਸ਼ਹਾਲ ਮਹਾਰਾਸ਼ਟਰ' ਮੁਹਿੰਮ ਦੇ ਤਹਿਤ 1 ਕਰੋੜ ਰੁੱਖ ਲਗਾਉਣ ਦੀ ਸ਼ੁਰੂਆਤ ਕੀਤੀ। ਇਸ ਮੌਕੇ 'ਤੇ ਉਸਨੇ ਕਿਹਾ ਕਿ ਪੂਰੇ ਮਹਾਰਾਸ਼ਟਰ ਵਿਚ ਇਸ ਸਾਲ 11 ਕਰੋੜ ਪੌਦੇ ਲਗਾਏ ਜਾਣਗੇ ਅਤੇ ਅਗਲੇ ਸਾਲ 25 ਕਰੋੜ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ 2014 ਤੋਂ 2021 ਤੱਕ 50 ਕਰੋੜ ਰੁੱਖ ਲਗਾਏ ਗਏ ਸਨ।

ਮੁੱਖ ਮੰਤਰੀ ਦੇ ਦਾਅਵੇ 'ਤੇ ਸਵਾਲ ਉਠਾਉਂਦੇ ਹੋਏ ਲਾਲਸੂ ਨੋਗੋਟੀ ਨੇ ਕਿਹਾ ਕਿ ਇਹ ਲੋਕਾਂ ਨੂੰ ਗੁੰਮਰਾਹ ਕਰਨ ਦਾ ਹੱਥਕੰਡਾ ਹੈ, ਤਾਂ ਜੋ ਉਹ ਦਰੱਖਤਾਂ ਦੀ ਕਟਾਈ ਦਾ ਵਿਰੋਧ ਨਾ ਕਰਨ।

ਉਨ੍ਹਾਂ ਕਿਹਾ, 'ਇੱਥੋਂ ਦੇ ਜੰਗਲਾਂ ਅਤੇ ਪਹਾੜਾਂ ਨੂੰ ਉਜਾੜ ਕੇ ਉਨ੍ਹਾਂ ਵੱਲੋਂ ਦਰੱਖ਼ਤ ਲਗਾਉਣ ਦਾ ਦਾਅਵਾ ਕਰਨਾ ਹਾਸੋਹੀਣਾ ਹੈ। ਸਰਕਾਰ ਚਾਹੇ ਕਿੰਨੇ ਵੀ ਦਰਖ਼ਤ ਲਗਾ ਦੇਵੇ, ਕੁਦਰਤੀ ਜੰਗਲਾਂ ਦੇ ਨੁਕਸਾਨ ਦੀ ਪੂਰਤੀ ਕਦੇ ਨਹੀਂ ਕਰ ਸਕੇਗੀ। ਕੁਦਰਤੀ ਜੰਗਲਾਂ ਵਿਚ ਵੱਖ-ਵੱਖ ਕਿਸਮ ਦੇ ਪੌਦੇ, ਬਨਸਪਤੀ ਅਤੇ ਜਾਨਵਰ ਹੁੰਦੇ ਹਨ, ਜਿਨ੍ਹਾਂ 'ਤੇ ਨਿਰਭਰ ਹੋ ਕੇ ਉੱਥੋਂ ਦੇ ਆਦਿਵਾਸੀ ਜੀ ਰਹੇ ਹਨ। ਤੇਂਦੂ ਪੱਤਾ, ਬਾਂਸ ਅਤੇ ਹੋਰ ਵਣ ਉਪਜਾਂ ਇੱਥੋਂ ਦੇ ਆਦਿਵਾਸੀਆਂ ਦੀ ਆਮਦਨ ਦਾ ਮੁੱਖ ਸਰੋਤ ਹਨ। ਕੀ ਇਹ ਪੌਦੇ ਉਸਦੀ ਪੂਰਤੀ ਕਰ ਸਕਣਗੇ?'

ਲਾਲਸੂ ਨੇ ਕਿਹਾ, 'ਚਾਰ-ਪੰਜ ਸੌ ਸਾਲ ਪੁਰਾਣੇ ਵੱਡੇ ਦਰੱਖ਼ਤਾਂ ਨੂੰ ਕੱਟ ਕੇ ਸ਼ਹਿਰੀ ਕਿਸਮ ਦੇ ਦਰੱਖ਼ਤ ਲਗਾਉਣਾ ਇੱਥੇ ਦੇ ਲੋਕਾਂ ਨਾਲ ਮਜ਼ਾਕ ਤੋਂ ਸਿਵਾਏ ਹੋਰ ਕੁਝ ਨਹੀਂ ਹੈ।'

ਲਾਲਸੂ ਦੱਸਦੇ ਹਨ ਕਿ ਖਣਨ ਦੀ ਵਜ੍ਹਾ ਨਾਲ ਆਦਿਵਾਸੀਆਂ ਦੀ ਰੋਜ਼ੀ-ਰੋਟੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਉਨ੍ਹਾਂ ਦੇ ਖੇਤ ਖਾਣਾਂ ਤੋਂ ਨਿਕਲਣ ਵਾਲੀ ਮਿੱਟੀ ਨਾਲ ਢਕੇ ਜਾਣ ਕਰਕੇ ਬੇਕਾਰ ਹੋ ਰਹੇ ਹਨ। ਹੁਣ ਉਨ੍ਹਾਂ ਵਿਚ ਫ਼ਸਲ ਮੁਸ਼ਕਲ ਨਾਲ ਹੀ ਉੱਗਦੀ ਹੈ।

ਉਸਨੇ ਮਲਮਪਾੜੀ ਪਿੰਡ ਦੀ ਮਿਸਾਲ ਦਿੱਤੀ। ਸੂਰਜਾਗੜ੍ਹ ਪਹਾੜੀ ਤੋਂ ਵਗ ਕੇ ਉਸ ਪਿੰਡ ਵਿਚ ਛੋਟਾ ਜਿਹਾ ਝਰਨਾ ਆਉਂਦਾ ਹੈ, ਲੋਕ ਪਹਿਲਾਂ ਉੱਥੋਂ ਦਾ ਪਾਣੀ ਪੀਂਦੇ ਸਨ, ਨਹਾਉਂਦੇ ਸਨ ਅਤੇ ਮੱਛੀ, ਕੇਕੜੇ ਆਦਿ ਫੜਿਆ ਕਰਦੇ ਸਨ। ਹੁਣ ਖਾਣ ਤੋਂ ਨਿਕਲਣ ਵਾਲੇ ਪ੍ਰਦੂਸ਼ਿਤ ਲਾਲ ਪਾਣੀ ਕਰਕੇ ਉਸ ਝਰਨੇ ਦੇ ਮੱਛੀ, ਕੇਕੜੇ, ਡੱਡੂ, ਸੱਪ ਆਦਿ ਗਾਇਬ ਹੋ ਗਏ ਹਨ। ਉਸਨੇ ਕਿਹਾ ਕਿ ਜੰਗਲ ਦੇ ਬਹੁਤ ਸਾਰੇ ਕੰਦ-ਮੂਲ ਅਤੇ ਬਨਸਪਤੀ ਵੀ ਅਲੋਪ ਹੋ ਰਹੇ ਹਨ।

ਪੋਟੇਗਾਂਵ ਦੇ ਆਦਿਵਾਸੀ ਵਿਕਾਸ ਪਰਿਸ਼ਦ ਦੇ ਕਾਰਕੁਨ ਵਿਨੋਦ ਮੰਡਾਵੀ ਵੀ ਇਸ ਨਾਲ ਸਹਿਮਤ ਹਨ ਕਿ ਖਣਨ ਨਾਲ ਜੀਵਨ ਪ੍ਰਭਾਵਿਤ ਹੋ ਰਿਹਾ ਹੈ। ਉਹ ਦੱਸਦੇ ਹਨ, 'ਆਸਟੀ, ਆਲਾਪੱਲੀ ਅਤੇ ਸੂਰਜਾਗੜ੍ਹ ਹਾਈਵੇ ਉੱਪਰ ਮਾਈਨਿੰਗ ਕੰਪਨੀਆਂ ਨੇ ਪੂਰੀ ਤਰ੍ਹਾਂ ਕਬਜ਼ਾ ਕਰ ਰੱਖਿਆ ਹੈ। ਹਰ ਰੋਜ਼ ਦਰਜਨਾਂ ਟਰੱਕ ਉਸ ਹਾਈਵੇ ਤੋਂ ਲੰਘਦੇ ਹਨ। ਸਕੂਲੀ ਬੱਚਿਆਂ ਲਈ ਸੜਕ ਪਾਰ ਕਰਨਾ ਮੁਸ਼ਕਲ ਹੋ ਜਾਂਦਾ ਹੈ।'

**ਸੂਰਜਾਗੜ੍ਹ ਪਹਾੜ ਦਾ ਇਤਿਹਾਸਕ ਅਤੇ ਸੱਭਿਆਚਾਰਕ ਮਹੱਤਵ** : ਸਥਾਨਕ ਆਦਿਵਾਸੀ ਸੂਰਜਾਗੜ੍ਹ ਵਿਚ ਖਾਣ ਪੱਟਣ ਨੂੰ ਲੈ ਕੇ ਸ਼ੁਰੂ ਤੋਂ ਹੀ ਗੁੱਸੇ 'ਚ ਹਨ। ਇੱਥੇ ਚਾਰ ਪਰਬਤ ਮਾਲਾਵਾਂ ਹਨ। ਇਨ੍ਹਾਂ ਪਹਾੜਾਂ ਨੂੰ ਇਤਿਹਾਸਕ ਅਤੇ ਸੱਭਿਆਚਾਰਕ ਰੂਪ ਵਿਚ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਹ ਖੇਤਰ ਆਦਿਵਾਸੀਆਂ ਅਤੇ ਹੋਰ ਸਮੂਹਾਂ ਦਾ ਪੂਜਾ ਸਥਾਨ ਵੀ ਹੈ। ਇੱਥੇ ਹਰ ਸਾਲ ਜਨਵਰੀ ਵਿਚ ਵੱਡੇ ਪੱਧਰ 'ਤੇ ਆਦਿਵਾਸੀ ਇਕੱਠੇ ਹੋ ਕੇ ਆਪਣੇ ਰਵਾਇਤੀ ਧਾਰਮਿਕ ਰਸਮਾਂ-ਰਿਵਾਜ ਕਰਦੇ ਹਨ।

ਇਸ ਇਲਾਕੇ ਵਿਚ ਜ਼ਿਆਦਾਤਰ ਮਾੜੀਆ ਸੂਚੀਦਰਜ ਕਬੀਲੇ ਦੇ ਲੋਕ ਰਹਿੰਦੇ ਹਨ, ਜਿਨ੍ਹਾਂ ਨੂੰ ਸਰਕਾਰ ਨੇ ਖ਼ਾਸ ਤੌਰ 'ਤੇ ਕਮਜ਼ੋਰ ਕਬਾਇਲੀ ਸਮੂਹ (ਪੀਵੀਟੀਜੀ) ਦੀ ਸ਼ ?ਰੇਣੀ 'ਚ ਰੱਖਿਆ ਹੈ। ਲਾਲਸੂ, ਜੋ ਖੁਦ ਵੀ ਮਾੜੀਆ ਭਾਈਚਾਰੇ ਨਾਲ ਹਨ, ਨੇ ਦੱਸਿਆ, 'ਉਸ ਪਹਾੜੀ ਵਿਚ ਜੋ ਦੇਵਤਾ ਨਿਵਾਸ ਕਰਦੇ ਹਨ ਉਨ੍ਹਾਂ ਨੂੰ ਇੱਥੇ ਦੇ ਮਾੜੀਆ ਆਦਿਵਾਸੀ 'ਓਗਦਾਲ ਪੇਨ' ਕਹਿੰਦੇ ਹਨ। ਪਰ ਹੁਣ ਬਾਹਰਲੇ ਲੋਕਾਂ ਨੇ ਉਸ ਦਾ ਨਾਂ 'ਠਾਕੁਰ ਦੇਵ' ਰੱਖ ਦਿੱਤਾ ਹੈ।'

ਸੂਰਜਾਗੜ੍ਹ ਪਹਾੜੀ ਦੇ ਆਲੇ ਦੁਆਲੇ ਕੁੱਲ 75 ਪਿੰਡ ਹਨ, ਜਿਸ ਨੂੰ ਸੂਰਜਾਗੜ੍ਹ ਪੱਟੀ



ਕਿਹਾ ਜਾਂਦਾ ਹੈ। ਇਸ ਪਹਾੜੀ ਦਾ ਅਸਲੀ ਆਦਿਵਾਸੀ ਨਾਮ 'ਓਗਦਾਲਗੜ੍ਹ' ਸੀ। ਜਿਵੇਂ ਹੋਰ ਇਲਾਕਿਆਂ ਵਿਚ ਆਦਿਵਾਸੀਆਂ ਦੇ ਚਿੰਨ੍ਹਾਂ, ਥਾਵਾਂ, ਦਰਿਆਵਾਂ ਆਦਿ ਦੇ ਨਾਂ ਬਦਲੇ ਜਾ ਰਹੇ ਹਨ, ਉਸੇ ਤਰ੍ਹਾਂ ਇਸ ਦਾ ਨਾਂ ਵੀ ਬਦਲ ਦਿੱਤਾ ਗਿਆ ਹੈ।

ਵਿਨੋਦ ਮੰਡਾਵੀ ਇਹ ਸਵਾਲ ਵੀ ਪੁੱਛਦੇ ਹਨ, 'ਜਦੋਂ ਮੁਲਕ ਦੇ ਹੋਰ ਧਾਰਮਿਕ ਸਥਾਨਾਂ 'ਤੇ ਪੂਜਾ ਸਥਾਨ ਐਕਟ ਲਾਗੂ ਹੁੰਦਾ ਹੈ ਤਾਂ ਆਦਿਵਾਸੀਆਂ ਦੇ ਪੂਜਾ ਸਥਾਨਾਂ 'ਤੇ ਇਹ ਕਿਉਂ ਨਹੀਂ ਲਾਗੂ ਹੁੰਦਾ? ਮੁਲਕ ਦੇ ਹੋਰ ਹਿੱਸਿਆਂ ਵਿਚ ਵੀ ਕਈ ਥਾਵਾਂ 'ਤੇ ਦੇਖਿਆ ਗਿਆ ਹੈ ਕਿ ਆਦਿਵਾਸੀਆਂ ਦੇ ਪੂਜਾ ਸਥਾਨਾਂ 'ਤੇ ਧੜਾਧੜ ਮਾਈਨਿੰਗ ਦਾ ਕੰਮ ਕੀਤਾ ਜਾ ਰਿਹਾ ਹੈ।'

ਸਾਲ 2019 ਵਿਚ ਛੱਤੀਸਗੜ੍ਹ ਦੇ ਦੰਤੇਵਾੜਾ ਜ਼ਿਲ੍ਹੇ ਦੇ ਬੈਲਾਡਿਲਾ ਖੇਤਰ ਵਿਚ ਨੰਦਰਾਜ਼ ਪਹਾੜ ਵਿਚ ਖਣਨ ਕਰਨ ਦਾ ਆਦਿਵਾਸੀਆਂ ਨੇ ਵੱਡੇ ਪੱਧਰ 'ਤੇ ਵਿਰੋਧ ਕੀਤਾ ਸੀ। ਆਦਿਵਾਸੀਆਂ ਦੀ ਧਾਰਨਾ ਹੈ ਕਿ ਇਸ ਪਹਾੜ ਵਿਚ ਉਨ੍ਹਾਂ ਦੇ ਇਸ਼ਟ ਦੇਵਤਾ ਬਿਰਾਜਮਾਨ ਹਨ। ਓੜੀਸਾ ਦੇ ਕੋਰਾਪੁਟ ਜ਼ਿਲ੍ਹੇ ਵਿਚ ਸਿਜੀਮਾਲੀ ਪਹਾੜ ਵਿਚ ਵੀ ਆਦਿਵਾਸੀ ਆਪਣੇ ਪੂਜਾ ਸਥਾਨ ਨੂੰ ਬਚਾਉਣ ਲਈ ਸੰਘਰਸ਼ ਕਰ ਰਹੇ ਹਨ। ਨਿਆਮਗਿਰੀ ਪਹਾੜ ਦੀ ਵੀ ਇਹੀ ਕਹਾਣੀ ਹੈ।

**ਅੰਗਰੇਜ਼ਾਂ ਦੇ ਖਿਲਾਫ਼ ਬਗ਼ਾਵਤ ਦਾ ਇਤਿਹਾਸ** : ਦੱਸਿਆ ਜਾਂਦਾ ਹੈ ਕਿ ਸੂਰਜਾਗੜ੍ਹ ਅੰਗਰੇਜ਼ਾਂ ਦੇ ਖਿ ?ਲਾਫ਼ ਬਗ਼ਾਵਤ ਕਰਨ ਵਾਲੇ ਅਹੇਰੀ ਦੇ ਆਦਿਵਾਸੀ ਜ਼ਮੀਂਦਾਰ ਬਾਬੂਰਾਓ ਸ਼ੇਡਮਾਕੇ ਦਾ ਸ਼ਰਨ ਸਥਾਨ ਵੀ ਸੀ। ਇਸ ਪਹਾੜ 'ਤੇ ਸੂਰਜਾਗੜ੍ਹ ਕਿਲਾ ਹੈ। ਮੰਨਿਆ ਜਾਂਦਾ ਹੈ ਕਿ ਇਸ ਨੂੰ ਬਾਬੂਰਾਓ ਸ਼ੇਡਮਾਕੇ ਨੇ ਬਣਵਾਇਆ ਸੀ। 1857 ਵਿਚ ਅੰਗਰੇਜ਼ਾਂ ਦੇ ਖਿਲਾਫ਼ ਆਦਿਵਾਸੀਆਂ ਦੀ ਬਗ਼ਾਵਤ ਦੀ ਅਗਵਾਈ ਬਾਬੂਰਾਓ ਸ਼ੇਡਮਾਕੇ ਨੇ ਕੀਤੀ ਸੀ। ਉਸ ਨੇ ਆਪਣੀ ਫ਼ੌਜ ਨੂੰ ਅੰਗਰੇਜ਼ ਫ਼ੌਜ ਤੋਂ ਸੁਰੱਖਿਅਤ ਰੱਖਣ ਅਤੇ ਛੁਪਾਉਣ ਲਈ ਕਿਲੇ ਦਾ ਇਸਤੇਮਾਲ ਕੀਤਾ ਸੀ।

ਲਾਲਸੂ ਦੱਸਦੇ ਹਨ ਕਿ ਸੂਰਜਾਗੜ੍ਹ ਪਹਾੜਾਂ ਵਿਚ ਅੱਜ ਵੀ ਅੰਗਰੇਜ਼ਾਂ ਨਾਲ ਹੋਏ ਸੰਘਰਸ਼ ਦੀਆਂ ਕਈ ਨਿਸ਼ਾਨੀਆਂ ਹਨ - ਤਲਵਾਰ, ਭਾਲੇ, ਖੰਜਰ, ਢਾਲ। ਆਦਿਵਾਸੀ ਉਨ੍ਹਾਂ ਦੀ ਵੀ ਪੂਜਾ ਕਰਦੇ ਹਨ।

**ਆਦਿਵਾਸੀ ਕੁੜੀਆਂ ਅਤੇ ਔਰਤਾਂ ਦਾ ਜਿਨਸੀ ਸ਼ੋਸ਼ਣ** : ਸਥਾਨਕ ਲੋਕ ਦੱਸਦੇ ਹਨ ਕਿ ਖਾਣ ਸ਼ੁਰੂ ਹੋਣ ਤੋਂ ਬਾਅਦ ਇਸ ਇਲਾਕੇ ਦੀਆਂ ਆਦਿਵਾਸੀ ਕੁੜੀਆਂ ਦੇ ਜਿਨਸੀ ਸ਼ੋਸ਼ਣ ਦੀਆਂ ਵਾਰਦਾਤਾਂ ਵਧ ਰਹੀਆਂ ਹਨ। ਖਾਣਾਂ ਵਿਚ ਕੰਮ ਕਰਨ ਲਈ ਵੱਡੀ ਗਿਣਤੀ ਵਿਚ ਬਾਹਰੋਂ ਲੋਕ ਆਉਂਦੇ ਹਨ। ਇੱਥੇ ਦੀਆਂ ਔਰਤਾਂ ਉਨ੍ਹਾਂ ਦੇ ਘਰਾਂ ਵਿਚ ਭਾਂਡੇ ਮਾਂਜਣ, ਝਾੜੂ-ਪੋਚਾ ਲਾਉਣ ਵਰਗੇ ਕੰਮ ਕਰਨ ਲਈ ਜਾਂਦੀਆਂ ਹਨ, ਅਤੇ ਉਨ੍ਹਾਂ ਦਾ ਜਿਨਸੀ ਸ਼ੋਸ਼ਣ ਕੀਤਾ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਬਾਂਡੇ ਪਿੰਡ ਦੀ ਇਕ 8-9ਵੀਂ ਜਮਾਤ ਵਿਚ ਪੜ੍ਹਦੀ ਆਦਿਵਾਸੀ ਕੁੜੀ ਨੂੰ ਹੇਡਰੀ ਪਿੰਡ ਵਿਚ ਇੱਕ ਜੋੜੇ ਨੇ ਆਪਣੇ ਬੱਚੇ ਦੀ ਦੇਖਭਾਲ ਕਰਨ ਲਈ ਰੱਖਿਆ ਸੀ। ਉਸ ਕੁੜੀ ਦਾ ਕੰਪਨੀ ਦੇ ਕਿਸੇ ਵਿਅਕਤੀ ਨੇ ਜਿਨਸੀ ਸ਼ੋਸ਼ਣ ਕੀਤਾ, ਉਹ ਗਰਭਵਤੀ ਹੋ ਗਈ। ਬਾਅਦ ਵਿਚ ਉਸ ਕੁੜੀ ਦੇ ਪਰਿਵਾਰ ਨੂੰ ਕੁਝ ਪੈਸੇ ਦੇ ਕੇ ਮਾਮਲਾ ਰਫ਼ਾ-ਦਫ਼ਾ ਕਰਵਾ ਦਿੱਤਾ ਗਿਆ। ਕੁੜੀ ਦਾ ਗਰਭਪਾਤ ਕਰਵਾ ਦਿੱਤਾ ਗਿਆ।

ਉਸਨੇ ਇਹ ਵੀ ਦੱਸਿਆ ਕਿ ਹੌਲੀ-ਹੌਲੀ ਇਲਾਕੇ ਵਿਚ ਦੇਹ-ਵਪਾਰ ਵੀ ਪਨਪਣ ਲੱਗਾ ਹੈ। ਆਦਿਵਾਸੀ ਔਰਤਾਂ ਨੂੰ ਦੇਹ-ਵਪਾਰ ਵੱਲ ਧੱਕਿਆ ਜਾ ਰਿਹਾ ਹੈ, ਜੋ ਇੱਥੋਂ ਦੇ ਸਮਾਜ ਵਿਚ ਕਦੇ ਵੀ ਨਹੀਂ ਰਿਹਾ।

**ਖਾਣ ਤੋਂ ਰੋਜ਼ਗਾਰ ਦੇ ਦਾਅਵੇ ਕਿੰਨੇ ਸੱਚ?** : ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਸੂਰਜਾਗੜ੍ਹ ਖਾਣ ਰਾਹੀਂ ਇਲਾਕੇ ਵਿਚ ਸਥਾਨਕ ਲੋਕਾਂ ਨੂੰ ਰੋਜ਼ਗਾਰ ਦੇਣ ਦੇ ਦਾਅਵੇ ਵੀ ਝੂਠੇ ਸਾਬਤ ਹੋ ਰਹੇ ਹਨ। ਮੋਹਗਾਓਂ ਦੇ ਗ੍ਰਾਮ ਸਭਾ ਦੇ ਪ੍ਰਧਾਨ ਦੇਵਸਾਏ ਆਤਲਾ ਕਹਿੰਦੇ ਹਨ, 'ਅਸੀਂ ਆਦਿਵਾਸੀ ਜੰਗਲ-ਪਹਾੜਾਂ ਨਾਲ ਜੁੜੇ ਹੋਏ ਲੋਕ ਹਾਂ। ਰੋਜ਼ਗਾਰ ਦੇਣ ਦੇ ਬਹਾਨੇ ਸਾਡੇ ਜੰਗਲਾਂ ਨੂੰ ਉਜਾੜ ਕੇ ਖਾਣ ਸ਼ੁਰੂ ਕੀਤੀ ਜਾ ਰਹੀ ਹੈ। ਪਰ ਕੁਝ ਛੋਟੇ-ਮੋਟੇ ਕੰਮਾਂ ਤੋਂ ਇਲਾਵਾ ਸਥਾਨਕ ਆਦਿਵਾਸੀਆਂ ਨੂੰ ਕੋਈ ਖ਼ਾਸ ਰੋਜ਼ਗਾਰ ਨਹੀਂ ਮਿਲ ਰਿਹਾ।'

ਉਨ੍ਹਾਂ ਕਿਹਾ, 'ਲੌਇਡ ਕੰਪਨੀ ਨੇ ਕਿਹਾ ਸੀ ਕਿ ਮਾਈਨਿੰਗ ਸ਼ੁਰੂ ਹੋਣ ਤੋਂ ਬਾਅਦ ਹਰ ਪਰਿਵਾਰ 'ਚੋਂ ਇਕ ਜੀਅ ਨੂੰ ਕੰਮ 'ਤੇ ਰੱਖਿਆ ਜਾਵੇਗਾ। ਪਰ ਜੋ ਕੰਮ ਦਿੱਤਾ ਉਹ ਸੁਰੱਖਿਆ ਗਾਰਡ ਵਰਗੀਆਂ ਛੋਟੀਆਂ-ਛੋਟੀਆਂ ਨੌਕਰੀਆਂ ਹੀ ਹਨ।'

ਲਾਲਸੂ ਨੋਗੋਟੀ ਕਹਿੰਦੇ ਹਨ, 'ਰੋਜ਼ਗਾਰ ਦੇ ਨਾਂ 'ਤੇ ਇੱਥੇ ਦੇ ਲੋਕਾਂ ਨੂੰ ਸੁਰੱਖਿਆ ਗਾਰਡ ਦੀ ਨੌਕਰੀ ਮਿਲ ਰਹੀ ਹੈ। ਉਨ੍ਹਾਂ ਨੂੰ ਸੜਕਾਂ 'ਤੇ ਪਸ਼ੂ ਜਾਂ ਪਾਲਤੂ ਜਾਨਵਰਾਂ ਨੂੰ ਭਜਾਉਣ ਦਾ ਕੰਮ ਦਿੱਤਾ ਜਾ ਰਿਹਾ ਹੈ ਤਾਂ ਕਿ ਟਰੱਕਾਂ ਵਿਚ ਮਾਲ ਦੀ ਢੋਆ-ਢੁਆਈ ਦਾ ਕੰਮ ਨਾ ਰੁਕੇ। ਕੱਚਾ ਲੋਹਾ ਲਿਜਾਣ ਵਾਲੇ ਰਸਤੇ ਵਿਚ ਪੈਂਦੇ ਹਰ ਪਿੰਡ ਵਿਚ ਤਿੰਨ-ਚਾਰ ਲੋਕ ਤਾਇਨਾਤ ਕੀਤੇ ਗਏ ਹਨ।'

ਵਿਨੋਦ ਨੇ ਕਿਹਾ, 'ਇਨ੍ਹਾਂ ਗਾਰਡਾਂ ਨੂੰ ਮਹੀਨੇ ਵਿਚ 8,000-9,000 ਰੁਪਏ ਤਨਖ਼ਾਹ ਦਿੱਤੀ ਜਾਂਦੀ ਹੈ। ਯਾਨੀ ਪ੍ਰਤੀ ਦਿਨ 200-300 ਰੁਪਏ, ਜੋ ਕਿਰਤ ਕਾਨੂੰਨਾਂ ਦੀ ਖੁੱਲ੍ਹੀ ਉਲੰਘਣਾ ਹੈ।'

ਲਾਲਸੂ ਕਹਿੰਦੇ ਹਨ, 'ਇੱਥੇ ਦੇ ਆਦਿਵਾਸੀ ਘੱਟ ਪੜ੍ਹੇ-ਲਿਖੇ ਹਨ। ਵੱਡੇ ਅਹੁਦਿਆਂ ਲਈ ਲੋਕ ਬਾਹਰੋਂ ਲਿਆਂਦੇ ਜਾਂਦੇ ਹਨ। ਇੱਥੋਂ ਦੇ ਸਥਾਨਕ ਲੋਕਾਂ ਨੂੰ ਰਸੋਈ, ਚਾਹ ਪਹੁੰਚਦੀ ਕਰਨ ਜਾਂ ਸਫ਼ਾਈ, ਟਾਇਲਟਾਂ ਸਾਫ਼ ਕਰਨ ਵਰਗੇ ਛੋਟੇ-ਮੋਟੇ ਕੰਮਾਂ ਵਿਚ ਰੱਖਿਆ ਜਾਂਦਾ ਹੈ। ਇਹ ਕਿਹੜਾ ਰੋਜ਼ਗਾਰ ਹੋਇਆ?'

ਉਨ੍ਹਾਂ ਸਵਾਲ ਕੀਤਾ, 'ਅਜਿਹੇ ਕੰਮ ਦੇ ਵੀ ਰਹੇ ਹਨ ਤਾਂ ਇਹ ਕਿੰਨੇ ਕੁ ਲੋਕਾਂ ਨੂੰ ਮਿਲ ਰਿਹਾ ਹੈ? ਜੰਗਲ ਵਿਚ ਬੱਚੇ ਤੋਂ ਲੈ ਕੇ ਬਜ਼ੁਰਗਾਂ ਤੱਕ ਸਭ ਨੂੰ ਕੋਈ ਨਾ ਕੋਈ ਰੋਜ਼ਗਾਰ ਮਿਲਦਾ ਹੈ। ਲੋਕ ਤੇਂਦੂ ਪੱਤਾ ਇਕੱਠਾ ਕਰਦੇ ਸਨ, ਬਾਂਸ ਦੀ ਕਟਾਈ ਕਰਦੇ ਸਨ, ਵਣ ਉਪਜਾਂ ਇਕੱਠੀਆਂ ਕਰਦੇ ਸਨ। ਕੋਈ ਖੇਤ ਵਾਹੁੰਦਾ ਹੈ, ਕੋਈ ਜੰਗਲ ਤੋਂ ਲੱਕੜੀਆਂ ਜਾਂ ਹੋਰ ਚੀਜ਼ਾਂ ਇਕੱਠੀਆਂ ਕਰਕੇ ਲਿਆਉਂਦਾ ਹੈ, ਕੋਈ ਫ਼ਸਲਾਂ ਦੀ ਰਾਖੀ ਕਰਦਾ ਹੈ, ਕੋਈ ਪਸ਼ੂ ਚਰਾਉਣ ਜਾਂਦਾ ਹੈ। ਖਾਣ ਪਰਿਵਾਰ ਵਿੱਚੋਂ ਕਿੰਨੇ ਲੋਕਾਂ ਨੂੰ ਕੰਮ ਦੇਵੇਗੀ? ਜੇ ਇੱਕ ਵਿਅਕਤੀ ਨੂੰ ਕੋਈ ਛੋਟਾ-ਮੋਟਾ ਕੰਮ ਦੇ ਵੀ ਦੇਵੇਗੀ, ਬਾਕੀ ਲੋਕ ਕੀ ਕਰਨਗੇ ਅਤੇ ਕੀ ਖਾਣਗੇ?'

ਲਾਲਸੂ ਨੇ ਦੱਸਿਆ ਕਿ ਕੰਪਨੀ ਦਾਅਵਾ ਕਰ ਰਹੀ ਹੈ ਕਿ ਆਦਿਵਾਸੀ ਬੱਚਿਆਂ ਨੂੰ ਖਾਣ ਵਿਚ ਰੋਜ਼ਗਾਰ ਦੇਣ ਲਈ ਪੜ੍ਹਾਈ ਲਈ ਵਿਦੇਸ਼ਾਂ ਵਿਚ ਭੇਜਿਆ ਜਾਵੇਗਾ। ਕੰਪਨੀ 12ਵੀਂ ਪਾਸ ਕਰਨ ਤੋਂ ਬਾਅਦ ਪੋਸਟ ਗ੍ਰੈਜੂਏਸ਼ਨ ਲਈ ਆਸਟ੍ਰੇਲੀਆ ਭੇਜਣ ਦਾ ਪ੍ਰਚਾਰ ਕਰ ਰਹੀ ਹੈ। ਪਰ ਸ਼ਰਤ ਇਹ ਹੈ ਕਿ ਬੱਚਿਆਂ ਨੂੰ ਵਧੀਆ ਅੰਗਰੇਜ਼ੀ ਆਉਣੀ ਚਾਹੀਦੀ ਹੈ। ਇੱਥੇ ਆਦਿਵਾਸੀ ਬੱਚੇ ਜੋ ਸਰਕਾਰੀ ਸਕੂਲਾਂ 'ਤੇ ਨਿਰਭਰ ਹਨ, ਜਿਨ੍ਹਾਂ ਨੂੰ ਮਰਾਠੀ ਸਿੱਖਣ ਵਿਚ ਵੀ ਮੁਸ਼ਕਲ ਹੁੰਦੀ ਹੈ (ਕਿਉਂਕਿ ਸਕੂਲੀ ਪੜ੍ਹਾਈ ਉਨ੍ਹਾਂ ਦੀ ਮਾਂ ਬੋਲੀ ਗੋਂਡੀ ਵਿਚ ਨਹੀਂ, ਬਲਕਿ ਮਰਾਠੀ ਮਾਧਿਅਮ ਵਿਚ ਹੁੰਦੀ ਹੈ), ਉਹ ਅੰਗਰੇਜ਼ੀ ਕਿੱਥੋਂ ਸਿੱਖਣਗੇ?

ਲਾਲਸੂ ਨੇ ਦੱਸਿਆ ਕਿ ਉਨ੍ਹਾਂ ਦੇ ਰਿਸ਼ਤੇਦਾਰ ਦੀ ਇਕ ਧੀ ਨੇ ਆਸਟ੍ਰੇਲੀਆ ਜਾਣ ਲਈ ਅਰਜ਼ੀ ਦਿੱਤੀ ਸੀ। ਜਦੋਂ ਉਸ ਦਾ ਟੈਸਟ ਹੋਇਆ, ਉਹ ਅੰਗਰੇਜ਼ੀ ਵਿਚ ਫੇਲ੍ਹ ਹੋ ਗਈ। ਵਿਨੋਦ ਮੰਡਾਵੀ ਦੱਸਦੇ ਹਨ ਕਿ ਲੌਇਡ ਕੰਪਨੀ ਨੇ ਇਲਾਕੇ ਦੇ ਲੋਕਾਂ ਨੂੰ ਕਿਹਾ ਸੀ ਕਿ ਜੇ ਉਹ ਟਰੱਕ ਖ਼ਰੀਦ ਲੈਂਦੇ ਹਨ ਤਾਂ ਟਰਾਂਸਪੋਰਟ ਦਾ ਕੰਮ ਦਿੱਤਾ ਜਾਵੇਗਾ। ਪਰ ਟਰੱਕ ਖ਼ਰੀਦਣ ਲਈ ਆਦਿਵਾਸੀਆਂ ਕੋਲ ਪੈਸਾ ਕਿੱਥੋਂ ਆਵੇਗਾ?

ਉਨ੍ਹਾਂ ਕਿਹਾ, 'ਇਲਾਕੇ ਦੇ ਕੁਝ ਲੋਕਾਂ ਨੇ ਆਪਣੀਆਂ ਜ਼ਮੀਨਾਂ, ਸੋਨਾ-ਚਾਂਦੀ, ਸਭ ਵੇਚ ਕੇ ਟਰੱਕ ਖ਼ਰੀਦੇ। ਪਰ ਉਨ੍ਹਾਂ ਦੀ ਵੀ ਹਾਲਤ ਬਹੁਤ ਖਰਾਬ ਹੈ। ਮਾਲ (ਕੱਚਾ ਲੋਹਾ) ਭਰਵਾਉਣ ਲਈ ਲੰਮੀਆਂ ਲਾਈਨਾਂ ਲੱਗੀਆਂ ਰਹਿੰਦੀਆਂ ਹਨ, ਉਨ੍ਹਾਂ ਨੂੰ ਟਰੱਕ ਦੀ ਮਹੀਨਾਵਾਰ ਕਿਸ਼ਤ ਭਰਨੀ ਵੀ ਮੁਸ਼ਕਲ ਹੋ ਰਹੀ ਹੈ।'

ਦ ਵਾਇਰ ਹਿੰਦੀ ਨੇ ਇਸ ਸਾਰੇ ਮਸਲੇ 'ਤੇ, ਜ਼ਮੀਨ ਐਕਵਾਇਰ ਕਰਨ, ਰੋਜ਼ਗਾਰ ਤੋਂ ਲੈ ਕੇ ਆਦਿਵਾਸੀਆਂ ਦੇ ਸਰੋਕਾਰਾਂ ਉੱਪਰ ਲੌਇਡ ਕੰਪਨੀ ਦੇ ਅਧਿਕਾਰੀਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਨੂੰ ਵਿਸਥਾਰ 'ਚ ਸਵਾਲ ਵੀ ਈਮੇਲ ਕੀਤੇ ਪਰ ਅਜੇ ਤੱਕ ਕੋਈ ਜਵਾਬ ਨਹੀਂ ਆਇਆ ਹੈ।

*ਇਨਕਲਾਬੀ ਸਾਥੀਆਂ ਦੀ ਯਾਦ 'ਚ*

# ਕਿਰਤੀ ਭਵਨ-ਉਸਾਰਨ ਦਾ ਨੀਂਹ ਪੱਥਰ ਰੱਖਿਆ




ਇਨਕਲਾਬੀ ਵਿਚਾਰ ਸਭਾ ਦੇ ਪ੍ਰਧਾਨ ਸੁਰਿੰਦਰ ਸਿੰਘ ਨੇ 'ਕਿਰਤੀ ਭਵਨ' ਦਾ ਨੀਂਹ ਪੱਥਰ ਰੱਖਿਆ। ਇਹ ਭਵਨ ਜਾਣੇ ਪਛਾਣੇ ਇਨਕਲਾਬੀ ਕਾਮਰੇਡ ਸੁਰਜੀਤ ਸਿੰਘ ਕਲੋਆ ਅਤੇ ਕਾਮਰੇਡ ਬਲਬੀਰ ਕੌਰ ਦੀ ਯਾਦ 'ਚ ਉਸਾਰਿਆ ਜਾ ਰਿਹਾ ਹੈ। ਕਾ. ਸੁਰਜੀਤ ਕਲੋਆ ਆਪਣੀ ਨੇਵੀ ਦੀ ਨੌਕਰੀ ਛੱਡ ਕੇ 70ਵਿਆਂ 'ਚ ਇਨਕਲਾਬੀ ਕਮਿਊਨਿਸਟ ਲਹਿਰ ਭਾਵ ਨਕਸਲਬਾੜੀ ਲਹਿਰ ਵਿਚ ਕੁੱਦੇ ਸਨ ਅਤੇ ਫਿਰ ਤਾਉਮਰ ਇਸ ਲਹਿਰ ਦੇ ਲੇਖੇ ਲਾਈ। ਆਪਣੇ ਵਿਲੱਖਣ ਸੁਭਾਅ ਦੇ ਮਾਲਕ ਕਲੋਆ ਦਾ ਜੀਵਨ ਸੰਘਰਸ਼ਸ਼ੀਲ ਰਿਹਾ ਜਿਥੇ ਉਨ੍ਹਾਂ ਲਹਿਰ ਵਿਚ ਔਖੀਆਂ ਹਾਲਤਾਂ ਵਿਚ ਲਹਿਰ ਨੂੰ ਜਥੇਬੰਦ ਕਰਨ ਵਿਚ ਅਹਿਮ ਭੂਮਿਕਾ ਨਿਭਾਈ, ਉਥੇ ਔਖੀਆਂ ਹਾਲਤਾਂ ਨੂੰ ਹਰ ਸਮੇਂ ਵਿਚ ਜਾਣਿਆ। ਜਦੋਂ ਉਹ ਲਹਿਰ ਵਿਚ ਸ਼ਾਮਲ ਹੋਏ ਸਨ ਉਸ ਸਮੇਂ ਹਕੂਮਤ ਵਲੋਂ ਲਹਿਰ ਉਤੇ ਅੰਤਾਂ ਦਾ ਤਸ਼ੱਦਦ ਢਾਹਿਆ ਜਾ ਰਿਹਾ ਸੀ। ਉਨ੍ਹਾਂ ਦੇ ਸਾਥੀ ਉਂਕਾਰ ਸਿੰਘ ਸ਼ਹੀਦ ਹੋ ਗਏ ਸਨ। ਐਮਰਜੈਂਸੀ ਦੇ ਦੌਰ ਵਿਚ ਸੁਰਜੀਤ ਪੁਲਿਸ ਦੇ ਹੱਥ ਆ ਗਿਆ। ਅੰਤਾਂ ਦਾ ਤਸ਼ੱਦਦ ਸਹਿ ਕੇ ਲਹਿਰ ਦਾ ਸਿਰ ਉਚਾ ਰੱਖਿਆ ਸੀ। ਸੁਰਜੀਤ ਨੇ 1986-87 ਵਿਚ ਕਾ. ਬਲਬੀਰ ਕੌਰ ਨੇ ਸੁਰਜੀਤ ਨਾਲ ਸਾਥ ਨਿਭਾਉਣ ਦਾ ਵਚਨ ਲਿਆ ਤੇ ਅਤੇ ਹਰ ਔਖੀ ਘੜੀ, ਇਥੋਂ ਤੱਕ ਕਿ ਸੁਰਜੀਤ ਦੇ ਸਰੀਰਕ ਨੁਕਸਾਨ ਹੋਣ ਦੀਆਂ ਕਠਿਨ ਹਾਲਤਾਂ ਵਿਚ ਵੀ ਪੂਰਾ ਸਾਥ ਦਿੱਤਾ ਤੇ ਸਾਂਭ ਸੰਭਾਲ ਕੀਤੀ। ਆਪਣੇ ਜਿਉਂਦੇ ਜੀਅ ਉਨ੍ਹਾਂ ਨੂੰ ਆਪਣਾ ਰੈਣ ਬਸੇਰਾ ਵੀ ਨਸੀਬ ਨਾ ਹੋਇਆ। ਸਾਲ 2022 ਵਿਚ ਦੋਵੇਂ ਸਾਥੀ ਵਿਛੋੜਾ ਦੇ ਗਏ ਸਨ ਅਤੇ ਉਨ੍ਹਾਂ ਦੀ ਇਕ ਬੇਟੀ, ਜਿਸ ਨੂੰ ਸਾਂਭ ਸੰਭਾਲ ਦੀ ਲੋੜ ਸੀ, ਲੁਧਿਆਣੇ ਇਨਕਲਾਬੀ ਮਜ਼ਦੂਰ ਕੇਂਦਰ ਦੇ ਸਾਥੀਆਂ ਦੀ ਦੇਖ ਰੇਖ ਵਿਚ ਰਹਿਣ ਲੱਗੀ।

ਇਸੇ ਦੌਰਾਨ ਕੁਝ ਸਾਥੀਆਂ ਨੇ ਬੱਚੀ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਦੇ ਨਾਲ ਉਨ੍ਹਾਂ ਦੀ ਯਾਦ ਵਿਚ ਇਕ ਹਾਲ ਉਸਾਰਨ ਦਾ ਸੁਪਨਾ ਲਿਆ। ਮੁਢਲੀ ਪੂਜੀ ਜੋ ਉਨ੍ਹਾਂ ਦੇ ਪਰਿਵਾਰਕ ਸਰੋਤਾਂ ਤੋਂ ਹਾਸਲ ਹੋਈ, ਦਾ ਇਕ ਪਲਾਟ ਲਿਆ ਗਿਆ ਅਤੇ ਉਸ ਉਤੇ ਭਵਨ ਉਸਾਰਨ ਦੀ ਵਿਉਂਤ ਬਣਾਈ ਗਈ ਹੈ। ਜਿਸ ਦਾ ਨੀਂਹ ਪੱਥਰ ਸੁਰਿੰਦਰ ਸਿੰਘ, ਜਗਮੀਤ (ਬੇਟੀ), ਡਾ. ਹਰਬੰਸ ਸਿੰਘ ਗਰੇਵਾਲ, ਸੁਰਜੀਤ ਦੇ ਭਰਾ ਜਸਬੀਰ ਸਿੰਘ, ਸ਼ਹੀਦ ਬਖਸ਼ੀਸ਼ ਸਿੰਘ ਮੋਰਕਰੀਆ (ਨਕਸਲੀ ਲਹਿਰ) ਦੇ ਭਰਾ ਮਾਸਟਰ ਸੁਰਜੀਤ ਸਿੰਘ ਤੇ ਮਜ਼ਦੂਰ ਸਾਥੀਆਂ ਨੇ ਨਿਭਾਈ। ਇਸ ਮੌਕੇ 'ਤੇ ਗਰੇਵਾਲ, ਕਾਮਰੇਡ ਮੋਹਨ ਸਿੰਘ, ਐਡਵੋਕੇਟ ਹਰਪ੍ਰੀਤ ਸਿੰਘ ਜ਼ੀਰਖ, ਸਤਨਾਮ ਸਿੰਘ ਅਤੇ ਮੋਲਡਰ ਐਂਡ ਸਟੀਲ ਵਰਕਰ ਯੂਨੀਅਨ ਦੇ ਆਗੂ ਹਰਜਿੰਦਰ ਸਿੰਘ, ਲੋਕ ਏਕਤਾ ਮੰਚ ਦੇ ਗੁਲਰ ਚੌਹਾਨ ਇਹ ਨੀਂਹ ਪੱਥਰ ਰੱਖਣ ਸਮੇਂ ਹਾਜ਼ਰ ਸਨ। ਕਾਮਰੇਡ ਨਰਭਿੰਦਰ ਕਿਸੇ ਕਾਰਨ ਪਹੁੰਚ ਨਹੀਂ ਸਕੇ ਉਨ੍ਹਾਂ ਦਾ ਸੰਦੇਸ਼ ਪੜ੍ਹ ਕੇ ਸੁਣਾਇਆ ਗਿਆ।

ਬੁਲਾਰਿਆਂ ਨੇ ਜਿਥੇ ਕਾ. ਸੁਰਜੀਤ ਕਲੋਆ ਅਤੇ ਬਲਬੀਰ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਸਿਰੜੀ ਜ਼ਿੰਦਗੀ ਬਾਰੇ ਸ਼ਬਦ ਕਹੇ ਉਥੇ ਇਨਕਲਾਬੀ ਵਿਚਾਰ ਸਭਾ ਵਲੋਂ ਉਸਾਰੇ ਜਾ ਰਹੇ ਕਿਰਤੀ ਭਵਨ ਬਾਰੇ ਵੀ ਵਿਸਥਾਰ ਵਿਚ ਦੱਸਿਆ ਕਿ ਕਿਵੇਂ ਇਸ ਭਵਨ ਦਾ ਪਿਛਲੇ ਤਿੰਨ ਸਾਲ ਦੀਆਂ ਲਗਾਤਾਰ ਕੋਸ਼ਿਸ਼ਾਂ ਦੇ ਬਾਅਦ ਅੱਜ ਨੀਂਹ ਪੱਥਰ ਰੱਖਿਆ ਜਾ ਰਿਹਾ ਹੈ। ਪ੍ਰਬੰਧਕਾਂ ਨੇ ਦੱਸਿਆ ਕਿ ਇਹ 'ਕਿਰਤੀ ਭਵਨ' ਜੋ ਕਮਿਊਨਿਸਟ ਲਹਿਰ ਦੇ ਜੁਝਾਰੂ ਸਾਥੀਆਂ ਦੀ ਯਾਦ 'ਚ ਉਸਾਰਿਆ ਜਾ ਰਿਹਾ ਹੈ ਇਕ ਮਜ਼ਦੂਰਾਂ ਦੇ ਮਿਲ ਬੈਠਣ, ਆਪਣੇ ਮਸਲੇ ਸਾਂਝੇ ਕਰਨ ਦੇ ਨਾਲ ਨਾਲ ਇਕ ਸਿੱਖਿਅਕ ਕੇਂਦਰ ਵਜੋਂ ਵੀ ਭੂਮਿਕਾ ਨਿਭਾਵੇਗਾ। ਜਿਥੇ ਮਜ਼ਦੂਰਾਂ ਨੂੰ ਸਿਧਾਂਤਕ, ਜਮਾਤੀ ਚੇਤਨਾ ਅਤੇ ਸੰਘਰਸ਼ ਤੇ ਅਗਵਾਈ ਕਰਨ ਦੀ ਸਿੱਖਿਆ ਦਿੱਤੀ ਜਾਵੇਗੀ। ਇਹ ਇਕ ਕਲਚਰਲ ਸੈਂਟਰ ਵੀ ਹੋਵੇਗਾ ਅਤੇ ਇਕ ਲਾਇਬ੍ਰੇਰੀ ਵੀ ਸਥਾਪਤ ਕੀਤੀ ਜਾਵੇਗੀ। ਇਥੇ ਰਹਿਣ ਵਾਲੇ ਇਕ ਕਮਿਊਨਿਸਟ ਵਜੋਂ ਰਹਿਣਗੇ ਤੇ ਵਿਚਾਰਨਗੇ। ਇਹ ਮਜ਼ਦੂਰਾਂ ਵਿਚ ਕੰਮ ਕਰਦੀਆਂ ਸਾਰੀਆਂ ਜਥੇਬੰਦੀਆਂ ਲਈ ਸਾਂਝੀਆਂ ਮੀਟਿੰਗਾਂ ਤੋਂ ਇਲਾਵਾ ਬਜ਼ੁਰਗਾਂ ਤੇ ਅਸਵਰਣ ਸਾਥੀ ਆਪਦੇ ਸਾਂਭ ਸੰਭਾਲ ਦਾ ਕਾਰਜ ਵੀ ਹੱਥ ਲਵੇਗਾ। ਲਹਿਰ ਨੂੰ ਜਿਵੇਂ ਜਿਵੇਂ ਆਰਥਿਕ ਸਹਿਯੋਗ ਮਿਲਦਾ ਗਿਆ ਇਸ ਦਾ ਵਿਸਥਾਰ ਕੀਤਾ ਜਾਂਦਾ ਰਹੇਗਾ। ਇਸ ਦਾ ਹਿਸਾਬ ਕਿਤਾਬ ਪਾਰਦਰਸ਼ੀ ਢੰਗ ਨਾਲ ਰੱਖਿਆ ਜਾਵੇਗਾ ਤੇ ਵਿਧੀਵਤ ਢੰਗ ਨਾਲ ਇਸ ਵਲੋਂ ਉਲੀਕੀ ਰੂਪ ਰੇਖਾ 'ਤੇ ਇਨਕਲਾਬੀ ਵਿਚਾਰ ਸਭਾ ਪਹਿਰਾ ਦਿੰਦੀ ਰਹੇਗੀ। ਇਸ ਸਮੇਂ ਕਰਮਜੀਤ ਕੌਰ, ਦਲਿਲਾ, ਵਿਜੈ ਨਰਾਇਣ ਨੇ ਆਪਣੇ ਗੀਤ ਪੇਸ਼ ਕੀਤੇ।

-ਨਰਭਿੰਦਰ ਸਿੰਘ

*ਸਿਆਸੀ ਹੇਜ*

# ਕਰੋੜਪਤੀ ਨੇਤਾ 'ਦਸਵੰਧ' ਕੱਢਣਗੇ ?

ਚੰਡੀਗੜ੍ਹ, (ਚਰਨਜੀਤ ਭੁੱਲਰ) : ਪੰਜਾਬ ਦੇ ਸਿਆਸੀ ਨੇਤਾ ਹੜ੍ਹ ਪੀੜਤਾਂ ਪ੍ਰਤੀ ਹੇਜ ਤਾਂ ਦਿਖਾ ਰਹੇ ਹਨ ਪ੍ਰੰਤੂ ਹਾਲੇ ਤੱਕ ਕੋਈ ਅਜਿਹਾ ਨੇਤਾ ਸਾਹਮਣੇ ਨਹੀਂ ਆਇਆ ਹੈ ਜਿਸ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਦਸਵੰਧ ਕੱਢਣ 'ਚ ਪਹਿਲ ਕੀਤੀ ਹੋਵੇ। ਪੰਜਾਬ ਵਿਧਾਨ ਸਭਾ ਦੇ ਇਸ ਵੇਲੇ 117 ਮੈਂਬਰਾਂ 'ਚੋ 87 ਵਿਧਾਇਕ/ਮੰਤਰੀ (74 ਫ਼ੀਸਦੀ) ਕਰੋੜਪਤੀ ਹਨ। ਇਨ੍ਹਾਂ ਕਰੋੜਪਤੀ ਵਿਧਾਇਕਾਂ/ਵਜ਼ੀਰਾਂ ਨੇ ਪੱਲਿਓਂ ਵਿੱਤੀ ਮਦਦ ਲਈ ਆਪਣੇ ਹੱਥ ਹੜ੍ਹ ਪੀੜਤਾਂ ਵੱਲ ਹਾਲੇ ਤੱਕ ਨਹੀਂ ਵਧਾਏ ਹਨ। ਸੂਬੇ ਦੇ ਸੱਤ ਜ਼ਿਲ੍ਹੇ ਇਸ ਵੇਲੇ ਹੜ੍ਹਾਂ ਦੀ ਮਾਰ ਦਾ ਸਾਹਮਣਾ ਕਰ ਰਹੇ ਹਨ। ਲੋਕ ਘਰੋਂ ਬੇਘਰ ਹੋ ਚੁੱਕੇ ਹਨ ਅਤੇ ਪਸ਼ੂ ਧਨ ਅਤੇ ਫ਼ਸਲਾਂ ਦਾ ਨੁਕਸਾਨ ਹੋ ਚੁੱਕਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ ਅਤੇ ਸਰਕਾਰੀ ਹੈਲੀਕਾਪਟਰ ਲੋਕਾਂ ਦੀ ਮਦਦ ਲਈ ਛੱਡਣ ਦੀ ਗੱਲ ਆਖੀ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਾਂਗਰਸੀ ਵਿਧਾਇਕਾਂ ਨਾਲ ਸੁਲਤਾਨਪੁਰ ਲੋਧੀ 'ਚ ਹੜ੍ਹਾਂ ਦਾ ਜਾਇਜ਼ਾ ਲਿਆ ਜਦਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਜਾ ਰਹੇ ਹਨ।



ਸੁਆਲ ਉੱਠਦਾ ਹੈ ਕਿ ਇਹ ਸਿਆਸੀ ਨੇਤਾ ਹੜ੍ਹ ਪੀੜਤਾਂ ਦੀ ਮਦਦ ਲਈ ਆਪਣੀ ਜੇਬ 'ਚੋਂ ਦਸਵੰਧ ਕੱਢ ਕੇ ਕੋਈ ਉਦਾਹਰਨ ਪੇਸ਼ ਕਰਨਗੇ ਜਾਂ ਨਹੀਂ। ਪੰਜਾਬ ਦੇ ਪੰਜ ਵਿਧਾਇਕ ਅਜਿਹੇ ਹਨ ਜਿਨ੍ਹਾਂ ਦੀ 50-50 ਕਰੋੜ ਤੋਂ ਜ਼ਿਆਦਾ ਦੀ ਸੰਪਤੀ ਹੈ। 'ਆਪ' ਪ੍ਰਧਾਨ ਅਮਨ ਅਰੋੜਾ ਦੀ ਇਸ ਵੇਲੇ 95.12 ਕਰੋੜ ਰੁਪਏ ਦੀ ਸੰਪਤੀ ਹੈ ਜਦੋਂ ਕਿ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ 36.19 ਕਰੋੜ ਰੁਪਏ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ 1.97 ਕਰੋੜ ਰੁਪਏ ਸੰਪਤੀ ਹੈ। ਇਸੇ ਤਰ੍ਹਾਂ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਕੋਲ 15.11 ਕਰੋੜ ਰੁਪਏ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੋਲ 202.64 ਕਰੋੜ ਅਤੇ ਕਾਂਗਰਸ ਵਿਧਾਇਕ ਰਾਣਾ ਗੁਰਜੀਤ ਸਿੰਘ ਕੋਲ 125 ਕਰੋੜ ਰੁਪਏ ਦੀ ਸੰਪਤੀ ਹੈ। ਲੋਕ ਅਧਿਕਾਰ ਲਹਿਰ ਦੇ ਸੀਨੀਅਰ ਆਗੂ ਰੁਪਿੰਦਰਜੀਤ ਸਿੰਘ ਨੇ ਕਿਹਾ ਕਿ ਕਰੋੜਪਤੀ ਵਿਧਾਇਕਾਂ ਅਤੇ ਵਜ਼ੀਰਾਂ ਨੂੰ ਹੜ੍ਹ ਪੀੜਤਾਂ ਦੀ ਮਦਦ ਵਾਸਤੇ ਦਸਵੰਧ ਕੱਢ ਕੇ ਇੱਕ ਮਿਸਾਲ ਪੈਦਾ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਜਿਹੀ ਪਹਿਲ ਨਾਲ ਆਗੂਆਂ ਦੇ ਹੜ੍ਹ ਪੀੜਤਾਂ ਪ੍ਰਤੀ ਲਗਾਓ ਅਤੇ ਸੰਜੀਦਗੀ ਦਾ ਪਤਾ ਲੱਗੇਗਾ।

ਸੁਖਬੀਰ ਬਾਦਲ ਨੇ ਕੁੱਝ ਥਾਵਾਂ 'ਤੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਡੀਜ਼ਲ ਇੰਜਣ ਅਤੇ ਤੇਲ ਆਦਿ ਦਿੱਤਾ ਹੈ ਪ੍ਰੰਤੂ ਇਹ ਪੁਸ਼ਟੀ ਨਹੀਂ ਹੋ ਸਕੀ ਹੈ ਕਿ ਉਨ੍ਹਾਂ ਇਹ ਮਦਦ ਨਿੱਜੀ ਤੌਰ 'ਤੇ ਕੀਤੀ ਹੈ ਜਾਂ ਪਾਰਟੀ ਦੇ ਖਾਤੇ 'ਚੋਂ ਕੀਤੀ ਗਈ ਹੈ। ਜਦੋਂ ਵੀ ਪੰਜਾਬ ਦੇ ਲੋਕਾਂ 'ਤੇ ਕੋਈ ਸੰਕਟ ਆਉਂਦਾ ਹੈ ਤਾਂ ਸਿਆਸੀ ਨੇਤਾ ਨਿੱਜੀ ਤੌਰ 'ਤੇ ਮਦਦ ਕਰਨ ਤੋਂ ਘੇਸਲ ਵੱਟ ਜਾਂਦੇ ਹਨ। ਜਦੋਂ ਦਿੱਲੀ 'ਚ ਕਿਸਾਨ ਅੰਦੋਲਨ ਦੌਰਾਨ ਪੰਜਾਬ ਦੇ ਕਿਸਾਨ ਸ਼ਹੀਦ ਹੋ ਗਏ ਸਨ ਤਾਂ ਉਦੋਂ ਵੀ ਨੇਤਾਵਾਂ ਨੇ ਪੀੜਤ ਪਰਿਵਾਰਾਂ ਦੀ ਕੋਈ ਵਿੱਤੀ ਮਦਦ ਦੀ ਪਹਿਲ ਨਹੀਂ ਕੀਤੀ ਸੀ। ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੀ 5.36 ਕਰੋੜ ਦੀ ਸੰਪਤੀ ਦੇ ਮਾਲਕ ਹਨ। ਪੰਜਾਬ ਤੋਂ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਕੋਲ 498.45 ਕਰੋੜ ਅਤੇ ਇਕ ਹੋਰ ਐੱਮਪੀ ਅਸ਼ੋਕ ਮਿੱਤਲ ਕੋਲ 91.34 ਕਰੋੜ ਦੀ ਜਾਇਦਾਦ ਹੈ। ਇਸੇ ਤਰ੍ਹਾਂ ਰਾਜ ਸਭਾ ਮੈਂਬਰ ਹਰਭਜਨ ਸਿੰਘ ਕੋਲ 81.80 ਕਰੋੜ ਅਤੇ ਸੰਦੀਪ ਪਾਠਕ ਕੋਲ 4.30 ਕਰੋੜ ਰੁਪਏ ਦੀ ਸੰਪਤੀ ਹੈ। ਹੁਣੇ ਬਣੇ ਸੂਬੇ ਦੇ ਉਦਯੋਗ ਮੰਤਰੀ ਸੰਜੀਵ ਅਰੋੜਾ ਕੋਲ 498 ਕਰੋੜ ਦੀ ਸੰਪਤੀ ਹੈ।

# ਕਿਤਾਬਾਂ ਤੋਂ ਭੈਭੀਤ ਭਗਵਾ ਹਕੂਮਤ

-ਬੂਟਾ ਸਿੰਘ ਮਹਿਮੂਦਪੁਰ





***ਕੁਝ ਦਿਨ ਪਹਿਲਾਂ ਜੰਮੂ-ਕਸ਼ਮੀਰ ਵਿਚ 25 ਕਿਤਾਬਾਂ ਨੂੰ ਹਿੰਸਾ ਅਤੇ ਵੱਖਵਾਦ ਨੂੰ ਭੜਕਾਉਣ ਦਾ ਜ਼ਰੀਆ ਕਰਾਰ ਦੇ ਕੇ ਪਾਬੰਦੀ ਲਾ ਦਿੱਤੀ ਗਈ ਹੈ। ਕੀ ਇਸ ਪਾਬੰਦੀ ਦਾ ਕੋਈ ਹਕੀਕੀ, ਕਾਨੂੰਨੀ ਆਧਾਰ ਹੈ? ਜਾਂ ਇਹ ਮਹਿਜ਼ ਸੱਤਾ ਦੀ ਸਨਕ ਹੈ? ਕੀ ਕਸ਼ਮੀਰੀ ਲੋਕ ਸਰਕਾਰੀ ਬਿਰਤਾਂਤ ਨੂੰ ਅੰਤਮ ਸੱਚ ਮੰਨ ਲੈਣਗੇ? ਪਾਬੰਦੀ ਦੇ ਦੂਰਗਾਮੀ ਨਤੀਜੇ ਕੀ ਹੋਣਗੇ? ਇਨ੍ਹਾਂ ਮਹੱਤਵਪੂਰਨ ਸਵਾਲਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

ਪਿਛਲੇ ਦਿਨੀਂ ਜੰਮੂ-ਕਸ਼ਮੀਰ ਦੇ ਗ੍ਰਹਿ ਵਿਭਾਗ ਵੱਲੋਂ 25 ਕਿਤਾਬਾਂ ਉੱਪਰ ਪਾਬੰਦੀ ਲਾ ਕੇ ਉਨ੍ਹਾਂ ਨੂੰ ਜ਼ਬਤ ਕਰਨ ਦੇ ਆਦੇਸ਼ ਦੇ ਦਿੱਤੇ ਗਏ। ਮੁੱਖ ਮੰਤਰੀ ਉਮਰ ਅਬਦੁੱਲਾ ਦਾ ਕਹਿਣਾ ਹੈ ਕਿ ਉਸਨੇ ਪਾਬੰਦੀ ਨਹੀਂ ਲਗਾਈ। ਭਲਾ ਗ੍ਰਹਿ ਵਿਭਾਗ ਮੁੱਖ ਮੰਤਰੀ ਦੀ ਪ੍ਰਵਾਹ ਕਿਉਂ ਕਰੇਗਾ, ਉਹ ਤਾਂ ਸਿੱਧਾ ਦਿੱਲੀ ਵੱਲੋਂ ਥੋਪੇ ਗਵਰਨਰ ਮਨੋਜ ਸਿਨਹਾ ਦੇ ਕੰਟਰੋਲ ਹੇਠ ਹੈ। ਇਕ ਪਾਸੇ, ਸਿਨਹਾ ਵੱਲੋਂ ਸ੍ਰੀਨਗਰ ਵਿਚ ਡੱਲ ਝੀਲ ਦੇ ਕਿਨਾਰੇ 9 ਦਿਨ ਤੱਕ ਚੱਲਣ ਵਾਲੇ "ਚਿਨਾਰ ਪੁਸਤਕ ਮੇਲੇ" ਦਾ ਉਦਘਾਟਨ ਕਰਨ ਅਤੇ ਦੂਜੇ ਪਾਸੇ 25 ਕਿਤਾਬਾਂ ਉੱਪਰ ਪਾਬੰਦੀ ਲਾਉਣ ਦੇ ਸਿਰਫ਼ ਇਹੀ ਮਾਇਨੇ ਬਣਦੇ ਹਨ ਕਿ ਕਸ਼ਮੀਰ ਬਾਰੇ ਇਤਿਹਾਸ ਵੀ ਉਹੀ ਪੜ੍ਹਨ ਦੀ ਇਜਾਜ਼ਤ ਦਿੱਤੀ ਜਾਵੇਗੀ ਜੋ ਸੰਘੀਆਂ ਨੂੰ ਪਸੰਦ ਹੈ। ਇਸ ਆਦੇਸ਼ ਤੋਂ ਬਾਅਦ ਪੁਲਿਸ ਵੱਲੋਂ ਪੂਰੇ ਜੰਮੂ-ਕਸ਼ਮੀਰ ਵਿਚ ਕਿਤਾਬਾਂ ਦੀਆਂ ਦੁਕਾਨਾਂ ਉੱਪਰ ਛਾਪੇ ਮਾਰਕੇ ਕਿਤਾਬਾਂ ਜ਼ਬਤ ਕਰਨੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਅਤੇ ਪੁਸਤਕ ਮੇਲੇ 'ਚ ਵੀ ਛਾਪੇ ਮਾਰੇ ਗਏ। ਇਸ ਤੋਂ ਪਹਿਲਾਂ, ਫਰਵਰੀ 2025 'ਚ ਕਿਸੇ ਕਾਨੂੰਨੀ ਨੋਟੀਫਿਕੇਸ਼ਨ ਤੋਂ ਬਿਨਾਂ ਹੀ ਕਿਤਾਬਾਂ ਦੀਆਂ ਦੁਕਾਨਾਂ 'ਤੇ ਛਾਪੇ ਮਾਰਕੇ ਇਸਲਾਮਿਕ ਸਾਹਿਤ ਦੀਆਂ 600 ਕਿਤਾਬਾਂ ਜ਼ਬਤ ਕਰ ਲਈਆਂ ਗਈਆਂ ਸਨ। ਗਿਆਨ ਤੇ ਬੌਧਿਕਤਾ ਨੂੰ ਕਤਲ ਕਰਨ ਦਾ ਬ੍ਰਾਹਮਣਵਾਦ ਦਾ ਬਹੁਤ ਪੁਰਾਣਾ ਇਤਿਹਾਸ ਰਿਹਾ ਹੈ। 20ਵੀਂ ਸਦੀ ਵਿਚ ਵਿਦਵਤਾ ਦੇ ਕੇਂਦਰਾਂ ਅਤੇ ਬੌਧਿਕਤਾ ਨੂੰ ਦਬਾਉਣ ਦੇ ਫਾਸ਼ੀਵਾਦੀ-ਨਾਜ਼ੀਵਾਦੀ ਤਜਰਬੇ ਵੀ ਸੰਘੀਆਂ ਦਾ ਅਜੋਕਾ ਪ੍ਰੇਰਣਾ ਸਰੋਤ ਹਨ। ਯੂਨੀਵਰਸਿਟੀਆਂ ਅਤੇ ਅਕਾਦਮਿਕ ਸਪੇਸ ਨੂੰ ਸੈਂਸਰ ਕਰਨਾ ਪੂਰੇ ਭਾਰਤ ਵਿਚ ਚੱਲ ਰਿਹਾ ਭਗਵਾ ਪ੍ਰੋਜੈਕਟ ਹੈ। ਲਿਹਾਜ਼ਾ, 2019 ਤੋਂ ਲੈ ਕੇ ਕਸ਼ਮੀਰੀ ਲੋਕਾਂ ਦੀ ਜ਼ੁਬਾਨਬੰਦੀ ਲਈ ਬੇਹੱਦ ਕਰੜੀ ਸੈਂਸਰਸ਼ਿੱਪ ਅਤੇ ਨਿਗਰਾਨੀ ਦੇ ਸਿਖ਼ਰਾਂ ਛੂਹਣ ਦੇ ਮੱਦੇਨਜ਼ਰ ਕਿਤਾਬਾਂ ਉੱਪਰ ਇਹ ਹਮਲਾ ਬਿਲਕੁਲ ਹੈਰਾਨੀਜਨਕ ਨਹੀਂ ਹੈ।

ਪਾਬੰਦੀਸ਼ੁਦਾ ਕਰਾਰ ਦਿੱਤੀਆਂ ਗਈਆਂ ਕਿਤਾਬਾਂ ਵਿਚ ਮਸ਼ਹੂਰ ਲੇਖਿਕਾ ਅਰੁੰਧਤੀ ਰਾਏ ਦੀ Azadi ਅਤੇ Kashmir: The Case of Freedom, ਰਾਜਨੀਤਿਕ ਵਿਦਵਾਨ ਸੁਮੰਤਰਾ ਬੋਸ ਦੀਆਂ ਕਿਤਾਬਾਂ Contested Land ਅਤੇ Kashmir At the Crossroads, ਕਾਨੂੰਨੀ ਵਿਦਵਾਨ ਅਤੇ ਸੰਵਿਧਾਨਕ ਮਾਹਿਰ ਏ.ਜੀ. ਨੂਰਾਨੀ ਦੀ ਲਿਖੀ The Kashmir Dispute (1947-2012), ਡਾ. ਅਫਾਕ ਅਜ਼ੀਜ਼ ਦੀ "ਤਾਰੀਖ਼-ਏ-ਸਿਆਸਤ ਕਸ਼ਮੀਰ, ਵਿਕਟੋਰੀਆ ਸਕੋਫੀਲਡ ਦੀ ਲਿਖੀ ਕਿਤਾਬ Kashmir in Conflict - India, Pakistan and the unending War, ਅਨੁਰਾਧਾ ਭਾਸਿਨ ਦੀ The Untold Story of Kashmir after Article 370 ਅਤੇ ਕ੍ਰਿਸਟੋਫਰ ਸਨੇਡਨ ਦੀ Independent Kashmir ਸਮੇਤ ਵਡਮੁੱਲੀਆਂ ਕਿਤਾਬਾਂ ਸ਼ਾਮਲ ਹਨ। ਇਨ੍ਹਾਂ ਵਿੱਚੋਂ ਕਈ ਕਿਤਾਬਾਂ ਦਹਾਕੇ ਪਹਿਲਾਂ ਦੀਆਂ ਛਪੀਆਂ ਹੋਈਆਂ ਹਨ ਅਤੇ ਇਹ ਕੁਲ ਆਲਮ ਵਿਚ ਐਸੇ ਖੋਜ-ਕਾਰਜ ਵਜੋਂ ਮਕਬੂਲ ਹਨ ਜਿਨ੍ਹਾਂ ਉੱਪਰ ਕਸ਼ਮੀਰ ਦੇ ਇਤਿਹਾਸ ਅਤੇ ਕਸ਼ਮੀਰੀ ਲੋਕਾਂ ਦੇ ਸੰਘਰਸ਼ ਨੂੰ ਸਮਝਣ ਲਈ ਭਰੋਸਾ ਕੀਤਾ ਜਾਂਦਾ ਹੈ।

ਬਰਤਾਨਵੀ ਲੇਖਿਕਾ ਵਿਕਟੋਰੀਆ ਸਕੋਫੀਲਡ ਇਤਿਹਾਸਕਾਰ ਅਤੇ ਸੁਤੰਤਰ ਤਬਸਰਾਕਾਰ ਹੈ ਜਿਸਦੀ ਕੌਮਾਂਤਰੀ ਮਾਮਲਿਆਂ, ਖ਼ਾਸ ਕਰਕੇ ਦੱਖਣੀ ਏਸ਼ੀਆ ਬਾਰੇ ਡੂੰਘੀ ਸਮਝ ਹੈ। ਸੁਮੰਤਰਾ ਬੋਸ ਲੰਦਨ ਸਕੂਲ ਆਫ ਇਕਨਾਮਿਕਸ ਵਿਖੇ ਕੌਮਾਂਤਰੀ ਅਤੇ ਤੁਲਨਾਤਮਕ ਰਾਜਨੀਤੀ ਦੇ ਪ੍ਰੋਫੈਸਰ ਹਨ। ਅਰੁੰਧਤੀ ਰਾਏ ਦੀ ਬੇਬਾਕ ਕਲਮ, ਖ਼ਾਸ ਕਰਕੇ ਉਸਦੀਆਂ ਕਸ਼ਮੀਰ ਬਾਰੇ ਨਿਧੜਕ ਟਿੱਪਣੀਆਂ ਕਿਸੇ ਜਾਣ-ਪਛਾਣ ਦੀਆਂ ਮੁਹਤਾਜ ਨਹੀਂ। ਹਫ਼ਸਾ ਕੰਜਵਲ ਦੀ ਕਿਤਾਬ Colonizing Kashmir, ਜਿਸਨੂੰ ਇਸ ਸਾਲ ਬਰਨਾਰਡ ਕੋਹਨ ਬੁੱਕ ਇਨਾਮ ਵੀ ਮਿਲਿਆ ਅਤੇ ਜੋ ਭਾਰਤ ਵਿਚ A Fate Written on Matchboxes ਦੇ ਨਾਂ ਨਾਲ ਛਪੀ ਸੀ, ਭਾਰਤੀ ਰਾਜ ਵੱਲੋਂ ਨਹਿਰੂ ਦੀ ਅਗਵਾਈ ਹੇਠ ਪੇਚੀਦਾ ਤਰੀਕਿਆਂ ਨਾਲ ਕਸ਼ਮੀਰ ਉੱਪਰ ਆਪਣਾ ਕੰਟਰੋਲ ਸਥਾਪਤ ਕਰਨ ਬਾਰੇ ਚਾਨਣਾ ਪਾਉਂਦੀ ਹੈ। ਉੱਘੀ ਪੱਤਰਕਾਰ ਅਤੇ ਕਸ਼ਮੀਰ ਟਾਈਮਜ਼ ਦੀ ਸੰਪਾਦਕ ਅਨੁਰਾਧਾ ਭਸੀਨ ਆਪਣੀ ਪੱਤਰਕਾਰੀ, ਖ਼ਾਸ ਕਰਕੇ ਧਾਰਾ 370 ਨੂੰ ਖ਼ਤਮ ਕਰਨ ਅਤੇ ਇਸ ਤੋਂ ਪਿੱਛੋਂ ਦੇ ਜੰਮੂ-ਕਸ਼ਮੀਰ ਦੇ ਦਰਦ ਨੂੰ ਬੇਬਾਕੀ ਨਾਲ ਕਲਮਬੱਧ ਕਰਨ ਕਰਕੇ ਨਿਸ਼ਾਨੇ 'ਤੇ ਹੈ। ਪਿਓਤਰ ਬਲਸਿਰੋਵਿਕਜ਼ ਅਤੇ ਐਗਨੀਏਸਜ਼ਕਾ ਕੁਸਜ਼ੇਵਸਕਾ ਦੀ ਲਿਖੀ ਕਿਤਾਬ Human Rights Violations in Kashmir ਇਸ ਵਿਸ਼ੇ ਉੱਪਰ ਬਹੁਤ ਭਰਵਾਂ ਅਧਿਐਨ ਹੈ। ਭਾਰਤੀ ਫ਼ੌਜ ਦੇ ਰਿਟਾਇਰਡ ਅਫਸਰ ਮਰੂਫ ਰਜ਼ਾ ਦੀ ਸੰਪਾਦਤ ਕੀਤੀ ਕਿਤਾਬ "ਕਾਨਫਰੰਟਿੰਗ ਟੈਰਰਿਜ਼ਮ" ਵੀ ਪਾਬੰਦੀ ਦੀ ਮਾਰ ਹੇਠ ਆ ਗਈ ਹੈ।

ਭਾਰਤੀ ਹਾਕਮਾਂ ਲਈ ਸਭ ਤੋਂ ਵੱਡੀ ਪ੍ਰੇਸ਼ਾਨੀ ਉਹ ਅਧਿਐਨ ਅਤੇ ਟਿੱਪਣੀਆਂ ਹਨ ਜੋ ਕਸ਼ਮੀਰੀ ਲੋਕਾਂ ਨਾਲ ਧੱਕੇ ਤੇ ਵਿਤਕਰੇ ਦੇ ਇਤਿਹਾਸਕ ਤੱਥਾਂ ਨੂੰ ਅਤੇ ਕਸ਼ਮੀਰ ਵਿਚ ਮਨੁੱਖੀ ਹੱਕਾਂ ਦੇ ਵਿਆਪਕ ਘਾਣ ਦੇ ਸਵਾਲ ਨੂੰ ਦੁਨੀਆ ਅੱਗੇ ਉਠਾਉਂਦੀਆਂ ਹਨ। ਉੱਘੇ ਲੇਖਕਾਂ, ਵਿਦਵਾਨਾਂ, ਸੰਪਾਦਕਾਂ ਅਤੇ ਇਤਿਹਾਸਕਾਰਾਂ ਦੀ ਕਲਮ ਤੋਂ ਲਿਖੀਆਂ ਅਤੇ ਆਕਸਫੋਰਡ ਯੂਨੀਵਰਸਿਟੀ ਪ੍ਰੈੱਸ, ਰੂਟਲੈਜ, ਵਾਈਕਿੰਗ ਪੈਂਗੂਇਨ, ਹਾਰਪਰ ਕੌਲਿਨਜ਼, ਕੈਂਬਰਿਜ਼ ਯੂਨੀਵਰਸਿਟੀ ਪ੍ਰੈੱਸ, ਪੈਨ ਮੈਕਮਿਲਨ ਇੰਡੀਆ ਵਰਗੇ ਅੰਤਰਰਾਸ਼ਟਰੀ ਪੱਧਰ ਦੇ ਮਿਆਰੀ ਪ੍ਰਕਾਸ਼ਨ ਸਮੂਹਾਂ ਵੱਲੋਂ ਛਾਪੀਆਂ ਇਹ ਕਿਤਾਬਾਂ ਡੂੰਘੀ ਖੋਜ ਅਤੇ ਇਤਿਹਾਸਕ ਤੱਥਾਂ ਤੇ ਆਧਾਰਤ




ਹਨ। ਮਿਆਰੀ ਕਿਤਾਬਾਂ ਨੂੰ "ਝੂਠੇ ਬਿਰਤਾਂਤ" ਅਤੇ "ਵੱਖਵਾਦ" ਨੂੰ ਪ੍ਰਚਾਰਨ ਵਾਲਾ 'ਗੁੰਮਰਾਹਕੁਨ' ਸਾਹਿਤ ਕਰਾਰ ਦੇ ਕੇ ਪਾਬੰਦੀ ਲਾਉਣਾ ਭਗਵਾ ਹਕੂਮਤ ਦੀ ਅੰਦਰੋਂ ਬੁਰੀ ਤਰ੍ਹਾਂ ਡਰੀ ਤੇ ਬੌਖਲਾਈ ਹੋਈ ਮਾਨਸਿਕਤਾ ਦਾ ਮੂੰਹ ਬੋਲਦਾ ਸਬੂਤ ਹੈ।

ਕਿਤਾਬਾਂ ਉੱਪਰ ਪਾਬੰਦੀ ਮਜ਼ਲੂਮ ਕਸ਼ਮੀਰੀ ਲੋਕਾਂ ਦੇ ਸਵੈਨਿਰਣੇ ਦੇ ਜਮਹੂਰੀ ਹੱਕ ਨੂੰ ਫ਼ੌਜੀ ਤਾਕਤ ਦੇ ਜ਼ੋਰ ਕੁਚਲਣ ਦੀ ਨੀਤੀ ਦਾ ਅਨਿੱਖੜ ਅੰਗ ਹੈ। ਇਸ ਨੂੰ ਜਚਣਹਾਰ ਬਣਾਉਣ ਲਈ ਗ੍ਰਹਿ ਵਿਭਾਗ ਨੇ ਬਹਾਨਾ ਇਹ ਘੜਿਆ ਕਿ, "ਜਾਂਚਾਂ ਅਤੇ ਭਰੋਸੇਯੋਗ ਖ਼ੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਹਾਸਲ ਸਬੂਤ ਸਾਫ਼-ਸਾਫ਼ ਦਰਸਾਉਂਦੇ ਹਨ ਕਿ ਹਿੰਸਾ ਅਤੇ ਦਹਿਸ਼ਤਵਾਦ ਵਿਚ ਨੌਜਵਾਨਾਂ ਦੀ ਸ਼ਮੂਲੀਅਤ ਦੇ ਪਿੱਛੇ ਮਹੱਤਵਪੂਰਨ ਕਾਰਕ ਝੂਠੇ ਬਿਰਤਾਂਤਾਂ ਅਤੇ ਵੱਖਵਾਦੀ ਸਾਹਿਤ ਦਾ ਗਿਣਿਆ-ਮਿੱਥਿਆ ਪ੍ਰਸਾਰ ਰਿਹਾ ਹੈ।" ਇਹ ਵੀ ਕਿਹਾ ਗਿਆ ਹੈ ਕਿ "ਨੌਜਵਾਨਾਂ ਨੂੰ ਗੁਮਰਾਹ ਕਰਨ, ਦਹਿਸ਼ਤਵਾਦ ਨੂੰ ਵਡਿਆਉਣ ਅਤੇ ਭਾਰਤੀ ਰਾਜ ਵਿਰੁੱਧ ਹਿੰਸਾ ਭੜਕਾਉਣ ਵਿਚ" ਇਨ੍ਹਾਂ ਨਿਸ਼ਾਨਦੇਹੀ ਕੀਤੀਆਂ ਕਿਤਾਬਾਂ ਨੇ "ਅਹਿਮ ਭੂਮਿਕਾ" ਨਿਭਾਈ ਹੈ।

ਅਗਸਤ 2019 'ਚ ਵਿਸ਼ੇਸ਼ ਦਰਜਾ (ਧਾਰਾ 370) ਖ਼ਤਮ ਕੀਤੇ ਜਾਣ ਤੋਂ ਬਾਅਦ ਜੰਮੂ-ਕਸ਼ਮੀਰ ਪੂਰੀ ਤਰ੍ਹਾਂ ਭਾਰਤ ਦੀ ਕੇਂਦਰ ਸਰਕਾਰ ਦੇ ਕੰਟਰੋਲ ਹੇਠ ਹੈ। 2016 'ਚ ਸੁਤੰਤਰ ਪ੍ਰਕਾਸ਼ਨ ਕਸ਼ਮੀਰ ਰੀਡਰ ਨੂੰ ਬੰਦ ਕਰਵਾ ਦਿੱਤਾ ਗਿਆ। 2019 'ਚ ਮਹੀਨਿਆਂ ਤੱਕ ਫ਼ੋਨ ਅਤੇ ਇੰਟਰਨੈੱਟ ਸੇਵਾਵਾਂ ਬੰਦ ਰੱਖਕੇ ਕਸ਼ਮੀਰੀਆਂ ਦਾ ਸੰਚਾਰ ਦਾ ਹੱਕ ਵੀ ਖੋਹ ਲਿਆ ਗਿਆ। ਅਖ਼ਬਾਰ ਅਤੇ ਪੱਤਰਕਾਰ ਪੁੱਛਗਿੱਛ ਦੇ ਬਹਾਨੇ ਥਾਣਿਆਂ ਵਿਚ ਖੱਜਲਖੁਆਰੀ, ਧਮਕੀਆਂ, ਝੂਠੇ ਕੇਸਾਂ, ਗਿ ?ਰਫ਼ਤਾਰੀਆਂ ਦੀ ਦਹਿਸ਼ਤ ਹੇਠ ਕੰਮ ਰਹੇ ਹਨ। ਕਿਤਾਬਾਂ ਉੱਪਰ ਪਾਬੰਦੀ ਇਸੇ ਦਿਸ਼ਾ 'ਚ ਅਗਲਾ ਕਦਮ ਹੈ ਜੋ ਚਿੰਤਾਜਨਕ ਪੈਟਰਨ ਨੂੰ ਉਜਾਗਰ ਕਰਦੀ ਹੈ। ਅਗਸਤ ਮਹੀਨੇ, ਜੰਮੂ-ਕਸ਼ਮੀਰ ਦੀ ਵਿਸ਼ੇਸ਼ ਹਸਤੀ ਮਿਟਾਏ ਜਾਣ ਅਤੇ ਇਸ ਨੂੰ ਫ਼ੌਜੀ ਤਾਕਤ ਦੇ ਜ਼ੋਰ 'ਅਖੰਡ ਭਾਰਤ' ਦਾ ਹਿੱਸਾ ਬਣਾਏ ਜਾਣ ਦੀ ਛੇਵੀਂ ਬਰਸੀ ਮੌਕੇ ਕਿਤਾਬਾਂ ਉੱਪਰ ਪਾਬੰਦੀ ਦਾ ਕਸ਼ਮੀਰੀਆਂ ਨਾਲ ਹੋਏ ਧੱਕੇ ਤੇ ਵਿਤਕਰੇ ਦੇ ਦਸਤਾਵੇਜ਼ੀ ਸਬੂਤਾਂ ਨੂੰ ਮਿਟਾਉਣ ਅਤੇ ਕਸ਼ਮੀਰੀ ਕੌਮ ਦੀਆਂ ਅਗਲੀਆਂ ਪੀੜ੍ਹੀਆਂ ਤੋਂ ਉਨ੍ਹਾਂ ਦਾ ਇਤਿਹਾਸ ਖੋਹਣ ਦਾ ਘਿਣਾਉਣਾ ਯਤਨ ਹੈ ਜਿਸ ਰਾਹੀਂ ਭਗਵਾ ਸਰਕਾਰ ਆਪਣੇ ਮਨਪਸੰਦ ਝੂਠੇ ਬਿਰਤਾਂਤ ਨੂੰ ਸਦੀਵੀ ਸੱਚ ਬਣਾਕੇ ਸਥਾਪਤ ਕਰਨ ਚਾਹੁੰਦੀ ਹੈ। ਇਹ ਇਸ ਸਰਜ਼ਮੀਨ ਦੇ ਲੋਕਾਂ ਲਈ ਖ਼ਾਸ ਸੰਦੇਸ਼ ਵੀ ਹੈ ਕਿ ਉਨ੍ਹਾਂ ਨੂੰ ਇਤਿਹਾਸ ਵੀ ਹੁਣ ਭਾਰਤੀ ਰਾਜ ਦੀ ਮਰਜ਼ੀ ਅਨੁਸਾਰ ਪੜ੍ਹਨਾ ਪਵੇਗਾ।

ਕੀ ਭਗਵਾ ਹਕੂਮਤ ਨੇ ਕੋਈ ਅਧਿਐਨ ਕਰਵਾਇਆ ਹੈ, ਜਿਸ ਤੋਂ ਪਤਾ ਲੱਗਿਆ ਕਿ ਫਲਾਣੀ ਕਿਤਾਬ ਪੜ੍ਹਨ ਤੋਂ ਬਾਅਦ ਭੜਕਕੇ ਫਲਾਣੇ-ਫਲਾਣੇ ਕਸ਼ਮੀਰੀ ਨੌਜਵਾਨ ਹਿੰਸਾ ਦੇ ਰਾਹ ਪਏ? "ਭਰੋਸੇਯੋਗ ਖ਼ੁਫ਼ੀਆ ਜਾਣਕਾਰੀ" ਨੂੰ ਆਧਾਰ ਬਣਾ ਕੇ ਤਾਂ ਰਾਜ ਮਸ਼ੀਨਰੀ ਕਿਸੇ ਵੀ ਖੋਜ ਕਾਰਜ ਉੱਪਰ 'ਹਿੰਸਾ ਭੜਕਾਉਣ' ਦਾ ਦੋਸ਼ ਲਾ ਸਕਦੀ ਹੈ। ਗਵਰਨਰ ਪ੍ਰਸ਼ਾਸਨ ਨੇ ਇਸਦਾ ਕੋਈ ਠੋਸ ਸਬੂਤ ਅਤੇ ਤੱਥ ਪੇਸ਼ ਨਹੀਂ ਕੀਤਾ ਕਿ ਇਹ ਕਿਤਾਬਾਂ ਹਿੰਸਾ ਨੂੰ ਕਿਵੇਂ ਭੜਕਾਉਂਦੀਆਂ ਹਨ। ਇਸ ਬੇਹੂਦਾ ਇਲਜ਼ਾਮ ਨੂੰ ਦੁਨੀਆ ਦਾ ਕਿਹੜਾ ਨਿਆਂਸ਼ਾਸਤਰ ਮੰਨ ਲਵੇਗਾ ਕਿ ਸਰਕਾਰ ਕੋਲ ਸਬੂਤ ਸਿਰਫ਼ 'ਭਰੋਸੇਯੋਗ ਖ਼ੁਫ਼ੀਆ ਜਾਣਕਾਰੀ' ਹੈ, ਇਸ ਤੋਂ ਬਿਨਾਂ ਹੋਰ ਕੋਈ ਸਬੂਤ ਨਹੀਂ ਹੈ ਕਿ ਅਕਾਦਮਿਕ ਜਾਂ ਇਤਿਹਾਸਕ ਕਿਤਾਬਾਂ ਨੇ ਕਸ਼ਮੀਰੀ ਨੌਜਵਾਨਾਂ ਨੂੰ ਹਿੰਸਾ ਵੱਲ ਧੱਕਿਆ ਹੈ। ਜੇਕਰ ਅਜਿਹਾ ਸੰਬੰਧ ਹੈ ਤਾਂ ਸਰਕਾਰ ਤੱਥਾਂ ਸਹਿਤ ਜਨਤਕ ਕਰੇ। ਪਾਬੰਦੀ ਲਾਉਣ ਵਾਲਿਆਂ ਨੇ ਤਾਂ ਇਹ ਕਿਤਾਬਾਂ ਸ਼ਾਇਦ ਪੜ੍ਹੀਆਂ ਵੀ ਨਹੀਂ, ਸਿਰਫ਼ ਦਿੱਲੀ ਦਰਬਾਰ ਦਾ ਹੁਕਮ ਵਜਾਇਆ ਹੈ। ਇਸਦਾ ਸਬੂਤ ਹਫ਼ਸਾ ਕੰਜਵਾਲ ਦੀ ਕਿਤਾਬ Colonizing Kashmir ਨੂੰ ਪਾਬੰਦੀਸ਼ੁਦਾ ਵਿਚ ਸ਼ਾਮਲ ਕਰਨਾ ਹੈ ਜੋ ਭਾਰਤ ਵਿਚ A Fate Written on Matchboxes ਦੇ ਨਾਂ ਨਾਲ ਛਪੀ ਸੀ।

ਕਸ਼ਮੀਰ ਦੇ ਇਤਿਹਾਸਕ ਤੱਥਾਂ ਨੂੰ ਦਬਾ ਕੇ ਖ਼ਾਸ ਤਰ੍ਹਾਂ ਦੇ ਹਕੂਮਤੀ ਬਿਰਤਾਂਤ ਤੋਂ ਸਿਵਾਏ ਬਾਕੀ ਕਿਤਾਬਾਂ ਦੀ ਖੋਜ ਭਰਪੂਰ ਇਤਿਹਾਸਕਾਰੀ ਉੱਪਰ 'ਝੂਠਾ ਬਿਰਤਾਂਤ' ਦਾ ਠੱਪਾ ਲਾਉਣਾ, ਹੁਕਮਰਾਨ ਧਿਰ ਦਾ ਆਪਣਾ ਰਾਜਨੀਤਕ ਏਜੰਡਾ ਥੋਪਣ ਦਾ ਯਤਨ ਹੈ। ਜਦਕਿ ਹਕੀਕਤ ਇਹ ਹੈ ਕਿ ਕਸ਼ਮੀਰ ਘਾਟੀ ਵਿਚ ਹਿੰਸਾ ਦਾ ਪ੍ਰਮੁੱਖ ਸਰੋਤ ਭਾਰਤੀ ਹਾਕਮ ਜਮਾਤ ਦੀਆਂ ਨੀਤੀਆਂ ਹਨ। ਕਸ਼ਮੀਰੀਆਂ 'ਚ "ਸ਼ਿਕਾਇਤਾਂ, ਪੀੜਤ ਹੋਣ ਅਤੇ ਦਹਿਸ਼ਤਵਾਦੀ ਨਾਇਕਵਾਦ ਦੀ ਸੰਸਕ੍ਰਿਤੀ" ਇਨ੍ਹਾਂ ਕਿਤਾਬਾਂ ਨੇ ਪੈਦਾ ਨਹੀਂ ਕੀਤੀ, ਇਹ ਭਾਰਤੀ ਹਾਕਮ ਜਮਾਤ ਵੱਲੋਂ ਸਾਢੇ ਸੱਤ ਦਹਾਕਿਆਂ 'ਚ ਕਸ਼ਮੀਰੀ ਲੋਕਾਂ ਦੀਆਂ ਜਮਹੂਰੀ ਰੀਝਾਂ ਨੂੰ ਬਲ ਅਤੇ ਛਲ ਨਾਲ ਕੁਚਲਣ ਦੀ ਨੀਤੀ ਦਾ ਨਤੀਜਾ ਹੈ। ਕਸ਼ਮੀਰੀ ਨੌਜਵਾਨ ਕਿਸੇ ਲੇਖਕ ਦੀਆਂ ਕਿਤਾਬਾਂ ਪੜ੍ਹਕੇ ਗੁੰਮਰਾਹ ਨਹੀਂ ਹੋਏ, ਉਨ੍ਹਾਂ ਦੀ ਪ੍ਰੇਰਣਾ ਕਸ਼ਮੀਰ ਦੀ ਧਰਤੀ ਦਾ ਸਵੈ-ਨਿਰਣੇ ਲਈ ਸੰਘਰਸ਼ ਹੈ। ਉਹ ਜਾਣਦੇ ਹਨ ਕਿ ਭਾਰਤ ਦੇ 'ਲੋਕਤੰਤਰੀ' ਰਾਜ ਪ੍ਰਬੰਧ ਨੇ ਉਨ੍ਹਾਂ ਦੀਆਂ ਪਿਛਲੀਆਂ ਪੀੜ੍ਹੀਆਂ ਨਾਲ ਕੀ ਸਲੂਕ ਕੀਤਾ ਹੈ। ਹਕੂਮਤ ਦੀ ਟੇਕ ਸਿਰਫ਼ ਸੱਤਾਵਾਦੀ ਕੰਟਰੋਲ ਉੱਪਰ ਹੈ ਅਤੇ ਇਹ ਸਾਰੇ ਕਦਮ ਕਸ਼ਮੀਰੀ ਲੋਕਾਂ ਦੀ ਡੂੰਘੀ ਮਾਨਸਿਕ ਅਲਹਿਦਗੀ ਤੋਂ ਹਕੂਮਤ ਦੇ ਬੁਖਲਾਏ ਹੋਣ ਦੀ ਨਿਸ਼ਾਨੀ ਹੈ।

ਕਿਤਾਬਾਂ ਨੂੰ ਦਬਾਉਣ ਅਤੇ ਪਾਬੰਦੀ ਦਾ ਸਮਾਂ ਵੀ ਬਹੁਤ ਕੁਝ ਕਹਿ ਰਿਹਾ ਹੈ। ਇਹ ਧਾਰਾ 370 ਨੂੰ ਹਟਾਏ ਜਾਣ ਦੀ ਛੇਵੀਂ ਵਰ੍ਹੇਗੰਢ ਹੈ—ਇੰਤਹਾ ਜਾਬਰ ਕਾਰਾ, ਜਿਸਦੀ ਜੈ-ਜੈਕਾਰ ਭਗਵਾ ਹਕੂਮਤ ÷ਸ਼ਾਂਤੀ ਅਤੇ ਵਿਕਾਸ÷ ਦੇ ਆਗਾਜ਼ ਦੇ ਤੌਰ 'ਤੇ ਕਰਦੀ ਹੈ। ਜੇਕਰ ਹਕੂਮਤੀ ਦਾਅਵੇ ਅਨੁਸਾਰ ਕਸ਼ਮੀਰ ਘਾਟੀ ਸੱਚਮੁੱਚ ਸਥਿਰ ਤੇ ਸ਼ਾਂਤ ਹੈ, ਤਾਂ ਏਨੀ ਸਖ਼ਤ ਸੈਂਸਰਸ਼ਿਪ ਦੀ ਲੋੜ ਕਿਉਂ ਪੈ ਰਹੀ ਹੈ? ਸਚਾਈ ਇਹ ਹੈ ਕਿ ਫ਼ੌਜੀ ਦਾਬੇ ਹੇਠ ਕੁਚਲੇ ਕਸ਼ਮੀਰੀ ਲੋਕ ਖ਼ਾਮੋਸ਼ ਹਨ, ਪਰ ਉਹ ਝੁਕੇ ਨਹੀਂ ਹਨ। ਹਕੂਮਤ ਇਸ ਹਕੀਕਤ ਤੋਂ ਭਲੀਭਾਂਤ ਵਾਕਫ਼ ਹੈ। ਕਸ਼ਮੀਰੀ ਨੌਜਵਾਨਾਂ ਵੱਲੋਂ 'ਹਿੰਸਾ' ਦਾ ਰਾਹ ਅਖ਼ਤਿਆਰ ਕਰਨ ਦਾ ਡਰ ਹਕੂਮਤ ਵੱਲੋਂ ਇਸ ਹਕੀਕਤ ਨੂੰ ਕਬੂਲਣਾ ਵੀ ਹੈ ਕਿ ਮੋਦੀ ਸਰਕਾਰ ਦੇ 'ਨਯਾ ਕਸ਼ਮੀਰ' ਰਾਹੀਂ ਕਸ਼ਮੀਰੀਆਂ ਦੇ ਦਿਲ-ਦਿਮਾਗ ਜਿੱਤਣ ਦੇ ਦਾਅਵੇ ਕਿੰਨੇ ਝੂਠੇ ਹਨ। ਭਾਰਤ ਦੇ ਨੌਜਵਾਨਾਂ ਵਿਚ ਔਸਤ ਬੇਰੋਜ਼ਗਾਰੀ 10.2% ਹੈ ਜਦਕਿ ਜੰਮੂ-ਕਸ਼ਮੀਰ ਵਿਚ 17.4%। ਨੌਜਵਾਨਾਂ 'ਚ ਵਿਆਪਕ ਬੇਚੈਨੀ ਲਈ ਦੋਸ਼ ਨੂੰ ਕਿਤਾਬਾਂ ਦੋਸ਼ੀ ਕਰਾਰ ਦੇ ਕੇ ਅਸਲ ਮਸਲੇ ਤੋਂ ਧਿਆਨ ਹਟਾਇਆ ਜਾ ਰਿਹਾ ਹੈ।

ਫਾਸ਼ੀਵਾਦੀ ਖੋਪੜੀਆਂ ਨੂੰ ਨਾਬਰ ਕਸ਼ਮੀਰੀਆਂ ਨੂੰ ਫ਼ੌਜੀ ਤਾਕਤ ਦੇ ਜ਼ੋਰ ਸੱਤਾਵਾਦੀ ਕੰਟਰੋਲ ਹੇਠ ਲਿਆਉਣ ਤੋਂ ਸਿਵਾਏ ਹੋਰ ਕੁਝ ਸੁਝ ਹੀ ਨਹੀਂ ਸਕਦਾ। ਪਿਛਲੇ ਛੇ ਸਾਲਾਂ ਵਿਚ ਪੱਤਰਕਾਰੀ ਦੀ ਆਜ਼ਾਦੀ ਨੂੰ ਬੁਰੀ ਤਰ੍ਹਾਂ ਕੁਚਲਿਆ ਗਿਆ ਹੈ, ਪੱਤਰਕਾਰਾਂ ਦੀ ਜ਼ੁਬਾਨਬੰਦੀ ਕਰਕੇ ਉਨ੍ਹਾਂ ਉੱਪਰ ਸਵੈ-ਸੈਂਸਰਸ਼ਿੱਪ ਥੋਪ ਦਿੱਤੀ ਗਈ ਹੈ, ਸ੍ਰੀਨਗਰ ਪ੍ਰੈੱਸ ਕਲੱਬ ਅਗਵਾ ਕਰ ਲਿਆ ਗਿਆ ਅਤੇ ਹੁਣ ਕਿਤਾਬਾਂ ਵੀ ਜ਼ਬਤ ਕੀਤੀਆਂ ਜਾ ਰਹੀਆਂ ਹਨ। ਹਿੰਸਾ ਤਾਂ ਬਹਾਨਾ ਹੈ, ਤਾਨਾਸ਼ਾਹ ਫ਼ਰਮਾਨ ਦਾ ਅਸਲ ਨਿਸ਼ਾਨਾ ਕਸ਼ਮੀਰੀਆਂ ਨੂੰ ਇਹ ਅਹਿਸਾਸ ਕਰਾਉਣਾ ਹੈ ਕਿ ਰਾਜ ਇਹ ਤੈਅ ਕਰੇਗਾ ਕਿ ਉਹ ਕੀ ਪੜ੍ਹਨਗੇ, ਕੀ ਸੋਚਣਗੇ ਅਤੇ ਕੀ ਲਿਖਣਗੇ।

ਤੁਰੰਤ ਸੈਂਸਰਸ਼ਿਪ ਤੋਂ ਇਲਾਵਾ, ਇਸ ਪਾਬੰਦੀ ਦਾ ਦੂਰਗਾਮੀ ਨਿਸ਼ਾਨਾ ਵੀ ਹੈ। ਨੌਜਵਾਨ ਖੋਜਕਰਤਾ ਡਰ ਕਾਰਨ ਵਿਵਾਦਪੂਰਨ ਵਿਸ਼ਿਆਂ 'ਤੇ ਕੰਮ ਕਰਨ ਤੋਂ ਝਿਜਕਣਗੇ। ਪ੍ਰਕਾਸ਼ਕ, ਸਰਕਾਰੀ ਕਾਰਵਾਈ ਦੇ ਡਰੋਂ ਕਸ਼ਮੀਰ ਬਾਰੇ ਕਿਤਾਬਾਂ ਛਾਪਣ ਤੋਂ ਕਤਰਾਉਣਗੇ। ਜਦੋਂ



ਆਲੋਚਨਾਤਮਕ ਕਿਤਾਬਾਂ ਦਬਾ ਦਿੱਤੀਆਂ ਜਾਂਦੀਆਂ ਹਨ, ਤਾਂ ਲੋਕਾਂ ਤੋਂ ਮਸਲਿਆਂ ਬਾਰੇ ਵੰਨ-ਸੁਵੰਨੇ ਨਜ਼ਰੀਏ ਖੋਹ ਲਏ ਜਾਂਦੇ ਹਨ ਅਤੇ ਪਿੱਛੇ ਸਿਰਫ਼ ਸਰਕਾਰੀ ਪ੍ਰਚਾਰ ਰਹਿ ਜਾਂਦਾ ਹੈ। ਇਹ ਸਥਿਤੀ ਵੱਡੇ ਬੌਧਿਕ ਖੱਪੇ ਨੂੰ ਜਨਮ ਦਿੰਦੀ ਹੈ।

ਕਸ਼ਮੀਰੀ ਲੋਕਾਂ ਦੀ ਸਵੈਨਿਰਣੇ ਦੇ ਹੱਕ ਦੀ ਜਮਹੂਰੀ ਰੀਝ ਨੂੰ ਦਬਾਉਣ ਲਈ ਘਾਟੀ ਵਿਚ ਹਕੂਮਤੀ ਤਾਕਤਾਂ ਦੀਆਂ ਮਨਮਾਨੀਆਂ, ਛਾਪੇਮਾਰੀਆਂ ਅਤੇ ਗ੍ਰਿਫਤਾਰੀਆਂ ਆਮ ਹਨ। ਤਾਜ਼ਾ ਪਾਬੰਦੀ ਨਾਲ ਉਨ੍ਹਾਂ ਨੂੰ ਲੋਕਾਂ ਨੂੰ ਤੰਗ-ਪ੍ਰੇਸ਼ਾਨ ਕਰਨ ਦਾ ਇਕ ਹੋਰ ਬਹਾਨਾ ਮਿਲ ਗਿਆ ਹੈ। ਹੁਣ ਅਧਿਕਾਰੀ ਕਿਤਾਬਾਂ ਦੀਆਂ ਦੁਕਾਨਾਂ ’ਤੇ ਛਾਪੇ ਮਾਰਿਆ ਕਰਨਗੇ, ਨਿੱਜੀ ਲਾਇਬ੍ਰੇਰੀਆਂ ਦੀ ਫਰੋਲਾ-ਫਰਾਲੀ ਕਰਨਗੇ ਅਤੇ ‘ਰਾਜਦ੍ਰੋਹੀ’ ਸਮੱਗਰੀ ਰੱਖਣ ਦੇ ਜੁਰਮ ਤਹਿਤ ਹੋਰ ਜ਼ਿਆਦਾ ਮੁਕੱਦਮੇ ਬਣਾਉਣਗੇ ਅਤੇ ਕਸ਼ਮੀਰੀ ਲੋਕਾਂ ਨੂੰ ਬਲੈਕਮੇਲ ਕਰਨ ਦਾ ਸਿਲਸਿਲਾ ਹੋਰ ਵਧੇਗਾ। ਪਾਬੰਦੀ ਸਿਰਫ਼ ਪਾਬੰਦੀਸ਼ੁਦਾ ਕਿਤਾਬਾਂ ਤੱਕ ਸੀਮਿਤ ਨਹੀਂ ਰਹੇਗੀ—ਕੋਈ ਵੀ ਕਿਤਾਬ ਜੋ ਹਕੂਮਤੀ ਬਿਰਤਾਂਤ ਨੂੰ ਚੁਣੌਤੀ ਦਿੰਦੀ ਹੈ, ਸ਼ੱਕੀ ਮੰਨੀ ਜਾ ਸਕਦੀ ਹੈ। ਅਸਲ ਮਕਸਦ ਸਿਰਫ਼ ਸਾਹਿਤ ਨੂੰ ਦਬਾਉਣਾ ਨਹੀਂ, ਸਗੋਂ ਨਵੇਂ ਤੋਂ ਨਵੇਂ ਬਹਾਨੇ ਘੜਕੇ ਖ਼ੌਫ਼ ਅਤੇ ਸਹਿਮ ਦਾ ਮਾਹੌਲ ਬਣਾਈ ਰੱਖਣਾ ਹੈ। ਸੱਤਾ ਬਹੁਤ ਵੱਡੇ ਭਰਮ ’ਚ ਹੈ। ਲੇਖਕ ਦੇ ਸ਼ਬਦ ਤਾਂ ਜੇਲ੍ਹ ਦੀਆਂ ਫੌਲਾਦੀ ਕੰਧਾਂ ਚੀਰ ਕੇ ਵੀ ਬਾਹਰ ਆ ਜਾਂਦੇ ਹਨ।

ਧੜਵੈਲ ਫ਼ੌਜੀ ਤਾਕਤ ਵਾਲਾ ਰਾਜ ਜੇਕਰ ਕਿਤਾਬਾਂ ਤੋਂ, ਵਿਚਾਰਾਂ ਤੋਂ ਭੈਭੀਤ ਹੈ ਤਾਂ ਲੋੜ ਇਸ ਗੱਲ ਦੀ ਹੈ ਕਿ ਵਿਚਾਰ ਪ੍ਰਗਟਾਵੇ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਸੱਤਾ ਕੋਲ ਸਿਰਫ਼ ਫ਼ੌਜ ਅਤੇ ਜਬਰ ਹੈ, ਲੋਕਾਂ ਅਤੇ ਲੋਕਾਂ ਦੇ ਲੇਖਕਾਂ ਕੋਲ ਦਲੀਲ ਅਤੇ ਸਚਾਈ ਦੀ ਤਾਕਤ ਹੈ। ਇਸ ਲਈ ਲੇਖਕਾਂ ਤੇ ਹੋਰ ਕਲਮਕਾਰਾਂ ਨੂੰ ਸਵੈ-ਸੈਂਸਰਸ਼ਿੱਪ ਦੀ ਬਜਾਏ ਸੱਤਾ ਦੇ ਜਬਰ ਅੱਗੇ ਡੱਟਣ ਦਾ ਰਾਹ ਅਖ਼ਤਿਆਰ ਕਰਨਾ ਹੋਵੇਗਾ। ਜਿਵੇਂ ਕਿ ਇੱਕ ਪਾਬੰਦੀਸ਼ੁਦਾ ਕਿਤਾਬ ਦੇ ਲੇਖਕ ਨੇ ਕਿਹਾ, ਅਜਿਹੀ ਸੈਂਸਰਸ਼ਿਪ ਦਾ ਜਵਾਬ ਘੱਟ ਲਿਖਣਾ ਨਹੀਂ, ਸਗੋਂ ਵਧੇਰੇ ਲਿਖਣਾ ਹੋਣਾ ਚਾਹੀਦਾ ਹੈ। ਪਾਬੰਦੀ ਨੇ ਇਨ੍ਹਾਂ ਕਿਤਾਬਾਂ ਦਾ ਮਹੱਤਵ ਸਗੋਂ ਵਧਾ ਦਿੱਤਾ ਹੈ!

ਦੁਨੀਆ ਦਾ ਇਤਿਹਾਸ ਗਵਾਹ ਹੈ ਕਿ ਕਿਸੇ ਵੀ ਭਾਈਚਾਰੇ ਦੀ ਸਵੈਨਿਰਣੇ ਦੀ ਰੀਝ ਨੂੰ ਫ਼ੌਜੀ ਧੌਂਸ ਤੇ ਜਬਰ-ਜ਼ੁਲਮ ਦੇ ਜ਼ੋਰ ਵਕਤੀ ਤੌਰ ’ਤੇ ਤਾਂ ਦਬਾਇਆ ਜਾ ਸਕਦਾ ਹੈ ਪਰ ਬੀਜ-ਨਾਸ਼ ਨਹੀਂ ਕੀਤਾ ਜਾ ਸਕਦਾ। ਖ਼ੁਦ ਕਸ਼ਮੀਰੀ ਲੋਕਾਂ ਦਾ ਸਾਢੇ ਸੱਤ ਦਹਾਕਿਆਂ ਦਾ ਸੰਘਰਸ਼ ਇਸ ਇਤਿਹਾਸਕ ਸਚਾਈ ਦਾ ਗਵਾਹ ਹੈ।

ਸਮੂਹ ਇਨਸਾਫ਼ਪਸੰਦ ਅਤੇ ਜਮਹੂਰੀ ਮੁੱਲਾਂ ਨੂੰ ਪ੍ਰਣਾਈਆਂ ਤਾਕਤਾਂ ਨੂੰ ਇਸ ਫਾਸ਼ੀਵਾਦੀ ਫਰਮਾਨ ਦਾ ਡੱਟਕੇ ਵਿਰੋਧ ਕਰਨਾ ਚਾਹੀਦਾ ਹੈ ਅਤੇ ਮੰਗ ਕਰਨੀ ਚਾਹੀਦੀ ਹੈ ਕਿ ਜੰਮੂ-ਕਸ਼ਮੀਰ ਦਾ ਗਵਰਨਰੀ ਪ੍ਰਸ਼ਾਸਨ ਇਹ ਪਾਬੰਦੀ ਵਾਪਸ ਲਏ, ਵਿਚਾਰ ਪ੍ਰਗਟਾਵੇ ਦੇ ਹੱਕ ਉੱਪਰ ਹਮਲੇ ਬੰਦ ਕੀਤੇ ਜਾਣ ਅਤੇ ਕਸ਼ਮੀਰੀ ਲੋਕਾਂ ਦਾ ਸਵੈਨਿਰਣੇ ਦਾ ਹੱਕ ਤਸਲੀਮ ਕਰਦੇ ਹੋਏ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਬਹਾਲ ਕੀਤਾ ਜਾਵੇ।

*9 ਸਤੰਬਰ ਬਰਸੀ ’ਤੇ ਵਿਸ਼ੇਸ਼*

# .ਗਦਰੀ ਬਾਬਾ ਚੂਹੜ ਸਿੰਘ ਲੀਲ੍ਹ ਨੂੰ ਯਾਦ ਕਰਦਿਆਂ



ਸੁਖਵਿੰਦਰ ਲੀਲ੍ਹ
ਫੁੱਲਾਂਵਾਲ
9888814227

ਜਦੋਂ ਜਦੋਂ ਵੀ ਕਦੇ ਭਾਰਤ ਦੇਸ਼ ਦੁਨੀਆਂ ਅੰਦਰ ਗੁਲਾਮ ਭਾਰਤ ਦੇਸ਼ ਨੂੰ ਅੰਗੇਰਜ਼ੀ ਹਕੂਮਤ ਤੋਂ ਦੇਸ਼ ਨੂੰ ਅਜ਼ਾਦ ਕਰਵਾਉਣ ਦੀ ਗੱਲ ਚੱਲੇਗੀ ਤਾਂ ਉੱਦੋਂ ਉੱਦੋਂ ਗ਼ਦਰ ਲਹਿਰ ਨਾਲ ਜੁੜੇ ਉਨਾਂ ਯੋਧਿਆਂ ਵੱਲੋਂ ਕੀਤੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਜਾਂਦਾ ਰਹੇਗਾ। ਉਨ੍ਹਾਂ ਨੇ ਅੰਗਰੇਜ਼ੀ ਸਰਕਾਰ ਖਿਲਾਫ ਜੂਝਦੇ ਆਪਣੇ ਘਰ ਵਾਰ ਛੱਡ ਪੂਰੀ ਜ਼ਿੰਦਗੀ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਜ਼ਿੰਦਗੀ ਬਿਤਾ ਦਿੱਤੀ, ਪਰ ਫਿਰ ਵੀ ਉਨਾਂ ਕਦੇ ਵੀ ਦੇਸ਼ ਭਗਤੀ ਨੂੰ ਸਮਰਪਿਤ ਸੰਘਰਸ਼ ਤੋਂ ਪਿੱਠ ਨਹੀ ਘੁਮਾਈ ਅਤੇ ਆਖਰੀ ਦਮ ਤੱਕ ਜਾਰੀ ਰੱਖਿਆ। ਇਹੀ ਨਹੀਂ ਉਨ੍ਹਾਂ ਆਪਣੇ ਪਰਿਵਾਰਾਂ ਨੂੰ ਆ ਰਹੀਆਂ ਦੁੱਖ ਤਕਲੀਫਾਂ ਨੂੰ ਅਣਗੌਲਿਆ ਕਰਦਿਆਂ ਆਪਣੀਆਂ ਜਾਇਦਾਦਾਂ ਨੂੰ ਜਬਤ ਕਰਵਾ ਕੇ ਵੀ ਹਿੰਮਤ ਨਹੀਂ ਸੀ ਹਾਰੀ। ਬਿਦੇਸਾਂ ਵਿੱਚ ਰਹਿੰਦਿਆ ਉਨਾ ਵੱਲੋਂ ਸਖਤ ਮਿਹਨਤਾਂ ਰਾਹੀਂ ਬਣਾਈਆਂ ਗਈਆਂ ਕੀਮਤੀ ਜਾਇਦਾਦਾਂ ਨੂੰ ਅੱਧੇ ਮੁੱਲ ਉੱਪਰ ਵੇਚ ਵੱਟ ਕੇ ਸਭ ਕੁਝ ਦੇਸ਼ ਕੌਮ ਦੇ ਲੇਖੇ ਲਗਾਉਣ ਵਾਲੇ ਗ਼ਦਰੀ ਬਾਬਿਆਂ ਦੀ ਦੇਸ਼ ਪ੍ਰਤੀ ਪ੍ਰੇਮ ਭਾਵਨਾ ਅਤੇ ਦੇਸ਼ ਭਗਤੀ ਨੂੰ ਲੋਕ ਮਨਾ ਅੰਦਰ ਰਹਿੰਦੀ ਦੁਨੀਆਂ ਤੱਕ ਯਾਦ ਕੀਤਾ ਜਾਂਦਾ ਰਹੇਗਾ।

ਉਸ ਸਮੇਂ ਅਜ਼ਾਦੀ ਦੀ ਚੱਲੀ ਇਸ ਲਹਿਰ ਦੇ ਇਤਿਹਾਸ ਨੂੰ ਪੜ੍ਹਦਿਆਂ ਪਤਾ ਚੱਲਦਾ ਹੈ ਕਿ ਕਿਵੇਂ ਉਨਾ ਦੇਸ਼ ਦੇ ਮਿਹਨਤਕਸ਼ ਲੋਕਾਂ ਦੀਆਂ ਅਤਿ ਮਾੜੀਆਂ ਹਾਲਤਾਂ ਨੂੰ ਵੇਖਦਿਆਂ ਆਪਣੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਦਿਆਂ ਏਥੇ ਮਨੁੱਖ ਹੱਥੋਂ ਹੋ ਰਹੀ ਮਨੁੱਖ ਦੀ ਲੁੱਟ ਖਿਲਾਫ ਅਤੇ ਬਰਾਬਰੀ ਵਾਲੇ ਹੱਕ ਪ੍ਰਾਪਤ ਕਰਨ ਲਈ ਸੱਚੇ ਤਨੋ-ਮਨੋ ਨਿਰਸਵਾਰਥ ਜੇਲਾਂ ਅੰਦਰ ਅਣਮਨੁੱਖੀ ਤਸੀਹੇ ਝੱਲਦਿਆਂ ਜਾਲਮ ਅੰਗਰੇਜ਼ੀ ਹਕੂਮਤ ਦੇ ਨੱਕ ਵਿੱਚ ਦਮ ਕਰੀ ਰੱਖਿਆ ਅਤੇ ਆਪਣੇ ਆਖਰੀ ਸਾਹਾਂ ਤੱਕ ਸੰਘਰਸ਼ਾਂ ਨੂੰ ਲੜਦੇ ਰਹੇ। ਗ਼ਦਰੀ ਬਾਬਾ ਚੂਹੜ ਸਿੰਘ ਲੀਲ੍ਹ ਜਿਨ੍ਹਾਂ ਦਾ ਜਨਮ ਪਿੰਡ ਲੀਲ੍ਹ ਜ਼ਿਲਾ ਲੁਧਿਆਣਾ ਵਿੱਚ ਦਰਮਿਆਨੀ ਕਿਸਾਨ ਪਰਿਵਾਰ ਨਾਲ ਸਬੰਧਤ ਸ. ਬੂਟਾ ਸਿੰਘ ਦੇ ਘਰ ਵਿੱਚ ਹੋਇਆ। ਪਿੰਡ ਵਿੱਚ ਰਹਿੰਦੇ ਖੇਤੀ ਬਾੜੀ ਦੇ ਧੰਦੇ ਦੇ ਕੰਮ ਦੇ ਨਾਲ ਨਾਲ ਅੰਗਰੇਜਾਂ ਦੇ ਰਸਾਲੇ ਵਿੱਚ ਨੌਕਰੀ ਵੀ ਕਰ ਲਈ ਪਰ ਅਣਖੀ ਸੁਭਾਅ ਤੇ ਦੇਸ਼ ਸੇਵਾ ਦਾ ਜਜ਼ਬਾ ਬਹੁਤੀ ਦੇਰ ਗੁਲਾਮੀ ਨੂੰ ਸਹਾਰ ਨਾ ਸੱਕਿਆ। ਨੌਕਰੀ ਨੂੰ ਵਿਚਕਾਰ ਛੱਡ ਘਰ ਦੇ ਆਰਥਿਕ ਹਾਲਤ ਸੁਧਾਰਨ ਲਈ ਅਮਰੀਕਾ ਵੱਲ ਨੂੰ ਚਾਲੇ ਪਾ ਦਿੱਤੇ।ਅਮਰੀਕਾ ਵਿੱਚ ਰਹਿੰਦਿਆਂ ਉਨਾ ਦਾ ਮੇਲ ਜੋਲ ਉੱਥੇ ਦੇਸ਼ ਦੀ ਅਜ਼ਾਦੀ ਦੀ ਪ੍ਰਾਪਤੀ ਖਾਤਰ ਸ਼ੁਰੂ ਹੋ ਚੁੱਕੀ ‘ਗ਼ਦਰ ਪਾਰਟੀ ਲਹਿਰ’ ਨਾਲ ਹੋਇਆ ਅਤੇ ਉਹ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਣ ਲੱਗ ਪਏ।

‘ਗ਼ਦਰ ਪਾਰਟੀ ਲਹਿਰ’ ਦਾ ਮੁੱਖ ਮਕਸਦ ਅਮਰੀਕਾ ਵਿੱਚ ਰਹਿੰਦੇ ਭਾਰਤੀਆਂ ਨੂੰ ਇੱਕ ਝੰਡੇ ਥੱਲੇ ਇਕੱਠਾ ਕਰਨਾ ਅਤੇ ਉਨਾਂ ਵਿੱਚ ਦੇਸ਼ ਭਗਤੀ ਦੀ ਭਾਵਨਾ ਨੂੰ ਪੈਦਾ ਕਰਕੇ ਹਥਿਆਰਬੰਦ ਘੋਲ ਰਾਹੀਂ ਆਪਣੇ ਦੇਸ਼ ਨੂੰ ਅੰਗਰੇਜ਼ੀ ਹਕੂਮਤ ਕੋਲੋਂ ਭਾਰਤ ਦੇਸ਼ ਨੂੰ ਅਜ਼ਾਦ ਕਰਵਾਉਣਾ ਸੀ। ਉਨ੍ਹਾ ਗ਼ਦਰੀਆਂ ਦੀ ਆਪਣੀ ਇੱਕ ਵਿਚਾਰਧਾਰਾ ਸੀ, ਜਿਸ ਰਾਹੀਂ ਉਹ ਭਾਰਤ ਦੇਸ਼ ਦੀ ਅਜ਼ਾਦੀ ਤੋਂ ਬਾਅਦ ਇੱਥੇ ਊਚ-ਨੀਚ, ਜਾਤ-ਪਾਤ ਮੁਕਤ, ਲੁੱਟ ਖਸੁੱਟ ਰਹਿਤ ਅਤੇ ਬਰਾਬਰਤਾ ਵਾਲਾ ਸਮਾਜ ਸਿਰਜਣਾ ਚਾਹੁੰਦੇ ਸਨ। ਉਨ੍ਹਾਂ ਦਾ ਸੁਪਨਾ ਅੱਜ ਵੀ ਅਧੂਰਾ ਸਾਡੇ ਲਈ ਕਈ ਤਰਾਂ ਦੇ ਸੁਆਲ ਖੜੇ ਕਰਦਾ ਆ ਰਿਹਾ ਹੈ। ਗ਼ਦਰ ਲਹਿਰ ਵਿੱਚ ਬਹੁ-ਗਿਣਤੀ ਪੰਜਾਬੀਆਂ ਦੀ ਸੀ।ਉਹਨਾਂ ਪੰਜਾਬੀਆਂ ਵਿੱਚ ਜ਼ਿਆਦਾਤਰ ਅਮ੍ਰਿਤਧਾਰੀ ਸਿੱਖ ਸਨ ਅਤੇ ਉਹ ਸਿੱਖੀ ਦੀ ਬਰਾਬਰਤਾ ਵਾਲੀ ਵਿਚਾਰਧਾਰਾ ਤੋਂ ਪਹਿਲਾਂ ਵੀ ਪ੍ਰਭਾਵਤ ਸਨ।

ਗ਼ਦਰੀ ਬਾਬਾ ਚੂਹੜ ਨੇ ਵੀ ਆਪਣੇ ਬਾਕੀ ਸਾਥੀਆਂ ਨਾਲ ਬਿਦੇਸ ਵਿੱਚੋਂ ਆਪਣਾ ਸਭ ਕੁਝ ਵੇਚਵੱਟ ਕੇ 172 ਹੋਰ ਗ਼ਦਰੀਆਂ ਸਮੇਤ ਤੋਸਾ ਮਾਰੂ ਜਹਾਜ਼ ਰਾਹੀਂ ਦੇਸ਼ ਵਾਪਸ ਆਉਣ ਦਾ ਫੈਸਲਾ ਕਰ ਲਿਆ। ਕਿੰਨੇ ਹੀ ਦਿਨ ਤੇ ਕਿੰਨੀਆਂ ਹੀ ਰਾਤਾਂ ਸਮੁੰਦਰ ਵਿੱਚ ਲੰਘਾਉਣ ਤੋਂ ਬਾਅਦ ਜਦ ਇਹ ਸਮੁੰਦਰੀ ਜਹਾਜ਼ 29 ਅਕਤੂਬਰ 1914 ਨੂੰ ਕਲਕੱਤਾ ਦੀ ਬੰਦਰਗਾਹ ਉੱਪਰ ਪਹੁੰਚਿਆ ਤਾਂ ਲੱਗਭੱਗ ਸਾਰੇ ਹੀ ਮੁਸ਼ਾਫਰਾਂ ਨੂੰ ਅੰਗਰੇਜ਼ ਹਕੂਮਤ ਦੀ ਪੁਲਿਸ ਵੱਲੋਂ ਗ੍ਰਿਫਤਾਰ ਕਰਕੇ ਭੁੱਖਿਆਂ ਭਾਣਿਆਂ ਨੂੰ ਰਾਏਵਿੰਡ ਲੁਧਿਆਣਾ ਲੈ ਆਂਦਾ। ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਪਿੰਡਾਂ ਦੀਆਂ ਜੂਹਾਂ ਅੰਦਰ ਕੈਦ ਕਰਨ ਦੇ ਹੁਕਮ ਸੁਣਾ ਦਿੱਤੇ ਗਏ।ਬਾਬਾ ਚੂਹੜ ਸਿੰਘ ਲੀਲ੍ਹ ਨੂੰ ਵੀ ਪਿੰਡ ਅੰਦਰ ਜੂਹਬੰਦ ਕਰ ਦਿੱਤਾ ਗਿਆ, ਪਰ ਬਾਬਾ ਜੀ ਨੂੰ ਦੇਸ਼ ਭਗਤੀ ਦੀ ਲਗਨ ਅਤੇ ਦੇਸ਼ ਦੀ ਅਜ਼ਾਦੀ ਦੀ ਭਾਵਨਾ ਨੇ ਬਹੁਤੀ ਦੇਰ ਘਰ ਅੰਦਰ ਟਿਕ ਕੇ ਬੈਠਣ ਨਾ ਦਿੱਤਾ ਅਤੇ ਉਹ ਰੂਹ-ਪੋਸ ਹੁੰਦੇ ਹੋਏ ਵੀ ਗਦਰ ਪਾਰਟੀ ਲਹਿਰ ਦੇ ਪ੍ਰੋਗਰਾਮਾਂ ਵਿੱਚ ਜਾਂਦੇ ਰਹੇ।

ਨਵੰਬਰ 1914 ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਸਦੇ ਗ਼ਦਰੀ ਸਾਥੀਆਂ ਵੱਲੋਂ ਲਾਡੋਵਾਲ ਮੀਟਿੰਗ ਦੌਰਾਨ ‘ਡਕੈਤੀ ਕਮਿਸ਼ਨ’ ਦੀ ਸਥਾਪਨਾ ਕੀਤੀ। ਉਸ ਵਿੱਚ ਸਿਰਫ ਸਰਕਾਰੀ ਖਜਾਨਾ ਅਤੇ ਕੁਝ ਸਰਮਾਏਦਾਰ ਅਮੀਰ ਘਰਾਣਿਆਂ ਨੂੰ ਲੁੱਟਣ ਦੀ ਯੋਜਨਾ ਬਣਾਈ ਗਈ ਸੀ ਤਾਂ ਜੋ ਪਾਰਟੀ ਨੂੰ ਹਥਿਆਰਾਂ ਦੀ ਲੋੜ ਨੂੰ ਪੂਰਾ ਕੀਤਾ ਜਾ ਸਕੇ।ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਰਬੋਂ, ਝਨੇਰ, ਰਾਜੋਆਣਾ ਅਤੇ ਦੋਰਾਹਾ ਵਿੱਚ ਡਾਕੇ ਮਾਰੇ ਗਏ ਅਤੇ 3 ਫਰਵਰੀ ਰਾਹੋਂ ਉੱਚੀ ਲੁਧਿਆਣਾ ਵਿੱਚ ਡਾਕਾ ਮਾਰਿਆ ਗਿਆ। ਇਹ ਲੁੱਟਿਆ ਹੋਇਆ ਸਾਰਾ ਪੈਸਾ ਪਾਰਟੀ ਕੋਲ ਜਮਾਂ ਕਰਵਾਇਆ ਜਾਂਦਾ। ਉਨ੍ਹਾਂ ਦਿਨਾਂ ਵਿੱਚ ਪਿੰਡਾਂ ਦੇ ਵੱਡੀ ਗਿਣਤੀ ਆਮ ਸੁਧਾਰਨ ਲੋਕ ਇੰਨਾ ਗ਼ਦਰੀ ਦੇਸ਼ ਭਗਤਾਂ ਨੂੰ ਅਣਜਾਣਤਾ ਕਾਰਨ ਡਾਕੂ ਵੀ ਕਹਿੰਦੇ ਰਹੇ ਹਨ ਡਾਕਿਆਂ ਦੌਰਾਨ ਜੇਕਰ ਇਨਾਂ ਕੋਲੋਂ ਕੋਈ ਕਿਸੇ ਨਾਲ ਬੇਇਨਸਾਫੀ ਵੀ ਹੁੰਦੀ ਤਾਂ ਇਹ ਉਸ ਦੀ ਗਲਤੀ ਮੰਨਦਿਆਂ ਉਸ ਪਰਿਵਾਰ ਨਾਲ ਹਮਦਰਦੀ ਵੀ ਰੱਖਦੇ ਸਨ, ਜਿਸ ਦੀ ਉਦਾਹਰਣ 3 ਫਰਵਰੀ 1915 ਨੂੰ ਬਾਬਾ ਜੀ ਭਾਈ ਗਾਂਧਾ ਸਿੰਘ ਨੂੰ ਨਾਲ ਲੈ ਕੇ ਇਕ ਮਾਈ ਕੋਲੋਂ ਲੁੱਟਿਆ ਗਿਆ ਮਾਲ ਵਾਪਸ ਕਰਨ ਤੋਂ ਮਿਲਦੀ ਹੈ। ਇਸ ਐਕਸਨ ਤੋਂ ਬਾਅਦ ਜਦ ਉਹ ਪਿੰਡ ਪਹੁੰਚੇ ਤਾਂ ਪਿੰਡ ਲੀਲ੍ਹ ਦੇ ਇੱਕ ਮੁਖਵਰ ਨੇ ਸੀ. ਆਈ.ਡੀ ਕਰਕੇ ਬਾਬਾ ਜੀ ਨੂੰ ਗ੍ਰਿਫਤਾਰ ਕਰਵਾ ਦਿੱਤਾ। ਇਨ੍ਹਾਂ ਉੱਪਰ ਲਾਹੌਰ ਸਾਜਿਸ਼ ਅਧੀਨ ਕੇਸ ਚਲਾ ਕੇ ਕਾਲੇ ਪਾਣੀ, ਜਾਇਦਾਦ ਜ਼ਬਤ ਦਾ ਫੈਸਲਾ ਸੁਣਾਇਆ ਗਿਆ।

ਅੰਡੇਮਾਨ ਦੀਆਂ ਜੇਲ੍ਹਾਂ ਅੰਦਰ ਕੈਦੀਆਂ ਉੱਪਰ ਅਣਮਨੁੱਖੀ ਤਸੀਹੇ ਦੇ ਕੇ ਧੱਕੇ ਨਾਲ ਕੰਮ ਕਰਵਾਇਆ ਜਾਂਦਾ ਸੀ। ਕੈਦੀਆਂ ਉੱਪਰ ਠੰਡਾ ਪਾਣੀ ਪਾਉਣਾ, ਠੰਡੇ ਪਾਣੀ ਵਿੱਚ ਗੋਤੇ ਲਗਾਏ ਜਾਂਦੇ ਸਨ। ਇਸ ਅਣਮਨੁੱਖੀ ਵਰਤਾਰੇ ਨੂੰ ਬਾਬਾ ਜੀ ਵੱਲੋਂ ਬਰਦਾਸਤ ਨਹੀਂ ਕੀਤਾ ਗਿਆ ਅਤੇ ਉਨ੍ਹਾਂ ਅੰਗਰੇਜਾਂ ਨਾਲ ਸਿੱਧੀ ਟੱਕਰ ਲੈਣ ਲਈ ਜੇਲ ਅੰਦਰ ਹੋ ਰਹੇ ਹਰ ਪ੍ਰਕਾਰ ਦੇ ਜ਼ੁਲਮਾਂ ਖਿਲਾਫ ਅਵਾਜ਼ ਬੁਲੰਦ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ 2 ਅਕਤੂਬਰ 1917 ਨੂੰ ਭੁੱਖ ਹੜਤਾਲ ਅਤੇ ਬਾਅਦ ਵਿੱਚ ਜੇਲ੍ਹ ਅੰਦਰ ਕਿਸੇ ਵੀ ਕਿਸਮ ਦਾ ਕੋਈ ਵੀ ਕੰਮ ਨਾ ਕਰਨ ਦਾ ਫੈਸਲਾ ਕਰ ਲਿਆ। ਇਨ੍ਹਾਂ ਲੰਬੇ ਸੰਘਰਸ਼ਾਂ ਅਤੇ ਹੜਤਾਲਾਂ ਅੱਗੇ ਅੰਗਰੇਜ਼ਾਂ ਨੂੰ ਝੁਕਣਾ ਪਿਆ।ਹੁਣ ਕਿਸੇ ਵੀ ਕੈਦੀ ਨੂੰ ਕੋਈ ਵੀ ਸਜ਼ਾ ਦੇਣ ਤੋਂ ਪਹਿਲਾਂ ਪੁਲਿਸ ਸੌ ਵਾਰੀ ਸੋਚਦੀ। ਇਸ ਤਰਾਂ ਬਾਬਾ ਜੀ ਨੇ ਅੰਡੇਮਾਨ ਜੇਲ੍ਹਾਂ ਅੰਦਰ ਇਸ ਵਹਿਸ਼ੀ ਮਾਹੌਲ ਨੂੰ ਠੱਲ ਪਾਉਣ ਵਿੱਚ ਕਾਮਯਾਬ ਹੋ ਗਏ ਤੇ ਅੰਗਰੇਜਾਂ ਨੂੰ ਇੱਕ ਜੇਲ੍ਹ ਸਧਾਰ ਕਮੇਟੀ ਬਣਾਉਣੀ ਪਈ ਅਤੇ ਨਤੀਜੇ ਵੱਜੋਂ ਕਾਫੀ ਕੈਦੀਆਂ ਨੂੰ ਅੰਡੇਮਾਨ ਜੇਲ੍ਹਾਂ ਚੋਂ ਤਬਦੀਲ ਕਰਕੇ ਭਾਰਤੀ ਜੇਲ੍ਹਾਂ ਵਿੱਚ ਲੈ ਕੇ ਆਉਣਾ ਪਿਆ।

ਬਾਬਾ ਚੂਹੜ ਸਿੰਘ ਲੀਲ੍ਹ ਅਤੇ ਬਾਬਾ ਜੁਵਾਲਾ ਸਿੰਘ ਸਮੇਤ ਮਦਰਾਸ ਦੀ ਕੋਇੰਟੰਬੂਰ ਜੇਲ੍ਹ ਵਿੱਚ ਭੇਜ ਦਿੱਤਾ। ਇੱਥੇ ਵੀ ਮੋਪਲਾ ਸੱਤਿਆਗ੍ਰਹਿ ਦੇ ਬੱਚੇ, ਬੁੱਢਿਆਂ ਅਤੇ ਔਰਤਾਂ ਨੂੰ ਭੁੱਖੇ ਪਿਆਸੇ ਰੱਖ ਕੇ ਛੋਟੀਆਂ ਛੋਟੀਆਂ ਕਾਲ ਕੋਠੜੀਆਂ ਵਿੱਚ ਤੂੜੀ ਵਾਂਗ ਤੂੜਿਆ ਜਾਂਦਾ।ਬਹੁਤ ਸਾਰੇ ਬੱਚੇ ਅਤੇ ਬੁੱਢੇ ਦਮ ਘੁੱਟਣ ਨਾਲ ਮਰ ਰਹੇ ਸਨ। ਇਸ ਜੁਲਮ ਖਿਲਾਫ ਵੀ ਦੋਵੇਂ ਗ਼ਦਰੀਆਂ ਨੇ ਸੰਘਰਸ਼ ਕੀਤਾ। ਇਨ੍ਹਾਂ ਦੀ ਪਰਉਪਕਾਰੀ ਦਾ ਸਬੂਤ ਇੱਥੇ ਉੱਦੋਂ ਮਿਲਦਾ ਜਦ ਆਪ ਅਤੇ ਬਾਬਾ ਜੁਵਾਲਾ ਸਿੰਘ ਠੱਠੀਆਂ ਆਪਣੇ ਹਿੱਸੇ ਦਾ ਖਾਣਾ ਵੀ ਉਨਾਂ ਬੱਚਿਆਂ ਵਿੱਚ ਵੰਡ ਦਿੰਦੇ। ਇੱਕ ਦਿਨ ਜੇਲ੍ਹ ਅਧਿਕਾਰੀਆਂ ਨੂੰ ਇਸ ਗੱਲ ਦਾ ਪਤਾ ਲੱਗਣ ਤੇ ਜੁਵਾਲਾ ਸਿੰਘ ਨੂੰ ਜਦ 30 ਬੈਂਤਾਂ ਦੀ ਸਜਾ ਦਿੱਤੀ ਤਾਂ ਆਪ ਵੀ ਭੱਜ ਕੇ ਅੱਗੇ ਹੋ ਗਏ ਤੇ ਲਲਕਾਰਨ ਲੱਗੇ ਕਿ ਮੈਨੂੰ ਵੀ ਸਜਾ ਦਿੱਤੀ ਜਾਵੇ, ਮੈਂ ਵੀ ਆਪਣੇ ਹਿੱਸੇ ਦਾ ਖਾਣਾ ਬੱਚਿਆਂ ਨੂੰ ਦਿੱਤਾ ਹੈ।

ਇਸ ਤਰ੍ਹਾਂ ਜੇਲ੍ਹ ਅੰਦਰ ਹੰਗਾਮਾ ਮੱਚ ਗਿਆ ਤੇ ਬਾਬਾ ਜੀ ਨੇ ਰੋਸ ਵਿੱਚ ਫਿਰ ਭੁੱਖ ਹੜਤਾਲ ਕਰ ਦਿੱਤੀ। ਜੇਲ੍ਹ ਦਾ ਮਹੌਲ ਖਰਾਬ ਹੋਣ ਦੇ ਡਰੋਂ ਇਨਾਂ ਦੋਹਾਂ ਕੈਦੀਆਂ ਨੂੰ 24 ਨਵੰਬਰ 1922 ਨੂੰ ਭੰਡਾਰਾ ਜੇਲ੍ਹ ਬਦਲ ਦਿੱਤਾ ਗਿਆ। ਇੱਥੇ ਵੀ ਬਾਬਾ ਜੀ ਨੇ ਜੇਲ ਅੰਦਰ ਕੈਦੀਆਂ ਉਪਰ ਹੋ ਰਹੇ ਹਰ ਤਰਾਂ ਦੇ ਜੁਲਮ ਖਿਲਾਫ ਖੁੱਲ ਕੇ ਅਵਾਜ ਉਠਾਈ, ਜਿਸ ਕਾਰਨ ਬਾਬਾ ਜੀ ਦੇ ਪੂਰੇ ਦੇਸ਼ ਭਰ ਵਿੱਚ ਚਰਚੇ ਹੋਣ ਲੱਗੇ।ਕਈ ਜੇਲ੍ਹ ਅਧਿਕਾਰੀ ਤਾਂ ਬਾਬਾ ਜੀ ਦਾ ਕਾਫੀ ਸਤਿਕਾਰ ਵੀ ਕਰਨ ਲੱਗ ਪਏ ਸਨ। ਫਿਰ ਬਾਬਾ ਚੂਹੜ ਸਿੰਘ ਨੂੰ ਲਾਹੌਰ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਜਿੱਥੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ 14 ਨੰਬਰ ਕੋਠੜੀ ਵਿੱਚ ਮੌਤ ਦੀ ਸਜਾ ਭੁਗਤ ਰਹੇ ਸਨ। ਭਗਤ ਸਿੰਘ ਬਾਬਾ ਜੀ ਦੇ ਕੰਮਾਂ ਤੋਂ ਕਾਫੀ ਪ੍ਰਭਾਵਤ ਸਨ ਅਤੇ ਉਹ ਲੰਮਾ ਸਮਾਂ ਭਗਤ ਸਿੰਘ ਹੋਰਾਂ ਨਾਲ ਬੈਠ ਕੇ ਉਨ੍ਹਾਂ ਦੀ ਇਨਕਲਾਬੀ ਵਿਚਾਰਧਾਰਾ ਦੀ ਮਜਬੂਤੀ ਲਈ ਗੱਲਬਾਤ ਕਰਦੇ ਰਹਿੰਦੇ ਸਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਭਗਤ ਸਿੰਘ ਦੀ ਫਾਂਸੀ ਤੋਂ ਬਾਅਦ ਵੀ ਉਸਦੀ ਵਿਚਾਰਧਾਰਾ ਦਾ ਅਸਰ ਬਾਬਾ ਜੀ ਵੱਲੋਂ ਇੱਕ ਜੱਜ ਨੂੰ ਸਮਾਜ ਅਤੇ ਜੇਲ੍ਹ ਸਧਾਰ ਸੰਬਧੀ ਲਿਖੇ ਇੱਕ ਪੱਤਰ ਵਿਚ ਸਾਫ ਨਜ਼ਰ ਆਉਂਦਾ ਹੈ। ਇੱਥੇ ਹੀ ਬਾਬਾ ਚੂਹੜ ਸਿੰਘ ਨੇ ਭਾਈ ਰਣਧੀਰ ਸਿੰਘ ਦੀ ਮੁਲਾਕਾਤ ਭਗਤ ਸਿੰਘ ਨਾਲ ਕਰਵਾਈ ਸੀ।

ਬਾਬਾ ਚੂਹੜ ਸਿੰਘ ਦਾ ਜੇਲਾਂ ਵਿੱਚ ਸਧਾਰ ਅਤੇ ਦੇਸ਼ ਦੀ ਅਜ਼ਾਦੀ ਪ੍ਰਤੀ ਲਗਾਤਾਰ ਸੰਘਰਸ਼ ਜਾਰੀ ਰਿਹਾ। ਫਰਵਰੀ 1932 ਫਿਰ ਕੈਦੀਆਂ ਉੱਪਰ ਜ਼ੁਲਮ ਹੋਰ ਵਧ ਗਏ ਤੇ ਬਾਬਾ ਜੀ ਨੇ ਕਮਜੋਰ ਸਰੀਰ ਦੇ ਬਾਵਜੂਦ 82 ਦਿਨ ਦੀ ਲੰਬੀ ਭੁੱਖ ਹੜਤਾਲ ਕਰ ਦਿੱਤੀ ਗਈ। ਬਜੁਰਗ ਬਾਬਾ ਜੀ ਅੰਦਰ ਨੌਜਵਾਨ ਸ਼ਹੀਦ ਭਗਤ ਸਿੰਘ ਵੀ ਬੋਲਦਾ ਸੀ, ਜਿਸ ਕਾਰਨ ਉਹ ਅੰਗਰੇਜ਼ੀ ਹਕੂਮਤ ਦੇ ਅੱਖਾਂ ਵਿੱਚ ਰੜਕਣ ਲੱਗ ਪਏ।ਅੰਗਰੇਜ਼ ਨਹੀਂ ਸੀ ਚਾਹੁੰਦਾ ਕਿ ਇਹ ਬਾਬਾ ਜਿਉਂਦਾ ਘਰ ਜਾਵੇ ਇਸੇ ਲਈ ਤਾਂ ਬਾਬਾ ਜੀ ਦੀ ਸਜਾ ਪੂਰੀ ਹੋ ਜਾਣ ਬਾਅਦ ਵੀ ਰਿਹਾ ਨਾ ਕੀਤਾ ਗਿਆ। ਦੂਸਰੇ ਪਾਸੇ ਬਾਬਾ ਜੀ ਨੂੰ ਜੇਲ੍ਹ ਵਿੱਚੋਂ ਬਾਹਰ ਕੱਢਣ ਲਈ ਬਾਬਾ ਸੋਹਣ ਸਿੰਘ ਭਕਨਾ ਦੀ ਅਗਵਾਈ ਵਿੱਚ ਸੱਤਿਆਗ੍ਰਹਿ ਸ਼ੁਰੂ ਕਰ ਦਿੱਤਾ ਗਿਆ ਸੀ। ਜੇਲ੍ਹ ਅੰਦਰ ਬਾਬਾ ਜੀ ਵੱਲੋਂ ਰੋਸ ਵੱਜੋਂ ਲਗਾਤਾਰ ਭੁੱਖ ਹੜਤਾਲ ਜਾਰੀ ਰੱਖਣ ਕਾਰਨ ਉਨ੍ਹਾਂ ਦਾ ਸਰੀਰ ਪਿੰਜਰ ਦਾ ਰੂਪ ਧਾਰ ਚੁੱਕਾ ਸੀ ਜਿਸ ਤੋਂ ਡਰ ਕੇ ਅੰਗਰੇਜ਼ੀ ਹਕੂਮਤ ਨੇ ਬਾਬਾ ਜੀ ਦੀਆਂ ਸਾਰੀਆਂ ਮੰਗਾਂ ਮੰਨਦੇ ਹੋਏ ਰਿਹਾ ਕਰ ਦਿੱਤਾ। ਰਿਹਾਈ ਹੋਣ ਤੋਂ ਬਾਅਦ ਇਨਾ ਦੀ ਦੇਸ਼ ਪ੍ਰਤੀ ਦੇਸ਼ ਭਗਤੀ ਦੀ ਹਰ ਘਰ ਅੰਦਰ ਚਰਚਾ ਨੂੰ ਧਿਆਨ ਵਿੱਚ ਰੱਖਦਿਆਂ ਇਨ੍ਹਾਂ ਨੂੰ ਲੋਕਾਂ ਦੇ ਦਰਸ਼ਨਾਂ ਲਈ ਛਪਾਰ ਮੇਲੇ ਵਿੱਚ ਹੋਣ ਵਾਲੀ ਰਾਜਨੀਤਕ ਕਾਨਫਰੰਸ ਦੀ ਸਟੇਜ ਉੱਪਰ ਰੱਖਿਆ ਗਿਆ। ਘਰ ਆ ਕੇ ਇੰਨਾ ਦੇ ਇਲਾਜ਼ ਲਈ ਕਾਫੀ ਭੱਜ ਦੌੜ ਕੀਤੀ ਗਈ ਪਰ ਕਮਜ਼ੋਰੀ ਜਿਆਦਾ ਹੋਣ ਕਾਰਨ ਅੰਤ ‘ਪੁਰਜਾ ਪੁਰਜਾ ਕਟਿ ਮਰੈ ਕਬਹੂੰ ਨਾ ਛਾਡੈ ਖੇਤ’ ਅਨੁਸਾਰ 9 ਸਤੰਬਰ 1933 ਨੂੰ ਅਜ਼ਾਦੀ ਦਾ ਇਹ ਯੋਧਾ ਅਧੂਰਾ ਸੁਪਨਾ ਲੈ ਕੇ ਇਸ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਿਆ। ਬੜੇ ਦੁੱਖੀ ਮਨ ਨਾਲ ਕਹਿਣਾ ਪੈ ਰਿਹਾ ਕਿ ਦੇਸ਼ ਦੀ ਅਜ਼ਾਦੀ ਤੋਂ ਬਾਅਦ ਅੱਜ ਤੱਕ ਕਿਸੇ ਵੀ ਸਰਕਾਰ ਨੇ ਇਸ ਗ਼ਦਰੀ ਬਾਬੇ ਦੀ ਕਦੇ ਵੀ ਸਾਰ ਨਹੀਂ ਲਈ।



ਗ਼ਦਰੀ ਬਾਬਾ ਚੂਹੜ ਸਿੰਘ ਲੀਲ੍ਹ ਦੀ ਫੋਟੋ ਅਤੇ ਪਿੰਡ ਬਣੀ ਯਾਦਗਾਰ।



ਹਰ ਕਿਸਮ ਦੇ ਫਾਰਮ ਭਰਵਾਉਣ ਲਈ ਮਿਲੋ
ਪਾਸਪੋਰਟ ਰੀਨਿਊ (ਕੈਨੇਡੀਅਨ ਜਾ ਇੰਡੀਅਨ), ਕੈਨੇਡੀਅਨ ਸਿਟੀਜ਼ਨਸ਼ਿਪ, ਪੀ.ਆਰ. ਕਾਰਡ ਰੀਨਿਊ, ਪੈਨਸ਼ਨ ਦੇ ਫਾਰਮ (ਸੀ.ਪੀ.ਪੀ., ਓਲਡ ਏਜ, ਅਲਬਰਟਾ ਪੈਨਸ਼ਨ), ਕੈਨੇਡੀਅਨ ਚਾਈਲਡ ਬੈਨੀਫਿਟ, ਆਦਿ।
ਵਾਜਿਬ ਰੇਟ ’ਤੇ ਹਰ ਦਿਨ ਸੇਵਾਵਾਂ ਉਪਲਬਧ।



Lash Extension Service
Looking for lash extensions in Calgary?
I offer classic, hybrid and volume sets at reasonable price.
Located in Cornerstone, NE.

Please email or message on Instagram @llash_n_pout
Corner Meadows Gate NE, Calgary, AB T3N
Nav Gill : 780-850-7730

Balloon House BY GURPREET
Gurpreet Gill
Founder
(403) 408-6566







For Birthday - Anniversary - Baby Shower - Shower
@balloonhousebygurpreet

# Canada needs a crown corporation for vehicle production

## Faced with U.S. plans to decimate the auto industry, Canada can save jobs and the sector by harnessing the power of the state

Jon Milton and Nathaniel Denaro



Donald Trump is an existential threat to Canada's auto sector. As he bluntly stated during a meeting with the prime minister in May, "we don't want cars from Canada." Tariffs are intended to make it so that it no longer makes "economic sense" to continue manufacturing in the country.

In the months since, Canadian-assembled vehicles have been slapped with a 25 per cent levy which could be reduced depending on the amount of U.S. content.

Companies have already laid off thousands of workers directly and indirectly employed in the automotive sector as tariffs disrupt closely intertwined supply chains—and American manufacturers, like General Motors, lay off workers and abandon EV manufacturing plans in Canada.

Regions particularly reliant on manufacturing have also been negatively impacted. Ontario cities like Brampton, Ingersoll, and Oakville, have faced significant layoffs and plant closures, with some questioning the long-term viability of production as the trade war drags on.

By the numbers, exports of motor vehicles and parts were down by 4.2 per cent in June 2025. The decline has been sharpest in the export of passenger cars and light trucks, which fell by 8.9 per cent, marking the third consecutive month of decline.

While officials had hoped for a trade deal by now, the prospect of an agreement is currently in limbo, according to Canadian negotiators and American officials.

Even if, by some chance, a deal is reached, it likely won't come without some tariffs—something deemed unsustainable by Canadian manufacturers and the union representing autoworkers.

For decades, integration with the U.S. and a dependence on foreign automakers has been the cornerstone of Canada's industrial strategy. As Unifor, the union which represents most Canadian auto workers, noted during the Biden Administration, this need not be the case. Canada has the potential to be an automotive superpower if governments are able and willing to coordinate and implement a sector policy that isn't just tax cuts or subsidies.

With the auto sector now firmly in Donald Trump's sights, the federal government should act on this vision and take it one step further. Canada already has the skilled workforce, industrial capacity, and natural resources, it only makes sense that it have its own publicly owned automaker as well.

A national auto brand?

The closest to a national Canadian automaker is "Project Arrow", spearheaded by the Auto Manufacturers and Parts Association (AMPA). As a privately backed initiative, its goal is to foster an "all Canadian effort" to create zero emissions light vehicles.

The AMPA unveiled its first test model in 2023. The project is only in its second stage of development as it seeks additional suppliers and strategic partners.

Despite the media attention the project has received, there are two glaring issues. The first is that there is no timeline as to when the Arrow will be commercially available. As it stands, the goal is to manufacture only two vehicles a year for the next three years in a bid to attract investors.

Secondly, there is no mention of how much an Arrow will cost when, if it is ever, released. Electric vehicles tend to be expensive at the point of sale, a reality that is further complicated by the expiry of federal tax credits. Canadians need something that is attractive to consumers but also affordable, unlike many of the luxury vehicles and electric SUVs out there.

Adding these two together, and Project Arrow is more of an advertising pitch for the auto parts sector rather than a serious effort to establish a Canadian automaker, which should cast further doubt on leaving such an endeavor wholly in private hands.

That said, with a changing global market in mind, countries have been more willing to get involved in the planning and development of national automotive companies. Mexico's "Olinia", for instance, is a planned EV line set to be led by a new federal ministry, with a focus on affordability. As noted in its initial press release, the target demographic is families and young people, with three models expected to cost between US $4,400 to US $7,400—significantly lower than other EVs sold in the country.

The idea is that a nationally led framework will aid in the project's coordination, with production intended to take place across several regions to keep costs down. Government ownership will also ensure a reliable stream of investment and that the end product is something attainable by the average Mexican family.

Turkey is pursuing a similar project through its Automobile Joint Venture Group (TOGG), a consortium of companies with the support and financial backing of the government. The goal is to create a national brand of EVs, with some models already being available for purchase.

With Mexico and Turkey offering prospective templates, Canada need not reinvent the wheel in pursuing its own, publicly owned automaker. Only the federal government has the ability to operate a program of this magnitude by bringing together our natural resources, skilled workforce, and industrial capacity to create a sustainable and affordable Canadian brand.

**Increasing public direction of the auto market**

Projects like Arrow are interesting concepts—and, if brought under public ownership, could point towards a Canadian version of Olinia or Togg. But when it comes to consumer-facing vehicles, the federal government could also simply purchase significant shares in an existing automaker and gain significant board representation, similar to the ways that the government of the German state of Lower Saxony has permanent representation on the Volkswagen board. The federal government could make an offer to a company in financial trouble, like Nissan, in exchange for the company guaranteeing (or setting up, in the case of Nissan) long-term production infrastructure in Canada.

In fact, following the 2008 financial crisis and associated auto sector bailouts, the governments of Canada and the U.S. both held significant ownership shares of the "Big Three" North American automakers. They sold those shares shortly afterwards, despite workers at the companies advocating for continued government ownership and board representation, which could have led to something similar to the Volkswagen model.

Such a model—of partial state ownership and direction of an existing company—would probably be most appropriate for a consumer-facing vehicle, rather than attempting to create a new product from scratch. In addition to allowing for the preservation of jobs, it would also allow policy-makers to more directly control things like vehicle size and headlight brightness—as increasingly large vehicles and overly bright headlights have become a growing safety hazard for other road users.

Private automakers that operate in Canada are increasingly voicing discontent with Canada's Electric Vehicle mandate, which plans on growing the percentage of vehicle production, beginning with 20 per cent in 2026 and growing to 100 per cent in 2035. Those manufacturers are pressuring the government to scrap the policy entirely, and using trade uncertainty as a push to do so. Such a move would be a massive step backwards for transport electrification in Canada. Board representation by the federal government could help ensure that companies are keeping up with their targets.

**A crown corporation for institutional fleets**

The personal vehicle market, however, is fairly saturated. The most popular models of vehicles sell in the tens of thousands of models per year in Canada, but a break-even point for the industry would likely require hundreds of thousands of annual sales to operate a major plant at the scale of the current auto-manufacturing market.

With this in mind, the more interesting options are actually outside of the consumer market—and into things like replacing institutional vehicle fleets like school buses, trucks, and Canada Post vehicles. In this case, the federal government could consider setting up a crown corporation or ministry to direct the production of new fleets.

Such a project could be mandated to rehire workers who have been laid off by private auto companies due to the U.S. trade war. It could also appropriate any factories that automakers shutter to keep them running.The crown corporation could be given a mandate to source parts and materials from Canadian sources as much as possible, and to green its supply chain.

There's even a starting point—Lion Electric. That Quebec-based company has been producing electric buses since 2017, as well as electric trucks, and logistics equipment. The company employs around 1,000 people at its St-Jerome factory. In December 2024, Lion applied for bankruptcy.

A federally funded crown corporation with a mandate for vehicle production could purchase Lion and keep the factory running. The infrastructure is already in place, and the workers at the plant have the expertise to continue building and expanding the operation.

There are up to 50,000 school buses in operation in Canada, and only around 300 of them are electric, according to the Canadian Electric School Bus Alliance. A federal crown corporation, beginning with Lion, could manufacture the vehicles needed for that transition. Doing so, even while progressively ramping up capacity, will take years—meaning that this transition alone would generate long-term well-paid jobs, while also ensuring that federal electrification plans keep money within Canada.

In the longer term, such a project, owned by the public, could be used to advance a number of other social and infrastructural goals as well—acting as an innovator and driver of transportation electrification in Canada. Having a public vehicle manufacturer would mean developing in-house expertise in manufacturing—expertise that could then be applied to a wide range of other projects.

The crown corporation could produce and install a network of electric vehicle charging stations across Canada, possibly using the existing vast network of post office parking lots. In addition to school buses, it could also help design and manufacture equipment for public transit agencies across the country, as well as electrify Canada

Post's massive fleet of vehicles. It could be given a mandate to develop electric trucks for medium- and long-haul trucking, or cargo-bicycle trailers for last-mile logistics in urban environments (such as the ones already being used by some companies like FedEx and Purolator).

Some of these products are already designed and ready at the now-defunct Lion electric. Others exist elsewhere in stalled form—such as the all-electric Brightdrop vans which GM was manufacturing in Ingersoll, Ontario, before idling the plant in April 2025. A crown corporation, working in collaboration with a ministry or otherwise, could keep that production line alive, and use the vans to replace the fleet at Canada Post.

The possibilities are as wide as the need for transportation electrification in Canada—which is to say, extremely wide.

**Workers thought of it first**

Such a project would fit squarely within the demands that workers in these sectors have already been making for some years now.

Unifor has an ambitious and detailed plan for a publicly-led and worker-centric industrial strategy in the Canadian auto industry—including establishing a ministry to lead its development. It has demanded increasing government representation on automaker boards and public direction of the industry.

Elsewhere, when GM shut down its massive Oshawa plant in 2019, leaving 5,000 workers unemployed, some workers demanded that the government expropriate the shuttered factory and use it to build a fleet of electric vehicles for Canada Post. GM reopened that plant in late 2021 as a "pop-up plant" to build Chevrolet Silverados. The company announced that it is laying off 750 workers due to trade uncertainty.

Today, at the Ingersoll GM plant (which produces electric vans and is currently idle), the government wouldn't even need to re-tool the factory to make vehicles for Canada Post—just keep it running.

Workers at the post office, for their part, have a well-developed plan to use Canada Post's significant logistics network as a way to drive decarbonization in Canada, partially through electrifying their fleet and building charging stations at post offices.

Increased public ownership—both in the private market and via a crown corporation—could act as an example for a particularly carbon-intensive manufacturing sector's transition, and provide a model for other industries. Such a plan could act as an engine for a just transition in Canada—a transition away from both dependence on the U.S. economy and fossil fuels.

### ਕੈਨੇਡੀਅਨ ਮਜ਼ਦੂਰ ਦਿਵਸ-ਸਤੰਬਰ 2025

# ਮਜ਼ਦੂਰ ਦਿਵਸ ਅਤੇ ਕੈਨੇਡੀਅਨ ਕਾਮਿਆਂ ਦੇ ਅਧਿਕਾਰ



ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਨਟਾਰੀਓ

1894 ਤੋਂ ਕੈਨੇਡਾ ਵਿੱਚ ਮਜ਼ਦੂਰ ਦਿਵਸ, ਪਹਿਲੀ ਮਈ ਦੀ ਬਜਾਏ, ਸਤੰਬਰ ਦੇ ਪਹਿਲੇ ਸੋਮਵਾਰ ਨੂੰ ਮਨਾਇਆ ਜਾਂਦਾ ਹੈ ਅਤੇ ਇੱਕ ਫੈਡਰਲ ਕਾਨੂੰਨੀ ਛੁੱਟੀ ਹੈ। ਇਸ ਦੀ ਸ਼ੁਰੂਆਤ ਵਿਕਟੋਰੀਅਨ ਯੁੱਗ ਦੀਆਂ ਪਹਿਲੀਆਂ ਮਜ਼ਦੂਰ ਰੈਲੀਆਂ ਵਿੱਚ ਹੋਈ ਸੀ। ਇਤਿਹਾਸਕ ਤੌਰ 'ਤੇ ਕਾਮਿਆਂ ਨੇ ਇਸ ਦਿਨ ਨੂੰ ਵੱਖ-ਵੱਖ ਗਤੀਵਿਧੀਆਂ ਨਾਲ ਮਨਾਇਆ ਜਾਂਦਾ ਹੈ।ਇਕ ਪਾਸੇ ਕੈਨੇਡੀਅਨ ਸਰਕਾਰ ਮਜ਼ਦੂਰ ਦਿਵਸ ਮਨਾ ਰਹੀ ਹੈ ਪਰ ਦੂਜੇ ਪਾਸੇ ਮਜ਼ਦੂਰਾਂ ਨਾਲ ਉਨ੍ਹਾਂ ਦੇ ਅਧਿਕਾਰਾਂ ਲਈ ਉਚਿਤ ਵਿਵਹਾਰ ਨਹੀਂ ਹੋ ਰਿਹਾ। ਮਜ਼ਦੂਰਾਂ ਦੀ ਭਲਾਈ ਲਈ ਬਣਾਏ ਗਏ ਇਸ ਦਿਨ ਦੇ ਬਾਵਜੂਦ, ਦਹਾਕਿਆਂ ਤੋਂ ਬਾਅਦ ਵੀ ਕੈਨੇਡੀਅਨ ਕਾਮਿਆਂ ਦੇ ਆਪਣੇ ਅਧਿਕਾਰਾਂ ਨੂੰ ਖਤਮ ਕਰਨ, ਕੰਮ ਵਾਲੀਆਂ ਥਾਵਾਂ ਨੂੰ ਬੰਦ ਕਰਨ, ਪੈਨਸ਼ਨਾਂ ਗੁਆਉਣ ਅਤੇ ਵੇਜ਼ਸ ਦੇ ਵਧਦੇ ਪਾੜੇ ਤੋਂ ਬਾਅਦ, ਇਹ ਸੰਘਰਸ਼ ਕਰਦੇ ਵਿਖਾਈ ਦਿੰਦੇ ਹਨ। ਮਾਲਕਾਂ ਦੁਆਰਾ ਉਨ੍ਹਾਂ ਦੇ ਹੜਤਾਲ ਦੇ ਅਧਿਕਾਰ ਨੂੰ ਘਟਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਮਜ਼ਦੂਰਾਂ ਨੂੰ ਦਬਾਉਣ ਲਈ "ਲੌਕ ਅੱਪ" ਨੂੰ ਇੱਕ ਸਾਧਨ ਵਜੋਂ ਵਰਤ ਰਹੇ ਹਨ। ਪਰ ਇਸ ਮਾਮਲੇ ਬਾਰੇ ਸਰਕਾਰ ਦੀ ਚੁੱਪੀ ਵੀ ਇੱਕ ਕਠੋਰ ਤੱਥ ਹੈ। ਮਜ਼ਦੂਰਾਂ ਦੇ ਮਨਾਂ ਵਿੱਚ ਇਹ ਆਮ ਵਿਚਾਰ ਹੈ ਕਿ ਇਹ ਹੜਤਾਲ ਦੇ ਅਧਿਕਾਰ ਦੀ ਰੱਖਿਆ ਕਰਨ ਦਾ ਸਮਾਂ ਹੈ।

ਭਾਵੇਂ ਹੜਤਾਲ ਦੇ ਅਧਿਕਾਰ ਨੂੰ ਵਧੇਰੇ ਕਾਨੂੰਨੀ ਦਰਜਾ ਦਿੱਤਾ ਗਿਆ ਹੈ, ਪਰ ਇਹ ਵੀ ਹੁਕਮ ਨੇ ਕਿ ਕੁਝ ਖੇਤਰਾਂ ਵਿੱਚ, ਇਸਦੀ ਵਰਤੋਂ ਅਜੇ ਵੀ ਨਹੀਂ ਕੀਤੀ ਜਾਣੀ ਚਾਹੀਦੀ ਜਾਂ, ਜੇ ਇਜਾਜ਼ਤ ਦਿੱਤੀ ਜਾਂਦੀ ਹੈ, ਤਾਂ ਘੱਟ ਤੋਂ ਘੱਟ ਵਰਤੀ ਜਾਣੀ ਚਾਹੀਦੀ ਹੈ। ਸਪੱਸ਼ਟ ਉਦਾਹਰਣਾਂ ਲਈ ਬਹੁਤ ਸਾਰੇ ਮਜ਼ਦੂਰ ਹਨ, ਜਿਨ੍ਹਾਂ ਨੂੰ ਇਸ ਸਮੇਂ ਹੜਤਾਲ ਦੇ ਅਧਿਕਾਰ ਤੋਂ ਇਨਕਾਰ ਕੀਤਾ ਗਿਆ ਹੈ। ਪਿਛਲੇ ਸਾਲ, ਫੈਡਰਲ ਸਰਕਾਰ ਨੇ ਬੰਦਰਗਾਹਾਂ, ਰੇਲ ਅਤੇ ਕੈਨੇਡਾ ਪੋਸਟ ਸਮੇਤ ਫੈਡਰਲ ਅਧਿਕਾਰ ਖੇਤਰ ਵਿੱਚ ਕਈ ਵੱਡੇ ਵਿਵਾਦਾਂ ਵਿੱਚ ਧਾਰਾ 107 ਲਾਗੂ ਕੀਤੀ ਸੀ। ਵਰਕਰ ਯੂਨੀਅਨਾਂ ਫੈਡਰਲ ਸਰਕਾਰ ਨੂੰ ਅਦਾਲਤ ਵਿੱਚ ਲੈ ਜਾ ਰਹੀਆਂ ਹਨ ਅਤੇ ਦਲੀਲ ਦੇ ਰਹੀਆਂ ਹਨ ਕਿ ਸਰਕਾਰ ਕੈਨੇਡੀਅਨਾਂ ਦੇ ਹੜਤਾਲ ਕਰਨ ਦੇ ਸੰਵਿਧਾਨਕ ਅਧਿਕਾਰ ਦੀ ਉਲੰਘਣਾ ਕਰ ਰਹੀ ਹੈ।

ਆਮ ਤੌਰ 'ਤੇ ਫਾਇਰ ਫਾਈਟਰਾਂ ਅਤੇ ਪੁਲਿਸ ਨੂੰ ਹੜਤਾਲ ਕਰਨ ਦੀ ਆਗਿਆ ਨਹੀਂ ਮਿਲਦੀ। ਉਨ੍ਹਾਂ ਨੂੰ ਵਿਵਾਦ ਨਿਪਟਾਰੇ ਲਈ ਹੋਰ ਤਰ੍ਹਾਂ ਦੇ ਤਰੀਕਿਆਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਸਿਹਤ ਕਰਮਚਾਰੀਆਂ ਨੂੰ ਹੜਤਾਲ ਦੇ ਅਧਿਕਾਰ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਫਾਇਰ ਫਾਈਟਰਾਂ, ਪੁਲਿਸ ਅਧਿਕਾਰੀਆਂ ਅਤੇ ਡਾਕਟਰਾਂ ਲਈ, ਸਿੱਧੇ ਤੌਰ 'ਤੇ ਹੜਤਾਲ ਤੋਂ ਇਨਕਾਰ ਕਰਨਾ ਕੀਤਾ ਗਿਆ ਹੈ। ਇਸ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਸਾਡੀਆਂ ਸਰਕਾਰਾਂ ਅਤੇ ਰਾਜਨੀਤਿਕ ਨੇਤਾ, ਇਸ ਕਾਨੂੰਨੀ ਰੋਕ ਦੀ ਵਰਤੋਂ ਦਾ ਦਾਇਰਾ ਹੋਰ ਕੰਮ-ਖੇਤਰਾਂ ਤੱਕ ਵੀ ਵਧਾਉਣ ਲਈ ਤੱਤਪਰ ਹਨ ਜਿਨ੍ਹਾਂ ਵਿੱਚ ਮਜ਼ਦੂਰਾਂ ਤੋਂ ਸੰਘਰਸ਼ ਦੇ ਅਧਿਕਾਰ ਖੋਹਣ ਦੀ ਲੋੜ ਸਮਝਦੇ ਹਨ। ਇਸ ਕਾਨੂੰਨ ਦੇ ਦਾਇਰੇ ਨੂੰ ਵਧਾਉਣ ਲਈ ਕੋਈ ਸਪੱਸ਼ਟ ਤੌਰ 'ਤੇ ਪਰਿਭਾਸ਼ਾ ਨਹੀਂ ਦਿੱਤੀ ਜਾਂਦੀ, ਸਿਰਫ 'ਜਨਤਕ ਹਿੱਤ' ਦਾ ਬਹਾਨਾ ਬਣਾਇਆ ਜਾਂਦਾ ਹੈ। ਕਈ ਪਾਸੇ ਇਹ ਉਹ ਸਥਿਤੀਆਂ ਹਨ, ਜਿਨ੍ਹਾਂ ਕਿੱਤਿਆਂ ਦੀ ਆਮ ਉਤਪਾਦਨ ਦੀ ਰੁਕਾਵਟ ਨਾਲ ਬਹੁਤ ਸਾਰੇ ਲੋਕ ਪ੍ਰਭਾਵਿਤ ਹੋਣਗੇ। ਆਵਾਜਾਈ ਸੇਵਾਵਾਂ, ਸਕੂਲਾਂ, ਏਅਰਲਾਈਨਾਂ, ਰੇਲ ਆਵਾਜਾਈ, ਲੰਬੀ ਦੂਰੀ ਦੀ ਢੋਆ-ਢੁਆਈ, ਸ਼ਿਪਿੰਗ, ਅਨਾਜ ਲਿਫਟ ਸੰਚਾਲਨ, ਡਾਕ ਸੇਵਾਵਾਂ ਅਤੇ ਕੂੜਾ ਇਕੱਠਾ ਕਰਨ ਵਿੱਚ ਹੜਤਾਲਾਂ ਕਾਰਨ ਰੁਕਾਵਟਾਂ ਇਸ ਕਿਸਮ ਦੀਆਂ ਹਨ। ਇਨ੍ਹਾਂ ਬਹੁਤ ਸਾਰੇ ਖੇਤਰਾਂ ਵਿੱਚ ਵਰਕਰ-ਵਿਵਾਦਾਂ ਦੇ ਨਿਪਟਾਰੇ ਲਈ ਹੜਤਾਲ ਦੇ ਅਧਿਕਾਰ ਉਪਲਬਧ ਕਰਾਉਣ ਤੋਂ ਇਲਾਵਾ, ਸਰਕਾਰਾਂ ਵੱਲੋਂ ਵਰਕਰਾਂ ਦੀਆਂ ਮੁਸ਼ਕਲਾਂ ਨੂੰ ਰੋਕਣ ਲਈ ਭੂਮਿਕਾ ਨਿਭਾਉਣੀ ਚਾਹੀਦੀ ਹੈ। ਪਰ ਇਸ ਦੇ ਉਲਟ ਵਰਕਰ ਹੜਤਾਲਾਂ ਦੇ ਵਿਰੋਧ ਵਿੱਚ ਮਾਲਕਾਂ ਦੁਆਰਾ ਤਾਲਾਬੰਦੀ ਦੇ ਹਥਕੰਡੇ ਵਰਤੇ ਜਾਂਦੇ ਹਨ ਅਤੇ ਇਸ ਨੂੰ ਵਰਤਣ ਲਈ, ਮਾਲਕਾਂ ਨੂੰ ਕਦੇ ਸਖਤੀ ਨਾਲ ਰੋਕਿਆ ਨਹੀਂ ਗਿਆ ।




ਏਅਰਲਾਈਨਾਂ, ਰੇਲਵੇ ਅਤੇ ਸਟੀਵਡੋਰਿੰਗ ਵਿਚ ਮਾਲਕਾਂ ਦੁਆਰਾ ਤਾਲਾਬੰਦੀ ਦਾ ਤਾਜ਼ਾ ਉਦਾਹਰਨ ਹੈ ਕਿਉਂਕਿ ਮਾਲਕ, ਲੰਬੇ ਸੌਦੇਬਾਜ਼ੀ ਦੇ ਸਮੇਂ ਦੌਰਾਨ ਮਸਲਾ ਲਟਕਉਣ ਅਤੇ ਅਸੰਤੁਸ਼ਟ ਕਰਮਚਾਰੀਆਂ ਨਾਲ ਸਮਝੌਤਾ ਕਰਨ ਤੋਂ ਟਲ੍ਹਦੇ ਹਨ ਜਿਸ ਤਹਿਤ ਉਨ੍ਹਾਂ ਨੂੰ ਕਾਮਿਆਂ ਦੀਆਂ ਮੰਗਾਂ ਮੰਨਣੀਆਂ ਪੈ ਸਕਦੀਆਂ ਹਨ । ਇਹ ਮਾਲਕ ਤਾਲਾਬੰਦੀ ਕਰਕੇ, ਸਰਕਾਰਾਂ ਨੂੰ ਦੱਸਦੇ ਹਨ ਕਿ ਜੇ ਸਰਕਾਰ ਦਖਲ ਨਹੀਂ ਦਿੰਦੀ ਤਾਂ ਆਰਥਿਕ ਅਤੇ ਰਾਜਨੀਤਿਕ ਤੌਰ 'ਤੇ ਭਾਰੀ ਜਨਤਕ ਨੁਕਸਾਨ ਹੋਣ ਵਾਲਾ ਹੈ। ਨਤੀਜੇ ਵਜੋਂ ਪਿਛਲੇ ਦਹਾਕਿਆਂ ਤੋਂ ਸਰਕਾਰਾਂ ਵੱਲੋਂ 'ਬੈਕ-ਟੂ-ਵਰਕ' ਕਾਨੂੰਨ ਦੀ ਵਰਤੋਂ ਕਰਨ ਦੀ ਜਲਦਬਾਜ਼ੀ ਨੂੰ ਨੋਟ ਕੀਤਾ ਜਾ ਸਕਦਾ ਹੈ। ਵਰਕਰਾਂ ਲਈ ਸਮਝੌਤੇ ਦੇ ਟੇਬਲ ਉੱਪਰ ਹੜਤਾਲ ਸਿਰਫ ਦਬਾਅ ਦਾ ਹਿੱਸਾ ਹੁੰਦਾ ਹੈ ਅਤੇ ਇਸ 'ਤੇ ਰੋਕ ਲਈ ਕਈ ਸੰਵਿਧਾਨਿਕ ਹੱਥਕੰਡੇ ਵਰਤੇ ਜਾਂਦੇ ਹਨ, ਪਰ ਮਾਲਕਾਂ ਦੁਆਰਾ ਕੀਤੀ ਜਾ ਰਹੀ ਤਾਲਾਬੰਦੀ ਤੇ ਕੋਈ ਰੋਕ ਦੇਖੀ ਨਹੀਂ ਜਾਂਦੀ।

ਕੈਨੇਡਾ ਪੋਸਟ ਤੋਂ ਬਾਅਦ, ਹੁਣ ਏਅਰ ਕੈਨੇਡਾ ਦੇ ਫਲਾਈਟ ਕਰਮਚਾਰੀ ਇਕ ਮਹੱਤਵਪੂਰਨ ਹੜਤਾਲ ਦੇ ਸੰਵਿਧਾਨਕ ਅਧਿਕਾਰ ਨੂੰ ਖਤਮ ਹੋਣ ਤੋਂ ਬਚਾਉਣ ਲਈ ਫਰੰਟ ਲਾਈਨ 'ਤੇ ਹਨ। ਸਿਰਫ 12 ਘੰਟਿਆਂ ਦੀ ਹੜਤਾਲ ਤੋਂ ਬਾਅਦ ਫਲਾਈਟ ਅਟੈਂਡੈਂਟਾਂ ਨੂੰ ਕੰਮ 'ਤੇ ਵਾਪਸ ਜਾਣ ਦੇ ਆਦੇਸ਼ ਦੇਣ ਨਾਲ ਪੂਰੇ ਕੈਨੇਡਾ ਵਿਚ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ, ਜਿਸ ਕਾਰਨ ਹੋਰ ਯੂਨੀਅਨਾਂ ਅਤੇ ਸਮਰਥਕਾਂ ਨੂੰ ਪਿਕੇਟ ਲਾਈਨਾਂ ਵਿਚ ਸ਼ਾਮਲ ਹੋਣ ਲਈ ਖਿੱਚਿਆ ਗਿਆ ਹੈ। ਏਅਰ ਕੈਨੇਡਾ ਵਿਖੇ ਛੁਫਓ ਸੀ.ਯੂ.ਪੀ.ਈ ਯੂਨੀਅਨ ਦੁਆਰਾ ਫਲਾਈਟ ਅਟੈਂਡੈਂਟਾਂ ਦੀ ਹੜਤਾਲ ਨੇ ਕੈਨੇਡੀਅਨ ਮਜ਼ਦੂਰ ਅੰਦੋਲਨ ਵਿੱਚ ਇੱਕ ਖਾਸ ਸਮਾਂ ਪੈਦਾ ਕਰ ਦਿੱਤਾ ਹੈ। ਕੈਨੇਡਾ ਭਰ ਦੀਆਂ ਯੂਨੀਅਨਾਂ ਸੀ.ਯੂ.ਪੀ.ਈ ਫਲਾਈਟ ਅਟੈਂਡੈਂਟਾਂ ਲਈ ਆਪਣਾ ਸਮਰਥਨ ਦੇਣ ਦਾ ਵਾਅਦਾ ਕੀਤਾ ਅਤੇ ਪ੍ਰਮੁੱਖ ਹਵਾਈ ਅੱਡਿਆਂ 'ਤੇ ਪਿਕੇਟ ਲਾਈਨਾਂ 'ਤੇ ਹਾਜ਼ਰੀ ਲਵਾਈ ਹੈ। ਜਨਤਕ ਪੋਲਿੰਗ ਸਾਬਤ ਕਰਦੀ ਹੈ ਕਿ ਜਨਤਾ ਦੀ ਰਾਏ ਵਰਕਰਾਂ ਦੇ ਹੱਕ ਵਿੱਚ ਹੈ।

ਸੀ.ਯੂ.ਪੀ.ਈ. ਦੇ ਮੈਂਬਰ 10 ਸਾਲਾਂ ਤੋਂ ਵੱਧ ਸਮੇਂ ਤੋਂ ਇੱਕ ਨਵੇਂ ਸਮੂਹਕ ਸਮਝੌਤੇ 'ਤੇ ਗੱਲਬਾਤ ਕਰਨ ਵਿੱਚ ਕਾਮਯਾਬ ਨਹੀਂ ਹੋ ਸਕੇ। ਉਹ ਤਨਖਾਹਾਂ ਅਤੇ ਲਾਭਾਂ ਦੇ ਮਾਮਲੇ ਵਿੱਚ ਬਹੁਤ ਪਿੱਛੇ ਰਹਿ ਗਏ ਹਨ, ਉਨ੍ਹਾਂ ਦੀ ਤਨਖਾਹ ਵਿੱਚ ਦਹਾਕੇ ਵਿੱਚ ਸਿਰਫ ਅੱਠ ਪ੍ਰਤੀਸ਼ਤ ਦਾ ਵਾਧਾ ਹੋਇਆ ਹੈ, ਜਦੋਂ ਕਿ ਰਹਿਣ-ਸਹਿਣ ਦੀ ਮਹਿੰਗਾਈ ਲਾਗਤ 20 ਪ੍ਰਤੀਸ਼ਤ ਤੋਂ ਵੱਧ ਹੋ ਗਈ ਹੈ। ਤਨਖਾਹ ਅਜੇ ਵੀ ਵਿਵਾਦ ਵਿੱਚ ਹੈ।

ਇਹ ਤੱਥ ਵੀ ਦੂਜਾ ਮਹੱਤਵਪੂਰਣ ਮੁੱਦਾ ਹੈ ਕਿ ਫਲਾਈਟ ਅਟੈਂਡੈਂਟਾਂ ਨੂੰ ਸਿਰਫ ਉਸ ਸਮੇਂ ਦੇ ਕੰਮ ਲਈ ਭੁਗਤਾਨ ਕੀਤਾ ਜਾਂਦਾ ਹੈ ਜਦੋਂ ਜਹਾਜ਼ ਹਵਾ ਵਿੱਚ ਹੁੰਦਾ ਹੈ। ਹਾਲਾਂਕਿ ਨੌਕਰੀ ਦੇ ਦੂਸਰੇ ਕੰਮ ਘੰਟੇ ਵਜੋਂ ਜ਼ਰੂਰੀ, ਉਡਾਣ ਤੋਂ ਪਹਿਲਾਂ ਅਤੇ ਬਾਅਦ ਦਾ ਸਾਰਾ ਸਮਾਂ, ਬਗੈਰ ਤਨਖਾਹ ਦੇ ਹੈ। ਉਡਾਣਾਂ ਵਿੱਚ ਦੇਰੀ ਦੇ ਵਧ ਰਹੇ ਘੰਟਿਆਂ, ਵਧੇਰੇ ਯਾਤਰੀਆਂ ਦੇ ਭਾਰ, ਵਧੇਰੇ ਕੈਬਿਨ ਬੈਗੇਜ ਅਤੇ ਵਧੇਰੇ ਯਾਤਰੀਆਂ ਦੀ ਗਿਣਤੀ ਨਾਲ, ਫਲਾਈਟ ਅਟੈਂਡੈਂਟਾਂ ਦੁਆਰਾ ਕੀਤਾ ਗਿਆ ਕੰਮ ਉਡਾਣ ਦੇ ਸਮੇਂ ਤੋਂ ਵੀ ਵਧਦਾ ਜਾ ਰਿਹਾ ਹੈ। ਫਲਾਈਟ ਅਟੈਂਡੈਂਟ ਇਨ੍ਹਾਂ ਅਨ-ਪੇਡ ਕੰਮ ਘੰਟਿਆਂ ਲਈ ਵੀ ਮੁਆਵਜ਼ੇ ਦੀ ਮੰਗ ਕਰ ਰਹੇ ਹਨ। ਇਸੇ ਕਰਕੇ 90 ਪ੍ਰਤੀਸ਼ਤ ਤੋਂ ਵੱਧ ਫਲਾਈਟ ਅਟੈਂਡੈਂਟਾਂ ਨੇ 99.7 ਪ੍ਰਤੀਸ਼ਤ ਦੇ ਫਤਵੇ ਨਾਲ ਹੜਤਾਲ ਕਰਨ ਲਈ ਵੋਟ ਦਿੱਤੀ। ਉਹ ਇੱਕ ਨਵੇਂ ਅਤੇ ਨਿਰਪੱਖ ਸਮਝੌਤੇ 'ਤੇ ਸੌਦੇਬਾਜ਼ੀ ਕਰਨ ਦਾ ਅਧਿਕਾਰ ਚਾਹੁੰਦੇ ਹਨ, ਇਸੇ ਕਾਰਣ ਉਨ੍ਹਾਂ ਹੜਤਾਲ ਕਰਨ ਦਾ ਫੈਸਲਾ ਲਿਆ ਸੀ ।

ਇਸ ਵਰਕਰਾਂ ਅਤੇ ਏਅਰ-ਕੈਨੇਡਾ ਦੇ ਇਸ ਵਿਵਾਦ ਨੂੰ ਸੁਲਝਾਉਣ ਲਈ ਲਗਾਏ ਗਏ ਸਰਕਾਰੀ ਆਰਬੀਟਰੇਰ ਨੂੰ ਪਹਿਲਾਂ ਤੋਂ ਮਿਲ ਰਹੀਆਂ ਤਨਖਾਹਾਂ ਅਤੇ ਲਾਭਾਂ ਲਈ ਵਿੱਚ-ਵਿਚਕਾਰਲਾ ਹੱਲ ਮਿਲ ਸਕਦਾ ਹੈ। ਪਰ ਉਹ ਫਲਾਈਟ ਅਟੈਂਡੈਂਟਾਂ ਅਣਪੇਡ ਕੰਮ-ਘੰਟਿਆਂ ਲਈ ਤਨਖਾਹ ਨਿਰਧਾਰਿਤ ਕਰਨ ਦੇ ਇਸ ਆਧਾਰ ਨੂੰ ਨਹੀਂ ਤੋੜ ਸਕਦਾ। ਯੂਨੀਅਨ ਨੂੰ ਪਤਾ ਹੈ ਕਿ ਇਸ ਮਸਲੇ ਲਈ ਆਰਬੀਟਰੇਰ ਪੁਰਾਣੀਆਂ ਪਿਰਤਾਂ ਨੂੰ ਨਹੀਂ ਬਦਲੇਗਾ ਅਤੇ ਵਰਕਰਾਂ ਉੱਪਰ ਫੈਸਲਾ ਲਾਗੂ ਕਰ ਦਿੱਤਾ ਜਾਵੇਗਾ। ਸਰਕਾਰੀ ਆਦੇਸ਼ ਦੀ ਉਲੰਘਣਾ ਕਰਨ ਲਈ ਯੂਨੀਅਨ ਅਤੇ ਇਸਦੇ ਮੈਂਬਰਾਂ ਲਈ ਜੁਰਮਾਨਾ ਮਹੱਤਵਪੂਰਨ ਹੋ ਸਕਦਾ ਹੈ। 1978 ਵਿੱਚ ਡਾਕ ਕਾਮਿਆਂ ਦੇ ਪ੍ਰਧਾਨ ਜੀਨ ਕਲਾਉਡ ਤੋਤੇ ਨੂੰ 'ਬੈਕ-ਟੂ-ਵਰਕ' ਆਰਡਰ ਦੀ ਉਲੰਘਣਾ ਕਰਨ ਲਈ ਜੇਲ੍ਹ ਭੇਜ ਦਿੱਤਾ ਗਿਆ ਸੀ। ਸੌਦੇਬਾਜ਼ੀ ਦੇ ਅਗਲੇ ਗੇੜ ਅਤੇ ਇਸ ਤੋਂ ਬਾਅਦ ਹੜਤਾਲ ਦੀ ਕਾਰਵਾਈ ਦੇ ਨਤੀਜੇ ਵਜੋਂ ਡਾਕ ਕਾਮਿਆਂ ਨੇ 1981 ਵਿੱਚ ਤਨਖਾਹ ਵਾਲੀ 'ਮਾਪਿਆਂ ਦੀ ਛੁੱਟੀ' ਜਿੱਤੀ ਸੀ। ਇਸ ਦੇ ਨਤੀਜੇ ਵਜੋਂ ਨੀਤੀ ਦੀ ਸਿਰਜਣਾ ਹੋਈ ਜਿਸ ਨੇ ਕੈਨੇਡਾ ਭਰ ਦੇ ਕਾਮਿਆਂ ਅਤੇ ਪਰਿਵਾਰਾਂ ਦੀ ਮਦਦ ਕੀਤੀ ਸੀ ਅਤੇ 1981 ਵਿੱਚ ਰਾਸ਼ਟਰੀ ਸੀ.ਯੂ.ਪੀ.ਈ ਪ੍ਰਧਾਨ ਗ੍ਰੇਸ ਹਾਰਟਮੈਨ ਨੂੰ ਹੜਤਾਲੀ ਹਸਪਤਾਲ ਕਰਮਚਾਰੀਆਂ ਨੂੰ ਕੰਮ 'ਤੇ ਵਾਪਸ ਭੇਜਣ ਤੋਂ ਇਨਕਾਰ ਕਰਨ ਲਈ 45 ਦਿਨਾਂ ਲਈ ਜੇਲ੍ਹ ਭੇਜ ਦਿੱਤਾ ਗਿਆ ਸੀ।

2022 ਵਿੱਚ ਓਂਟਾਰੀਓ ਵਿੱਚ ਵੀ ਅਜਿਹੀ ਹੀ ਸਥਿਤੀ ਪੈਦਾ ਹੋਈ ਜਿੱਥੇ ਹੜਤਾਲੀ CUPE ਸੀ.ਯੂ.ਪੀ.ਈ ਸਿੱਖਿਆ ਵਰਕਰਾਂ, ਜਿਨ੍ਹਾਂ ਵਿੱਚ ਜ਼ਿਆਦਾਤਰ ਔਰਤਾਂ ਵੀ ਸਨ, ਨੂੰ ਕੰਮ 'ਤੇ ਵਾਪਸ ਆਉਣ ਦਾ ਆਦੇਸ਼ ਦਿੱਤਾ ਗਿਆ ਸੀ, ਜਿਸ ਨੇ ਵਿਆਪਕ ਮਜ਼ਦੂਰ ਲਹਿਰ ਅਤੇ ਜਨਤਾ ਨੂੰ ਉਨ੍ਹਾਂ ਦਾ ਸਮਰਥਨ ਕਰਨ ਲਈ ਪ੍ਰੇਰਿਤ ਕੀਤਾ ਅਤੇ ਓਂਟਾਰੀਓ ਸਰਕਾਰ ਨੂੰ ਪਿੱਛੇ ਹਟਣਾ ਪਿਆ।

ਮਜ਼ਦੂਰਾਂ ਦੀ ਤਨਖਾਹ ਲਈ ਘਾਟੇ ਦੀ ਹਾਲਾਤ ਵਿਖਾਈ ਜਾਂਦੀ ਹੈ ਜਦਕਿ ਕੰਪਨੀ ਦੇ ਸੀ.ਈ.ਓ ਅਤੇ ਸੀਨੀਅਰ ਕਾਰਜਕਾਰੀ ਲੱਖਾਂ ਡਾਲਰ ਕਮਾ ਰਹੇ ਹਨ। ਯਾਦ ਰਹੇ ਕਿ ਏਅਰ-ਕੈਨੇਡਾ ਕੰਪਨੀ ਦੇ ਸੀ.ਈ.ਓ ਨੂੰ ਪਿਛਲੇ ਸਾਲ 12 ਮਿਲੀਅਨ ਡਾਲਰ ਦਾ ਭੁਗਤਾਨ ਕੀਤਾ ਗਿਆ ਸੀ ਅਤੇ ਉਸ ਲਈ ਫਲਾਇਟ ਅਟੈਂਡੈਡ ਦੀ ਤਰਜ਼ ਤੇ ਕੋਈ ਅਣਪੇਡ ਕੰਮ-ਘੰਟਿਆਂ ਦੇ ਸਮੇਂ ਦੀ ਸ਼ਰਤ ਨਹੀਂ ਹੈ। ਏਅਰਲਾਈਨ ਦੇ ਅਧਿਕਾਰੀਆਂ ਨੇ ਇਸ ਵਿਵਾਦ ਦਾ ਸਹੀ ਹੱਲ ਨਾ ਕਰਕੇ, ਯਾਤਰੀਆਂ ਨੂੰ ਪ੍ਰੇਸ਼ਾਨ ਕੀਤਾ ਹੈ। ਹੁਣ ਲੋਕਾਂ ਦਾ ਫਰਜ਼ ਹੈ ਕਿ ਸੌਦੇਬਾਜ਼ੀ ਦੀ ਮੇਜ਼ 'ਤੇ ਯੂਨੀਅਨ ਨੂੰ ਆਹਮੋ-ਸਾਹਮਣੇ ਗੱਲਬਾਤ ਰਾਹੀਂ ਹੱਲ ਲੱਭਣ ਲਈ ਸਰਕਾਰ ਤੇ ਦਬਾਅ ਪਾਉਣ। ਪ੍ਰਗਤੀਸ਼ੀਲ ਲੋਕਾਂ ਦਾ ਫਰਜ਼ ਕਿਰਤ ਅਧਿਕਾਰਾਂ ਦੀ ਰੱਖਿਆ ਕਰਨ ਅਤੇ ਯੂਨੀਅਨ ਦਾ ਸਮਰਥਨ ਕਰਨ ਲਈ ਹੋਣਾ ਚਾਹਿਦਾ ਹੈ। ਯੂਨੀਅਨਾਂ ਦੇ ਹੱਕ ਵਿੱਚ ਆਵਾਜ਼ ਬਣਕੇ ਅਸੀਂ ਆਪਣੇ ਹਰ ਅਦਾਰੇ ਵਿੱਚ ਹੱਕ ਲੈ ਸਕਦੇ ਹਾਂ ਜਿਥੇ ਅਸੀਂ ਕੰਮ ਕਰਦੇ ਹਾਂ। ਯੂਨੀਅਨਾਂ ਸਾਨੂੰ ਸੰਦੇਸ਼ ਦਿੰਦੀਆਂ ਹਨ ਕਿ ਜੇ ਅਸੀਂ ਇਸ ਲਈ ਸੰਘਰਸ਼ ਕਰਦੇ ਹਾਂ ਤਾਂਕਿ ਸਭ ਲਈ ਬਿਹਤਰ ਸੰਸਾਰ ਸੰਭਵ ਹੈ। ਕਾਮਿਆਂ ਦੇ ਅਧਿਕਾਰਾਂ ਲਈ ਸੁਰੱਖਿਅਤ ਸੰਸਾਰ ਤੋਂ ਬਿਨਾਂ ਲੇਬਰ ਡੇਅ ਸਿਰਫ ਇੱਕ ਵਿਖਾਵਾ ਹੀ ਰਹੇਗਾ ।

# ਦੁਨੀਆਂ ਦੇ ਕਿਰਤੀਆਂ ਦੀ ਗਾਜ਼ਾ ਨਾਲ ਯੱਕਯਹਿਤੀ




ਇਜ਼ਰਾਇਲ ਦੀ ਨਸਲਪ੍ਰਸਤ ਯਹੂਦੀਵਾਦੀ ਸਰਕਾਰ ਵੱਲੋਂ ਅਮਰੀਕਨ ਸਾਮਰਾਜ ਦੀ ਸਰਪ੍ਰਸਤੀ, ਹੱਲਾਸ਼ੇਰੀ ਅਤੇ ਚੌਤਰਫਾ ਮੱਦਦ ਨਾਲ ਗਾਜ਼ਾ 'ਚ ਮੌਤ ਅਤੇ ਤਬਾਹੀ ਦਾ ਬੇਖਟਕ ਤਾਂਡਵ ਜਾਰੀ ਰੱਖਿਆ ਜਾ ਰਿਹਾ ਹੈ। ਬੇਕਸੂਰ ਫ਼ਲਸਤੀਨੀ ਵਸੋਂ ਨੂੰ ਹਵਾਈ ਬੰਬਾਰੀ, ਮਿਜ਼ਾਇਲਾਂ, ਟੈਂਕਾਂ ਦੇ ਹਮਲਿਆਂ, ਵਾਰ-ਵਾਰ ਉਜਾੜਿਆ ਅਤੇ ਵਿਆਪਕ ਤਬਾਹੀ ਅਤੇ ਹੁਣ ਗਿਣੇ ਮਿਥੇ ਢੰਗ ਨਾਲ ਮਹੀਨਿਆਂ ਤੋਂ ਦਾਣਾ-ਪਾਣੀ ਬੰਦ ਕਰਕੇ ਨਸਲਘਾਤ ਕੀਤਾ ਜਾ ਰਿਹਾ ਹੈ। ਦੁਨੀਆ ਭਰ ਦੇ ਲੋਕਾਂ ਵੱਲੋਂ ਜੰਗ ਬੰਦ ਕਰਨ ਦੀ ਆਵਾਜ਼ ਨੂੰ ਹਕਾਰਤ ਨਾਲ ਅਣਸੁਣਿਆ ਕਰਿਆ ਜਾ ਰਿਹਾ ਹੈ। ਬਰਾਬਰੀ, ਜਮਹੂਰੀਅਤ ਅਤੇ ਮਨੁੱਖੀ ਹੱਕਾਂ ਦੇ ਰਖਵਾਲੇ ਅਤੇ ਸੱਭਿਅਕ ਹੋਣ ਦੀ ਕਲਗੀ ਸਜਾਈ ਫਿਰਦੇ ਯੂਰਪ ਅਤੇ ਬਾਕੀ ਦੁਨੀਆਂ ਦੇ ਧਨੀ ਦੇਸ਼ਾਂ ਦੇ ਹਾਕਮ ਪੂਰੀ ਬੇਸ਼ਰਮੀ ਤੇ ਢੀਠਤਾਈ ਨਾਲ ਇਸ ਬੱਜਰ ਕੁਕਰਮ ਨੂੰ ਸਿਰਫ ਜਾਣ ਬੁੱਝ ਕੇ ਅਣਡਿੱਠ ਹੀ ਨਹੀਂ ਕਰ ਰਹੇ, ਸਗੋਂ ਇਸ 'ਚ ਭਾਗੀਦਾਰ ਬਣੇ ਹੋਏ ਹਨ। ਗਾਜ਼ਾ 'ਚ ਮੌਤ ਦਾ ਤਾਂਡਵ ਰਚਾਇਆ ਜਾ ਰਿਹਾ ਹੈ, ਉਹ ਘੋਰ ਮੁਜ਼ਰਮਾਨਾ, ਜ਼ਾਲਮਾਨਾ ਅਤੇ ਹੌਲਨਾਕ ਹੈ। ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲਾ ਹੈ।

ਜਿੱਥੇ ਧਨੀ ਦੇਸ਼ਾਂ ਦੇ ਹਾਕਮ ਲਾਣੇ ਗਾਜ਼ਾ 'ਚ ਫ਼ਲਸਤੀਨੀ ਕੌਮ ਦੇ ਕਤਲੇਆਮ ਦੀ ਪਿੱਠ ਪੂਰ ਰਹੇ ਹਨ, ਉੱਥੇ ਇਹਨਾਂ ਮੁਲਕਾਂ 'ਚ ਵੱਡੀ ਗਿਣਤੀ ਅਵਾਮ, ਖਾਸ ਕਰਕੇ ਮਿਹਨਤਕਸ਼ ਜਮਾਤਾਂ ਦੇ ਲੋਕ, ਗਾਜ਼ਾ 'ਚ ਇਜ਼ਰਾਈਲੀ-ਅਮਰੀਕੀ ਬੁਰਛਾਗਰਦੀ ਅਤੇ ਫਲਸਤੀਨੀਆਂ ਦੇ ਨਸਲਘਾਤ ਵਿਰੁੱਧ ਲਗਾਤਾਰ ਆਵਾਜ਼ ਉਠਾਉਂਦੇ ਆ ਰਹੇ ਹਨ। ਜੰਗਬਾਜ਼ ਜੁੰਡਲੀ ਦੇ ਨਾਪਾਕ ਮਨਸੂਬਿਆਂ ਅਤੇ ਨਹੱਕੀ ਜੰਗ ਵਿਰੁੱਧ ਸਾਮਰਾਜੀ/ਸਰਮਾਏਦਾਰ ਦੇਸ਼ਾਂ ਦੇ ਪ੍ਰਮੁੱਖ ਕੇਂਦਰਾਂ 'ਚ ਲੋਕਾਂ ਵੱਲੋਂ ਸਮੇਂ-ਸਮੇਂ ਭਾਰੀ ਰੋਸ-ਵਿਖਾਵੇ ਕੀਤੇ ਜਾਂਦੇ ਰਹੇ ਹਨ ਜੋ ਅੱਜ ਵੀ ਜਾਰੀ ਹਨ। ਵੱਖ-ਵੱਖ ਦੇਸ਼ਾਂ 'ਚ ਅੱਡ-ਅੱਡ ਥਾਵਾਂ ਉੱਤੇ ਗਾਜ਼ਾ ਉੱਪਰ ਮੜ੍ਹੀ ਜੰਗ 'ਤੇ ਫ਼ਲਸਤੀਨੀ ਲੋਕਾਂ ਦੇ ਨਸਲਘਾਤ ਵਿਰੁੱਧ ਅਜਿਹੇ ਕੁੱਝ ਤਾਜ਼ਾ ਵਿਰੋਧ-ਪ੍ਰਦਰਸ਼ਨਾਂ ਦੀ ਇੱਕ ਬਹੁਤ ਹੀ ਸੀਮਤ ਤੇ ਸੰਖੇਪ ਰਿਪੋਰਟ ਹੇਠਾਂ ਦਿੱਤੀ ਜਾ ਰਹੀ ਹੈ।

**ਲੰਡਨ (ਯੂ.ਕੇ.)**

ਟਾਈਮਜ਼ ਆਫ ਇੰਡੀਆ ਦੀ ਇੱਕ ਰਿਪੋਰਟ ਅਨੁਸਾਰ ਗਾਜ਼ਾ 'ਚ ਇਜ਼ਰਾਇਲੀ ਜੰਗ ਅਤੇ ਬਰਤਾਨਵੀ ਸਰਕਾਰ ਵੱਲੋਂ ਯੂ.ਕੇ. 'ਚ ਸਰਗਰਮ "ਫ਼ਲਸਤੀਨੀ ਐਕਸ਼ਨ ਗਰੁੱਪ" ਨੂੰ ਦਹਿਸ਼ਤਗਰਦ ਕਰਾਰ ਦੇ ਕੇ ਉਸ ਉੱਪਰ ਪਾਬੰਦੀ ਲਾਉਣ ਦੇ ਵਿਰੁੱਧ 19 ਜੁਲਾਈ ਨੂੰ ਸਮੁੱਚੇ ਯੂ.ਕੇ. 'ਚ ਜੋ ਵਿਰੋਧ ਪ੍ਰਦਰਸ਼ਨ ਕਰਨ ਦਾ ਸੱਦਾ ਦਿੱਤਾ ਗਿਆ ਸੀ, ਉਸਨੂੰ ਲਾਮਿਸਾਲ ਹੁੰਗਾਰਾ ਮਿਲਿਆ। ਵੱਖ-ਵੱਖ ਵਰਗਾਂ ਅਤੇ ਭਾਈਚਾਰਿਆਂ ਦੇ ਦਹਿ-ਹਜ਼ਾਰਾਂ ਲੋਕਾਂ ਨੇ ਲੰਡਨ 'ਚ ਕੱਢੇ ਮਾਰਚ 'ਚ ਹਿੱਸਾ ਲਿਆ। ਪ੍ਰਤੱਖਦਰਸ਼ੀਆਂ ਅਤੇ ਆਰਗੇਨਾਈਜ਼ਰਾਂ ਮੁਤਾਬਕ ਇਹ ਮਾਰਚ ਬਰਤਾਨੀਆਂ ਦੇ ਇਤਿਹਾਸ 'ਚ ਹੋਏ ਸਭ ਤੋਂ ਵੱਡੇ ਰੋਸ ਮੁਜ਼ਾਹਰਿਆਂ 'ਚੋਂ ਇੱਕ ਸੀ ਜਿਸ ਨਾਲ ਸਾਰਾ ਯੂ.ਕੇ. ਭੜਕ ਉੱਠਿਆ ਜਾਪਦਾ ਸੀ। ਵਿਰੋਧ ਮਾਰਚ 'ਚ ਫ਼ਲਸਤੀਨੀ ਕਾਜ਼ ਦੀ ਹਮਾਇਤ, ਨੇਤਨਯਾਹੂ ਨੂੰ ਮਾਸੂਮਾਂ ਦਾ ਕਾਤਲ ਗਰਦਾਨਣ, ਫ਼ਲਸਤੀਨੀ ਲੋਕਾਂ ਦੀ ਨਸਲਕੁਸ਼ੀ ਬੰਦ ਕਰਨ, ਜੰਗਬੰਦੀ ਕਰਨ, ਫ਼ਲਸਤੀਨੀ ਐਕਸ਼ਨ ਗਰੁੱਪ 'ਤੇ ਲਾਈ ਪਾਬੰਦੀ ਵਾਪਸ ਲੈਣ ਅਤੇ ਹੋਰ ਕਈ ਮੰਗਾਂ ਨਾਲ ਸੰਬੰਧਤ ਬੈਨਰ, ਮਾਟੋ ਅਤੇ ਫ਼ਲਸਤੀਨੀ ਝੰਡੇ ਪ੍ਰਦਰਸ਼ਨ ਕੀਤੇ ਜਾ ਰਹੇ ਸਨ।

**ਈਡਨਬਰਗ (ਸਕਾਟਲੈਂਡ)**

ਇੱਥੇ ਵੀ 19 ਜੁਲਾਈ ਨੂੰ ਫ਼ਲਸਤੀਨੀ ਲੋਕਾਂ ਦੇ ਹੱਕ 'ਚ ਵਿਰਾਟ ਰੈਲੀ ਤੇ ਮਾਰਚ ਕੀਤਾ ਗਿਆ। ਜਿਸ 'ਚ ਭਾਰੀ ਉਤਸ਼ਾਹ ਨਾਲ ਲੋਕਾਂ ਨੇ ਹਿੱਸਾ ਲਿਆ। ਲੋਕਾਂ ਦੀ ਵੱਡੀ ਭਾਰੀ ਗਿਣਤੀ ਦੁਪਹਿਰ ਤੋਂ ਪਹਿਲਾਂ ਹੀ ਸੇਂਟ ਗਾਈਲਜ਼ ਗਿਰਜਾਘਰ ਕੋਲ ਆ ਜੁੜੀ। ਇੱਥੋਂ ਸ਼ੁਰੂ ਹੋਏ ਮਾਰਚ 'ਚ ਲੋਕ ਫ਼ਲਸਤੀਨੀ ਮਸਲੇ ਨਾਲ ਸੰਬੰਧਤ ਵੱਖ-ਵੱਖ ਨਾਹਰੇ ਮਾਰ ਰਹੇ ਸਨ। ਫ਼ਲਸਤੀਨੀ ਲੋਕਾਂ ਦਾ ਕਤਲੇਆਮ ਤੇ ਜੰਗ ਰੋਕਣ ਦੀ ਆਵਾਜ਼ ਉਠਾ ਰਹੇ ਸਨ। ਉਪਰੋਕਤ ਥਾਵਾਂ ਤੋਂ ਇਲਾਵਾ ਯੂ.ਕੇ. ਦੇ ਕਈ ਹੋਰ ਸ਼ਹਿਰਾਂ ਜਿਵੇਂ ਬਰਿਸਟਲ, ਮਾਨਚੈਸਟਰ, ਬੋਸਟਨ, ਟਰੂਰੋ ਆਦਿਕ ਵਿੱਚ ਵੀ ਜਬਰਦਸਤ ਇਕੱਠ ਹੋਏ। ਯੂ.ਕੇ. ਪੁਲਸ ਨੇ ਪਾਬੰਦੀਸ਼ੁਦਾ "ਫ਼ਲਸਤੀਨੀ ਐਕਸ਼ਨ ਗਰੁੱਪ"ਦੀ ਹਮਾਇਤ ਕਰਨ ਦੇ ਦੋਸ਼ 'ਚ ਲੰਡਨ ਅਤੇ ਮਾਨਚੈਸਟਰ 'ਚ ਸੌ ਦੇ ਕਰੀਬ ਵਿਅਕਤੀਆਂ ਨੂੰ ਹਿਰਾਸਤ 'ਚ ਵੀ ਲਿਆ।

**ਨਿਊਯਾਰਕ (ਅਮਰੀਕਾ)**

ਅਮਰੀਕਾ 'ਚ ਜਿੱਥੇ ਸਰਕਾਰ ਨੇ ਫ਼ਲਸਤੀਨ ਦਾ ਨਾਂ ਲੈਣਾ ਵੀ ਗੁਨਾਹ ਬਣਾ ਰੱਖਿਆ ਹੈ, 23 ਜੁਲਾਈ ਨੂੰ ਨਿਊਯਾਰਕ 'ਚ ਫ਼ਲਸਤੀਨ 'ਚ ਜੰਗ ਅਤੇ ਕਤਲੇਆਮ ਬੰਦ ਕਰਨ ਲਈ ਲੋਕਾਂ ਦਾ ਇੱਕ ਭਰਵਾਂ ਤੇ ਵਿਸ਼ਾਲ ਇਕੱਠ ਹੋਇਆ। ਬੁਲਾਰਿਆਂ ਨੇ ਮੰਗ ਕੀਤੀ ਕਿ ਗਾਜ਼ਾ 'ਚ ਇਜ਼ਰਾਈਲੀ ਹਮਲਾ ਫੌਰੀ ਬੰਦ ਕੀਤਾ ਜਾਵੇ, ਲੋਕਾਂ ਨੂੰ ਭੁੱਖੇ-ਤਿਹਾਏ ਮਾਰਨਾ ਬੰਦ ਕੀਤਾ ਜਾਵੇ, ਬਾਰਡਰ ਖੋਹਲਿਆ ਜਾਵੇ ਅਤੇ ਗਾਜ਼ਾ ਦੀ ਨਾਕਾਬੰਦੀ ਖਤਮ ਕੀਤੀ ਜਾਵੇ। ਅਮਰੀਕਾ ਦੀ ਰਾਜਧਾਨੀ ਵਸ਼ਿੰਗਟਨ (ਡੀ.ਸੀ.), ਸ਼ਿਕਾਗੋ ਅਤੇ ਸਾਂ-ਫਰਾਂਸਿਸਕੋ ਵਰਗੇ ਕਈ ਹੋਰ ਸ਼ਹਿਰਾਂ 'ਚ ਵੱਡੇ-ਵੱਡੇ ਇਕੱਠ ਕੀਤੇ ਗਏ ਜਿਹਨਾਂ ਵਿੱਚ ਇਨਸਾਫਪਸੰਦ ਯਹੂਦੀ ਲੋਕ ਵੀ ਸ਼ਾਮਿਲ ਹੋਏ। ਮਾਰਚ ਵੀ ਕੀਤੇ ਗਏ। ਬੁਲਾਰਿਆਂ ਵੱਲੋਂ ਹੋਰਨਾਂ ਗੱਲਾਂ ਤੋਂ ਇਲਾਵਾ ਗਾਜ਼ਾ ਦੇ ਲੋਕਾਂ ਨੂੰ ਭੁੱਖਮਰੀ ਦਾ ਸ਼ਿਕਾਰ ਬਣਾ ਕੇ ਮਾਰਨ ਦੇ ਅਣਮਨੁੱਖੀ ਕਾਰੇ 'ਤੇ ਵੀ ਥੂਹ-ਥੂਹ ਕੀਤੀ ਗਈ। ਯੂ.ਐਨ. ਵੱਲੋਂ ਵੀ ਗਾਜ਼ਾ 'ਚ ਰਾਸ਼ਨ ਵੰਡਣ ਦੌਰਾਨ ਰਾਸ਼ਨ ਹਾਸਲ ਕਰਨ ਲਈ ਜੁੜਨ ਵਾਲੇ ਲੋਕਾਂ ਉੱਪਰ ਜਾਨਲੇਵਾ ਹਮਲਾ ਕਰਨ ਦੇ ਵਰਤਾਰੇ ਨੂੰ ਨਾ-ਸਵੀਕਾਰ ਯੋਗ ਗਰਦਾਨਦਿਆਂ ਇਸਦੀ ਕਰੜੀ ਨਿੰਦਾ ਕੀਤੀ।

**ਤੇਲ-ਅਵੀਵ (ਇਜ਼ਰਾਇਲ)**

20 ਜੁਲਾਈ 2025 ਦੀ, ਐਸੋਸੀਏਟਡ ਪ੍ਰੈਸ ਦੀ ਇੱਕ ਖ਼ਬਰ ਅਨੁਸਾਰ ਸ਼ਨੀਵਾਰ ਨੂੰ ਹੋਸਟੇਜ਼ ਸੁਕੇਅਰ ਵਿੱਚ ਹਰ ਹਫ਼ਤੇ ਹੋਣ ਵਾਲੀ ਰੈਲੀ ਵਿੱਚ ਵੱਡੀ ਗਿਣਤੀ ਇਜ਼ਰਾਇਲੀ ਲੋਕਾਂ ਨੇ ਹਿੱਸਾ ਲਿਆ। ਬਾਅਦ 'ਚ ਤੇਲ ਅਵੀਵ 'ਚ ਅਮਰੀਕਨ ਅੰਬੈਸੀ ਤੱਕ ਇੱਕ ਮਾਰਚ ਕੀਤਾ ਗਿਆ ਜਿਸ ਦੌਰਾਨ ਮੰਗ ਕੀਤੀ ਗਈ ਕਿ ਗਾਜ਼ਾ 'ਚ ਫੌਰੀ ਜੰਗਬੰਦੀ ਕਰਕੇ ਜੰਗ ਖਤਮ ਕੀਤੀ ਜਾਵੇ ਅਤੇ ਹਾਲੇ ਤੱਕ ਰਿਹਾਅ ਨਾ ਕਰਵਾਏ ਜਾ ਸਕੇ ਅਗਵਾ ਇਜ਼ਰਾਈਲੀ ਬੰਦੀਆਂ ਨੂੰ ਹਮਾਸ ਨਾਲ ਗੱਲਬਾਤ ਕਰਕੇ ਮੁਕਤ ਕਰਵਾਇਆ ਜਾਵੇ।

**ਪੈਰਿਸ (ਫਰਾਂਸ)**

ਯੂਰਪ ਭਰ ਅੰਦਰ, ਟਰਾਂਸਪੋਰਟ ਅਤੇ ਲੱਦਾਈ ਕਾਮਿਆਂ ਅਤੇ ਟਰੇਡ ਯੂਨੀਅਨਾਂ ਵੱਲੋਂ ਇਜ਼ਰਾਇਲ ਭੇਜੀ ਜਾ ਰਹੀ ਜੰਗ-ਸਮੱਗਰੀ ਦਾ ਵਿਰੋਧ ਕਰਨ ਦਾ ਰੁਝਾਨ ਲਗਾਤਾਰ ਵਧ ਰਿਹਾ ਹੈ ਕਿਉਂਕਿ ਇਜ਼ਰਾਇਲ ਗਾਜ਼ਾ 'ਚ ਨਰਸੰਹਾਰ ਦਾ ਅਮਲ ਜਾਰੀ ਰੱਖ ਰਿਹਾ ਹੈ। ਜੁਲਾਈ ਮਹੀਨੇ 'ਚ ਪੈਰਿਸ ਦੇ ਏਅਰਪੋਰਟ ਕਾਮਿਆਂ ਵੱਲੋਂ ਇਜ਼ਰਾਇਲ ਨੂੰ ਭੇਜੀ ਜਾ ਰਹੀ ਫੌਜੀ ਸਮਾਨ ਦੀ ਖੇਪ ਦੀ ਜਹਾਜ਼ਾਂ 'ਚੋਂ ਲੱਦਾਈ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ। ਕੁੱਝ ਚਿਰ ਪਹਿਲਾਂ, ਜੂਨ ਮਹੀਨੇ 'ਚ ਐਸ.ਯੂ.ਡੀ. ਏਰੀਅਨ ਨਾਂ ਦੀ ਜਥੇਬੰਦੀ ਦੇ ਕਾਮਿਆਂ ਨੇ ਐਲਵਿੱਟ ਸਿਸਟਮਜ਼ ਦੇ ਮਾਲ ਦਾ ਪੈਰਿਸ ਅੱਡੇ 'ਤੇ ਲੱਦਾਈ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਉਂ ਹੀ ਫੋਸਮੋਰ ਦੇ ਬੰਦਰਗਾਹੀ ਕਾਮਿਆਂ ਨੇ, ਮਾਰਸਿਲੇ ਨੇੜੇ, ਅਜਿਹੇ ਹੀ ਮਾਲ ਦੀ ਲੱਦਾਈ ਕਰਨ ਤੋਂ ਜੁਆਬ ਦੇ ਦਿੱਤਾ ਸੀ।

**ਏਥਨਜ਼ (ਗਰੀਸ)**

ਏਥਨਜ਼ ਦੀ ਪਰੇਊਸ ਬੰਦਰਗਾਹ ਦੇ ਕਾਮਿਆਂ ਵੱਲੋਂ, ਇੱਕ ਸਫ਼ਲ ਲਾਮਬੰਦੀ ਕਰਕੇ "ਐਵਰ ਗੋਲਡਨ" ਨਾਂ ਦੇ ਸਮੁੰਦਰੀ ਜਹਾਜ਼ ਰਾਹੀਂ ਇਜ਼ਰਾਇਲ ਨੂੰ ਜੰਗੀ ਸਮਾਨ ਭੇਜਣ ਦੀ ਚਾਲ ਨੂੰ ਨਾਕਾਮ ਬਣਾ ਦਿੱਤਾ ਗਿਆ। ਗੋਦੀ ਕਾਮਿਆਂ ਨੂੰ ਸੂਹ ਮਿਲੀ ਸੀ ਕਿ ਉਪਰੋਕਤ ਸ਼ਿੱਪ ਰਾਹੀਂ ਜੰਗੀ ਸਮਾਨ ਜਾ ਰਿਹਾ ਹੈ। 14 ਜੁਲਾਈ ਨੂੰ, ਜਦ ਸ਼ਿੱਪ ਨੇ ਆਉਣਾ ਸੀ, ਗੋਦੀ ਕਾਮਿਆਂ ਨੇ ਨੇੜੇ ਦੀਆਂ ਨੌਜਵਾਨ ਜਥੇਬੰਦੀਆਂ, ਟਰੇਡ ਯੂਨੀਅਨਾਂ ਅਤੇ ਹੋਰ ਲੋਕਾਂ ਦਾ ਵਿਸ਼ਾਲ ਇਕੱਠ ਕਰ ਲਿਆ। ਪਰ ਸ਼ਿੱਪ ਮਾਲਕਾਂ ਨੇ ਚਲਾਕੀ ਖੇਡਦਿਆਂ ਇਹ ਸ਼ਿੱਪ ਖਾਲੀ ਹੀ ਭੇਜ ਦਿੱਤਾ। ਕਾਮਿਆਂ ਨੂੰ ਫਿਰ ਇਹ ਸੂਹ ਮਿਲੀ ਕਿ ਹੁਣ ਇਹ ਸਮਾਨ ਕਾਸਕੋ ਸ਼ਿੱਪਿੰਗ ਦੇ ਪਿਸਜ਼ ਨਾਂ ਦੇ ਜਹਾਜ਼ ਰਾਹੀਂ ਆ ਰਿਹਾ ਹੈ ਜੋ ਹਰ ਸਮਾਨ ਦੇ ਨਾਂ ਹੇਠ ਐਵਰ ਗੋਲਡਨ 'ਚ ਲੱਦਿਆ ਜਾਵੇਗਾ। ਇਉਂ ਕਾਮਿਆਂ ਨੇ ਚੌਕਸੀ, ਨਿਗਾਹਦਾਰੀ ਅਤੇ ਜਨਤਕ ਲਾਮਬੰਦੀ ਦੇ ਜ਼ੋਰ ਇਸ ਸਾਜਿਸ਼ ਨੂੰ ਨਾਕਾਮ ਕਰ ਦਿੱਤਾ। ਪਹਿਲਾਂ ਵੀ ਗਰੀਸ ਦੇ ਗੋਦੀ ਕਾਮਿਆਂ ਨੇ ਇਜ਼ਰਾਇਲ ਨੂੰ ਜੰਗੀ ਸਾਮਾਨ ਅਤੇ ਦੂਹਰੀ ਵਰਤੋਂ ਵਾਲੇ ਸਾਮਾਨ ਨੂੰ ਭੇਜੇ ਜਾਣ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਬਣਾਇਆ ਸੀ।

**ਬਰੈਸ਼ੀਆ (ਇਟਲੀ)**

ਇਟਲੀ ਵਿੱਚ, ਜੈਨੋਆ ਵਿਖੇ ਟਰਾਂਸਪੋਰਟ ਕਾਮਿਆਂ ਅਤੇ ਟਰੇਡ ਯੂਨੀਅਨਾਂ ਨੇ ਲਾਮਬੰਦੀ ਕਰਕੇ ਬਰੈਸ਼ੀਆ (ਲੰਬਾਰ ਡੀ) ਦੇ ਹਵਾਈ ਅੱਡੇ ਉੱਤੇ ਇਜ਼ਰਾਇਲ ਭੇਜੀ ਜਾ ਰਹੀ ਇੱਕ ਜੰਗੀ ਸਮਾਨ ਦੀ ਖੇਪ ਨੂੰ ਰੋਕ ਦਿੱਤਾ। ਕਾਮਿਆਂ ਨੇ ਜ਼ੋਰ ਦਿੱਤਾ ਕੇ ਜ਼ਮੀਰ ਦੀ ਆਵਾਜ਼ ਸੁਣਨ ਅਤੇ ਜੰਗ 'ਚ ਭਾਗੀਦਾਰ ਨਾ ਬਨਣਾ ਉਹਨਾਂ ਦਾ ਅਧਿਕਾਰ ਹੈ। ਨੌਕਰੀ ਦੇਣ ਵਾਲੀਆਂ ਮੈਨੇਜਮੈਂਟਾਂ ਜਾਂ ਸਰਕਾਰ ਵੱਲੋਂ ਉਹਨਾਂ ਨੂੰ ਧੋਖੇ ਨਾਲ ਜਾਂ ਜਬਰਨ ਜੰਗ ਦੇ ਕੁਕਰਮ 'ਚ ਭਾਗੀਦਾਰ ਬਨਾਉਣ ਦੀਆਂ ਕੋਸ਼ਿਸ਼ਾਂ ਨੂੰ ਉਹ ਰੱਦ ਕਰਦੇ ਹਨ। ਕਾਮਿਆਂ ਦਾ ਕਹਿਣਾ ਹੈ, "ਜੰਗ ਨੂੰ ਟਰਾਂਸਪੋਰਟ ਕਰਨਾ ਸਾਡਾ ਕੰਮ ਨਹੀਂ। ਸਾਡੀ ਇੱਕਮੁੱਠਤਾ ਮਜ਼ਲੂਮਾਂ ਨਾਲ ਹੈ, ਜੰਗ ਦੇ ਮੁਜ਼ਰਮਾਂ ਨਾਲ ਨਹੀਂ।

ਇਜ਼ਰਾਇਲ ਨੂੰ ਜੰਗੀ ਸਾਮਾਨ ਦੀਆਂ ਖੇਪਾਂ ਭੇਜਣ ਦੀਆਂ ਕੋਸ਼ਿਸ਼ਾਂ ਕਰਨ ਦੇ ਯਤਨਾਂ ਨੂੰ ਨਾਕਾਮ ਕਰਨ ਵਾਲੇ ਐਕਸ਼ਨ ਯੂ.ਕੇ., ਸਵੀਡਨ 'ਚ ਤਾਂ ਗੋਦੀ ਕਾਮਿਆਂ ਨੇ ਵੋਟਾਂ ਰਾਹੀਂ ਇਸ ਮਸਲੇ 'ਤੇ ਰਾਇ-ਸ਼ੁਮਾਰੀ ਕਰਵਾ ਕੇ, ਇਜ਼ਰਾਇਲ ਨੂੰ ਹਥਿਆਰ ਭੇਜਣ ਉੱਤੇ ਮੁਕੰਮਲ ਰੋਕ ਦਾ ਪ੍ਰਸਤਾਵ ਵੀ ਪਾਸ ਕੀਤਾ।

**ਫਰੀਡਮ ਫਲੌਟਿਲਾ ਮਿਸ਼ਨ ਦਾ ਨਵਾਂ ਐਡੀਸ਼ਨ ਜਾਰੀ**

ਗਰੇਟਾ ਥੁਨਬਰਗ ਅਤੇ ਹੋਰਨਾਂ ਵੱਲੋਂ ਫਲਸਤੀਨ 'ਚ ਜੰਗ ਦਾ ਵਿਰੋਧ ਕਰਨ ਅਤੇ ਫਲਸਤੀਨੀ ਲੋਕਾਂ ਨਾਲ ਯਕਯਹਿਤੀ ਪ੍ਰਗਟ ਕਰਨ ਲਈ "ਫਰੀਡਮ ਫਲੌਟਿਲਾ" ਨਾਂ ਦਾ ਮਿਸ਼ਨ ਸ਼ੁਰੂ ਕੀਤਾ ਗਿਆ ਸੀ। ਪਹਿਲਾਂ ਮੈਡਲੀਨ ਨਾਂ ਦੇ ਛੋਟੇ ਜਹਾਜ਼ 'ਚ ਇੱਕ ਕੌਮਾਂਤਰੀ ਗਰੁੱਪ ਇਜ਼ਰਾਇਲ ਵੱਲ ਗਿਆ ਸੀ ਜਿਸਨੂੰ ਇਜ਼ਰਾਇਲੀ ਫੌਜ ਨੇ ਸਮੁੰਦਰ 'ਚੋਂ ਹੀ ਅਗਵਾ ਕਰ ਲਿਆ ਸੀ। ਬਾਅਦ 'ਚ ਦੁਨੀਆਂ ਭਰ 'ਚ ਇਜ਼ਰਾਇਲ ਦੀ ਧੱਕੜਸ਼ਾਹੀ ਦੀ ਹੋਏ ਤੋਏ-ਤੋਏ ਤੋਂ ਇਸਨੂੰ ਛੱਡਣਾ ਪਿਆ ਸੀ। ਹੁਣ ਇਸ ਲੜੀ ਦਾ 'ਹੰਡਾਲਾ' ਨਾਂ ਦਾ ਇੱਕ ਹੋਰ ਜਹਾਜ਼ 20 ਜੁਲਾਈ ਤੋਂ ਇਜ਼ਰਾਇਲ ਲਈ ਰਵਾਨਾ ਹੋਇਆ ਹੈ। ਇਸ 'ਚ 21 ਜਣੇ ਸਵਾਰ ਹਨ ਜਿਹਨਾਂ 'ਚ ਅਮਰੀਕਾ ਦੇ ਇੱਕ ਉੱਘੇ ਟਰੇਡ ਯੂਨੀਅਨ ਲੀਡਰ, 6 ਹੋਰ ਅਮਰੀਕੀ ਨਾਗਰਿਕ, ਅਤੇ ਫਰਾਂਸ, ਇਟਲੀ, ਸਪੇਨ ਆਦਿਕ ਮੁਲਕਾਂ ਦੀ ਪਾਰਲੀਮੈਂਟ ਦੇ ਮੈਂਬਰ ਸ਼ਾਮਲ ਹਨ। ਇਹ ਜਹਾਜ਼ੀ ਮਿਸ਼ਨ ਵਿਸ਼ੇਸ਼ ਤੌਰ 'ਤੇ ਗਾਜ਼ਾ ਦੇ ਬੱਚਿਆਂ ਨੂੰ ਸਮਪਰਤ ਹੈ ਅਤੇ ਉਹਨਾਂ ਲਈ ਰਾਸ਼ਨ, ਦਵਾਈਆਂ, ਖਿਡੌਣੇ ਤੇ ਹੋਰ ਜ਼ਰੂਰੀ ਸਮੱਗਰੀ ਲੈ ਕੇ ਜਾ ਰਿਹਾ ਹੈ। ਇਜ਼ਰਾਇਲੀ ਸਰਕਾਰ ਦੇ ਫਾਸ਼ਿਸਟ ਕਿਰਦਾਰ ਨੂੰ ਨੰਗਾ ਕਰਨ ਅਤੇ ਇਜ਼ਰਾਇਲੀ ਜੰਗਬਾਜ਼ ਰਵੱਈਏ ਵਿਰੁੱਧ ਦੁਨੀਆਂ ਭਰ 'ਚ ਲੋਕ-ਰਾਇ ਉਭਾਰਨ 'ਚ ਅਜਿਹੇ ਮਿਸ਼ਨਾਂ ਦਾ ਚੰਗਾ ਰੋਲ ਹੈ।

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

## ਕਮਲੇ ਸਿਆਣੇ

ਕੋਠੀ ਦਾਣੇ ਕਮਲ ਸਿਆਣੇ
ਸਾਨੂੰ ਅਕਲਾਂ ਆਈਆਂ ਨਾ
ਕੀ ਜਾਣੇ ਢਿੱਡ ਭੁੱਖੀਆਂ ਪੀੜਾਂ
ਭੁੱਖਾਂ ਜਿਨ ਹੰਡਾਈਆਂ ਨਾ

ਭਰੀ ਬਿਆਈ ਗੋਹੇ ਵਾਲੀ
ਕਦੋਂ ਸਕੂਲੇ ਬਹਿੰਦੀ ਆ
ਭੋਲੀ ਭਾਲੀ ਮਾਂ ਮੇਰੀ
ਮੈਨੂੰ ਕੈਪਟਨ ਕੈਪਟਨ ਕਹਿੰਦੀ ਆ

ਤਾਰੇ ਹੁੰਦਿਆਂ ਹੀ ਉੱਠ ਜਾਵਾਂ
ਤਾਰੇ ਵੇਖ ਹੀ ਸੌਂਦਾ ਹਾਂ
ਨਾਲ ਖੇਤ ਮੇਰਾ ਰਿਸ਼ਤਾ ਨਾ ਕੋਈ
ਫਿਰ ਵੀ ਖੇਤ ਸਜਾਉਂਦਾ ਹਾਂ

ਨਾ ਕੋਈ ਮੇਰਾ ਹੱਕ ਲਵੇਰੀਆਂ
ਫਿਰ ਵੀ ਪੱਠੇ ਭੱਜ ਭੱਜ ਪਾਵਾਂ
ਤਰਸ ਜਾਣ ਬੁੱਲ੍ਹ ਦੁੱਧ ਦੀ ਘੁੱਟ ਨੂੰ
ਚੋ ਚੋ ਦੁੱਧ ਬਥੇਰਾ ਲਿਆਵਾਂ

ਭਰ ਸਾਲ ਦੀ ਕਿਰਤ ਕਮਾਈ
ਬਸ ਚਾਰ ਦਿਹਾੜੇ ਰਹਿੰਦੀ ਏ
ਬਾਕੀ ਸੁੰਦਰ ਸਾਲੂ ਲਿਪਟੀ
ਜਿਮੀਦਾਰ ਕਰ ਬਹਿੰਦੀ ਏ

ਸਾਡੀਆਂ ਖੁਸ਼ੀਆਂ ਭੁੱਬਾਂ ਭਰੀਆਂ
ਸ਼ਾਹੂਕਾਰਾਂ ਨੇ ਡੁੰਗੀਆਂ ਨੇ
ਰੀਝਾਂ ਵਾਲੀ ਲੰਗੜ ਘੋੜੀ ਦੀਆਂ
ਮਰੇ ਚਾਵਾਂ ਵਾਗਾਂ ਗੁੰਦੀਆਂ ਨੇ

ਭਰੀ ਜਵਾਨੀ ਬੁੱਢੀ ਲੱਗੇ
ਟਾਕੀਆਂ ਲੱਗੇ ਚੋਲੇ ਚ
ਕੀ ਕਰਨੀ ਗੱਲ ਸੁਲਝੀ ਕੈਪਟਨ
ਕੁਝ ਨਹੀਂ ਦਿਸਦਾ ਕੋਲੇ 'ਚ
ਕੈਪਟਨ ਮਾਨਾਂਵਾਲਾ ਕਲਾਂ
ਜੇ ਹੈ ਸੁੱਖ ਪਾਉਣਾ ਦੋਸਤਾ ਜਹਾਨ 'ਤੇ,
ਸੋਚ ਨੂੰ ਤੂੰ ਲਾ ਲੈ ਤਰਕ ਦੀ ਸਾਣ 'ਤੇ।

ਥਾਨਾਂ ਕਬਰਾਂ ਸਮਾਧਾਂ ਨੂੰ ਤੂੰ ਛੱਡ ਪੂਜਣਾ,
ਸਫਲ ਜੇ ਹੋਣਾ ਤੈਨੂੰ ਪੈਣਾ ਜੂਝਣਾ।
ਕਰ ਲੈ ਭਰੋਸਾ ਮਿਹਨਤ ਮਹਾਨ 'ਤੇ।
ਸੋਚ ਨੂੰ ਤੂੰ......

ਵਰਤ ਸ਼ਰਾਧ ਨਾਲੇ ਗੁੱਗੇ ਮਾੜ੍ਹੀਆਂ,
ਅਲਾਮਤਾਂ ਇਹ ਚੰਬੜੀਆਂ ਤੈਨੂੰ ਭਾਰੀਆਂ।
ਛੱਡ ਝੰਡੇ ਤੂੰ ਚੜ੍ਹਾਉਣੇ ਪੀਰਾਂ ਦੇ ਸਥਾਨ 'ਤੇ।
ਸੋਚ ਨੂੰ ਤੂੰ.....

ਇੱਕੀਵੀਂ ਸਦੀ 'ਚ, ਆਪਾਂ ਪੈਰ ਧਰਿਆ,
ਚੰਨ, ਮੰਗਲ ਗ੍ਰਹਿ ਦਾ ਜਾਵੇ ਹਾਲ ਪੜ੍ਹਿਆ।
ਮਾਰ ਉੱਚੀ ਤੂੰ ਉਡਾਰੀ ਜੇ ਪੁੱਜਣਾ ਮੁਕਾਮ 'ਤੇ।
ਸੋਚ ਨੂੰ ਤੂੰ.....

ਤਰਕਸ਼ੀਲ, ਸਾਹਿਤ ਪੜ੍ਹ ਸੋਚ ਤੇ ਵਿਚਾਰ ਲੈ,
ਪਹਿਲ੍ਹ ਸਿੱਕੇ ਦੇ ਦੋ ਦੂਜੇ ਪਾਸੇ ਝਾਤ ਮਾਰ ਲੈ।
'ਜਗਦੀਸ਼' ਛੱਡ ਜਾਣਾ ਝੂਠਾਂ ਦੀ ਦੁਕਾਨ 'ਤੇ।
ਸੋਚ ਨੂੰ ਤੂੰ ਲਾ ਲੈਣ ਤਰਕ ਦੀ ਸਾਣ 'ਤੇ।

**ਮਾਸਟਰ ਜਗਦੀਸ਼ ਰਾਏਪੁਰ ਡੱਬਾ**
**ਫੋਨ 9417434038**

## ਕੀ ਹੋਇਆ ਜੇ ਗਰੀਬ

ਕੀ ਹੋਇਆ ਜੇ ਗਰੀਬ,
ਸਾਡੇ ਹਾਸੇ ਤਾਂ ਅਮੀਰ ਨੇ।
ਸਾਡੇ ਵਾਂਗੂੰ ਹੱਸੇ ਨਹੀਂ ਜੇ,
ਰਾਜੇ ਜਾਂ ਵਜ਼ੀਰ ਨੇ।

ਲੱਖ ਤੂੰ ਗਰੀਬੀਏ,
ਉਡਾਈ ਜਾ ਮਜਾਕ ਨੀ।
ਜਾਣਦੇ ਹਾਂ ਸਾਰਾ ਕੁਝ,
ਏਡੇ ਵੀ ਜਵਾਕ ਨੀ।

ਸਾਰਾ ਕੁਝ ਖੋਹ ਲਿਆ,
ਪਰ ਹਾਸੇ ਕਿੱਥੋਂ ਖੋਹਵੇਂਗੀ।
ਗਰੀਬੀਏ ਨੀ ਹਾਸੇ ਵੇਖ,
ਨਿੰਮੋਝੂਣੀ ਹੋਵੇਂਗੀ।

ਅਮੀਰਾਂ ਕੋਲੇ ਹਾਸੇ ਕਦੇ,
ਸਾਡੇ ਵਾਲੇ ਹੋਣੇ ਨਹੀਂ।
ਨੀਂਦ ਵਾਲੀ ਗੋਲੀ ਖਾਧੇ,
ਬਿਨਾਂ ਉਹੋ ਸੌਣੇ ਨਹੀਂ।

ਉਹਨਾਂ ਦੀ ਅਮੀਰੀ ਤੋਂ,
ਗਰੀਬੀ ਸਾਨੂੰ ਚੰਗੀ ਐ।
ਹਾਸਿਆਂ ਤੇ ਖੇੜਿਆਂ ਚ,
ਜਿਹੜੀ ਅਸੀਂ ਰੰਗੀ ਐ।

ਜਿਵੇਂ ਰੱਬ ਚਾਹਵੇ ਮੱਲ੍ਹੀ,
ਉਵੇਂ ਈ ਰਹੀਏ ਹੱਸਦੇ।
ਏਹੀ ਤਾਂ ਅਮੀਰੀ ਹੁੰਦੀ,
ਸਾਰਿਆਂ ਨੂੰ ਦੱਸ ਦੇ।

**ਸ਼ਮਸ਼ੇਰ ਸਿੰਘ ਮੱਲ੍ਹੀ ਪਿੰਡ ਢੂਲ**
**90565 62524**

# ਪੰਜਾਬੀ ਲਿਖਾਰੀ ਸਭਾ ਕੈਲਗਰੀ ਵੱਲੋਂ ਜਗਦੀਸ਼ ਸਿੰਘ ਚੋਹਕਾ ਦੀ ਕਿਤਾਬ 'ਬ੍ਰਹਿਮੰਡ ਦੀ ਉਤਪੱਤੀ' ਲੋਕ ਅਰਪਣ



ਕੈਲਗਰੀ (ਅਦਾਰਾ ਸਰੋਕਾਰਾਂ ਦੀ ਆਵਾਜ਼) : ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਅਗਸਤ ਮਹੀਨੇ ਦੀ ਮੀਟਿੰਗ 16 ਤਾਰੀਖ਼ ਨੂੰ ਕੋਸੋ ਹਾਲ ਵਿੱਚ 2 ਵਜੇ ਸ਼ੁਰੂ ਹੋਈ। ਜਨਰਲ ਸਕੱਤਰ ਦਵਿੰਦਰ ਮਲਹਾਂਸ ਨੇ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਹੋਣ ਲਈ ਪ੍ਰਧਾਨ ਰਣਜੀਤ ਸਿੰਘ, ਜਗਦੀਸ਼ ਸਿੰਘ ਚੋਹਕਾ ਅਤੇ ਰਜਿੰਦਰ ਕੌਰ ਚੋਹਕਾ ਨੂੰ ਸੱਦਾ ਦਿੱਤਾ। ਸਰੋਤਿਆਂ ਦੀ ਭਰਵੀਂ ਹਾਜ਼ਰੀ ਨੇ ਉਨ੍ਹਾਂ ਦਾ ਤਾੜੀਆਂ ਨਾਲ ਸਵਾਗਤ ਕੀਤਾ।

ਸਭ ਤੋਂ ਪਹਿਲਾਂ ਸੋਗ ਮਤਾ ਸਾਂਝਾ ਕੀਤਾ ਗਿਆ। ਪੰਜਾਬੀ ਲਿਖਾਰੀ ਸਭਾ ਦੇ ਸਰਪ੍ਰਸਤ ਜਸਵੰਤ ਸਿੰਘ ਗਿੱਲ ਦੇ ਸਪੁੱਤਰ ਰੁਪਿੰਦਰ ਰੂਪੀ ਦੀ ਬੇਵਕਤੀ ਮੌਤ ਉੱਪਰ ਦੁੱਖ ਦਾ ਇਜ਼ਹਾਰ ਕੀਤਾ ਗਿਆ। ਗਿੱਲ ਪਰਿਵਾਰ ਦੇ ਦੁੱਖ ਵਿੱਚ ਭਾਈਵਾਲ ਹੋਣ ਅਤੇ ਸਰਧਾ ਦੇ ਫੁੱਲ ਭੇਟ ਕੀਤੇ ਗਏ।

ਇਤਿਹਾਸ ਉਹਨਾਂ ਨੂੰ ਕਦੇ ਮਾਫ ਨਹੀਂ ਕਰਦਾ ਜ਼ੁਲਮ ਬਾਰੇ ਪਤਾ ਹੋਣ ਦੇ ਬਾਵਜੂਦ ਵੀ ਕੁਝ ਨਹੀਂ ਬੋਲਦੇ। ਉਹਨਾਂ ਦੀ ਚੁੱਪ ਧਾੜਵੀਆਂ ਨਾਲ ਮੂਕ ਸਹਿਮਤੀ ਦੀ ਗਵਾਹੀ ਭਰਦੀ ਹੈ। ਗਾਜਾ ਪੱਟੀ ਦੇ ਲੋਕਾਂ ਉੱਪਰ ਹੋ ਰਹੇ ਜ਼ੁਲਮ ਵਿਰੁੱਧ ਆਵਾਜ਼ ਉਠਾਈ ਗਈ। ਮੀਟਿੰਗ ਦਾ ਆਗਾਜ਼ ਮਨਮੋਹਣ ਸਿੰਘ ਬਾਠ ਦੀ ਸੁਰੀਲੀ ਆਵਾਜ਼ ਵਿੱਚ ਸੁਰਜੀਤ ਪਾਤਰ ਦੀ ਰਚਨਾ ਨਾਲ ਹੋਇਆ। ਹਰਕੰਵਲਜੀਤ ਸਾਹਿਲ ਨੇ ਮੁਹੱਬਤ ਕਵਿਤਾ ਸੁਣਾਈ। ਉਚੇਚੇ ਤੌਰ 'ਤੇ ਐਡਮਿੰਟਨ ਤੋਂ ਆਏ ਕਵੀ ਸੰਨੀ ਧਾਲੀਵਾਲ ਨੇ 'ਮੌਲਾ ਬਲਦ' ਖ਼ੂਬਸੂਰਤ ਰਚਨਾ ਪੇਸ਼ ਕੀਤੀ। ਅਤੇ ਆਪ ਦੀਆਂ ਦੋਨੋਂ ਕਿਤਾਬਾਂ 'ਮੈਂ ਕੰਮੀਆਂ ਦੀ ਕੁੜੀ 'ਖਾਲੀ ਆਲਣਾ' ਲਿਖਾਰੀ ਸਭਾ ਨੂੰ ਭੇਂਟ ਕੀਤੀਆਂ।

ਜਗਦੀਸ ਸਿੰਘ ਚੋਹਕਾ ਦੀ ਕਿਤਾਬ 'ਬ੍ਰਹਿਮੰਡ ਦੀ ਉਤਪੱਤੀ' ਲੋਕ ਅਰਪਣ ਕੀਤੀ ਗਈ। ਜਿਸ ਉੱਪਰ ਹਰੀਪਾਲ ਜੀ ਨੇ ਬਹੁਤ ਹੀ ਵਿਸਤਾਰਪੂਰਵਕ ਲਿਖਿਆ ਪੇਪਰ ਪੜ੍ਹਿਆ। ਉਹਨਾਂ ਤੋਂ ਇਲਾਵਾ ਬਲਜਿੰਦਰ ਸੰਘਾ, ਜੋਰਾਵਰ ਅਤੇ ਰਜਿੰਦਰ ਕੌਰ ਚੋਹਕਾ ਨੇ ਕਿਤਾਬ ਉੱਪਰ ਚਰਚਾ ਨੂੰ ਹੋਰ ਅੱਗੇ ਵਧਾਇਆ। ਅਜੈਬ ਸਿੰਘ ਭੰਗੂ ਅਤੇ ਗੁਰਦੀਪ ਸਿੰਘ ਕੁਤਬਾ ਨੇ ਕਿਤਾਬ ਬਾਰੇ ਚਰਚਾ ਕੀਤੀ। ਕੁੱਲ ਮਿਲਾ ਕੇ ਕਿਤਾਬ ਤੇ ਬਹੁਤ ਵਧੀਆ ਗੱਲਬਾਤ ਹੋਈ। ਜਗਦੀਸ਼ ਸਿੰਘ ਚੋਹਕਾ ਨੇ ਕਿਤਾਬ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਬਾਕੀ ਵਿਦਵਾਨਾਂ ਦਾ ਧੰਨਵਾਦ ਕੀਤਾ।

ਇੰਜੀਨੀਅਰ ਜੀਰ ਸਿੰਘ ਬਰਾੜ ਅਤੇ ਹਰਭਜਨ ਸਿੰਘ ਨੇ ਆਪਣੇ ਵਿਚਾਰਾਂ ਨਾਲ ਸਾਂਝ ਪਾਈ। ਗਿੱਲ ਸੁਖਮਿੰਦਰ ਨੇ ਹਰਮੋਨੀਅਮ ਦੇ ਨਾਲ ਬਹੁਤ ਵਧੀਆ ਗੀਤ ਸਾਂਝਾ ਕੀਤਾ। ਸੁਖਜੀਤ ਸਿਮਰਨ ਨੇ 'ਮੈਂ ਕਦੋਂ ਕਿਹਾ ਮੈਂ ਸੱਚ ਹਾਂ' ਬਹੁਤ ਭਾਵ ਪੂਰਤ ਕਵਿਤਾ ਸਾਂਝੀ ਕੀਤੀ। ਤ੍ਰਿਲੋਚਨ ਸੈਂਬੀ ਨੇ ਬੁਲੰਦ ਆਵਾਜ਼ ਵੀ ਵਿੱਚ ਗੀਤ ਸੁਣਾਇਆ। ਸੁਖਪ੍ਰੀਤ ਸਿੰਘ ਨੇ ਬਹੁਤ ਵਧੀਆ ਗੀਤ ਗਾਇਆ।

ਹਰੀ ਪਾਲ ਜੀ ਨੇ ਦਵਿੰਦਰ ਮਲਹਾਂਸ ਦੀ ਚਰਚਿਤ ਕਹਾਣੀ 'ਟੈਕਸੀ' ਉੱਪਰ ਬਹੁਤ ਹੀ ਨਿੱਠ ਕੇ ਲਿਖਿਆ ਪੇਪਰ ਪੜ੍ਹਿਆ। ਮਲਿਕ ਆਰਿਫ ਨੇ ਵਾਰਿਸ ਦੀ ਹੀਰ ਅਤੇ ਮਾਂ ਦੇ ਉੱਪਰ ਬਹੁਤ ਵਧੀਆ ਗੀਤ ਸੁਣਾਇਆ। ਦਰਸ਼ਨ ਸਿੰਘ ਬਰਾੜ ਨੇ ਖ਼ੂਬਸੂਰਤ ਗੀਤ ਪੇਸ਼ ਕੀਤਾ। ਜਸਵੀਰ ਕੌਰ ਨੇ ਘੋੜੀ ਸੁਣਾਈ। ਇਨ੍ਹਾਂ ਤੋਂ ਇਲਾਵਾ ਜਸਵੀਰ ਸਿੰਘ ਸਹੋਤਾ, ਮੰਗਲ ਚੱਠਾ ਜਸਕਿਰਨ ਕੌਰ, ਡਾ. ਪਰਮਜੀਤ ਕੌਰ, ਇੰਦਰ ਸਿੰਘ ਅਤੇ ਚਮਨ ਲਾਲ ਬਾਸਨ ਆਦਿ ਹਾਜ਼ਰ ਹੋਏ। ਚਾਹ ਪਾਣੀ ਦੀ ਸੇਵਾ ਬਲਜਿੰਦਰ ਸੰਘਾ ਨੇ ਨਿਭਾਈ। ਫੋਟੋਗ੍ਰਾਫੀ ਜੋਰਾਵਰ ਨੇ ਕੀਤੀ। ਅਖੀਰ ਵਿੱਚ ਪ੍ਰਧਾਨ ਰਣਜੀਤ ਸਿੰਘ ਨੇ ਸਾਰਿਆਂ ਸਰੋਤਿਆਂ ਦਾ ਧੰਨਵਾਦ ਕੀਤਾ। ਅਗਲੀ ਮੀਟਿੰਗ 20 ਸਤੰਬਰ ਸ਼ਨੀਵਾਰ ਨੂੰ ਕੋਸੋ ਹਾਲ ਵਿੱਚ ਠੀਕ ਦੋ ਵਜੇ ਹੋਵੇਗੀ।

ਹੋਰ ਜਾਣਕਾਰੀ ਲਈ ਪ੍ਰਧਾਨ ਰਣਜੀਤ ਸਿੰਘ 825 735 1466, ਜਨਰਲ ਸਕੱਤਰ ਦਵਿੰਦਰ ਮਲਹਾਂਸ ਨੂੰ 403 993 2201 ਸੰਪਰਕ ਕੀਤਾ ਜਾ ਸਕਦਾ ਹੈ।

# ਕੈਨੇਡਾ ਵਿੱਚ ਮਨਾਇਆ ਗਿਆ ਕਿਰਨਜੀਤ ਕੌਰ ਬਰਸੀ ਸਮਾਗਮ










ਬਰੈਂਪਟਨ, (ਅਦਾਰਾ ਸਰੋਕਾਰਾਂ ਦੀ ਆਵਾਜ਼) : ਸ਼ਹੀਦ ਕਿਰਨਜੀਤ ਕੌਰ ਮਹਿਲ ਕਲਾਂ ਦੀ 28ਵੀਂ ਬਰਸੀ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਖੇ ਮਨਾਈ ਗਈ। ਗਦਰੀ ਗੁਲਾਬ ਕੌਰ ਦੀ ਸ਼ਹਾਦਤ ਨੂੰ ਸਮਰਪਿਤ ਇਸ ਬਰਸੀ ਸਮਾਗਮ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਔਰਤਾਂ ਉੱਤੇ ਹੋ ਰਹੇ ਜਬਰ, ਸਮਾਜ ਵਿੱਚ ਫੈਲ ਰਹੇ ਅੰਧਵਿਸ਼ਵਾਸਾਂ, ਫਲਸਤੀਨੀ ਲੋਕਾਂ ਦੀ ਨਸਲਕੁਸ਼ੀ, ਵਪਾਰਕ ਜੰਗ ਤੇ ਕੈਨੇਡਾ ਦੇ ਲੋਕਾਂ ਤੇ ਪਰਵਾਸੀਆਂ ਦੇ ਬੁਨਿਆਦੀ ਮੁੱਦਿਆਂ ਉੱਤੇ ਵਿਚਾਰ ਚਰਚਾ ਕੀਤੀ ਗਈ। ਇਸ ਸਮੇਂ ਗੁਰਮੀਤ ਸੁਖਪੁਰਾ ਨੇ ਮਹਿਲ ਕਲਾਂ ਦੇ ਕਿਰਨਜੀਤ ਕੌਰ ਲੋਕ ਘੋਲ ਦੇ ਸ਼ਾਨਾਮੱਤੇ ਇਤਿਹਾਸ ਤੇ ਉਸਦੇ ਸਬਕਾਂ ਬਾਰੇ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਘੋਲ ਸਿਆਸੀ ਤੇ ਅਦਾਲਤੀ ਗੱਠਜੋੜ ਖਿਲਾਫ ਲੋਕ ਏਕਤਾ ਨਾਲ ਲੜਿਆ ਘੋਲ ਹੈ। ਉਹਨਾਂ ਇਸ ਘੋਲ ਵਿੱਚ ਉਮਰ ਕੈਦ ਦੀ ਸਾਜ਼ਿਸ਼ ਦਾ ਸ਼ਿਕਾਰ ਤਿੰਨ ਲੋਕ ਆਗੂਆਂ (ਮਨਜੀਤ ਧਨੇਰ, ਨਰਾਇਣ ਦੱਤ, ਪ੍ਰੇਮ ਕੁਮਾਰ) ਦੀ ਰਿਹਾਈ ਦੀ ਸਾਂਝੀ ਲੜਾਈ ਦੇ ਵਿਰਸੇ ਨੂੰ ਬਿਆਨ ਕੀਤਾ। ਤਰਕਸ਼ੀਲ ਸੋਸਾਇਟੀ ਕੌਮਾਂਤਰੀ ਦੇ ਆਗੂ ਬਲਵਿੰਦਰ ਬਰਨਾਲਾ ਨੇ ਗਦਰੀ ਗੁਲਾਬ ਕੌਰ ਦੀ ਪ੍ਰੇਰਨਾਮਈ ਕੁਰਬਾਨੀ ਦੀ ਗਾਥਾ ਸੁਣਾਉਂਦਿਆਂ ਅਜੋਕੇ ਸਮੇਂ 'ਚ ਸਮਾਜਿਕ ਵਿਕਾਸ 'ਚ ਔਰਤਾਂ ਦੀ ਸਾਰਥਕ ਭੂਮਿਕਾ ਉੱਤੇ ਜ਼ੋਰ ਦਿੱਤਾ। ਉਨ੍ਹਾਂ ਗਦਰ ਲਹਿਰ ਦੀ ਵਿਰਾਸਤ ਨੂੰ ਮੁੜ ਬੁਲੰਦ ਕਰਨ ਦਾ ਸੁਨੇਹਾ ਦਿੱਤਾ। ਤਰਕਸ਼ੀਲ ਸੁਸਾਇਟੀ (ਰੈਸ਼ਨਲਿਸਟ) ਕੈਨੇਡਾ ਦੇ ਪ੍ਰਧਾਨ ਬਲਦੇਵ ਰਹਿਪਾ ਨੇ ਕਿਹਾ ਕਿ ਸਮਾਜ ਵਿੱਚ ਫੈਲੀਆਂ ਰੂੜ੍ਹੀਵਾਦੀ ਕਦਰਾਂ, ਅੰਧਵਿਸ਼ਵਾਸਾਂ ਤੇ ਰਾਜਕੀ ਫਿਰਕੂ ਵੰਡੀਆਂ ਖ਼ਿਲਾਫ਼ ਸਮਾਜਿਕ ਚੇਤਨਾ ਤੇ ਸੰਘਰਸ਼ ਦੀ ਲੋੜ ਹੈ। 'ਮੌਂਟਰੀਅਲ ਯੂਥ ਸਟੂਡੈਂਟਸ ਆਰਗੇਨਾਈਜੇਸ਼ਨ' ਵੱਲੋਂ ਮਨਦੀਪ ਨੇ ਆਪਣੇ ਸੰਬੋਧਨ ਦੌਰਾਨ ਦੱਸਿਆ ਕਿ ਸੰਸਾਰ ਭਰ ਦੀਆਂ ਸਾਮਰਾਜੀ ਤਾਕਤਾਂ ਪੂੰਜੀਪਤੀਆਂ ਦੇ ਸੰਕਟ ਦਾ ਬੋਝ ਆਮ ਲੋਕਾਂ ਤੇ ਪਾਉਣ ਲਈ ਲਈ ਵਪਾਰਕ ਹਮਲਿਆਂ, ਨਸਲਘਾਤੀ ਜੰਗਾਂ ਤੇ ਨਵਉਦਾਰਵਾਦੀ ਆਰਥਿਕ ਨੀਤੀਆਂ ਨਾਲ ਲੁੱਟ-ਜਬਰ ਤੇ ਅਰਾਜਕਤਾ ਪੈਦਾ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੰਸਾਰ ਭਰ ਦੇ ਲੋਕਾਂ ਨੂੰ ਮਹਿੰਗਾਈ, ਬੇਰੁਜ਼ਗਾਰੀ ਵਰਗੇ ਬੁਨਿਆਦੀ ਮੁੱਦਿਆਂ ਉੱਤੇ ਲਾਮਬੰਦ ਹੋਕੇ ਸਾਂਝੇ ਸੰਘਰਸ਼ਾਂ ਵਿੱਚ ਜੁੱਟ ਜਾਣਾ ਚਾਹੀਦਾ ਹੈ । 'ਪੰਜਾਬੀ ਸਾਹਿਤ ਸਭਾ, ਕੈਨੇਡਾ' ਦੇ ਆਗੂ ਮਲੂਕ ਸਿੰਘ ਕਾਹਲੋਂ ਨੇ ਬੁਨਿਆਦੀ ਜ਼ਰੂਰਤਾਂ ਲਈ ਸੰਘਰਸ਼ ਦੇ ਨਾਲ-ਨਾਲ ਨਵੀਂ ਪੀੜ੍ਹੀ ਨੂੰ ਸਾਹਿਤ ਨਾਲ ਜੋੜਨ ਦੀ ਅਪੀਲ ਕੀਤੀ। ਡਾ. ਮਿੱਠੂ ਮੁਹੰਮਦ ਨੇ ਕਿਰਨਜੀਤ ਲੋਕ ਘੋਲ ਨੂੰ ਲੋਕ ਸੰਘਰਸ਼ਾਂ ਦਾ ਚਾਨਣ ਮੁਨਾਰਾ ਕਿਹਾ। ਸਮਾਗਮ ਵਿੱਚ ਸ਼ਾਮਲ ਹੋਏ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਵਿੱਚੋਂ ਕੁਲਦੀਪ ਬੋਪਾਰਾਏ, ਡਾ. ਸਤਿੰਦਰਜੀਤ ਕੌਰ, ਕਾਮਰੇਡ ਲਾਲ ਸਿੰਘ ਬੈਂਸ ਨੇ ਲੋਕ ਏਕਤਾ, ਚੇਤੰਨਤਾ ਤੇ ਸੰਘਰਸ਼ ਦੀ ਲੋੜ ਤੇ ਜ਼ੋਰ ਦਿੱਤਾ। ਮਾਸਟਰ ਰਾਮ ਕੁਮਾਰ ਭਦੌੜ ਤੇ ਬਲਜੀਤ ਬੈਂਸ ਨੇ ਸਰੋਤਿਆਂ ਨਾਲ ਇਨਕਲਾਬੀ ਗੀਤ ਸਾਂਝੇ ਕੀਤੇ ਤੇ ਸਟੇਜ ਸਕੱਤਰ ਦੀ ਭੂਮਿਕਾ ਖੁਸ਼ਪਾਲ ਗਰੇਵਾਲ ਨੇ ਨਿਭਾਈ। ਸਮਾਗਮ ਵਿੱਚ ਸ਼ਾਮਲ ਇਕੱਠ ਵੱਲੋਂ ਫਲਸਤੀਨੀ ਲੋਕਾਂ ਉੱਤੇ ਥੋਪੀ ਨਿਹੱਕੀ ਜੰਗ ਬੰਦ ਕਰਨ, ਕੈਨੇਡਾ ਵਿੱਚ ਪੋਸਟ ਗ੍ਰੈਜੂਏਟ ਵਰਕ ਪਰਮਿਟ ਖ਼ਤਮ ਹੋਣ ਵਾਲੇ ਵਿਦਿਆਰਥੀਆਂ ਦੇ ਪੱਕੇ ਹੋਣ ਲਈ ਵਾਜਬ ਪ੍ਰੋਗਰਾਮ ਸ਼ੁਰੂ ਕਰਨ ਤੇ ਭਾਰਤ ਵਿੱਚ ਬੁੱਧੀਜੀਵੀਆਂ ਦੀ 25 ਕਿਤਾਬਾਂ ਉੱਤੇ ਲੱਗੀ ਪਾਬੰਦੀ ਹਟਾਉਣ ਦੇ ਮਤੇ ਪਾਸ ਕੀਤੇ ਗਏ। ਇਸ ਮੌਕੇ ਤਰਕਸ਼ੀਲ ਸੁਸਾਇਟੀ ਕੈਨੇਡਾ ਵੱਲੋਂ ਅਗਾਂਹਵਧੂ ਸਾਹਿਤ ਦੀ ਪ੍ਰਦਰਸ਼ਨੀ ਲਗਾਈ ਗਈ। ਸਮਾਗਮ ਵਿੱਚ ਉਪਰੋਕਤ ਬੁਲਾਰਿਆਂ ਤੋਂ ਇਲਾਵਾ ਜਗਜੀਤ ਸਿੰਘ ਠੀਕਰੀਵਾਲ, ਸੋਹਨ ਸਿੰਘ ਢੀਂਡਸਾ, ਜੋਧ ਸਿੰਘ ਜਵੰਧਾ, ਨਿਰਮਲ ਸੰਧੂ, ਅਮਰਦੀਪ, ਬਰਜਿੰਦਰ ਸਿੰਘ ਬਰਾੜ, ਬਖਸੀਸ ਸਿੰਘ ਕਪੂਰਥਲਾ ਨੇ ਹਾਜ਼ਰੀ ਲਵਾਈ।

**ਸ਼ਹੀਦ ਕਿਰਨਜੀਤ ਕੌਰ ਯਾਦਗਾਰੀ ਕਮੇਟੀ, ਬਰੈਂਪਟਨ**
**ਸੰਪਰਕ : ਗੁਰਮੀਤ ਸੁਖਪੁਰ**
(+91 94659 15763)






# ਆਵਾਸ, ਪਰਵਾਸ ਅਤੇ ਇਤਿਹਾਸ ਦਾ ਨਾਟ-ਅਹਿਸਾਸ : ਜੰਨਤ

ਡਾ ਚੰਦਰ ਪ੍ਰਕਾਸ਼
8528100088

**ਸਮਕਾਲੀ ਪੰਜਾਬੀ ਨਾਟ-ਸਿਰਜਣਾ ’ਚ ਬਹੁਭਾਂਤੀ ਵਿਸ਼ੇ ਪੇਸ਼ ਹੋ ਰਹੇ ਹਨ। ਇਸ ਵਿਸ਼ੇਸ਼ਗਤਾ ਦਾ ਕਾਰਣ:** ਵਿਧਾਗਤ ਖ਼ੂਬੀ ਨਾਲ ਵੀ ਜੁੜਿਆ ਹੋਇਆ ਹੈ। ਕਿਉਂਕਿ, ਲਿਖ਼ਤ ਦੀ ਮੰਚ ਪ੍ਰਸਤੁਤੀ ਨਾਲ ਇਸ ਦਾ ਘੇਰਾ ਵਸੀਹ ਹੋ ਨਿਬੜਦਾ ਹੈ। ਪਾਠਕ, ਦਰਸ਼ਕ ਵਿਚ ਤਬਦੀਲ ਹੁੰਦਾ ਹੈ ਤਾਂ ਨਾਟਕਕਾਰ ਨੂੰ ਵੀ ਨਿਰਦੇਸ਼ਕ, ਅਦਾਕਾਰ ਅਤੇ ਹੋਰ ਰੰਗਕਰਮੀ ਅਮਲੇ ਨਾਲ ਤਾਲਮੇਲ ਬਿਠਾਉਣਾ ਪੈਂਦਾ ਹੈ। ਇਉਂ ਨਿਰਦੇਸ਼ਕੀ ਹੁਨਰ, ਪਾਠ ਨੂੰ ਨਿਰਧਾਰਤ ਕਰਨ ਵਿਚ ਵੱਡਾ ਯੋਗਦਾਨ ਪਾਉਂਦਾ ਹੈ। ਪਿਛਲੇ ਕੁਝ ਅਰਸੇ ਤੋਂ ਪੰਜਾਬੀ ਨਾਟਕ ‘ਲਿਖਤ’ ਨਾਲੋਂ ‘ਮੰਚ’ ’ਤੇ ਵੱਧ ਵਡਿਆਇਆ ਗਿਆ ਹੈ। ਪੰਜਾਬ ਦੀ ਭੋਇੰ ਤੋਂ ਵਿਦੇਸ਼ੀ ਧਰਤੀ ਤੱਕ ‘ਮੰਚ-ਪਛਾਣ’ ਬਣੀ ਹੈ। ਇਸ ਮੰਚ-ਪਛਾਣ ‘ਚੋਂ ਉਦੈ ਹੋਈਆਂ ਲਿਖਤਾਂ ਦਾ ਪ੍ਰਕਾਸ਼ਨ ਰੂਪ ਸਾਹਮਣੇ ਆਉਣਾ ਸ਼ੁਭ ਨਾਟ-ਕਾਰਜ ਵੀ ਹੈ। ਅਤੇ ਲਾਜ਼ਮੀ ਵੀ। ਪਰਮਿੰਦਰ ਕੌਰ ਸਵੈਚ ਨੇ ‘ਜੰਨਤ’ ਸਿਰਲੇਖ ਹੇਠ ‘ਜੰਨਤ’ ਅਤੇ ‘ਲਾਸ਼ ਦਾ ਮੁੱਲ’ ਦੋ ਨਾਟ-ਕਿਰਤਾਂ ਨੂੰ ਸਾਂਭਣ ਦਾ ਅਜਿਹਾ ਯਤਨ ਕੀਤਾ ਹੈ।


‘ਜੰਨਤ’ ਨਾਟਕ ਸਮਾਜੀ ਰਿਸ਼ਤਿਆਂ ਨੂੰ ਸੰਬੋਧਤ ਹੁੰਦਾ ਹੋਇਆ ‘ਆਵਾਸ-ਪਰਵਾਸ’ ਦੀ ਜਟਿਲਤਾ ਨੂੰ ਸਮਝਦਾ - ਸਮਝਾਉਂਦਾ ਹੈ। ਬੇਗਾਨੀ ਧਰਤੀ ਨੂੰ ਆਪਣਾ ਬਣਾਉਣ ਦੀ ਲਾਲਸਾ ਰੱਖਣ ਵਾਲੇ ਭੁੱਲ ਬੈਠਦੇ ਹਨ ਕਿ ਦੂਰੋਂ ‘ਜੰਨਤ’ ਵਾਂਗ ਜਾਪਣ ਵਾਲੀ ਦ੍ਰਿਸ਼ਕਾਰੀ, ਅੰਦਰੂਨੀ ਤੌਰ-ਤਰੀਕਿਆਂ ‘ਚ ਭਿੰਨ ਹੈ। ਪੰਜਾਬ ਦੀ ਜਵਾਨੀ ਇਸ ਭਿੰਨਤਾ ਦੇ ਅਹਿਸਾਸ ਨੂੰ ਹਕੀਕੀ ਹੰਢਾਉਂਦੀ ਹੈ ਤਾਂ ਤਾਣਾ-ਬਾਣਾ ਹੋਰ ਉਲਝਦਾ ਹੈ। ਤਾਣੇ-ਬਾਣੇ ਨੂੰ ਉਲਝਾਉਣ ਵਿਚ ਵਿਅਕਤੀਗਤ ਰੁਚੀਆਂ, ਮਾਪਿਆਂ ਦਾ ਧੀ-ਪੁੱਤ ਪ੍ਰਤਿ ਵੱਖ-ਵੱਖ ਦ੍ਰਿਸ਼ਟੀਕੋਣ, ਪ੍ਰਸ਼ਾਸਨਿਕ ਵਿਵਸਥਾਵਾਂ, ਰਾਜਸੀ ਗਤੀਵਿਧੀਆਂ ਦੀ ਨਾਕਾਰਤਮਕ ਭੂਮਿਕਾ ਆਦਿ ਵੀ ਜ਼ਿੰਮੇਵਾਰ ਕਾਰਕ ਸਿੱਧ ਹੁੰਦੇ ਹਨ।ਨਾਟਕ ਦੀ ਪਾਤਰ ਮਹਿਕ ਨੂੰ ਉਸਦੇ ਪਿਤਾ ਦਾ ਦੋਸਤ ਵਿਦੇਸ਼ ਭੇਜਣ ਲਈ ਇਹੋ ਜਿਹੇ ਬੋਲਾਂ ਨਾਲ ਪ੍ਰੇਰਦਾ ਹੈ : “ਤੁਹਾਡੀ ਬੇਟੀ ਤਾਂ ਬਹੁਤ ਹੁਸ਼ਿਆਰ ਆ, ਇਹਨੂੰ ਆਈਲੈਟਸ ਕਰਾ ਕੇ ਕਨੈਡਾ ਭੇਜੋ, ਥੋਡੀ ਜ਼ਿੰਦਗੀ ਸੁਧਰ ਜੂ, ਤੁਸੀਂ ਮੌਕਾ ਕਿਉਂ ਗੁਆਉਂਦੇ ਓ।” (ਸਫ਼ਾ/60) ਸਾਢੇ ਸੱਤ ਬੈਂਡ ਲੈਣ ਵਾਲੀ ਮਹਿਕ, ਸੰਘਰਸ਼ ਭਰੀ ਜੀਵਨਸ਼ੈਲੀ ਦਾ ਰਾਹ ਚੁਣਨ ਲਈ ਮਜ਼ਬੂਰ ਹੁੰਦੀ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਅਣਚਾਹੇ ਵਿਆਹ ਵਿਚ ਪਤੀ ਰੂਪੀ ਸਵੀਕਾਰੇ ਮਨੀ ਦਾ ਸਾਰਾ ਧਿਆਨ ‘ਮਨੀ’ ਵਿਚ ਲੱਗਿਆ ਹੋਇਆ ਹੈ। ਉਸਨੂੰ ਵਿਦੇਸ਼ ਜਾਣ ਦੀ ਕਾਹਲ ਹੈ; ਮਹਿਕ ਵੱਲੋਂ ਜਲਦੀ ਕਾਗਜ਼ ਭੇਜੇ ਜਾਣ ਦੀ ਇੱਛਾ ਹੈ; ਅਤੇ ਸੁਭਾਅ ਵੀ ਸ਼ੱਕੀ ਹੈ। ਉਹ ਫੋਨ ’ਤੇ ਅਬੱਦਰ ਸ਼ਬਦਾਵਲੀ ਦਾ ਇਸਤੇਮਾਲ ਕਰਦੇ ਹੋਏ ਬਾਰ-ਬਾਰ ਤੰਗ ਕਰਦਾ ਹੈ। ਮਹਿਕ ਦੇ ਮਾਪਿਆਂ ਨੂੰ ਆਤਮ ਹੱਤਿਆ ਕਰਨ ਦੀਆਂ ਧਮਕੀਆਂ ਦਿੰਦਾ ਹੈ। ਪੱਚੀ ਲੱਖ ਦੀ ਫ਼ ?ਕਰਮੰਦੀ ਵਿਚ ਨਜ਼ਦੀਕੀਆਂ ਦੀਆਂ ਟਿੱਚਰਾਂ ਨੂੰ ਸਹਿਣ ਕਰਨਾ ਉਸ ਲਈ ਔਖਾ ਹੈ। ਦੂਜੇ ਬੰਨੇ ਮਹਿਕ ਕੈਨੇਡੀਅਨ ਮਾਹੌਲ ਨੂੰ ਨੇੜਿਉਂ ਜਾਣਦੀ ਹੋਈ ਆਪਣੀ ਸਹੇਲੀਨੁਮਾ ਰਮਨ ਨੂੰ ਦੱਸਦੀ ਹੈ: ‘ਸਾਨੂੰ ਤਾਂ ਐਥੇ ਈ ਵਥੇਰੀਆਂ ਪ੍ਰੋਬਲਮਾਂ ਦਾ ਸਾਹਮਣਾ ਕਰਨਾ ਪੈਂਦੈ। ਐਥੇ ਈ ਬੁੱਢੇ ਠੇਠਰ ਧੌਲੇ ਝਾਟੇ ਵਾਲੇ ਪੰਜਾਹ ਡਾਲਰ ਦੀ ਗਰੋਸਰੀ ਦੇ ਕੇ ਕੁੜੀਆਂ ਨੂੰ ਮੁੱਲ ਲਈਆਂ ਸਮਝਦੇ ਨੇ। ਕੰਮਾਂ ’ਤੇ ਬੌਸ ਮਜਬੂਰੀਆਂ ਦਾ ਫ਼ਾਇਦਾ ਲੈਂਦੇ ਨੇ। ਕਿੱਧਰ ਜਾਈਏ, ਕੀ ਕਰੀਏ ?’ (ਸਫ਼ਾ/60)

ਗੈਰੀ, ਸੱਤੀ, ਰਮਨ, ਮਹਿਕ ਵਰਗੇ ਕੌਮਾਂਤਰੀ ਵਿਦਿਆਰਥੀ ਦੇ ਤਨ, ਮਨ, ਧਨ ਲੁਟੀਂਦੇ ਨੇ। ਬੇਸਮੈਂਟਾਂ ‘ਚ ਜ਼ਿੰਦਗੀ ਗੁਜ਼ਾਰਦੀ ਨਵੀਂ ਪੀੜ੍ਹੀ ਕਿਰਾਏ-ਖੁਣੋਂ ਆਪਣਿਆਂ ਹੱਥੋਂ ਜ਼ਲੀਲ ਹੁੰਦੀ ਹੈ ਤਾਂ ‘ਜੰਨਤ’ ਦਾ ਸਾਰਾ ਭਰਮ ਜਾਲ ਟੁੱਟ ਜਾਂਦਾ ਹੈ। ਸੱਤੀ ਨੂੰ ਤਾਂ ਉਸਦਾ ਚਾਚਾ ਵੀ ਸਹਾਇਤਾ ਦੇਣ ਤੋਂ ਕਿਨਾਰਾ ਕਰ ਲੈਂਦਾ ਹੈ। ਉਹ ਆਪਣੇ ਸਾਥੀ ਗੈਰੀ ਅੱਗੇ ਚਾਚੇ ਦਾ ਪਰਿਵਾਰਕ ਚਿੱਠਾ ਫ਼ਰੋਲਦਾ ਕਹਿੰਦਾ ਹੈ: ‘ਪਲੰਮਿੰਗ ਦੀ ਕੰਪਨੀ ਐ ਉਹਨਾਂ ਦੀ, ਮੈਂ ਇੱਥੇ ਤਾਂ ਚਾਚੇ ਦੇ ਕਦੇ ਸਾਫ਼ ਕੱਪੜੇ ਪਾਏ ਨਹੀਂ ਦੇਖੇ, ਉਹੀ ਲਿਬੜੇ -ਤਿਬੜੇ, ਦਸ ਵਜੇ ਤੋਂ ਪਹਿਲਾਂ ਕਦੇ ਘਰ ਨਹੀਂ ਪਹੁੰਚਿਆ। ਐਥੇ ਘਰਦਿਆਂ ਨਾਲ ਲੜੀ ਜਾਊ; ਤੁਸੀਂ ਖ਼ਰਚਾ ਵਾਧੂ ਕਰਦੇ ਓ, ਬੇਸਮੈਂਟ ਵਾਲਿਆਂ ਨਾਲ ਤੁਸੀਂ ਲਾਈਟਾਂ ਜਗਾਈ ਰੱਖਦੇ ਓ—ਕਦੇ ਕਹੂ ਲਾਂਡਰੀ ਹਫ਼ਤੇ ਵਿਚ ਇਕੋ ਵਾਰੀ ਵਰਤ ਸਕਦੇ ਓ, ਉੱਥੇ ਪਤਾ ਨਹੀਂ ਕਿਉਂ,ਜਾ ਕੇ ਫੜ੍ਹਾਂ ਮਾਰੀ ਜਾਂਦੇ ਸੀ, ਸਾਡੇ ਵਰਗਿਆਂ ਨੂੰ ਪੱਟਣ ਲਈ। ‘(ਸਫ਼ੇ/33-34) ਪੀੜ੍ਹੀ-ਪਾੜ ਵੀ ਸਮਸਿਆ ਦੀ ਜੜ੍ਹ ਵਿਚ ਵਾਧਾ ਕਰਦਾ ਹੈ। ਸਮਸਿਆਕਾਰੀ ਦੀ ਇਸ ਕੜੀ ਵਿਚ ਭੂਆ-ਭਤੀਜਿਆਂ ਦੀ ਆਮਦ, ਰੱਖ-ਰਖਾਵ, ਵਿਆਹ-ਪ੍ਰਬੰਧ ਆਦਿ ਦੇ ਹੋਰ ਵੀ ਕਈ ਕੋਣ ਬਣ ਜਾਂਦੇ ਨੇ। ਨਾਟਕ ਵਿਚ ਬਜ਼ੁਰਗ ਦਲੀਪ ਸਿੰਘ ਦੀ ਨੂੰਹ ਹਰਪਾਲ ਕੌਰ ਬੀਤੇ ਨੂੰ ਯਾਦ ਕਰਦੀ ਸਵੀਕਾਰਦੀ ਹੈ ਕਿ ਅਠਾਰਾਂ ਵਰ੍ਹਿਆਂ ਦੀ ਵਿਆਹੀ ਜਾਣ ਦੇ ਪੰਜ ਵਰ੍ਹੇ ਮਗਰੋਂ ਪਤੀ-ਮੌਤ ਬਾਅਦ ਦੂਜਾ ਵਿਆਹ ਵਿਜ਼ਟਰ ਨਾਲ ਕਰਵਾਇਆ ਸੀ। ਉਹ ਭਾਰਤ ਤੋਂ ਗਈ ਨਵ-ਮੁਟਿਆਰ ਰਮਨ ਨਾਲ ਗੱਲਾਂ ਕਰ ਮਨ ਹੌਲਾ ਕਰਦੀ ਹੈ। ਨਵਿਆਂ ਅਤੇ ਪੁਰਾਣਿਆਂ ਦੀ ਵਿਚਾਰਧਾਰਕ ਵਿਰੋਧਤਾ ’ਚੋ ਇਹ ਤੱਥ ਸਾਹਮਣੇ ਆਉਂਦੇ ਹਨ ਕਿ ‘ਵਿਆਹ’ ਨਾਲੋਂ ‘ਵਿਆਹ ਬਾਹਰੇ ਸੰਬੰਧ’ ਦਰੁਸਤ ਹਨ। ਇਉਂ ਪੰਜਾਬੀ ਮਾਨਸਿਕਤਾ ਵਿਚ ਮੁਹੱਬਤ-ਚਾਹਤ ਕਰ ਆਪਸੀ ਦੁਸ਼ਮਣੀਆਂ ਪਾਲਣੀਆਂ, ਜਾਤ-ਪਾਤ ਦੇ ਵਖਰੇਵੇਂ ਆਦਿ ਘੁੰਮਣਘੇਰੀਆਂ ਵੀ ਨਾਲ- ਨਾਲ ਚੱਲਦੀਆਂ ਹਨ।

ਵਿਦਿਆਰਥੀਆਂ ਦਾ ਕੰਮ ਅਤੇ ਵਿੱਦਿਅਕ ਅਦਾਰਿਆਂ ਦੀ ਅਸਾਈਨਮੈਂਟਾਂ ਦੇ ਬੋਝ ਥੱਲੇ ਦੱਬਣਾ; ਕਰਜਈ ਕਿਸਾਨੀ ਦੀਆਂ ਕਿਸ਼ਤਾਂ, ਭਾਰਤੀ-ਵਿਦੇਸ਼ੀ ਨੀਤੀਆਂ ਦੇ ਘਟਦੇ -ਵਧਦੇ ਕ੍ਰਮ ਵਿਚ ਹੁੰਦੀ ਖੱਜਲਖੁਆਰੀ, ਏਜੰਟਾਂ ਦੀਆਂ ਮਨਮਾਨੀਆਂ ‘ਚੋਂ ਪੈਦਾ ਹੋਏ ਪੁੱਠੇ ਰਾਹ, ਨਸ਼ਲਕੁਸ਼ੀ ਦਾ ਸ਼ਿਕਾਰ ਹੋਣਾ ਆਦਿ ਘਟਨਾਵਾਂ ਦੇ ਵੇਰਵੇ ਵੀ ਹਿੱਸਾ ਬਣਦੇ ਹਨ।ਸੱਤੀ ਦੀ ਮੌਤ ਦਾ ਹਵਾਲਾ ਇਹੋ ਦੱਸਦਾ ਹੈ।

ਪੰਜਾਬ ਦੇ ਨਿੱਤ ਦਿਹਾੜੀ ਬਦਲਦੇ ਹਾਲਾਤਾਂ ਵਿਚ ਅਸੁਰੱਖਿਆ ਦੀ ਭਾਵਨਾ ਵਧਦੀ ਜਾ ਰਹੀ ਹੈ। ਨਸ਼ੇ, ਰੁਜ਼ਗਾਰ ਦੀ ਘਾਟ, ਗੈਂਗਸਟਰ ਰੁਝਾਨ, ਪ੍ਰਦੂਸ਼ਿਤ ਵਾਤਾਵਰਣ ਵਿਚ ਸੰਵੇਦਨਸ਼ੀਲ ਬੰਦੇ ਮੁੱਲਹੀਣ ਹੋ ਰਹੇ ਹਨ। ਇਕੱਲਤਾ, ਬੇਗਾਨਗੀ, ਉਦਾਸੀ ਨੇ ਤਣਾਅ ਦੀ ਗਤੀ ਤੇਜ਼ ਕਰ ਦਿੱਤੀ ਹੈ। ਇਸ ਤਣਾਅ ਦਾ ਪ੍ਰਭਾਵ ਬਾਪੂ ਅਤੇ ਗੈਰੀ ਉੱਤੇ ਸਹਿਜੇ ਵੇਖਿਆ ਜਾ ਸਕਦਾ ਹੈ।ਭੱਜਗੇ—ਫੜਿਓ—ਫੜਿਓ’ ਬੋਲ ਘਣਾ ਕੁਝ ਕਹਿ ਜਾਂਦੇ ਨੇ।ਨਾਟਕੀ ਕਲਾ-ਪੱਖ ਤੋਂ ਇਹ ਨੁਕਤਾ ਵਿਚਾਰਨ ਵਾਲਾ ਹੈ ਕਿ ਬਾਪੂ ਤੋਂ ਗੈਰੀ ਤੱਕ ਦੇ ਸਫ਼ਰ ਵਿਚ ਮੁਸ਼ਕਲਾਂ ਜਾਰੀ ਹਨ। ਦੋਨਾਂ ਦਾ ਪਾਗਲਪਨ ਦੀ ਅਵਸਥਾ ਤੱਕ ਪਹੁੰਚਣਾ, ਅਸਹਿ ਹੈ।

ਨਾਟਕ ਦਾ ਕੇਂਦਰੀ ਸਥਾਨ ਅਵਤਾਰ-ਹਰਪਾਲ ਕੌਰ ਦਾ ਘਰ, ਬੇਸਮੈਂਟ ਹੈ। ਜਿੱਥੇ ਬਾਪੂ ਅਤੇ ਵਿਦਿਆਰਥੀਆਂ ਦਾ ਵਸੇਬਾ ਹੈ। ਨੌਂ ਦ੍ਰਿਸ਼ਾਂ ਵਾਲੇ ਇਸ ਨਾਟਕ ਵਿਚ ਗੀਤ-ਸੰਗੀਤ ਧੁਨੀਆ ਮੰਚ-ਮਾਹੌਲ ਸਿਰਜਦੀਆਂ ਹਨ। ਇਸ ਨਾਟ-ਪਾਠ ਦਾ ਅਧਿਐਨ ਕਰਦਿਆਂ ਆਤਮਜੀਤ ਦਾ ਨਾਟਕ ‘ਕੈਮਲੂਪਸ ਦੀਆਂ ਮੱਛੀਆਂ’ ਚੇਤੇ ਆਉਂਦਾ ਹੈ; ਜਿੱਥੇ ਬੇਸਮੈਂਟ ਵਿਚ ਤੜਪਦਾ ਭਾਈਆ ਜੰਮਣ ਭੋਇੰ ’ਚ ਮਰਨਾ ਚਾਹੁੰਦਾ ਹੈ। ਪੁੱਤ-ਨੂੰਹ, ਅੱਗੋਂ ਉਨ੍ਹਾਂ ਦੀ ਔਲਾਦ ਦਾ ਦ੍ਰਿਸ਼ਟੀਕੋਣ ਚਰਚਾ ਦਾ ਵਿਸ਼ਾ ਬਣਦਾ ਹੈ। ਇਹ ਪੰਜਾਬੀ ਦਾ ਪਹਿਲਾ ਅਜਿਹਾ ਨਾਟਕ ਹੈ ਜੋ ਚਾਰ ਪੀੜ੍ਹੀਆਂ ਰਾਹੀਂ ਸੰਵਾਦਕ-ਸੰਬੰਧ ਸਿਰਜਣ ਦਾ ਨਿਉਤਾ ਦਿੰਦਾ ਹੈ। ਹੋਰ ਨਾਟ-ਕਿਰਤਾਂ ਨੂੰ ਵੀ ਸੂਚੀ ਦਾ ਅੰਗ ਬਣਾਇਆ ਜਾ ਸਕਦਾ ਹੈ। ‘ਜੰਨਤ’ ਵੀ ਇਸ ਸ਼੍ਰੇਣੀ ਦਾ ਮਹੱਤਵਪੂਰਨ ਨਾਟਕ ਹੈ ।




ਦੂਜਾ ਨਾਟਕ ‘ਲਾਸ਼ ਦਾ ਮੁੱਲ’ ਇਤਿਹਾਸ ਦੇ ਪੰਨੇ ਫਰੋਲਦਾ ਹੈ। 1919 ਵਿਚ ਜਲ੍ਹਿਆਂਵਾਲਾ ਬਾਗ਼ ਵਿਖੇ ਵਾਪਰੇ ਕਤਲੇਆਮ ਨੂੰ ਆਜ਼ਾਦੀ ਸੰਗਰਾਮ ਨਾਲ ਜੋੜਦਾ ਹੋਇਆ ਔਰਤ ਮਨੋਬਿਰਤੀ ਅਤੇ ਅਸਲ ਨਾਇਕਾਂ ਦੀ ਪਛਾਣ ਨੂੰ ਤਸਦੀਕ ਕਰਦਾ ਹੈ। ਨਿਹਾਲੋ, ਰਤਨੋ, ਅਤਰੋ ਦੇ ਸੰਵਾਦ ਵੇਲੇ ਦੇ ਗਵਾਹ ਬਣਦੇ ਹਨ। ਉਦਾਹਰਣ ਵੱਜੋਂ ਰਤਨੋ ਦੇ ਬੋਲਾਂ ਵਿਚੋਂ ਦਰਦਮਈ ਹੂਕ ਨੂੰ ਵੇਖਿਆ-ਸੁਣਿਆ ਜਾ ਸਕਦਾ ਹੈ:’ ਹਾਂ ਜਦੋਂ ਮੈਂ ਤੀਜਾ ਘਰ ਖੜਕਾਇਆ ਤਾਂ ਉਨ੍ਹਾਂ ਨੇ ਵੀ ਬੇਵਸੀ ਜ਼ਾਹਰ ਕੀਤੀ ਤਾਂ ਮੈਂ ਉੱਥੋਂ ਇਕ ਸੋਟਾ ਲਿਆ ਤੇ ਪ੍ਰੇਸ਼ਾਨ ਹੋ ਕੇ ਸਾਰੀ ਰਾਤ ਲਾਸ਼ ਕੋਲ ਬੈਠੀ ਰਹੀ। ਸਾਰੀ ਰਾਤ ਕੁੱਤੇ ਲਾਸ਼ਾਂ ਖਿੱਚ ਕੇ ਲਿਜਾਂਦੇ ਸਨ ਮੈਂ ਸੋਟੇ ਨਾਲ ਸਾਰੀ ਰਾਤ ਕੁੱਤੇ ਹਟਾਉਂਦੀ ਰਹੀ। ਇਹ ਦਰਦਨਾਕ ਰਾਤ ਨੂੰ ਬਹੁਤ ਸਾਰੇ ਜ਼ਖ਼ਮੀਆਂ ਨੇ ਮੇਰੀਆਂ ਅੱਖਾਂ ਦੇ ਸਾਹਮਣੇ ਦਮ ਤੋੜ ਦਿੱਤੇ।’ (ਸਫ਼ੇ/99)

ਅੰਗਰੇਜ਼ਾਂ ਤੋਂ ਪੀੜ੍ਹਤ ਲੋਕ, ਕ੍ਰਾਂਤੀਕਾਰੀ ਬਣੇ। ਅਤੇ ਕਈ ਚਾਪਲੂਸ, ਸਨਮਾਨਿਤ ਅਹੁਦਿਆਂ ਨੂੰ ਹਥਿਆਉਣ ਖ਼ਾਤਰ ‘ਗੱਦਾਰ’ ਬਣੇ। ਗ਼ੱਦਾਰ ਅਤੇ ਵਫ਼ਾਦਾਰ ਵਿਚ ਵੱਡਾ ਫ਼ਰਕ ਹੈ। ਨਾਟਕ,ਇਹ ਭੇਦ ਖੋਲ੍ਹਦਾ ਹੈ। ਨਿਹਾਲੋ ਦਾ ਗ਼ਦਰੀ ਪਤੀ, ਕਾਲੇ ਪਾਣੀ ਦੀ ਸਜ਼ਾ ਭੋਗਦਾ ਹੈ। ਪਰ ਉਹ ਜ਼ਿੰਦਗੀ ਦੀਆਂ ਕਠਿਨਾਈਆਂ ਨੂੰ ਅੰਦਰੂਨੀ ਸ਼ਕਤੀ ਨਾਲ ਨਜਿੱਠਦੀ ਹੈ। ਅਤਰ ਕੌਰ, ਰਤਨ ਦੇਈਂ ਦਾ ਪਰਿਵਾਰ ਵੀ ਸੰਗਰਾਮ ਗਤੀਵਿਧੀਆਂ ਦਾ ਹਿੱਸਾ ਬਣ ਯੋਗਦਾਨ ਪਾਉਂਦਾ ਹੈ। ਦੇਸ਼ ਭਗਤੀ ਦੇ ਜਜ਼ਬੇ ਵਿਚ ਉਨ੍ਹਾਂ ਦੇ ਹਮਸਫ਼ਰ ਗੁਆਚਦੇ ਹਨ। ਇਨ੍ਹਾਂ ਜੂਝਦੀਆਂ - ਦਲੇਰਾਨਾ ਔਰਤਾਂ ਨੂੰ ਦੇਸ਼ੀ ਅਫ਼ਸਰ ਵਿਖਾਵੇ ਰੂਪੀ ਵਿੱਤੀ-ਸਹਾਇਤਾ ਦੀ ਪੇਸ਼ਕਸ਼ ਕਰਦੇ ਹਨ ਤਾਂ ਲਲਕਾਰਦੀਆਂ ਨੇ:- ‘ਅਸੀਂ ਉਹਨਾਂ ਬੁਜ਼ਦਿਲਾਂ ਵਿਚੋਂ ਨਹੀਂ ਜੋ ਹਤਿਆਰਿਆਂ ਦੇ ਗਲਾਂ ਵਿੱਚ ਸਿਰੋਪੇ ਪਾਉਂਦੇ ਨੇ। ਸਾਡੇ ਸੀਨੇ ਵਿਚ ਦੱਗਦਾ ਵਿਦਰੋਹ ਕਦੇ ਮੱਠਾ ਨਹੀਂ ਪੈ ਸਕਦਾ।’ ਤੁਸੀਂ ਐਨੇ ਬੇਗੈਰਤ ਲੋਕ.. ਜੋ ਇਨ੍ਹਾਂ ਮਾਸੂਮ ਬੱਚਿਆਂ ਦੇ ਪਿਓ ਦਾ ਮੁੱਲ - ਸ਼ਹੀਦ ਦੀ ਲਾਸ਼ ਦਾ ਮੁੱਲ ਕੁੱਲ ਪੱਚੀ ਹਜ਼ਾਰ ਪਾਉਂਦੇ ਹੋ। ਦਫ਼ਾ ਹੋ ਜਾਓ ਇੱਥੋਂ - “(ਸਫ਼ਾ/110) ਨਾਟਕ ਦੇ ਇਹ ਅੰਤਿਮ ਬੋਲ ਸਮਕਾਲੀ ਰਾਜਸੀ ਪਰਿਦ੍ਰਿਸ਼ ’ਤੇ ਵੀ ਢੁੱਕਵੇਂ ਹਨ। ਇਤਿਹਾਸ, ਸਮਕਾਲ ਦਾ ਮਾਰਗਦਰਸ਼ਨ ਵੀ ਕਰਦਾ ਹੈ।

ਪੰਜਾਬ ਦੇ ਸ਼ਾਨਾਮੱਤਾ ਇਤਿਹਾਸ ਵਿਚ ਗੁਰੂ ਸ਼ਹੀਦੀਆਂ ਵੀ ਸ਼ਾਮਲ ਹਨ। ਯੁੱਧਾਂ ਦੇ ਠੱਲ ਦਾ ਸੰਬੰਧ ਵੀ ਸੂਬੇ ਨਾਲ ਜੁੜਿਆ ਹੋਇਆ ਹੈ। ਅਤੇ ਦੇਸ਼ ਨੂੰ ਆਜ਼ਾਦ ਕਰਵਾਉਣ ਵਿਚ ਮੋਹਰੀ ਭੂਮਿਕਾ ਵੀ ਇਸ ਦੇ ਲੇਖੇ ਆਈ ਹੈ।ਪੰਜਾਬ ਦੀ ਤੋਰ ਅੱਡਰੀ ਰਹੀ ਹੈ। ਨਾਟਕ ਇਸ ਖ਼ਾਸ ਤੌਰ ਨੂੰ ਪਛਾਣਦਾ ਹੋਇਆ, ਨਾਰੀ ਸੰਵੇਦਨਾਵਾਂ ਨੂੰ ਰੁਬਰੂ ਕਰਦਾ ਹੈ। ਬਤੌਰ ਨਾਟਕਾਕਰ ਕਥਨ ਹੈ:-‘ਉਸ ਸਮੇਂ ਦੇ ਰਹਿਣ-ਸਹਿਣ ਅਤੇ ਆਮ ਲੋਕਾਂ ਦੀ ਗੱਲ ਕਰਨੀ ਪਵੇਗੀ, ਜਿਨ੍ਹਾਂ ਨੇ ਇਸ ਕਤਲੇਆਮ ਨੂੰ ਹੰਢਾਇਆ ਹੈ। ਔਰਤ ਲੇਖਕ ਹੋਣ ਕਰਕੇ ਮੇਰੇ ਮਨ ਵਿਚ ਰਹਿੰਦਾ ਹੈ ਕਿ ਬਹੁਤ ਸਾਰੀਆਂ ਗੱਲਾਂ ਔਰਤ ਲੇਖਿਕਾਵਾਂ ਘੱਟ ਹੋਣ ਕਰਕੇ ਔਰਤ ਦੇ ਪੱਖ ਨੂੰ ਬਹੁਤੀ ਵਾਰ ਅਣਗੌਲਿਆ ਕੀਤਾ ਜਾਂਦਾ ਹੈ, ਕਿਉਂਕਿ ਔਰਤ ਦੀ ਮਨੋਦਸ਼ਾ ਤੇ ਸਥਿਤੀਆਂ ਨੂੰ ਔਰਤ ਹੀ ਬਾਖ਼ੂਬੀ ਸਮਝ ਸਕਦੀ ਹੈ। ਉਂਝ ਵੀ ਇਤਿਹਾਸ ’ਤੇ ਝਾਤੀ ਮਾਰਿਆ ਔਰਤ ਘੱਟ ਹੀ ਨਜ਼ਰ ਪੈਂਦੀ ਹੈ। ਜਦਕਿ ਸਮਾਜ ਵਿਚ ਔਰਤ ਅੱਧ ਦੀ ਭਾਗੀਦਾਰ ਹੈ। (ਸਫ਼ਾ/20) ਲੇਖਕ, ਲਿਖ਼ਤ ਪ੍ਰਸੰਗ ਤੋਂ ਇਸ ਟਿੱਪਣੀ ਵਿਚ ਭਾਵਨਾਵਾਂ ਵਧੇਰੇ ਨਜ਼ਰ ਆਉਂਦੀਆਂ ਹਨ। ਉੱਚੀ ਸੁਰ ਵਿਚ।

ਪੰਜਾਬੀ ਨਾਟ-ਸਾਹਿਤ ਵਿਚ ‘ਸਤਾਬਦੀ ਨਾਟਕ’ ਦੀ ਵਿਲੱਖਣ ਪਰੰਪਰਾ ਹੈ। ਇਹ ਨਾਟਕ ਵੀ ਜਲਿਆਂਵਾਲਾ ਬਾਗ਼ ਦੀ ਸ਼ਤਾਬਦੀ ਨੂੰ ਸਮਰਪਿਤ ਹੈ। ਸਰਲ-ਕਥਾਨਕ ਨਾਲ ਉਣਿਆ ਗਿਆ ਨਾਟਕ, ਅਨੇਕਾਂ ਸਵਾਲ ਪੈਦਾ ਕਰਦਾ ਹੈ। ਨਾਟਕੀ ਸੰਗੀਤ, ਵਿਅੰਗਮਈ ਸ਼ੈਲੀ, ਬੋਲੀ, ਪਾਤਰਾਂ ਦਾ ਵਿਵਹਾਰ; ਮੰਚ ਅਨੁਕੂਲ ਹੈ। ਇਹ ਦੋਵੇਂ ਨਾਟਕ ‘ਪ੍ਰੋਗਰੈਸਿਵ ਆਰਟ ਕਲੱਬ’ ਦੀ ਦਿਸ਼ਾ-ਨਿਰਦੇਸ਼ਨਾ ਹੇਠ ਕਨੈਡਾ ਵਿਚ ਸਫ਼ਲਤਾ ਪੂਰਵਕ ਮੰਚਿਤ ਹੋਣ ਦਾ ਮਾਣ ਪ੍ਰਾਪਤ ਕਰ ਚੁੱਕੇ ਹਨ।

ਗੁਰਸ਼ਰਨ ਭਾਅ ਜੀ ਦੀ ਵਿਚਾਰਧਾਰਕ ਪ੍ਰਤਿਭਾ ਤੋਂ ਪ੍ਰਭਾਵਿਤ ਪਰਮਿੰਦਰ ਕੌਰ ਸਵੈਚ, ਬਹੁਵਿਧਾਈ ਸ਼ਖ਼ਸੀਅਤ ਹੈ। ਸ਼ਾਇਰ ਹੈ; ਸੋਸ਼ਲ ਵਰਕਰ ਹੈ; ਨਾਟਕਕਾਰ ਹੈ। ਇਨ੍ਹਾਂ ਦੋਵਾਂ ਨਾਟਕਾਂ ਦੇ ਪ੍ਰਕਾਸ਼ਨ ਨੇ ਪੰਜਾਬੀ ਨਾਟ-ਇਤਿਹਾਸਕਾਰੀ ਵਿਚ ਦਾਖ਼ਲਾ ਲੈ ਲਿਆ ਹੈ। ਆਵਾਸ, ਪਰਵਾਸ ਅਤੇ ਇਤਿਹਾਸ ਨੂੰ ਜਾਣਨ ਮੌਕੇ ਇਹ ਨਾਟ-ਪਾਠ ਸਰੋਤ ਬਣ ਸਕਦੇ ਹਨ।

**ਅਸਿਸਟੈਂਟ ਪ੍ਰੋਫ਼ੈਸਰ ਪੰਜਾਬੀ,**
**ਐਮਐਮ ਡੀ. ਡੀ ਏ ਵੀ ਕਾਲਜ**
**ਗਿੱਦੜਬਾਹਾ**



Galaxy Kitchen Cabinets Ltd.
Residential & Commercial





• Custom Cabinets • Countertops
• Vanities Bars • Entertainment Units
Call for Free Estimate :
Sarbjit S. Mangat
778-549-4740
# 12-13325 - 76 Ave. Surrey BC V2W 2V8 | F: 604-503-0058

Hans
Demolition & Excavating






* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Ph : 604-240-8002
or : 604-250-3834
Free Estimates
3822 Marine Way
Burnaby, B.C. V5J 3H4





THE HARP GREWAL ਹਰਪ ਗਰੇਵਾਲ REAL ESTATE TEAM
416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca
HOMELIFE SILVERCITY
REALTY INC. BROKERAGE
HIGHER STANDARDS


Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.





We can Also Arrange
Decoration
Party Rentals
Customer satisfaction is our pride!
VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.
403-835-2762 or 29 DREAM (37326)
Special Packages Available For All Occasions in Calgary





Punjabi Rang Radio
CHLO AM530
(TORONTO)
11PM-12AM
(SATURDAY)
Producer/Host
Chamkaur Singh Phulewala
Email punjabirang13@hotmail.com
Cell : 416 662 1313

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2





GALAXY Frightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2

# ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਵਲੋਂ ਅਯੋਜਿਤ ਮਲਟੀਕਲਚਰਲ ਕੈਨੇਡਾ ਡੇਅ ਦੇ ਫੰਕਸ਼ਨ ਤੇ ਲਾਮਿਸਾਲ ਇਕੱਠ










ਬਰੈਂਪਟਨ, (ਮਹਿੰਦਰ ਸਿੰਘ ਮੋਹੀ) : ਪਿਛਲੇ ਸਨਿਚਰਵਾਰ ਨੂੰ ਐਸੋਸੀਏਸ਼ਨ ਆਫ ਸੀਨੀਅਰਜ ਕਲੱਬਜ ਨੇ ਹਰ ਸਾਲ ਦਾ ਤਰਾਂ ਇਸ ਵਾਰ ਸੇਵ ਮੈਕਸ ਕਮਿਊਨੀਟੀ ਸੈਂਟਰ (ਸੌਕਰ ਸੈਟਰ) ਵਿਖੇ ਬਰੈਂਪਟਨ ਦੀਆਂ ਲੱਗਭਗ ਸਾਰੀਆਂ ਸੀਨੀਅਰ ਕਲੱਬਾਂ ਦੇ ਸਹਿਯੋਗ ਨਾਲ ਅੱਠਵਾਂ ਮਲਟੀਕਲਚਰਲ ਕਨੇਡਾ ਡੇਅ ਫੈਸਟੀਵਲ ਮਨਾਇਆ। ਬਰੈਂਪਟਨ ਦੇ ਸਾਰੇ ਸੀਨੀਅਰਜ ਦੇ ਮਨਾਂ ਵਿੱਚ ਆਪਣਾ ਨਿਵੇਕਲਾ ਸਥਾਨ ਬਣਾ ਚੁੱਕਾ ਇਹ ਸਮਾਗਮ ਇਸ ਵਾਰ ਕਨੇਡਾ ਦੀ ਬਹੁਪੱਖੀ ਸਭਿਆਚਾਰਕ ਬਣਤਰ ਦੀ ਦਿੱਖ ਪੇਸ਼ ਕਰਨ ਵਿੱਚ ਕਾਮਯਾਬ ਰਿਹਾ, ਜਿਸ ਵਿੱਚ ਪੰਜਾਬੀ ਤੇ ਹੋਰ ਵਖ ਵਖ ਭਾਸ਼ਾਈ ਵੰਨਗੀਆਂ ਦੇ ਪੇਸ਼ ਕੀਤੇ ਈਵੈਂਟਸ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਲਗਭਗ ਚਾਰ ਅੰਕ ਨੂੰ ਪਾਰ ਕਰ ਗਈ ਦਰਸ਼ਕਾਂ ਦੀ ਗਿਣਤੀ, ਵੱਡੇ ਹਾਲ ਤੇ ਗੈਲਰੀ ਵਿੱਚ ਬੈਠ ਕੇ ਹਰ ਪ੍ਰਫਾਰਮਿੰਸ ਨੂੰ ਮਾਣਦੀ ਰਹੀ ਤੇ ਲਗਾਤਾਰ ਤਾੜੀਆਂ ਨਾਲ ਹੌਸਲਾ ਅਫਜਾਈ ਕਰਦੀ ਰਹੀ! ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆ ਸਟੇਜ ਸਕੱਤਰ ਪ੍ਰੀਤਮ ਸਿੰਘ ਸਰਾਂ ਨੇ ਸਭ ਤੋਂ ਪਹਿਲਾਂ ਸਕੂਲ ਦੀ ਵਿਦਿਆਰਥਣ ਅਸ਼ਨੀਰ ਕੌਰ ਮਾਂਗਟ ਨੂੰ "ਓ ਕਨੇਡਾ, ਦਾ ਕੋਮੀ ਗੀਤ ਉਚਾਰਨ ਕਰਨ ਦਾ ਮੋਕਾ ਦਿੱਤਾ। ਇਸ ਪਿਛੋਂ ਅਸ਼ਨੀਰ ਕੌਰ ਮਾਂਗਟ ਨੇ ਸੁਰੀਲੀ ਅਵਾਜ ਵਿੱਚ ਗੁਰਬਾਣੀ ਦੇ ਸ਼ਬਦ ਦਾ ਉਚਾਰਨ ਕਰਕੇ ਸਾਰੇ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ। ਇਸ ਦੇ ਨਾਲ ਹੀ ਵਖ ਵਖ ਸਭਿਆਚਾਰਕ ਪੇਸ਼ਕਾਰੀਆਂ ਦੀ ਲੜੀ ਚਲਦੀ ਰਹੀ। ਦੂਜੇ ਪਾਸੇ ਪ੍ਰਬੰਧਕਾਂ ਵਲੋਂ ਫੂਡ ਟਰੱਕ ਰਾਹੀ ਖਾਣ ਪੀਣ ਦੀ ਸਪਲਾਈ ਲਗਾਤਾਰ ਜਾਰੀ ਸੀ। ਸਾਰੇ ਸੀਨੀਅਰਜ਼ ਲੰਬੀ ਹੁੰਦੀ ਜਾਂਦੀ ਉਡੀਕ ਦੇ ਬਾਵਜੂਦ ਜਾਬਤੇ ਵਿੱਚ ਰਹਿ ਕੇ ਰਿਫਰੈਸ਼ਮੈਂਟ ਦਾ ਸਵਾਦ ਲੈਂਦੇ ਰਹੇ। ਸਟੇਜ ਦੇ ਸਾਹਮਣੇ ਸਾਰੋਕਾਰਾ ਦੀ ਅਵਾਜ ਵਾਲੇ ਹਰਬੰਸ ਸਿੰਘ, ਦਵਿੰਦਰ ਸਿੰਘ ਤੂਰ ਤੋ ਬਲਦੇਵ ਸਿੰਘ ਔਲਖ ਦੀ ਟੀਮ ਨੇ ਵਡੀ ਗਿਣਤੀ ਵਿੱਚ ਅਗਾਂਹ ਵਧੂ ਕਿਤਾਬਾ ਦਾ ਵੱਡਾ ਸਟਾਲ ਲਾਇਆ ਹੋਇਆ ਸੀ। ਜਿਥੇ ਵੱਡੀ ਗਿਣਤੀ ਵਿੱਚ ਸੀਨੀਅਰ ਦਿਲਚਸਪੀ ਲੈਂਦਿਆਂ ਕਿਤਾਬਾ ਖਰੀਦ ਰਹੇ ਸਨ। ਸਟੇਜ ਤੇ ਐਸ਼ੋਸੀਏਸ਼ਨ ਦੇ ਪ੍ਰਧਾਨ ਜੰਗੀਰ ਸਿੰਘ ਸੈਬੀ ਆਪਣੀ ਸਾਰੀ ਅਗਜ਼ੈਕਟਿਵ ਮੈਂਬਰਜ ਨਾਲ ਆ ਰਹੇ ਮਹਿਮਾਨਾਂ ਦਾ ਸਵਾਗਤ ਕਰ ਰਹੇ ਸਨ ਤੇ ਉਹਨਾ ਨੂੰ ਐਸ਼ੋਸੀਏਸ਼ਨ ਵਲੋਂ ਸਨਮਾਨ ਚਿੰਨ੍ਹ ਭੇਟ ਕਰ ਰਹੇ ਸਨ। ਕਿਰਪਾਲ ਸਿੰਘ ਪੰਨੂ ਜਿਨਾਂ ਨੇ ਹਜਾਰਾ ਦੀ ਗਿਣਤੀ ਵਿੱਚ ਸੀਨੀਅਰਜ਼ ਨੂੰ ਕੰਪਿਊਟਰ ਦੀ ਫਰੀ ਸਿਖਲਾਈ ਦਿੱਤੀ ਹੈ, ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸਦੇ ਨਾਲ ਹੀ ਰਘਬੀਰ ਸਿੰਘ ਸੋਮਲ ਜਿਨਾਂ ਦੀ ਉਮਰ 98 ਸਾਲ 9 ਮਹੀਨੇ ਹੋ ਚੁੱਕੀ ਹੈ ਤੇ ਉਹ ਮਾਉਂਟਿਨਐਸ਼ ਸੀਨੀਅਰ ਕਲੱਬ ਦੇ ਸਰਗਰਮ ਮੈਂਬਰ ਹਨ ਤੇ ਡਰਾਈਵ ਕਰਦੇ ਹਨ, ਦਾ ਐਸੋਸੀਏਸ਼ਨ ਆਫ ਸੀਨੀਅਰਜ ਕਲੱਬਜ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸੇ ਤਰ੍ਹਾਂ ਲੇਡੀਜ ਵਿੱਚੋਂ ਵੀ ਅਰਜਿੰਦਰ ਕੌਰ ਮਾਂਗਟ ਜਿਨ੍ਹਾਂ ਦੀ ਉਮਰ 90 ਸਾਲ 8 ਮਹੀਨੇ ਹੈ, ਨੂੰ ਵੀ ਸਨਮਾਨਿਤ ਕਰਕੇ ਹੋਰ ਲੰਬੀ ਤੇ ਸਿਹਤਮੰਦ ਉਮਰ ਦੀ ਕਾਮਨਾਂ ਕੀਤੀ ਗਈ। ਪ੍ਰੋਵੈਨਸ ਵਲੋਂ ਐਮ ਪੀ ਪੀ ਅਮਰਜੋਤ ਸਿੰਘ ਸੰਧੂ, ਫੈਡਰਲ ਵਲੌ ਅੰਤਰਰਾਸ਼ਟਰੀ ਵਪਾਰ ਮੰਤਰੀ ਮਨਿੰਦਰ ਸਿੱਧੂ, ਅਮਰਜੀਤ ਸਿੰਘ ਗਿੱਲ, ਸੋਨੀਆ ਸਿੱਧੂ, ਰੂਬੀ ਸਹੋਤਾ ਸ਼ੌਕਤ ਅਲੀ ਨੇ ਆਪੋ ਆਪਣੇ ਵਿਚਾਰ ਪੇਸ਼ ਕਰਦਿਆਂ ਸੀਨੀਅਰਜ਼ ਨੂੰ ਮਲਟੀਕਲਚਰਲ ਕਨੇਡਾ ਡੇਅ ਮਨਾਉਣ ਲਈ ਵਧਾਈ ਦਿੱਤੀ। ਸਿਟੀ ਵਲੋਂ ਡਿਪਟੀ ਮੇਅਰ ਗੁਰਕੀਰਤ ਸਿੰਘ, ਰਿਜਨਲ ਕੌਸਲਰ ਗੁਰਪ੍ਰਤਾਪ ਸਿੰਘ ਤੂਰ, ਕੌਸਲਰ ਨਵਜੋਤ ਕੌਰ ਬਰਾੜ ਤੇ ਪਾਲ ਵਿੰਨਸਨਤੇ ਨੇ ਐਸੋਸੀਏਸ਼ਨ ਵਲੋਂ ਮਲਟੀਕਲਚਰਲ ਕੈਨੇਡਾ ਡੇਅ ਮਨਾਉਣ ਲਈ ਇੰਨਾ ਵੱਡਾ ਪ੍ਰਬੰਧ ਕਰਨ ਤੇ ਵੱਡੀ ਗਿਣਤੀ ਵਿੱਚ ਸੀਨੀਅਰਜ਼ ਦੇ ਪ੍ਰੀਵਾਰਾਂ ਸਮੇਤ ਪਹੁੰਚਣ ਤੇ ਐਸੋਸੀਏਸ਼ਨ ਨੂੰ ਤੇ ਸਾਰੇ ਦਰਸ਼ਕਾਂ ਨੂੰ ਵਧਾਈ ਦਿਤੀ। ਐਸੋਸੀਏਸ਼ਨ ਵਲੋ ਸਿਟੀ ਵਲੋਂ ਵਧਾਏ ਗਏ ਪ੍ਰਾਪਰਟੀ ਟੈਕਸ ਤੇ ਘਰਾਂ ਵਿੱਚ ਕੋਈ ਵੀ ਤਬਦੀਲੀ ਕਰਨ ਲਈ ਪਰਮਿਟ ਲੈਣ ਤੇ ਲਗਾਈ ਗਈ ਕਈ ਗੁਣਾ ਨਜਾਇਜ ਫੀਸ ਨੂੰ ਵਾਪਸ ਲੈਣ ਦੀ ਮੰਗ ਕਰਦਾ, ਡਿਮਾਂਡ ਚਾਰਟਰ ਡਿਪਟੀ ਮੇਅਰ ਹਰਕੀਰਤ ਸਿੰਘ ਤੇ ਸਿਟੀ ਦੇ ਸਾਰੇ ਕੌਸਲਰ ਦੀ ਟੀਮ ਨੂੰ ਦਿੱਤਾ ਗਿਆ। ਸਕੂਲ ਟਰੱਸਟੀ ਸਤਪਾਲ ਜੌਹਲ ਨੇ ਵੀ ਵਧੀਆ ਵਿਚਾਰ ਪੇਸ਼ ਕਰਦਿਆ ਆਪਣੀ ਹਾਜਰੀ ਲਗਵਾਈ। ਐਸੋਸੀਏਸ਼ਨ ਦੇ ਮੀਡੀਆ ਐਡਵਾਈਜ਼ਰ ਮਹਿੰਦਰ ਸਿੰਘ ਮੋਹੀ ਨੇ ਕਨੇਡਾ ਡੇਅ ਦੇ ਇਤਿਹਾਸ ਬਾਰੇ ਵਿਸਥਾਰ ਨਾਲ ਬੋਲਦਿਆਂ 1982 ਦੇ ਐਕਟ ਰਾਹੀ ਕਨੇਡਾ ਨੂੰ ਮਿਲੀ ਪੂਰੀ ਅਜਾਦੀ ਤੇ ਚਾਰਟਰ ਆਫ ਰਾਈਟਸ ਦੀ ਮਹੱਤਤਾ ਦਾ ਵਰਨਣ ਕੀਤਾ। ਐਸੋਸੀਏਸ਼ਨ ਦੇ ਪ੍ਰਧਾਨ ਜੰਗੀਰ ਸਿੰਘ ਸੈਬੀਂ ਨੇ ਸਾਰੇ ਸੀਨੀਅਰਜ ਤੇ ਉਹਨਾਂ ਦੀਆ ਕਲੱਬਜ ਦੇ ਪ੍ਰਧਾਨ ਤੇ ਕਮੇਟੀਆ ਦਾ ਧੰਨਵਾਦ ਕੀਤਾ, ਜਿੰਨਾ ਦੇ ਸਹਿਯੋਗ ਨਾਲ ਐਸੋਸੀਏਸ਼ਨ ਇੰਨਾ ਵੱਡਾ ਸਮਾਗਮ ਕਰਵਾਉਣ ਵਿੱਚ ਕਾਮਯਾਬ ਹੋ ਸਕੀ। ਐਸੋਸੀਏਸ਼ਨ ਦੇ ਡਾਇਰੈਕਟਰ ਇਕਬਾਲ ਸਿੰਘ ਵਿਰਕ ਦੀ ਅਗਵਾਈ ਵਿੱਚ ਪੂਰੀ ਟੀਮ ਨੇ ਫੂਡ ਸਪਲਾਈ ਦਾ ਪੂਰਾ ਧਿਆਨ ਰੱਖਿਆ ਤੇ ਆਸ ਨਾਲੋਂ ਗਿਣਤੀ ਵਧ ਜਾਣ ਤੇ ਵੀ ਗਰਮਾ ਗਰਮ ਫੂਡ ਤੇ ਚਾਹ ਦੀ ਸਪਲਾਈ ਨਿਰੰਤਰ ਜਾਰੀ ਰੱਖੀ। ਡਾਇਰੈਕਟਰ ਲਾਲ ਸਿੰਘ ਬਰਾੜ ਵਲੋਂ ਸਟੇਜ ਤੇ ਸਨਮਾਨ ਚਿੰਨ੍ਹ ਤੇ ਸਰਟੀਫਿਕੇਟਸ ਨੂੰ ਵਧੀਆ ਢੰਗ ਨਾਲ ਸੰਭਾਲਿਆ ਤੇ ਤਰਤੀਬ ਨਾਲ ਮਾਨ ਸਨਮਾਨ ਸਮਾਰੋਹ ਨੂੰ ਲਗਾਤਾਰ ਬਿਨਾ ਕਿਸੇ ਵਿਘਨ ਦੇ ਜਾਰੀ ਰੱਖਣ ਵਿੱਚ ਕੋਈ ਰੁਕਾਵਟ ਨਹੀਂ ਆਉਣ ਦਿੱਤੀ। ਅਮਰੀਕ ਸਿੰਘ ਕੁਮਰੀਆ ਨੇ ਫਾਈਨਾਂਸ ਦਾ ਔਖਾ ਕੰਮ ਸਾਂਭਿਆ ਹੋਇਆ ਸੀ ਤੇ ਇੰਨੇ ਵਡੇ ਫੰਕਸ਼ਨ ਤੇ ਖਰਚੇ ਪੱਖੋਂ ਸਾਰੀ ਮੈਨੇਜਮੈਂਟ ਦੀ ਟੀਮ ਨੂੰ ਬੇਫਿਕਰ ਕੀਤਾ ਹੋਇਆ ਸੀ। ਉਪ ਪ੍ਰਧਾਨ ਰਣਜੀਤ ਸਿੰਘ ਤਗੜ ਆਏ ਮਹਿਮਾਨਾਂ ਦੇ ਸਵਾਗਤ ਵਿੱਚ ਲਗਾਤਾਰ ਰੁਝੇ ਰਹੇ। ਐਸੋਸੀਏਸ਼ਨ ਦੇ ਸਕੱਤਰ ਪ੍ਰੀਤਮ ਸਿੰਘ ਸਰਾਂ ਨੇ ਸਟੇਜ ਸੰਚਾਲਨ ਦਾ ਕੰਮ ਵਧੀਆ ਢੰਗ ਨਾਲ ਨਿਭਾਇਆ। ਐਸੋਸੀਏਸ਼ਨ ਦੀਆ ਐਗਜੈਕਟਿਵ ਮੈਂਬਰ ਕੁਲਦੀਪ ਕੌਰ ਗਰੇਵਾਲ ਤੇ ਰਜਨੀ ਸ਼ਰਮਾ ਨੇ ਫੈਸਟੀਵਲ ਦੇ ਪ੍ਰਬੰਧ ਵਿੱਚ ਹੀ ਹਿੱਸਾ ਨਹੀਂ ਪਾਇਆ ਸਗੋ ਪੰਜਾਬੀ ਸਭਿਆਚਾਰ ਨਾਲ ਜੁੜੀਆਂ ਹੋਣ ਕਰਕੇ ਆਪਣੀ ਪ੍ਰਫਾਰਮਿੰਸ ਰਾਹੀ ਦਰਸ਼ਕਾਂ ਦੀ ਖੂਬ ਵਾਹਵਾ ਵੀ ਖੱਟੀ। ਲਗਾਤਾਰ ਚਾਰ ਘੰਟੇ ਚਲੇ ਫੈਸਟੀਵਲ ਨੰ ਦਰਸ਼ਕਾਂ ਨੇ ਰਜ ਕੇ ਮਾਣਿਆ। ਜਾਗੋ ਦੀਆਂ ਦੋਵੇ ਟੀਮਾ ਨੇ ਪੰਜਾਬ ਦੇ ਵਧੀਆ ਸਭਿਆਚਾਰਕ ਫੰਕਸ਼ਨ ਦੀ ਯਾਦ ਦਵਾ ਦਿੱਤੀ ਤੇ ਬੋਲੀਆਂ ਤੇ ਗਿੱਧੇ ਦੀ ਧਮਕ ਨੇ ਸਾਰੇ ਹਾਲ ਨੂੰ ਹੀ ਗੂੰਜਣ ਲਾ ਦਿਤਾ। ਚਾਈਨੀਜ ਸਭਿਆਚਾਰ ਨੂੰ ਦੋ ਚੀਨੀ ਟੀਮਾ ਨੇ ਦਰਸ਼ਕਾਂ ਸਾਹਮਣੇ ਪੇਸ਼ ਕੀਤਾ। ਬੋਲੀ ਦੀ ਭਾਵੇਂ ਸਮਝ ਨਹੀ ਆਉਂਦੀ ਸੀ, ਪਰ ਉਹਨੇ ਦੇ ਐਕਸ਼ਨ ਤੇ ਹਾਵ ਭਾਵ ਉਹਨੇ ਦੀ ਮਨ ਦੀ ਬਾਤ ਪਾਈ ਜਾਂਦੇ ਸਨ। ਅਖੀਰ ਵਿੱਚ ਪੰਜਾਬੀ ਸਹਿਤ ਦੇ ਸਿਰਮੌਰ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਆਪਣੇ ਲੈਕਚਰ ਵਿੱਚ ਕਨੇਡਾ 'ਚ ਅਜ ਦੇ ਸਮੇ ਵਿੱਚ ਮਿਲ ਰਹੀ ਇਮੀਗ੍ਰੇਸ਼ਨ ਤੇ ਸਹੂਲਤਾਂ ਦੀ ਪ੍ਰਾਪਤੀ ਲਈ ਸਾਡੇ ਵੱਡੇ ਵੱਡੇਰਿਆਂ ਤੇ ਗਦਰੀ ਬਾਬਿਆਂ ਵਲੋਂ ਕੀਤੀਆ ਕੁਰਬਾਨੀਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਣਾ ਜ਼ਰੂਰੀ ਦੱਸਿਆ। ਇਸ ਦੇ ਨਾਲ ਹੀ ਕਨੇਡਾ ਡੇਅ ਫੈਸਟੀਵਲ ਦਰਸ਼ਕਾਂ ਦੇ ਦਿਲਾਂ ਤੇ ਵਖਰੀ ਛਾਪ ਛੱਡਦਾ ਹੋਇਆ ਤੇ ਫਿਰ ਮਿਲਣ ਦੇ ਵਾਅਦੇ ਨਾਲ ਸਮਾਪਤ ਹੋ ਗਿਆ। ਇਸ ਸਮਾਗਮ ਨੂੰ ਕਾਮਯਾਬ ਕਰਨ ਲਈ ਐਸੋਸੀਏਸ਼ਨ ਆਫ ਸੀਨੀਅਰਜ ਕਲੱਬਜ ਦੇ ਪ੍ਰਧਾਨ ਜੰਗੀਰ ਸਿੰਘ ਸੈਂਬੀ ਦੀ ਅਗਵਾਈ ਵਿੱਚ ਸਾਰੀ ਅਗਜ਼ੈਕਟਿਵ ਕਮੇਟੀ, ਬਰੈਂਪਟਨ ਦੀਆਂ ਸਾਰੀਆਂ ਕਲੱਬਾਂ ਦੇ ਪ੍ਰਧਾਨ ਤੇ ਅਗਜ਼ੈਕਟਿਵ ਕਮੇਟੀਆਂ ਤੇ ਉਹਨਾਂ ਦੇ ਸਾਰੇ ਮੈਂਬਰ ਵਧਾਈ ਦੇ ਪਾਤਰ ਹਨ।






# ਲਾਲ ਸਿੰਘ ਢਿੱਲੋਂ ਦੀ ਸਵੈਜੀਵਨੀ 'ਹੱਕ ਸੱਚ ਦਾ ਸੰਗਰਾਮ' ਕੈਨੇਡਾ ਵਿੱਚ ਕੀਤੀ ਲੋਕ ਅਰਪਣ

ਬਰੈਂਪਟਨ : ਕੈਨੇਡਾ ਦੀ ਦਿਸ਼ਾ ਸੰਸਥਾ ਵੱਲੋਂ ਇੱਥੇ ਵਿਸ਼ਵ ਪੰਜਾਬੀ ਭਵਨ ਦੇ ਸੈਮੀਨਾਰ ਹਾਲ ਵਿੱਚ ਮੁਲਾਜ਼ਮ ਲਹਿਰ ਦੇ ਮੋਹਰੀ ਆਗੂ ਲਾਲ ਸਿੰਘ ਢਿੱਲੋਂ ਦੀ ਪੁਸਤਕ 'ਹੱਕ ਸੱਚ ਦਾ ਸੰਗਰਾਮ' ਸਬੰਧੀ ਗੋਸ਼ਟੀ ਅਤੇ ਲੋਕ ਅਰਪਣ ਸਮਾਗਮ ਕਰਵਾਇਆ ਗਿਆ। ਪੁਸਤਕ ਨੂੰ ਤਰਤੀਬਬੱਧ ਉਨ੍ਹਾਂ ਦੀ ਸਪੁੱਤਰੀ ਅਤੇ ਦਿਸ਼ਾ ਸੰਸਥਾ ਦੀ ਚੇਅਰਪਰਸਨ ਡਾ. ਕੰਵਲਜੀਤ ਕੌਰ ਢਿੱਲੋਂ ਨੇ ਕੀਤਾ ਹੈ। ਕਾਮਰੇਡ ਲਾਲ ਸਿੰਘ ਢਿੱਲੋਂ ਪਿੰਡ ਤਖਾਣਬੱਧ ਜ਼ਿਲ੍ਹਾ ਮੋਗਾ ਦੇ ਵਸਨੀਕ ਹਨ। ਪੁਸਤਕ ਰਿਲੀਜ਼ ਸਮਾਗਮ ਵੱਖ-ਵੱਖ ਸ਼ਖਸੀਅਤਾਂ ਤੋਂ ਇਲਾਵਾ 'ਸਰੋਕਾਰਾਂ ਦੀ ਆਵਾਜ਼' ਦੇ ਮੁੱਖ ਸੰਪਾਦਕ ਹਰਬੰਸ ਸਿੰਘ ਵੀ ਮੌਜੂਦ ਸਨ।









KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN
BBB ACCREDITED BUSINESS
www.kraftsmanelectric.ca
kelectric17@gmail.com
778-883-1313

# ਸ਼ਹੀਦ ਕਿਰਨਜੀਤ ਕੌਰ ਦੀ ਯਾਦ 'ਚ 28ਵਾਂ ਯਾਦਗਾਰੀ ਸਮਾਗਮ

## ਮਹਿਲਕਲਾਂ ਲੋਕ ਘੋਲ-ਜਬਰ ਜ਼ੁਲਮ ਖ਼ਿਲਾਫ਼ ਲੋਕ ਟਾਕਰੇ ਦਾ ਐਲਾਨਨਾਮਾ





**ਨਰਾਇਣ ਦੱਤ**

ਗ਼ਦਰੀ ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ ਨੂੰ ਸਮਰਪਿਤ ਸ਼ਹੀਦ ਕਿਰਨਜੀਤ ਕੌਰ ਦੀ ਯਾਦ 'ਚ 28ਵਾਂ ਯਾਦਗਾਰੀ ਸਮਾਗਮ 12 ਅਗਸਤ ਨੂੰ ਦਾਣਾ ਮੰਡੀ ਮਹਿਲਕਲਾਂ ਵਿੱਚ ਪੂਰੇ ਇਨਕਲਾਬੀ ਜੋਸ਼ ਨਾਲ ਮਨਾਇਆ ਗਿਆ। ਹਜ਼ਾਰਾਂ ਦੀ ਤਾਦਾਦ ਵਿੱਚ ਜੁਝਾਰੂ ਮਰਦ-ਔਰਤਾਂ, ਨੌਜਵਾਨਾਂ ਦੇ ਕਾਫ਼ਲੇ ਪੂਰੇ ਜੋਸ਼-ਓ-ਖਰੋਸ਼ ਨਾਲ ਸ਼ਾਮਿਲ ਹੋਏ। ਸਮਾਗਮ ਦੀ ਸ਼ੁਰੂਆਤ ਲਖਵਿੰਦਰ ਠੀਕਰੀਵਾਲ ਦੇ ਸ਼ਰਧਾਂਜਲੀ ਗੀਤ 'ਚੜ੍ਹਨ ਵਾਲਿਓ ਹੱਕਾਂ ਦੀ ਭੇਟ ਉੱਤੇ...' ਨਾਲ ਹੋਈ। ਮੁੱਖ ਬੁਲਾਰੇ ਵਜੋਂ ਔਰਤ ਹੱਕਾਂ ਸਮੇਤ ਸਮਾਜਿਕ ਸਰੋਕਾਰਾਂ ਉੱਪਰ ਖੋਜ ਭਰਪੂਰ ਕੰਮ ਕਰਨ ਵਾਲੀ ਲੇਖਿਕਾ, ਚਿੰਤਕ ਕਵਿਤਾ ਕ੍ਰਿਸ਼ਨਨ ਨੇ ਕਿਹਾ ਕਿ ਮੋਦੀ ਹਕੂਮਤ ਨੇ ਜਾਬਰ ਫ਼ਿਰਕੂ ਫਾਸ਼ੀ ਹੱਲੇ ਤਹਿਤ ਔਰਤਾਂ ਸਮੇਤ ਹਰ ਤਬਕੇ ਨੂੰ ਆਪਣੀ ਮਾਰ ਹੇਠ ਲਿਆਂਦਾ ਹੋਇਆ ਹੈ। ਸਮਾਜਿਕ ਕਾਰਕੁਨ, ਬੁੱਧੀਜੀਵੀ, ਪੱਤਰਕਾਰ, ਵਕੀਲ ਮੋਦੀ ਹਕੂਮਤ ਦੇ ਫਿਰਕੂ ਫਾਸ਼ੀ ਹੱਲੇ ਦੀ ਮਾਰ ਹੇਠ ਆਏ ਸਾਲਾਂ ਬੱਧੇ ਸਮੇਂ ਜੇਲ੍ਹਾਂ ਪਿੱਛੇ ਕੈਦ ਹਨ। ਅਨੇਕਾਂ ਮੋੜਾਂ ਘੋੜਾਂ ਅਤੇ ਹਕੂਮਤੀ ਜਬਰ ਦੇ ਬਾਵਜੂਦ ਵੀ ਇੱਕ ਨਾਬਾਲਗ ਬੱਚੀ ਦੇ ਸਮੂਹਿਕ ਜਬਰ ਜਿਨਾਹ ਅਤੇ ਕਤਲ ਤੋਂ ਸ਼ੁਰੂ ਹੋਈ ਲੋਕ ਹੱਕਾਂ ਦੇ ਸਾਂਝੇ ਸੰਘਰਸ਼ ਦੇ ਮੈਦਾਨ ਵਿੱਚ 28 ਸਾਲ ਤੋਂ ਕੁੱਦੀਆਂ ਔਰਤਾਂ ਸੰਗਰਾਮੀ ਮੁਬਾਰਕ ਦੀਆਂ ਹੱਕਦਾਰ ਹਨ। ਉਨ੍ਹਾਂ ਕਿਹਾ ਕਿ ਔਰਤਾਂ ਦੀ ਸਰਗਰਮ ਸ਼ਮੂਲੀਅਤ ਤੋਂ ਬਿਨ੍ਹਾਂ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦਿਵਾਉਣ, ਦੋਸ਼ੀ ਪੁਲਿਸ ਅਫਸਰਾਂ ਨੂੰ ਸਜ਼ਾਵਾਂ ਦਿਵਾਉਣ ਅਤੇ ਇਨ੍ਹਾਂ ਦੀ ਪਿੱਠ ਤੇ ਖੜੇ ਸਿਆਸਤਦਾਨਾਂ ਨੂੰ ਲੋਕ ਸੱਥਾਂ ਵਿੱਚ ਬੇਪਰਦ ਕਰਨ, ਮਹਿਲਕਲਾਂ ਐਕਸ਼ਨ ਕਮੇਟੀ ਦੇ ਇੱਕ ਅਹਿਮ ਆਗੂ ਦੀ ਸਜ਼ਾ ਰੱਦ ਕਰਾਉਣਾ ਸੰਭਵ ਹੀ ਨਹੀਂ ਸੀ। ਔਰਤਾਂ ਨੂੰ ਹੋਰ ਵਧੇਰੇ ਸਰਗਰਮੀ ਨਾਲ ਆਗੂ ਰੂਪ 'ਚ ਅੱਗੇ ਆਉਣ ਦੀ ਤਾਕੀਦ ਕੀਤੀ। ਯਾਦਗਾਰ ਕਮੇਟੀ ਦੇ ਕਨਵੀਨਰ ਗੁਰਬਿੰਦਰ ਸਿੰਘ ਕਲਾਲਾ ਨੇ 28 ਸਾਲ ਤੋਂ ਮਹਿਲਕਲਾਂ-ਬਰਨਾਲਾ ਸਮੇਤ ਸਮੁੱਚੇ ਪੰਜਾਬ ਦੀ ਧਰਤੀ ਦੇ ਜੁਝਾਰੂ ਵਾਰਸਾਂ ਵੱਲੋਂ ਐਕਸ਼ਨ ਕਮੇਟੀ ਹੁਣ ਯਾਦਗਾਰ ਕਮੇਟੀ ਦੀ ਢਾਲ ਤੇ ਤਲਵਾਰ ਬਣਨ ਲਈ ਜੈ-ਜੈ ਕਾਰ ਆਖਦਿਆਂ ਇਨਕਲਾਬੀ ਸਲਾਮ ਭੇਟ ਕੀਤੀ। ਉਨ੍ਹਾਂ ਕਿਹਾ ਕਿ 'ਮਹਿਲਕਲਾਂ ਲੋਕ ਘੋਲ - ਜਬਰ ਜ਼ੁਲਮ ਖ਼ਿਲਾਫ਼ ਲੋਕ ਟਾਕਰੇ ਦਾ ਐਲਾਨਨਾਮਾ' ਦੇ ਵਿਗਿਆਨ ਨੇ ਇਤਿਹਾਸਕ ਜਿੱਤਾਂ ਜਿੱਤਣ ਰਾਹੀਂ ਨਵੀਂ ਮਿਸਾਲ ਕਾਇਮ ਕੀਤੀ ਹੈ। ਜਮਹੂਰੀ ਹੱਕਾਂ ਦੀ ਕਾਰਕੁਨ ਐਡਵੋਕੇਟ ਅਮਨਦੀਪ ਕੌਰ ਨੇ ਕਿਹਾ ਕਿ ਮੋਦੀ ਹਕੂਮਤ ਦੇ ਫਿਰਕੂ ਫਾਸ਼ੀ ਹੱਲੇ ਦੀ ਮਾਰ ਹੇਠ ਸਭ ਤੋਂ ਦਲਿਤ ਮਜ਼ਦੂਰ ਅਤੇ ਘੱਟ ਗਿਣਤੀ ਔਰਤਾਂ ਨੂੰ ਸਹਿਣੀ ਪੈ ਰਹੀ ਹੈ। ਔਰਤਾਂ ਉੱਤੇ ਜ਼ਬਰ ਦਾ ਜ਼ਿੰਮੇਵਾਰ ਲੁਟੇਰਾ ਅਤੇ ਜ਼ਾਬਰ ਰਾਜ ਪ੍ਰਬੰਧ ਹੈ। ਇਸ ਪ੍ਰਬੰਧ ਅਧੀਨ ਔਰਤਾਂ ਦੀ ਮੁਕਤੀ ਸੰਭਵ ਵੀ ਨਹੀਂ ਹੈ। ਇਸ ਲਈ ਔਰਤਾਂ ਨੂੰ ਚੇਤੰਨ ਅਗਵਾਈ ਅਧੀਨ ਨਵਾਂ ਸਮਾਜ ਸਿਰਜਣ ਲਈ ਅੱਗੇ ਆਉਣਾ ਹੋਵੇਗਾ। ਕੰਵਲਜੀਤ ਖੰਨਾ ਨੇ ਕਿਹਾ ਕਿ ਗੁੰਡਾ-ਪੁਲਿਸ-ਸਿਆਸੀ-ਅਦਾਲਤੀ ਗੱਠਜੋੜ ਖ਼ਿਲਾਫ਼ ਵੱਡੀ ਲੜਾਈ ਜਿੱਤ ਲਈ ਹੈ। ਪਰ ਇਹ ਅੰਤਿਮ ਜਿੱਤ ਨਹੀਂ ਹੈ। ਕਿਉਂਕਿ ਜਿੱਥੇ ਅੱਜ ਸੰਸਾਰ ਪੱਧਰ ਤੇ ਗੈਰ ਬਰਾਰਤਾ ਸ਼ਿਖਰਾਂ ਛੋਹ ਰਹੀ ਹੈ, 1% ਅਮੀਰ ਲੋਕ 95% ਗਰੀਬ ਲੋਕਾਂ ਤੋਂ ਵੱਧ ਧੰਨ ਦੌਲਤ ਤੇ ਕਾਬਜ਼ ਹਨ। ਤੇ ਮੁਨਾਫ਼ੇ ਦੀ ਅੰਨ੍ਹੀ ਦੌੜ ਵਿੱਚੋਂ ਜੰਗਾਂ ਲਾ ਰਹੇ ਨੇ, ਹਾਲਤ ਪਰਮਾਣੂ ਜ਼ੰਗ ਦੇ ਖਤਰੇ ਵੱਲ ਵੱਧ ਰਹੀ ਹੈ ਉੱਥੇ ਹੀ ਵਾਤਾਵਰਣ ਦਾ ਸੰਕਟ ਲਗਾਤਾਰ ਤਿੱਖਾ ਹੋ ਰਿਹਾ ਹੈ। ਤੇ ਸਮਾਜ ਦੇ ਪ੍ਰਬੰਧਕ ਬਣੇ ਬੈਠੇ ਲੁਟੇਰੇ ਹਾਕਮ ਮਨੁੱਖਤਾ ਨੂੰ ਮੌਤ ਤੇ ਮੂੰਹ ਵੱਲ ਧੱਕ ਰਹੇ ਨੇ। ਤੇ ਔਰਤਾਂ 'ਤੇ ਜ਼ਬਰ ਵੀ ਲਗਾਤਾਰ ਵਧ ਰਿਹਾ ਹੈ। ਭਾਰਤ ਦੇ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਦੇ 40% ਨੁਮਾਇੰਦਿਆਂ ਦਾ ਅਪਰਾਧਿਕ (ਅਗਵਾ, ਬਲਾਤਕਾਰ, ਕਤਲ ਆਦਿ) ਪਿਛੋਕੜ ਹੈ। ਕਾਨੂੰਨਦਾਨ ਵੀ ਕਟਿਹਰੇ ਵਿੱਚ ਹਨ। ਇਸੇ ਕਰਕੇ ਔਰਤਾਂ ਨਾਲ ਘਰੇਲੂ ਹਿੰਸਾ, ਕੰਮ ਦਿਹਾੜੀ ਵਿਚ ਵਿਤਕਰਾ, ਕੰਮ ਦੀਆਂ ਥਾਵਾਂ ਤੇ ਸ਼ੋਸ਼ਣ, ਬੱਚੀਆਂ ਦਾ ਸ਼ੋਸ਼ਣ, ਜਨਤਕ ਥਾਵਾਂ ਤੇ ਛੇੜ ਛਾੜ, ਗੀਤਾਂ, ਮਸ਼ਹੂਰੀਆਂ ਤੇ ਫਿਲਮਾਂ ਵਿੱਚ ਔਰਤਾਂ ਨੂੰ ਇਕ ਵਸਤੂ ਦੇ ਤੌਰ 'ਤੇ ਪੇਸ਼ ਕਰਨਾ, ਦਾਬਾ ਪਾਉਣਾ ਆਦਿ ਜ਼ਬਰ ਜੁਲਮ ਲਗਾਤਾਰ ਵਧ ਰਿਹਾ ਹੈ। ਅਜਿਹੀ ਹਾਲਤ ਵਿੱਚ ਸਾਨੂੰ ਆਸ ਨਹੀਂ ਕਰਨੀ ਚਾਹੀਦੀ ਕਿ ਇਹ ਲੋਕ ਔਰਤਾਂ ਉੱਤੇ ਜ਼ਬਰ ਨੂੰ ਰੋਕਣਗੇ। ਇਸ ਲਈ 'ਮਹਿਲਕਲਾਂ ਲੋਕ ਘੋਲ ਦਾ ਪੈਗਾਮ-ਜਾਰੀ ਰੱਖਣਾ ਹੈ ਸੰਗਰਾਮ' ਦੇ ਬੁਨਿਆਦੀ ਨਾਹਰੇ ਤਹਿਤ ਮਹਿਲਕਲਾਂ ਦੀ ਧਰਤੀ ਉੱਪਰ ਚੱਲ ਰਹੇ ਸੰਘਰਸ਼ ਵਿੱਚ ਔਰਤਾਂ ਨੂੰ ਹਰ ਥਾਂ ਆਗੂ ਭੂਮਿਕਾ ਨਿਭਾਉਣ ਲਈ ਅੱਗੇ ਆਉਣਾ ਹੋਵੇਗਾ। ਯਾਦਗਾਰ ਕਮੇਟੀ ਦੇ ਆਗੂ ਨਰਾਇਣ ਦੱਤ ਨੇ ਕਿਹਾ ਕਿ ਮਹਿਲਕਲਾਂ ਦੀ ਧਰਤੀ ਦੇ ਵਾਰਸਾਂ ਵੱਲੋਂ ਸਾਂਝੇ ਸੰਘਰਸ਼ਾਂ ਦੇ ਦਰੁੱਸਤ ਬੁਨਿਆਦ ਦੀ ਗੂੰਜ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਸਮੇਤ ਹਰ ਸੰਘਰਸ਼ ਵਿੱਚ ਵੀ ਗੂੰਜ ਰਹੀ ਹੈ। ਮੋਦੀ ਸਰਕਾਰ ਵੱਲੋਂ ਲਾਗੂ ਕੀਤੀ ਜਾ ਰਹੀ ਲੋਕ ਵਿਰੋਧੀ ਨੀਤੀ ਦੀ ਚੀਰਫਾੜ ਕਰਦਿਆਂ ਕਿਹਾ ਕਿ ਰਾਜ ਗੱਦੀ ਉਪਰ ਕਾਬਜ਼ ਹਾਕਮ ਮੁਲਕ ਦੇ ਜਲ, ਜੰਗਲ, ਜ਼ਮੀਨ ਸਮੇਤ ਮੁਲਕ ਦੇ ਕੁਦਰਤੀ ਸ੍ਰੋਤ ਦੇਸੀ ਬਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਵੇਚ ਰਹੇ ਹਨ। ਮੋਦੀ ਹਕੂਮਤ ਦੀ ਇਸ ਲੋਕ ਵਿਰੋਧੀ ਨੀਤੀ ਨੂੰ ਪੁੱਠਾ ਗੇੜਾ ਦੇਣ ਲਈ ਮਹਿਲਕਲਾਂ ਵਰਗੇ ਸਾਂਝੇ ਲੋਕ ਸੰਘਰਸ਼ਾਂ ਦੀ ਵਿਰਾਸਤ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ-ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਧਨੇਰ ਅਤੇ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਰਾਮਪੁਰਾ ਨੇ ਕਿਹਾ ਕਿ ਮੋਦੀ ਹਕੂਮਤ ਅਤੇ ਭਗਵੰਤ ਮਾਨ ਸਰਕਾਰ ਪੇਂਡੂ ਸੱਭਿਆਚਾਰ ਨੂੰ ਦੇਸੀ-ਬਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਰਹੀ ਹੈ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਡੇ ਵੱਡੇ ਵਾਅਦਿਆਂ ਦੀ ਝੜੀ ਲਗਾਕੇ ਸੱਤਾ ਉੱਪਰ ਕਾਬਜ਼ ਹੋਈ ਸੀ। ਜਿਸ ਨੇ ਸੱਤਾ ਉੱਤੇ ਕਾਬਜ਼ ਹੁੰਦਿਆਂ ਹੀ ਕਾਰਪੋਰੇਟ ਘਰਾਣਿਆਂ ਪੱਖੀ ਨੀਤੀ 'ਤੇ ਚੱਲਦਿਆਂ ਲੋਕਾਂ ਦੇ ਮਸਲੇ ਹੱਲ ਕਰਨ ਦੀ ਥਾਂ ਪੁਲਸੀਆ ਜਾਬਰ ਹੱਲਾ ਤੇਜ਼ ਕੀਤਾ ਹੋਇਆ ਹੈ। ਕੇਂਦਰੀ ਅਤੇ ਸੂਬਾਈ ਸਰਕਾਰਾਂ ਵੱਲੋਂ ਲਾਗੂ ਕੀਤੀ ਜਾ ਰਹੀ ਕਿਸਾਨ-ਲੋਕ ਵਿਰੋਧੀ ਨੀਤੀ ਖਿਲਾਫ਼ ਮਹਿਲਕਲਾਂ ਦੀ ਲੋਕ ਸ਼ਕਤੀ ਤੋਂ ਪ੍ਰੇਰਨਾ ਹਾਸਲ ਕਰਕੇ ਸਾਂਝੇ ਇੱਕਜੁੱਟ ਸੰਘਰਸ਼ ਦੀ ਲੋੜ 'ਤੇ ਜੋਰ ਦਿੱਤਾ। ਨੌਜਵਾਨ ਆਗੂ ਹਰਪ੍ਰੀਤ, ਸਹਿਜਪ੍ਰੀਤ ਕੌਰ ਅਤੇ ਤਾਨੀਆ ਸ਼ਰਮਾ ਨੇ ਕਿਹਾ ਕਿ ਅੱਜ ਵੀ ਪੂਰੇ ਮੁਲਕ ਅੰਦਰ ਵਾਪਰ ਰਹੀਆਂ ਸ਼ਰਮਨਾਕ ਘਟਨਾਵਾਂ ਨੇ ਵੱਡੇ ਸਵਾਲ ਖੜੇ ਕੀਤੇ ਹਨ। ਮੁਲਕ ਦੇ ਵੱਖ-ਵੱਖ ਹਿੱਸਿਆਂ ਅੰਦਰ ਔਰਤਾਂ ਨੂੰ ਜ਼ਬਰ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਸੰਸਾਰ ਪੱਧਰ 'ਤੇ ਵੀ ਅਜਿਹਾ ਹੀ ਦ੍ਰਿਸ਼ ਫ਼ਲਸਤੀਨ ਸਮੇਤ ਹਰ ਥਾਂ ਵੇਖਿਆ ਜਾ ਸਕਦਾ ਹੈ। ਔਰਤਾਂ ਨੂੰ ਗ਼ਦਰੀ ਗੁਲਾਬ ਕੌਰ, ਮਾਈ ਭਾਗੋ, ਦੁਰਗਾ ਭਾਬੀ, ਸਵਿਤਰੀ ਬਾਈ ਫੂਲੇ, ਫਾਤਿਮਾ ਸ਼ੇਖ ਜਿਹੀਆਂ ਮਹਾਨ ਔਰਤਾਂ ਦੇ ਆਪਣੇ ਸੰਗਰਾਮੀ ਵਿਰਸੇ ਉੱਪਰ ਮਾਣ ਮਹਿਸੂਸ ਕਰਕੇ ਲੋਕ ਘੋਲਾਂ ਦੇ ਵਿਗਿਆਨ ਨੂੰ ਸਮਝਣਾ ਹੋਵੇਗਾ। ਔਰਤ ਦੀ ਮੁਕਤੀ ਹਰ ਕਿਸਮ ਦੀ ਗੈਰਬਰਾਬਰਤਾ ਖ਼ਤਮ ਕਰਕੇ ਨਵਾਂ ਸਮਾਜ ਸਿਰਜਣ ਨਾਲ ਹੀ ਸੰਭਵ ਹੋਵੇਗੀ। ਪ੍ਰੇਮਪਾਲ ਕੌਰ ਨੇ ਸ਼ਹੀਦ ਕਿਰਨਜੀਤ ਕੌਰ ਦੀ ਜੂਝ ਮਰਨ ਦੀ ਭਾਵਨਾ ਨੂੰ ਅਮਰ ਕਰਾਰ ਦਿੱਤਾ। ਹਾਸ਼ੀਏ 'ਤੇ ਧੱਕੀਆਂ ਔਰਤਾਂ ਨੂੰ ਮਹਿਲਕਲਾਂ ਦੀ ਧਰਤੀ ਨੇ ਜਥੇਬੰਦ ਹੋਣ, ਸੰਘਰਸ਼ ਕਰਨ ਤੋਂ ਅੱਗੇ ਔਰਤ ਦੀ ਮੁਕੰਮਲ ਮੁਕਤੀ ਵਾਲਾ ਨਵਾਂ ਸਮਾਜ ਸਿਰਜਣ ਲਈ ਅੱਗੇ ਆਉਣ ਦੀ ਲੋੜ 'ਤੇ ਜ਼ੋਰ ਦਿੱਤਾ। ਨਿਰਮਲ ਸਿੰਘ ਚੁਹਾਣਕੇ, ਸ਼ਿੰਦਰ ਧੌਲਾ ਨੇ ਸੰਸਾਰੀਕਰਨ, ਉਦਾਰੀਕਰਨ, ਨਿੱਜੀਕਰਨ ਦੀ ਨੀਤੀ ਤਹਿਤ ਸਿੱਖਿਆ, ਸਿਹਤ, ਰੇਲਵੇ, ਬਿਜਲੀ ਬੋਰਡ, ਕੋਇਲਾ ਖਾਣਾਂ, ਬੀਮਾ, ਬੈਂਕਾਂ ਆਦਿ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਵਿਰੁੱਧ ਚੱਲ ਰਹੇ ਸੰਘਰਸ਼ਾਂ ਦਾ ਹਿੱਸਾ ਬਨਣ ਦੀ ਅਪੀਲ ਕੀਤੀ। ਇਨਕਲਾਬੀ ਮਜ਼ਦੂਰ ਕੇਂਦਰ ਦੇ ਆਗੂ ਕਾ. ਸੁਰਿੰਦਰ ਸਿੰਘ ਨੇ ਸੰਘਰਸ਼ ਚਾਰ ਨਵੇਂ ਕਿਰਤ ਕਾਨੂੰਨਾਂ ਰਾਹੀਂ ਕਿਰਤੀਆਂ ਦੀ ਤਿੱਖੀ ਰੱਤ ਨਿਚੋੜਨ ਦੀ ਨੀਤੀ ਖ਼ਿਲਾਫ਼ ਚੱਲ ਰਹੇ ਸੰਘਰਸ਼ਾਂ ਵਿੱਚ ਵਧ ਚੜ੍ਹਕੇ ਹਿੱਸਾ ਲੈਣ ਦੀ ਅਪੀਲ ਕੀਤੀ। ਧੰਨਾ ਮੱਲ ਗੋਇਲ ਨੇ ਵਿਚਾਰ ਪੇਸ਼ ਕਰਦਿਆਂ ਜਾਬਰਾ ਖ਼ਿਲਾਫ਼ ਨਾਬਰੀ ਦਾ ਇਤਿਹਾਸ ਰਚਣ ਵਾਲੇ ਜੁਝਾਰੂ ਕਾਫ਼ਲਿਆਂ ਨੂੰ ਇਸ ਲੋਕ ਸੰਗਰਾਮ ਦੀ ਗਾਥਾ ਜਾਰੀ ਰੱਖਣ ਦੀ ਲੋੜ 'ਤੇ ਜ਼ੋਰ ਦਿਤਾ। ਵਿਉਂਤਬੱਧ ਪ੍ਰਚਾਰ ਮੁਹਿੰਮ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਜਗਰਾਜ ਸਿੰਘ ਹਰਦਾਸਪੁਰਾ ਨੇ ਕਿਹਾ ਕਿ ਹਰ ਪਿੰਡ, ਹਰ ਗਲੀ, ਹਰ ਮੁਹੱਲੇ, ਹਰ ਅਦਾਰੇ ਪਾਵਰਕੌਮ, ਸਕੂਲਾਂ/ਕਾਲਜਾਂ ਵਿੱਚੋਂ ਮਹਿਲਕਲਾਂ ਲੋਕ ਘੋਲ ਦੇ 28ਵੇਂ ਯਾਦਗਾਰੀ ਸਮਾਗਮ ਨੂੰ ਭਰਪੂਰ ਸਮਰਥਨ ਦੇਣ ਲਈ ਧੰਨਵਾਦ ਕੀਤਾ।

ਯਾਦਗਾਰ ਕਮੇਟੀ ਵੱਲੋਂ ਕਵਿਤਾ ਕ੍ਰਿਸ਼ਨਨ, ਅਮਨਦੀਪ ਕੌਰ, ਜਸਪਾਲ ਮਾਨਖੇੜਾ ਦਾ ਸ਼ਾਲ ਅਤੇ ਸਨਮਾਨ ਪੱਤਰ ਦੇਕੇ ਸਨਮਾਨਿਤ ਕੀਤਾ ਗਿਆ। ਐਕਸ਼ਨ ਕਮੇਟੀ ਮਹਿਲਕਲਾਂ ਵਿੱਚ ਦਲੇਰਾਨਾ ਭੂਮਿਕਾ ਨਿਭਾਉਂਦੇ ਬੇਵਕਤੀ ਵਿਛੋੜਾ ਦੇ ਗਏ ਸਾਥੀਆਂ ਭਗਵੰਤ ਸਿੰਘ, ਡਾ. ਕੁਲਵੰਤ ਰਾਏ, ਪ੍ਰੀਤਮ ਦਰਦੀ ਅਤੇ ਮਾ. ਗੁਰਦੇਵ ਸਿੰਘ ਸਹਿਜੜਾ ਦੇ ਪ੍ਰੀਵਾਰਾਂ ਨੂੰ ਸਨਮਾਨ ਪੱਤਰ ਅਤੇ ਸ਼ਾਲ/ਲੋਈ ਪਹਿਨਾਕੇ ਸਨਮਾਨਿਤ ਕੀਤਾ ਗਿਆ। ਕਲਮ, ਕਲਾ, ਸੰਗਰਾਮਾਂ ਦੀ ਜੋਟੀ ਨੂੰ ਹੋਰ ਵੱਧ ਮਜ਼ਬੂਤ ਦੇ ਮਕਸਦ ਤਹਿਤ ਪ੍ਰੈੱਸ ਕਲੱਬਾਂ ਨੂੰ ਮੋਮੈਂਟੋ ਦੇਕੇ ਸਨਮਾਨਿਤ ਕੀਤਾ ਗਿਆ। ਜੁਝਾਰੂ ਕਾਫਲਿਆਂ ਲਈ ਲੰਗਰ ਦਾ ਪ੍ਰਬੰਧ ਭਾਕਿਯੂ ਏਕਤਾ ਡਕੌਂਦਾ ਦੇ ਆਗੂਆਂ ਨਾਨਕ ਸਿੰਘ ਅਮਲਾ ਸਿੰਘ ਵਾਲਾ, ਅਮਨਦੀਪ ਸਿੰਘ ਰਾਏਸਰ ਅਤੇ ਬਾਬੂ ਸਿੰਘ ਖੁੱਡੀਕਲਾਂ ਵੱਲੋਂ ਚਲਾਇਆ ਗਿਆ। ਵਲੰਟੀਅਰਾਂ ਦੀ ਜਿੰਮੇਵਾਰੀ ਡਾ ਅਮਰਜੀਤ ਕਾਲਸਾਂ ਦੀ ਦੇਖਰੇਖ ਹੇਠ ਕੁਲਵੀਰ ਔਲਖ, ਰਜਿੰਦਰ ਖਿਆਲੀ, ਡਾ. ਨਿਰਭੈ ਸਿੰਘ, ਰੁਲਦੂ ਸਿੰਘ ਗੁੰਮਟੀ ਦੀ ਅਗਵਾਈ ਵਿੱਚ ਸਾਥੀਆਂ ਨੇ ਬਾਖ਼ੂਬੀ ਨਿਭਾਈ। ਇਸ ਵਾਰ ਦੀ ਤਿਆਰੀ ਮੁਹਿੰਮ ਵਿੱਚ ਨੌਜਵਾਨਾਂ ਖਾਸ ਕਰ ਨੌਜਵਾਨ ਧੀਆਂ ਵੱਲੋਂ ਨਿਭਾਈ ਭੂਮਿਕਾ ਦੀ ਜ਼ੋਰਦਾਰ ਸ਼ਲਾਘਾ ਕੀਤੀ। ਭਾਅ ਜੀ ਗੁਰਸ਼ਰਨ ਸਿੰਘ ਦਾ ਲਿਖਿਆ ਪ੍ਰਸਿੱਧ ਨਾਨਕ 'ਧਰਤ ਦੀ ਵੰਗਾਰੇ ਤਖ਼ਤ ਨੂੰ' ਲੋਕ ਕਲਾ ਮੰਚ ਮੰਡੀ ਮੁਲਾਂਪੁਰ ਵੱਲੋਂ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ। ਲੋਕ ਪੱਖੀ ਸਾਹਿਤ ਦੀਆਂ ਸਟਾਲਾਂ ਖਾਸ ਕਰ ਨਾਵਲਕਾਰ ਜਸਪਾਲ ਮਾਨਖੇੜਾ ਦਾ 'ਅੱਜ ਸਟੇਜ ਤੋਂ ਲੋਕ ਅਰਪਣ ਕੀਤਾ ਗਿਆ ਨਾਵਲ 'ਹਵੇਲੀਆਲਾ' ਵੱਡੀ ਗਿਣਤੀ ਵਿੱਚ ਲੋਕਾਂ ਖ਼੍ਰੀਦਿਆ। ਸਟੇਜ ਦੇ ਫਰਜ਼ ਯਾਦਗਾਰ ਕਮੇਟੀ ਦੇ ਆਗੂਆਂ ਗੁਰਦੇਵ ਸਿੰਘ ਮਾਂਗੇਵਾਲ ਅਤੇ ਦਰਸ਼ਨ ਸਿੰਘ ਦਸੌਂਦਾ ਸਿੰਘ ਵਾਲਾ ਨੇ ਬਾਖ਼ੂਬੀ ਨਿਭਾਏ। ਗੀਤਕਾਰਾਂ ਨੇ ਲੋਕ ਪੱਖੀ ਗੀਤਾਂ ਰਾਹੀਂ ਹਾਜ਼ਰੀਨ ਵਿੱਚ ਇਨਕਲਾਬੀ ਜੋਸ਼ ਭਰਿਆ। ਲੁਧਿਆਣਾ ਦੀਆਂ ਪ੍ਰਵਾਸੀ ਮਜ਼ਦੂਰ ਨੌਜਵਾਨ ਧੀਆਂ ਨੇ ਇਨਕਲਾਬੀ ਮਜ਼ਦੂਰ ਕੇਂਦਰ ਦੀ ਅਗਵਾਈ ਹੇਠ ਔਰਤਾਂ ਨਾਲ ਢੁੱਕਵੇਂ ਵਿਸ਼ੇ 'ਰਾਜ ਬਦਲੋ-ਸਮਾਜ ਬਦਲੋ' ਪੇਸ਼ ਕਰਕੇ ਨਵਾਂ ਜੋਸ਼ ਭਰ ਦਿੱਤਾ ਅਤੇ ਸਾਰਥਿਕ ਸੁਨੇਹਾ ਦਿੱਤਾ। ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਪਾਲਿਸੀ ਵਾਪਸ ਲੈਣ ਨੂੰ ਲੋਕ ਸੰਘਰਸ਼ ਦੀ ਜਿੱਤ ਕਰਾਰ ਦਿੰਦਿਆਂ, ਸੰਘਰਸ਼ ਜਾਰੀ ਰੱਖਣ ਦੀ ਅਪੀਲ ਕੀਤੀ। ਆਗੂਆਂ ਮਾਣ ਨਾਲ ਇਹ ਗੱਲ ਸਾਂਝੀ ਕੀਤੀ ਕਿ ਇਸ ਵਾਰ ਕਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਵੀ ਸ਼ਹੀਦ ਕਿਰਨਜੀਤ ਕੌਰ ਮਹਿਲਕਲਾਂ ਦਾ ਯਾਦਗਾਰੀ ਸਮਾਗਮ ਗੁਰਮੀਤ ਸੁਖਪੁਰਾ, ਮਨਦੀਪ ਸੱਦੋਵਾਲ ਅਤੇ ਬਲਵਿੰਦਰ ਬਰਨਾਲਾ ਦੀ ਅਗਵਾਈ ਵਿੱਚ ਕਰਵਾਇਆ ਗਿਆ ਹੈ। ਡਾ. ਕੁਲਵੰਤ ਰਾਏ ਪੰਡੋਰੀ ਦੀ ਯਾਦ 'ਚ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ ਮੈਡੀਕਲ ਕੈਂਪ ਲਗਾਇਆ ਗਿਆ। ਇਸ ਸਮੇਂ ਹਰਨੇਕ ਸਿੰਘ ਮਹਿਮਾ, ਅਮਨਦੀਪ ਸਿੰਘ ਲਲਤੋਂ, ਕੁਲਵੰਤ ਸਿੰਘ ਕਿਸ਼ਨਗੜ੍ਹ, ਕੁਲਵੰਤ ਸਿੰਘ ਭਦੌੜ, ਗੁਰਮੇਲ ਸਿੰਘ ਠੁੱਲੀਵਾਲ, ਜਰਨੈਲ ਸਿੰਘ ਚੰਨਣਵਾਲ, ਅਮਰਜੀਤ ਕੌਰ, ਪਿਸ਼ੌਰਾ ਸਿੰਘ, ਪਰਮਜੀਤ ਕੌਰ ਜੋਧਪੁਰ, ਰਜਿੰਦਰਪਾਲ, ਸੁਖਵਿੰਦਰ ਸਿੰਘ, ਜਗਮੀਤ ਬੱਲਮਗੜ੍ਹ, ਕੇਵਲਜੀਤ ਕੌਰ, ਪਰਮਜੀਤ ਕੌਰ, ਹਰਜਿੰਦਰ ਕੌਰ, ਬਲਜੀਤ ਕੌਰ ਤੋਂ ਇਲਾਵਾ ਬਹੁਤ ਸਾਰੇ ਆਗੂ ਵੀ ਹਾਜ਼ਰ ਸਨ। ਇਕੱਠ ਵੱਲੋਂ ਦੇਸ਼ ਅੰਦਰ ਔਰਤਾਂ, ਦਲਿਤਾਂ ਧਾਰਮਿਕ ਘੱਟ ਗਿਣਤੀਆਂ ਅਤੇ ਵੱਖ ਵੱਖ ਕੌਮੀਅਤਾਂ ਉੱਪਰ ਵਧ ਰਹੇ ਜ਼ੁਲਮ ਦਾ ਵਿਰੋਧ, ਟਰੰਪ ਦੀ ਟਰੇਡ ਵਾਰ, ਗਾਜ਼ਾ ਪੱਟੀ ਦਾ ਇਜ਼ਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਵੱਲੋਂ ਨਸਲ ਘਾਤ, ਆਦਿਵਾਸੀਆਂ ਅਤੇ ਮਾਓਵਾਦੀਆਂ ਦਾ ਅਪਰੇਸ਼ਨ 'ਕਗਾਰ' ਤਹਿਤ ਕਤਲੇਆਮ, ਭਾਰਤੀ ਹਾਕਮਾਂ ਵੱਲੋਂ ਜ਼ੰਗੀ ਜਨੂੰਨ ਭੜਕਾਉਣ ਦੀਆਂ ਤਾਜ਼ਾ ਕਾਰਵਾਈਆਂ ਫ਼ੌਜੀ ਅਫਸਰਾਂ ਤੇ ਸਰਕਾਰ ਦੇ ਬਿਆਨ ਦਾ ਵਿਰੋਧ, ਕਸ਼ਮੀਰ ਅੰਦਰ 25 ਲੇਖਕਾਂ ਦੀਆਂ ਕਿਤਾਬਾਂ ਉੱਪਰ ਲਾਈ ਪਾਬੰਦੀ ਦਾ ਵਿਰੋਧ, ਕਾਲੇ ਕਾਨੂੰਨਾਂ ਅਧੀਨ ਨਜ਼ਰਬੰਦ ਅਤੇ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ, ਭਗਵੰਤ ਮਾਨ ਸਰਕਾਰ ਵੱਲੋਂ ਸੰਘਰਸ਼ ਕਰ ਰਹੇ ਤਬਕਿਆਂ ਪ੍ਰਤੀ ਜ਼ਬਰ ਦੀ ਨੀਤੀ ਬੰਦ ਕਰਨ, ਅਖ਼ਾੜਾ ਸਮੇਤ ਹੋਰਨਾਂ ਥਾਵਾਂ 'ਤੇ ਬੀਬੀਸੀ (ਕੈਂਸਰ ਫੈਕਟਰੀਆਂ) ਬੰਦ ਕਰਨ, ਸਰਕਾਰੀ ਅਦਾਰਿਆਂ ਵਿੱਚ 15-15 ਸਾਲ ਤੋਂ ਆਊਟਸੋਰਸ ਕਾਮਿਆਂ ਨੂੰ ਰੈਗੂਲਰ ਕਰਨ ਆਦਿ ਮਤੇ ਨਾਹਰਿਆਂ ਦੀ ਗੂੰਜ ਵਿੱਚ ਪਾਸ ਕੀਤੇ। ਮਹਿਲਕਲਾਂ ਬਲਾਕ ਅਤੇ ਪਿੰਡ ਦੇ ਆਗੂਆਂ ਸਤਨਾਮ ਸਿੰਘ ਮੂੰਮ, ਮਨਜੀਤ ਸਿੰਘ ਗੋਰਾ, ਹਰਪ੍ਰੀਤ ਸਿੰਘ ਮਹਿਲਕਲਾਂ, ਜੱਗਾ ਸਿੰਘ ਮਹਿਲਕਲਾਂ, ਸ਼ੇਰ ਸਿੰਘ ਮਹਿਲਕਲਾਂ, ਪ੍ਰੀਤਮ ਸਿੰਘ ਮਹਿਲਕਲਾਂ ਆਦਿ ਆਗੂਆਂ ਨੇ ਅਹਿਮ ਭੂਮਿਕਾ ਨਿਭਾਈ।


DM TRANSPORT

ace ACI US&Canada Bonded

**Bob Dhaliwal**
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8

Email : bob@dmtransport.ca
Web : www.dmtransport.ca

**Hiring AZ drivers and owner operator**







**Description**
We're currently hiring AZ drivers and O/O for Long haul to California and Midwest ( Flatbed) and Dryvan and reefer (Midwest)

**What we are offering:**
• Great Pay • Great work environment • Consistent work & and miles! • Scale bypass

**Requirements for our AZ Truck Driver positions:**
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.

For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਜ਼ਿੰਦਗੀ ਲਈ ਧਾਰਮਿਕਤਾ ਜ਼ਰੂਰੀ ਜਾਂ ਵਿਗਿਆਨ ?



ਜਸਵੰਤ ਜੀਰਖ
98151-69825



ਜ਼ਿੰਦਗੀ ਜਿਊਣ ਦੇ ਦੋ ਢੰਗ ਹਨ, ਇੱਕ ਧਾਰਮਿਕ ਨਜ਼ਰੀਏ ਅਨੁਸਾਰ ਅਤੇ ਦੂਜਾ ਵਿਗਿਆਨਿਕ ਨਜ਼ਰੀਏ ਅਨੁਸਾਰ। ਧਾਰਮਿਕ ਨਜ਼ਰੀਏ ਅਨੁਸਾਰ ਮਨੁੱਖੀ ਜ਼ਿੰਦਗੀ, ਕਿਸੇ ਅਦਿੱਖ ਕਲਪਿਤ ਅਗੰਮੀ ਸ਼ਕਤੀ ਵੱਲੋਂ ਲਿਖੀ ਗਈ ਤਹਿਸ਼ੁਦਾ ਕਿਸਮਤ ਦੇ ਅਧੀਨ ਚਲਦੀ ਮੰਨੀ ਜਾਂਦੀ ਹੈ, ਜਿਸ ਵਿੱਚ ਸਾਰੀ ਉਮਰ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਬਾਰੇ ਜਨਮ ਵੇਲੇ ਪਹਿਲਾਂ ਹੀ ਤਹਿ ਹੋਇਆ ਮੰਨਿਆ ਜਾਂਦਾ ਹੈ। ਇੱਥੋਂ ਤੱਕ ਕਿ ਮਰਨ ਦੀ ਤਾਰੀਖ ਵੀ ਪਹਿਲਾਂ ਹੀ ਤਹਿ ਹੋਈ ਮੰਨੀ ਜਾਂਦੀ ਹੈ। ਹਰ ਧਰਮ ਦੀਆਂ ਆਪਣੀਆਂ ਪਰੰਪਰਾਵਾਂ ਹਨ, ਜਿਨ੍ਹਾਂ ਨੂੰ ਜ਼ਿੰਦਗੀ ਵਿੱਚ ਅਪਨਾਉਣ ਲਈ ਉਸ ਧਰਮ ਦੇ ਲੋਕ ਪਾਬੰਦ ਹੁੰਦੇ ਹਨ। ਹਰ ਧਰਮ ਦੇ ਆਪਣੇ-ਆਪਣੇ ਧਾਰਮਿਕ ਗ੍ਰੰਥ, ਧਰਮ ਅਸਥਾਨ ਅਤੇ ਤੀਰਥ ਅਸਥਾਨ ਵੱਖ ਵੱਖ ਹਨ। ਇਹਨਾਂ ਅਨੁਸਾਰ ਮਨੁੱਖ ਪਿਛਲੇ ਜਨਮ ਵਿੱਚ ਕੀਤੇ ਗਏ ਚੰਗੇ ਮੰਦੇ ਕੰਮਾਂ ਦਾ ਫਲ ਵੀ ਇਸ ਮੌਜੂਦਾ ਜਨਮ ਵਿੱਚ ਭੁਗਤਦਾ ਹੈ, ਭਾਵੇ ਕਿ ਇਸ ਦਾ ਕੋਈ ਪੁਖਤਾ ਸਬੂਤ ਨਹੀਂ ਦਿੱਤਾ ਜਾਂਦਾ। ਇਸ ਜ਼ਿੰਦਗੀ ਵਿੱਚ ਸੁੱਖ ਸਹੂਲਤਾਂ ਪ੍ਰਾਪਤ ਕਰਨ ਅਤੇ ਮਰਨ ਉਪਰੰਤ ਸਵਰਗ ਵਿੱਚ ਜਾਣ ਲਈ ਪੂਜਾ, ਪਾਠ, ਦਾਨ, ਪੁੰਨ ਕਰਨ ਆਦਿ ਸਮੇਤ ਕਈ ਕਿਸਮ ਦੀਆਂ ਪਰੰਪਰਾਵਾਂ ਸ਼ਾਮਲ ਹਨ। ਕਿਸੇ ਵੀ ਧਰਮ ਵਿੱਚ ਮੰਨੀ ਜਾਂਦੀ ਅਦਿੱਖ ਅਗੰਮੀ ਸ਼ਕਤੀ ਨੂੰ ਭਾਵੇਂ ਅੱਜ ਤੱਕ ਕਿਸੇ ਵੱਲੋਂ ਵੀ ਮਿਲਣ ਜਾਂ ਵੇਖਣ ਦਾ ਦਾਅਵਾ ਨਹੀਂ ਕੀਤਾ, ਪਰ ਇਸ ਦੇ ਬਾਵਜੂਦ ਵੀ ਉਸ ਦੀ ਹੋਂਦ ਨੂੰ ਸਵੀਕਾਰਿਆ ਜਾ ਰਿਹਾ ਹੈ। ਸਦੀਆਂ ਪਹਿਲਾਂ ਲਿਖੇ ਧਾਰਮਿਕ ਗ੍ਰੰਥਾਂ ਵਿੱਚ ਉਸ ਸਮੇਂ ਪ੍ਰਚਲਿਤ ਕਈ ਮਾਨਤਾਵਾਂ ਨੂੰ ਬਿਨਾ ਸਮਝੇ ਜਾਂ ਪੜਤਾਲੇ ਅੱਜ ਵੀ ਉਸੇ ਤਰ੍ਹਾਂ ਮੰਨਿਆ ਜਾਂਦਾ ਹੈ, ਭਾਵੇਂ ਕਿ ਅੱਜ ਵਿਗਿਆਨਿਕ ਤੌਰ 'ਤੇ ਉਹਨਾਂ ਨੂੰ ਗਲਤ ਸਿੱਧ ਕੀਤਾ ਗਿਆ ਹੋਵੇ। ਜਿਵੇਂ ਜੇਕਰ ਵਿਗਿਆਨੀਆਂ ਵੱਲੋਂ ਪਹਿਲੀਆਂ ਮਾਨਤਾਵਾਂ ਉਪਰੰਤ, ਜੇ ਨਵੀਆਂ ਖੋਜਾਂ ਵਿੱਚ ਕੋਈ ਹੋਰ ਵਾਧਾ ਘਾਟਾ ਕਰ ਲਿਆ ਜਾਂਦਾ ਹੈ ਤਾਂ ਪਹਿਲੀਆਂ ਵਿੱਚ ਸੋਧ ਕਰਕੇ ਨਵੀਂ ਅਨੁਸਾਰ ਦਰੁਸਤ ਕਰ ਲੈਂਦੇ ਹਨ। ਪਰ ਧਾਰਮਿਕ ਲੋਕਾਂ ਵੱਲੋਂ ਆਪਣੇ ਗ੍ਰੰਥਾਂ ਵਿੱਚ ਸੋਧ ਕਰਨੀ ਅਸੰਭਵ ਹੈ। ਇਸ ਲਈ ਮਨੁੱਖੀ ਜ਼ਿੰਦਗੀ ਵਿੱਚ ਪੀੜ੍ਹੀ ਦਰ ਪੀੜ੍ਹੀ ਉਹੀ ਧਾਰਮਿਕ ਵਿਸ਼ਵਾਸ ਬਿਨਾ ਸੋਚੇ ਸਮਝੇ ਨਿਰੰਤਰ ਚਲਦੇ ਆ ਰਹੇ ਹਨ।

ਹਿੰਦੂ, ਮੁਸਲਮਾਨ, ਸਿੱਖ, ਇਸਾਈ ਆਦਿ ਦੇ ਨਾਵਾਂ ਨਾਲ ਜਾਣੇ ਜਾਂਦੇ ਧਰਮਾਂ ਨੂੰ ਮੰਨਣ ਵਾਲੇ ਸਾਰੇ ਲੋਕ ਆਪਣੇ ਨਿੱਜੀ ਸੁਆਰਥਾਂ ਲਈ ਅਗੰਮੀ ਸ਼ਕਤੀ ਨੂੰ ਰੱਬ, ਪ੍ਰਮਾਤਮਾ, ਅੱਲਾ, ਪ੍ਰਮੇਸ਼ਵਰ ਆਦਿ ਨਾਵਾਂ ਨਾਲ ਪੁਕਾਰਕੇ ਆਪਣੀਆਂ ਇਛਾਵਾਂ ਪੂਰੀਆਂ ਕਰਨ ਲਈ ਅਰਜੋਈਆਂ ਕਰਦੇ ਆ ਰਹੇ ਹਨ। ਇਹ ਸੁਆਰਥ ਆਮ ਕਰਕੇ ਮੋਕਸ਼ (ਜੰਮਣ ਮਰਨ ਤੋਂ ਮੁਕਤੀ), ਪਰਿਵਾਰਕ ਸੁੱਖ-ਸ਼ਾਂਤੀ, ਘਰੇਲੂ ਕੰਮਾਂ ਦੀ ਸਫਲਤਾ ਆਦਿ ਵਰਗੇ ਹੁੰਦੇ ਹਨ। ਇਸ ਤਰ੍ਹਾਂ ਬਹੁਤੇ ਧਾਰਮਿਕ ਵਿਸ਼ਵਾਸ ਇਸ ਗੱਲ ਲਈ ਇੱਕ ਮੱਤ ਹਨ ਕਿ ਇੱਕ ਅਗੰਮੀ ਸ਼ਕਤੀ ਦੇ ਹੁਕਮ ਨਾਲ ਸਾਰੀ ਸ੍ਰਿਸ਼ਟੀ ਚਲਦੀ ਹੈ ਅਤੇ ਸਾਰੇ ਕੰਮ ਉਸ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਪੂਰੇ ਹੁੰਦੇ ਹਨ ।ਉਸ ਦੇ ਹੁਕਮ ਅਨੁਸਾਰ ਹੀ ਹਰ ਮਨੁੱਖ ਜੰਮਦਾ, ਮਰਦਾ ਅਤੇ ਜ਼ਿੰਦਗੀ ਜਿਉਂਦਾ ਹੈ। ਇਹਨਾਂ ਸਾਰਿਆਂ ਵੱਲੋਂ ਭਾਵੇਂ ਇਹ ਤਾਂ ਮੰਨਿਆ ਜਾਂਦਾ ਹੈ ਕਿ ਉਸ ਸ਼ਕਤੀ ਦਾ ਕਿਸੇ ਨਾਲ ਵੀ ਵੈਰ ਵਿਰੋਧ ਨਹੀਂ, ਪਰ ਇਸ ਦੇ ਮੰਨਣ ਤੇ ਪ੍ਰਚਾਰਨ ਵਾਲੇ ਖੁਦ ਆਪ ਧਰਮਾਂ ਦੇ ਵਖਰੇਵਿਆਂ ਨੂੰ ਇੱਕ ਦੂਜੇ ਵਿੱਚ ਨਫ਼ਰਤ ਫੈਲਾ ਕੇ ਵੈਰ ਵਿਰੋਧ ਪੈਦਾ ਕਰਦੇ ਅਕਸਰ ਹੀ ਵੇਖੇ ਜਾਂਦੇ ਹਨ। ਦੇਸ਼ ਵਿੱਚ ਧਰਮਾਂ ਅਧਾਰਤ ਕਰਵਾਏ ਜਾ ਰਹੇ ਦੰਗੇ-ਫਸਾਦ ਇਸ ਗੱਲ ਦਾ ਪ੍ਰਤੱਖ ਸਬੂਤ ਹਨ। ਇਹਨਾਂ ਸੁਆਰਥੀ ਧਰਮਾਂ ਦੀ ਮਨੁੱਖਤਾ ਨੂੰ ਇੱਕ ਦੂਜੇ ਖਿਲਾਫ ਨਫਰਤੀ ਵੈਰ-ਵਿਰੋਧ ਖੜੇ ਕਰਨ ਲਈ ਕਿਵੇਂ ਵਰਤੋਂ ਹੋ ਰਹੀ ਹੈ, ਸਾਡੇ ਸਭ ਦੇ ਸਾਹਮਣੇ ਹੈ। ਜੇ ਧਰਮਾਂ ਦੇ ਇਹ ਵਖਰੇਵੇਂ ਨਾ ਹੁੰਦੇ ਤਾਂ ਇਹਨਾਂ ਕਾਰਣ ਮਨੁੱਖਤਾ ਦਾ ਜੋ ਖ਼ੂਨ ਹੁਣ ਤੱਕ ਇਸ ਧਰਤੀ 'ਤੇ ਡੁੱਲਿਆ ਹੈ, ਉਹ ਨਹੀਂ ਸੀ ਡੁੱਲਣਾ। ਧਰਮਾਂ ਅਨੁਸਾਰ ਹਰ ਪ੍ਰਾਣੀ ਆਪਣੀ ਜ਼ਿੰਦਗੀ ਵਿੱਚ ਉਹੀ ਕੰਮ ਕਰਦਾ ਹੈ ਜੋ ਉਸ ਦੀ ਕਿਸਮਤ ਵਿੱਚ ਪਹਿੱਲਾਂ ਹੀ ਧੁਰੋਂ ਉਸ ਅਗੰਮੀ ਸ਼ਕਤੀ ਵੱਲੋਂ ਲਿਖੇ ਹੁੰਦੇ ਹਨ, ਉਸ ਅਨੁਸਾਰ ਹੀ ਮਰਨ ਉਪਰੰਤ ਆਪਣੇ ਕੀਤੇ ਕੰਮਾਂ ਦਾ ਲੇਖਾ ਜੋਖਾ ਕਿਸੇ ਧਰਮਰਾਜ ਅੱਗੇ ਕਰਦਾ ਹੈ, ਜਿਸ ਦੇ ਹਿਸਾਬ ਅਨੁਸਾਰ ਅਗਲੇ ਜਨਮ, ਸਵਰਗ, ਨਰਕ ਵਿੱਚ ਜਾਣਾ ਤਹਿ ਹੁੰਦਾ ਹੈ ਆਦਿ ਆਦਿ। ਸਾਰੇ ਧਰਮਾਂ ਵਿੱਚ ਅਜਿਹੀਆਂ ਧਾਰਨਾਵਾਂ ਪ੍ਰਚੱਲਤ ਹਨ, ਜਿਸ ਕਰਕੇ ਮਨੁੱਖ ਆਪਣੇ ਆਪਣੇ ਧਰਮ ਦੀਆਂ ਸਥਾਪਿਤ ਪ੍ਰੰਪਰਾਵਾਂ ਦੀ ਪਾਲਣਾ ਪੂਜਾ, ਪਾਠ, ਦਾਨ-ਪੁੰਨ, ਅਰਦਾਸਾਂ, ਤੀਰਥ ਇਸ਼ਨਾਨ, ਤੀਰਥ ਯਾਤਰਾਵਾਂ, ਮੱਥੇ ਟੇਕਣੇ , ਮੰਨਤਾਂ, ਚੜ੍ਹਾਵੇ ਆਦਿ ਸਾਧਾਂ-ਸੰਤਾਂ, ਜੋਤਸ਼ੀਆਂ ਦੇ 'ਪ੍ਰਵਚਨਾਂ' ਅਨੁਸਾਰ ਨਿੱਜੀ ਸੁੱਖ-ਸ਼ਾਂਤੀ ਲਈ ਕਰਦਾ ਹੈ। ਸਾਰੇ ਧਰਮਾਂ ਵਿੱਚ ਹੀ ਪੁਜਾਰੀ ਵਰਗ ਦੀ ਦੇਖ ਰੇਖ ਅਤੇ ਆਦੇਸ਼ਾਂ ਹੇਠ ਮਾੜੇ-ਮੋਟੇ ਅੰਤਰ ਨਾਲ ਇਹ ਧਾਰਨਾਵਾਂ ਪ੍ਰਚੱਲਤ ਹਨ। ਅਜਿਹੇ ਵਹਿਣਾ ਵਿੱਚ ਵਹਿ ਕੇ ਇਹਨਾਂ ਸਾਰੇ ਧਰਮਾਂ ਦੇ ਲੋਕ ਆਪਣੀ ਅਤੇ ਆਪਣੇ ਪਰਿਵਾਰ ਦੀ ਜ਼ਿੰਦਗੀ ਨੂੰ ਕਿਸੇ ਆਫ਼ਤ ਤੋਂ ਸਲਾਮਤ ਰੱਖਣ ਲਈ ਪੁਜਾਰੀਆਂ ਵੱਲੋਂ ਉਪਰੋਕਤ ਉਪਾਵਾਂ ਨੂੰ ਨਿਯਮਤ ਮਰਦਿਆਵਾਂ ਅਧੀਨ ਆਪਣੀ ਕਮਾਈ ਦਾ ਵੱਡਾ ਹਿੱਸਾ ਭੇਟ ਕਰਨ ਤੋਂ ਵੀ ਸੰਕੋਚ ਨਹੀਂ ਕਰਦੇ। ਕੀ ਅਜਿਹਾ ਕੁੱਝ ਕਰਨਾ ਧਰਮ ਅਖਵਾਏਗਾ ਜਾਂ ਸੁਆਰਥ ? ਇਸ ਵਖਰੇਵੇਂ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ। ਕੀ ਅਜਿਹਾ ਕੁੱਝ ਕਰਨ ਨਾਲ ਕਿਸੇ ਦੀ ਜ਼ਿੰਦਗੀ ਸੁਧਰ ਜਾਣ ਜਾਂ ਕਿਸੇ ਸਮੱਸਿਆ ਦੇ ਹੱਲ ਹੋ ਜਾਣ ਦੀ ਕੋਈ ਗਰੰਟੀ ਹੈ ? ਗੰਭੀਰਤਾ ਨਾਲ ਵਿਚਾਰਿਆਂ ਸਪਸਟ ਹੋ ਜਾਂਦਾ ਹੈ ਕਿ ਹਰ ਸਮੱਸਿਆ ਮਨੁੱਖ ਦੇ ਨਿੱਜੀ ਯਤਨਾਂ ਜਾਂ ਮਿਹਨਤ ਕਰਨ ਨਾਲ ਹੀ ਹੱਲ ਹੁੰਦੀ ਹੈ, ਕਿਸੇ ਧਰਮ ਅਨੁਸਾਰ ਕੀਤੇ ਪੂਜਾ-ਪਾਠ ਜਾਂ ਮੰਨਤ ਮੰਨਣ ਰਾਹੀਂ ਦਿੱਤੇ ਚੜ੍ਹਾਵਿਆਂ ਕਾਰਣ ਨਹੀਂ। ਇਹਨਾਂ ਚੜ੍ਹਾਵਿਆਂ ਤੇ ਮਾਨਤਾਵਾਂ ਨੇ ਲੋਕਾਂ ਦੇ ਜੀਵਨ ਸੁਧਾਰਨ ਲਈ ਕੋਈ ਪ੍ਰਾਪਤੀ ਨਹੀਂ ਕੀਤੀ, ਸਗੋਂ ਪੁਜਾਰੀ ਵਰਗ ਨੂੰ ਹੀ ਮਾਲਾ ਮਾਲ ਕੀਤਾ ਹੈ। ਜੇਕਰ ਮਨੁੱਖੀ ਮਿਹਨਤ ਜਾਂ ਯਤਨਾ ਨਾਲ ਹੀ ਜ਼ਿੰਦਗੀ ਦੀ ਹਰ ਸਮੱਸਿਆ ਨੇ ਹੱਲ ਹੋਣਾ ਹੈ ਤਾਂ ਧਰਮਾਂ ਅਧਾਰਤ ਮਾਨਤਾਵਾਂ ਦਾ ਕੀ ਅਰਥ ਰਹਿ ਜਾਂਦਾ ਹੈ ? ਜੇਕਰ ਧਰਮ ਦੀ ਸਹੀ ਪ੍ਰੀਭਾਸ਼ਾ ਬਾਰੇ ਕਿਸੇ ਤੋਂ ਪੁੱਛਿਆ ਜਾਵੇ, ਤਾਂ ਅਕਸਰ ਹਰ ਇੱਕ ਦਾ ਜਵਾਬ ਉਪਰੋਕਤ ਧਾਰਮਿਕ ਮਾਨਤਾਵਾਂ ਨੂੰ ਪੂਰਾ ਕਰਨਾ ਹੀ ਧਰਮ ਮੰਨਿਆ ਜਾ ਰਿਹਾ ਹੈ।

ਭਾਵੇਂ ਹਰ ਧਰਮ ਵਿੱਚ ਕਾਮ, ਕਰੋਧ, ਲੋਭ, ਮੋਹ,ਹੰਕਾਰ ਸਮੇਤ ਚੋਰੀ ਕਰਨਾ, ਠੱਗੀ ਮਾਰਨਾ, ਜ਼ੁਲਮ ਕਰਨਾ, ਝੂਠ ਬੋਲਣਾ, ਬੇਈਮਾਨੀ ਕਰਨਾ, ਔਰਤ ਦਾ ਅਪਮਾਨ ਆਦਿ ਸਭ ਦੀ ਮਨਾਹੀ ਹੈ, ਪਰ ਕੀ ਧਰਮਾਂ ਨੂੰ ਮੰਨਣ ਵਾਲੇ ਇਹਨਾਂ ਨੂੰ ਆਪਣੀ ਜ਼ਿੰਦਗੀ ਵਿੱਚ ਅਪਣਾਉਂਦੇ ਹਨ ? ਜੇ ਨਹੀਂ ਅਪਣਾਉਂਦੇ ਤਾਂ ਕੀ ਜਿਸ ਅਗੰਮੀ ਸ਼ਕਤੀ ਦੀ ਇਹ ਮਾਨਤਾ ਕਰਦੇ ਹਨ, ਉਸ ਵੱਲੋਂ ਕੋਈ ਸਜਾ ਦਿੱਤੀ ਜਾਂਦੀ ਹੈ ? ਜੇ ਨਹੀਂ ਦਿੱਤੀ ਜਾਂਦੀ ਤਾਂ ਕੀ ਜੋ ਗਲਤ ਹੋ ਰਿਹਾ, ਉਸ ਸ਼ਕਤੀ ਨੂੰ ਪ੍ਰਵਾਨ ਹੈ ? ਧਾਰਮਿਕ ਸੰਸਥਾਵਾਂ ਦੇ ਨਾਂ ਹੇਠ ਸਥਾਪਤ ਕਿੰਨੇ ਹੀ ਅਦਾਰਿਆਂ ਦੇ ਮੁਖੀ ਅਤੇ ਧਰਮ ਗੁਰੂ ਅਖਵਾਉਣ ਵਾਲੇ ਆਪਣੇ ਕੁਕਰਮਾਂ ਦੀ ਸਜਾ ਕਾਰਣ ਜੇਲ੍ਹਾਂ 'ਚ ਬੰਦ ਹਨ, ਜ਼ਿਹਨਾਂ ਨੇ ਲੋਕਾਂ ਨਾਲ ਬਦਫੈਲੀਆਂ ਕੀਤੀਆਂ। ਪਰ ਕੋਈ ਵੀ ਅਜਿਹੀ ਸ਼ਕਤੀ ਉਹਨਾਂ ਦੀ ਮਦਦ ਕਰਨ ਨਹੀਂ ਪਹੁੰਚੀ, ਜਿਸ ਨੂੰ ਮੰਨਣ ਲਈ ਉਹ ਲੋਕਾਂ ਨੂੰ ਉਪਦੇਸ਼ ਦਿੰਦੇ ਸਨ। ਜੇਕਰ ਜ਼ਿੰਦਗੀ ਵਿੱਚ ਅਜਿਹੇ ਧਰਮ-ਕਰਮ ਨਾਲ ਕੁੱਝ ਹੱਲ ਹੀ ਨਹੀਂ ਹੋਣਾ ਤਾਂ ਇਹਨਾਂ ਲਈ ਸਮਾਂ ਤੇ ਪੈਸਾ ਬਰਬਾਦ ਕਰਨਾ ਕਿਵੇਂ ਠੀਕ ਹੈ ?

ਦੂਜਾ ਹੈ ਵਿਗਿਆਨਿਕ ਨਜ਼ਰੀਆ ਜਿਸ ਅਨੁਸਾਰ ਨਾ ਕਿਸੇ ਅਗੰਮੀ ਸ਼ਕਤੀ ਅਤੇ ਨਾ ਹੀ ਕਿਸਮਤ ਆਦਿ ਵਿੱਚ ਕੋਈ ਵਿਸਵਾਸ ਕੀਤਾ ਜਾਂਦਾ ਹੈ। ਕਿਉਂਕਿ ਮਨੁੱਖੀ ਇਤਿਹਾਸ ਦੱਸਦਾ ਹੈ ਕਿ ਮੁਢਲੇ ਦੌਰ ਵਿੱਚ ਮਨੁੱਖ ਝੁੰਡਾਂ ਵਿੱਚ ਇਕੱਠੇ ਜੰਗਲਾਂ 'ਚ ਰਹਿੰਦੇ ਸਨ ਅਤੇ ਆਪਣੀ ਉਪਜੀਵਕਾ ਲਈ ਸ਼ਿਕਾਰ ਕਰਦਿਆਂ ਇਕੱਠੇ ਵਿਚਰਦੇ ਸਨ। ਖਾਣ ਵੇਲੇ ਪਹਿਲ ਬੱਚਿਆਂ, ਬੁੱਢਿਆਂ ਅਤੇ ਔਰਤਾਂ ਨੂੰ ਦੇ ਕੇ ਨੈਤਿਕ ਫਰਜ਼ ਨਿਭਾਉਂਦੇ। ਓਦੋਂ ਉਹਨਾਂ ਦਾ ਨੈਤਿਕਤਾ ਤੋਂ ਬਿਨਾ ਕੋਈ ਵੀ ਧਰਮ ਨਹੀਂ ਸੀ ਅਤੇ ਨਾ ਹੀ ਇੱਕ ਦੂਜੇ ਪ੍ਰਤੀ ਕੋਈ ਵੈਰ ਵਿਰੋਧ ਸੀ, ਸਿਰਫ ਸਾਂਝੇ ਕਾਜ ਦੀ ਕਾਮਯਾਬੀ ਲਈ ਬਣਾਏ ਨੈਤਿਕ ਨਿਯਮ ਹੀ ਉਹਨਾਂ ਦਾ ਧਰਮ ਸੀ। ਮੌਜੂਦਾ ਧਰਮਾਂ ਦੀ ਸਥਾਪਤੀ ਨੇ ਉਸ ਦੀ ਇਕੱਠੇ ਰਹਿਣ ਦੀ ਪ੍ਰਵਿਰਤੀ ਨੂੰ ਖਤਮ ਕਰਕੇ ਸਾਂਝੇ ਯਤਨਾਂ ਨੂੰ ਖੋਰਾ ਲਾ ਕੇ ਇੱਕ ਦੂਜੇ ਦੇ ਵਿਰੁੱਧ ਖੜਾ ਕੀਤਾ ਹੈ। ਵਿਗਿਆਨ ਅਨੁਸਾਰ ਮਨੁੱਖ ਦੀ ਉਤਪਤੀ ਅਤੇ ਵਿਕਾਸ ਦੌਰਾਨ ਅੱਗ, ਹੜ੍ਹ, ਹਨੇਰੀਆਂ, ਭੂਚਾਲ ਆਦਿ ਬਹੁਤ ਤਰ੍ਹਾਂ ਦੀਆਂ ਕੁਦਰਤੀ ਘਟਨਾਵਾਂ ਦੇ ਵਾਪਰਨ ਕਾਰਣ ਉਸ ਦੇ ਹੋ ਰਹੇ ਨੁਕਸਾਨਾਂ ਦੇ ਡਰ ਅਤੇ ਅਗਿਆਨਤਾ ਵਿੱਚੋਂ, ਵੱਖ ਵੱਖ ਦੇਵਤਿਆਂ ਅਤੇ ਅਗੰਮੀ ਸ਼ਕਤੀ ਦੀ ਹੋਂਦ ਸਥਾਪਤ ਹੋਈ। ਆਪਣੇ ਨੁਕਸਾਨ ਨਾ ਹੋਣ ਦੇ ਡਰ ਵਿੱਚੋਂ ਇਹਨਾਂ ਕਾਲਪਨਿਕ ਸ਼ਕਤੀਆਂ ਦੀ ਪੂਜਾ ਅਤੇ ਪ੍ਰਾਰਥਨਾਵਾਂ ਦੀ ਹੋਂਦ ਨੇ ਜਨਮ ਲਿਆ। ਵਿਗਿਆਨ ਨੇ ਕਿਸਮਤ ਆਦਿ ਦੀ ਮਾਨਤਾ ਨੂੰ ਵੀ ਝੂਠਾ ਸਿੱਧ ਕਰਦਿਆਂ ਸਪਸਟ ਕੀਤਾ ਕਿ ਮਨੁੱਖ ਆਪਣੀ ਕਿਸਮਤ ਆਪ ਬਣਾਉਂਦਾ ਹੈ, ਜਿਸ ਲਈ ਮਿਹਨਤ ਕਰਨੀ ਅਤੇ ਮਨੁੱਖ ਪੱਖੀ ਰਾਜ ਪ੍ਰਬੰਧ ਬਣਨਾ ਜ਼ਰੂਰੀ ਹੈ। ਇਸ ਅਨੁਸਾਰ ਕਿਸੇ ਕਿਸਮ ਦੇ ਧਾਰਮਿਕ ਜਾਂ ਇਸ ਨਾਲ ਸਬੰਧਤ ਕੋਈ ਵੀ ਚਾਰਾਜੋਈ ਕਰਨ ਦੀ ਬਜਾਏ ਧਰਮਾਂ ਦੇ ਵਖਰੇਵੇਂ ਛੱਡ ਆਪਣੀ ਜ਼ਿੰਦਗੀ ਨੂੰ ਵਿਗਿਆਨਿਕ ਲੀਹਾਂ 'ਤੇ ਤੋਰਦਿਆਂ ਇੱਕ-ਜੁੱਟ ਯਤਨਾਂ ਦੀ ਲੋੜ ਹੈ। ਵਿਗਿਆਨ ਮਨੁੱਖਤਾ ਨੂੰ ਧਰਮਾਂ ਵਿੱਚ ਵੰਡਕੇ ਨਹੀਂ, ਸਗੋਂ ਹਰ ਇਕ ਨੂੰ ਬਰਾਬਰ ਇਨਸਾਨੀ ਨਜ਼ਰੀਏ ਨਾਲ ਵੇਖਦਾ ਹੈ, ਇਸ ਲਈ ਧਰਮਾਂ ਦੇ ਝੰਜਟ ਛੱਡ ਸਿਰਫ ਇਨਸਾਨੀਅਤ ਨੂੰ ਹੀ ਧਰਮ ਮੰਨਕੇ ਜ਼ਿੰਦਗੀ ਵਿੱਚ ਉਸਾਰੂ ਵਿਗਿਆਨਿਕ ਕਦਰਾਂ ਕੀਮਤਾਂ ਅਪਨਾਉਣਾ ਸਮੇਂ ਦੀ ਲੋੜ ਹੈ।

ਧਰਮ ਦੀ ਵਿਆਖਿਆ ਅਕਸਰ ਹੀ ਧਾਰਮਿਕਤਾ ਦੇ ਪੱਖ ਤੋਂ ਕੀਤੀ ਜਾਂਦੀ ਹੈ ਜਿਸ ਨੂੰ ਵੱਖ ਵੱਖ ਧਰਮਾਂ/ਮਜ੍ਹਬਾਂ ਦੀ ਵਲਗਣ ਵਿੱਚ ਸੀਮਤ ਕਰ ਦਿੱਤਾ ਗਿਆ ਹੈ, ਜਿਸ ਨੂੰ ਵਿਗਿਆਨਿਕ ਨਜ਼ਰੀਆ ਰੱਦ ਕਰਦਾ ਹੈ। ਅਸਲ ਵਿੱਚ ਹਰ ਇੱਕ ਮਨੁੱਖ ਵੱਲੋਂ ਸਮਾਜਿਕ ਜਾਂ ਵਿਅਕਤੀਗਤ ਭਲਾਈ ਲਈ ਬਿਨਾਂ ਕਿਸੇ ਨਿੱਜੀ ਲੋਭ ਲਾਲਚ ਅਤੇ ਬਿਨਾ ਕਿਸੇ ਨੂੰ ਨੁਕਸਾਨ ਪਹੁੰਚਾਏ ਤੋਂ ਕੀਤੇ ਜਾਂਦੇ ਕੰਮ ਜਾਂ ਨਿਭਾਇਆ ਜਾਂਦਾ ਫਰਜ਼ ਹੀ ਮਨੁੱਖੀ ਧਰਮ ਅਖਵਾਉਂਦਾ ਹੈ। ਜ਼ਰੂਰੀ ਨਹੀਂ ਕਿ ਇਹ ਨਿਭਾਉਣ ਲਈ ਧਾਰਮਿਕ ਹੋਇਆ ਜਾਵੇ। ਇਨ੍ਹਾਂ ਫਰਜ਼ਾਂ ਦਾ ਸਬੰਧ ਕਿਸੇ ਵਿਸ਼ੇਸ਼ ਧਰਮ/ਮਜ਼ਹਬ/ਫਿਰਕੇ ਦੀ ਬਜਾਏ ਇਨਸਾਨੀਅਤ ਨਾਲ ਹੈ। ਵੱਖ ਵੱਖ ਧਰਮਾਂ ਦੀ ਉਤਪਤੀ ਤੋਂ ਪਹਿਲਾਂ ਵੀ ਇਹ ਇਨਸਾਨੀ ਫਰਜ਼ ਬਰਕਰਾਰ ਸਨ, ਜਿਸ ਕਰਕੇ ਇਹਨਾਂ ਨੂੰ ਕਿਸੇ ਵਿਸ਼ੇਸ਼ ਧਾਰਮਿਕਤਾ ਦੀ ਵਲਗਣ ਵਿੱਚ ਰੱਖਣ ਤੋਂ ਬਿਨਾ ਵੀ ਅਪਣਾਇਆ ਜਾ ਸਕਦਾ ਹੈ।

ਕੋਈ ਵੀ ਮਨੁੱਖ ਜਿਸ ਪਰਿਵਾਰ ਵਿੱਚ ਪੈਦਾ ਹੁੰਦਾ ਹੈ, ਉਸ ਪਰਿਵਾਰ ਵੱਲੋਂ ਜੀਵੀ ਜਾ ਰਹੀ ਧਾਰਮਿਕ ਜ਼ਿੰਦਗੀ ਨੂੰ ਹੀ ਆਪਣੇ ਧਰਮ ਵਜੋਂ ਅਪਣਾ ਲੈਂਦਾ ਹੈ। ਆਪਣੇ ਪਰਿਵਾਰ ਦੀਆਂ ਰੀਤਾਂ ਅਨੁਸਾਰ ਹੀ ਧਾਰਮਿਕ ਪੂਜਾ ਪਾਠ ਨੂੰ ਬਿਨਾ ਕਿਸੇ ਸੋਚ ਵਿਚਾਰ ਕੀਤਿਆਂ ਨਿਭਾਉਣਾ ਸਵੀਕਾਰ ਕਰ ਲੈਂਦਾ ਹੈ। ਜਿਸ ਕਰਕੇ ਉਸ ਦਾ ਦਿਮਾਗ ਧਾਰਮਿਕ ਸੀਮਤਾਈ ਤੱਕ ਹੀ ਵਿਕਸਤ ਹੁੰਦਾ ਹੈ, ਜੋ ਉਸ ਦੀ ਖੋਜੀ ਪ੍ਰਵਿਰਤੀ ਬਣਨ ਵਿੱਚ ਰੁਕਾਵਟ ਬਣਦੀ ਹੈ। ਭਾਵੇਂ ਉਹ ਆਪਣੀ ਜ਼ਿੰਦਗੀ ਵਿੱਚ ਵਿਗਿਆਨ ਦੀਆਂ ਪ੍ਰਾਪਤੀਆਂ ਰਾਹੀਂ ਮਿਲ ਰਹੀਆਂ ਸੁੱਖ ਸਹੂਲਤਾਂ ਤਾਂ ਹਰ ਪਲ ਮਾਣਦਾ ਹੈ, ਪਰ ਆਪਣੇ ਵਿਚਾਰਾਂ ਨੂੰ ਵਿਗਿਆਨਿਕ ਬਣਾਉਣ ਦੀ ਥਾਂ ਸਾਰੀ ਜ਼ਿੰਦਗੀ ਧਾਰਮਿਕ ਵਿਚਾਰਾਂ ਨੂੰ ਹੀ ਪਹਿਲ ਦਿੰਦਾ ਰਹਿੰਦਾ ਹੈ। ਜਿਵੇਂ ਮਨੁੱਖ ਜ਼ਿੰਦਗੀ 'ਚ ਕਈ ਵਾਰ ਬੀਮਾਰ ਹੋਣ 'ਤੇ ਠੀਕ ਤਾਂ ਵਿਗਿਆਨਿਕ ਦਵਾਈਆਂ ਨਾਲ ਹੁੰਦਾ ਹੈ, ਪਰ ਧੰਨਵਾਦ ਆਪਣੇ ਧਾਰਮਿਕ ਆਕਾ ਦਾ ਕਰਦਾ ਹੈ। ਇਸੇ ਤਰ੍ਹਾਂ ਜ਼ਿੰਦਗੀ ਵਿੱਚ ਹਰ ਸਹੂਲਤ ਵਿਗਿਆਨ ਦੀ ਵਰਤਦਾ ਹੈ, ਪਰ ਵਿਗਿਆਨ ਦਾ ਵਿਰੋਧੀ ਵੀ ਬਣਿਆ ਰਹਿੰਦਾ ਹੈ। ਇਸ ਲਈ ਗੰਭੀਰਤਾ ਨਾਲ ਸੋਚ ਸਮਝਕੇ ਵਿਗਿਆਨ ਦੀਆਂ ਪ੍ਰਾਪਤੀਆਂ ਲਈ ਵਿਗਿਆਨੀਆਂ ਦੇ ਧੰਨਵਾਦ ਲੋੜ ਹੈ।

ਜਿਵੇਂ ਕਿ ਇਹ ਸਿੱਧ ਹੁੰਦਾ ਹੈ ਕਿ ਧਰਮਾਂ ਦੀ ਉਤਪਤੀ ਤੋਂ ਪਹਿਲਾਂ ਵੀ ਮਨੁੱਖੀ ਜੀਵਨ ਵਿੱਚ ਇੱਕ ਦੂਜੇ ਪ੍ਰਤੀ ਇਨਸਾਨੀ, ਨਿਰਸੁਆਰਥ ਅਤੇ ਨੈਤਿਕ ਕਦਰਾਂ ਕੀਮਤਾਂ ਸਥਾਪਿਤ ਸਨ, ਜਿਹਨਾਂ ਦੀ ਮਹੱਤਤਾ ਅੱਜ ਤੱਕ ਸਾਡੇ ਸਮਾਜ ਵਿੱਚ ਬਰਕਰਾਰ ਹੈ। ਅਸਲ ਵਿੱਚ ਕੋਈ ਵੀ ਧਰਮ ਇਹਨਾਂ ਇਨਸਾਨੀ ਕਦਰਾਂ ਕੀਮਤਾਂ ਤੋਂ ਬਿਨਾ ਬੇ ਮਾਅਨੇ ਹੈ । ਭਾਵੇਂ ਹਰ ਧਰਮ ਵਿੱਚ ਇਹਨਾਂ ਕਦਰਾਂ ਕੀਮਤਾਂ ਨੂੰ ਉਚਿਆਇਆ ਤਾਂ ਜਾਂਦਾ ਹੈ, ਪਰ ਇਹਨਾਂ ਨੂੰ ਜ਼ਿੰਦਗੀ ਵਿੱਚ ਅਪਨਾਉਣ ਦੀ ਬਜਾਏ ਧਰਮਾਂ ਦੇ ਗਲਬੇ ਹੇਠ ਸਿਰਫ ਪਾਠ-ਪੂਜਾ, ਦਾਨ-ਪੁੰਨ, ਪ੍ਰਾਰਥਨਾਵਾਂ/ਅਰਦਾਸਾਂ ਆਦਿ ਵਰਗੇ ਉਪਰੋਕਤ ਕਰਮਾਂ ਕਾਂਡਾਂ ਨੂੰ ਹੀ ਧਰਮ ਸਮਝਿਆ ਜਾ ਰਿਹਾ ਹੈ, ਜਿਸ ਦੀ ਆਮ ਮਨੁੱਖ ਦੀ ਜ਼ਿੰਦਗੀ ਸੁਧਾਰਨ ਵਿੱਚ ਕੋਈ ਭੂਮਿਕਾ ਨਹੀਂ ਰਹੀ। ਮਰਨ ਉਪਰੰਤ ਜਿਹੜੇ ਸਵਰਗ ਵਿੱਚ ਜਾਣ ਲਈ ਮਨੁੱਖ ਸਾਰੀ ਉਮਰ ਧਾਰਮਿਕਤਾ ਦਾ ਲੜ ਫੜੀ ਰੱਖਦਾ ਹੈ, ਵਿਗਿਆਨ ਉਸ ਸਵਰਗ ਦੀ ਪ੍ਰਾਪਤੀ ਇਸੇ ਜਨਮ ਵਿੱਚ ਜਿਉਂਦਿਆਂ ਹੀ ਇਸੇ ਧਰਤੀ 'ਤੇ ਉਸਾਰਨ ਦਾ ਰਾਹ ਵਿਖਾਉਂਦਾ ਹੈ। ਲੋੜ ਹੈ ਇਸ ਰਾਹ ਨੂੰ ਸਮਝਣ ਲਈ ਆਪਣੀ ਵਿਚਾਰਧਾਰਾ ਵਿਗਿਆਨਿਕ ਬਣਾ ਕੇ ਅੱਗੇ ਵਧਣ ਦੀ। ਇਹ ਰਾਹ ਕੋਈ ਧਾਰਮਿਕ 'ਮਹਾਂ ਪੁਰਸ਼' ਅਖਵਾਉਣ ਵਾਲਾ ਨਹੀਂ, ਸਗੋਂ ਸਮਾਜ ਵਿਗਿਆਨ ਸਮਝਣ ਨਾਲ ਵਿਖਾਈ ਦੇਵੇਗਾ। ਸਮਝਣਾ ਪਏਗਾ ਕਿ ਧਰਮਾਂ-ਕਰਮਾਂ ਦੇ ਨਾਂ ਤੇ ਹੋ ਰਹੀ ਲੁੱਟ ਨੂੰ ਜਾਰੀ ਰੱਖਣ ਲਈ ਧਾਰਮਿਕ ਪੁਜਾਰੀ ਵਰਗ ਅਤੇ ਰਾਜ ਕਰਤਾ ਸ੍ਰੇਣੀ ਕਿਵੇਂ ਇਕ ਦੂਜੇ ਦਾ ਸਾਥ ਨਿਭਾਉਂਦੇ ਹਨ। ਸੋ ਵਿਗਿਆਨ ਦੀਆਂ ਪ੍ਰਾਪਤੀਆਂ ਨੂੰ ਲਾਲਚ ਵਸ ਹੋ ਕੇ, ਬੇ-ਥਾਹ ਪੈਸਾ ਕਮਾਉਣ ਵਾਲਿਆਂ ਵਿਰੁੱਧ ਆਵਾਜ ਉਠਾ ਕੇ, ਮਨੁੱਖਤਾ ਦੀ ਭਲਾਈ ਲਈ ਵਰਤਣ ਨੂੰ ਪਹਿਲ ਦੇ ਅਧਾਰ 'ਤੇ ਧਰਮ/ਫਰਜ਼ ਸਮਝਦਿਆਂ ਵਿਗਿਆਨਿਕ ਨਜ਼ਰੀਏ ਰਾਹੀਂ ਜ਼ਿੰਦਗੀ ਨੂੰ ਹੋਰ ਵੀ ਰੁਸ਼ਨਾਇਆ ਜਾ ਸਕਦਾ ਹੈ, ਜਿਸ ਸਬੰਧੀ ਵਿਗਿਆਨਿਕ ਵਿਚਾਰਾਂ ਦੇ ਧਾਰਨੀ ਬਣ, ਸਾਂਝੇ ਜੱਥੇਬੰਦਕ ਉਪਰਾਲਿਆਂ ਦੀ ਲੋੜ ਹੈ।

# ਚਮਚਾ ਲੰਡਾ ਹੋਣ ਵਾਲਾ

ਗੁਰਮੇਲ ਬੀਰੋਕੇ
604-825-8053
gurmailbiroke@gmail.com

"ਇਹਨੂੰ ਮੈਂ ਸੁੱਟਣੈ।" ਮੇਰੀ ਝਾਂਜਰਾਂ ਵਾਲੀ ਨੇ ਕਿਹਾ, "ਇਹ ਤਾਂ ਟੁੱਟਿਆ ਪਿਐ।"

ਉਸ ਦੀ ਗੱਲ ਸੁਣ ਕੇ ਮੈਂ ਚਮਚੇ ਵੱਲ ਦੇਖਿਆ। ਸੋਚ ਕੇ ਚਮਚੇ 'ਤੇ ਤਰਸ ਜਿਹਾ ਆਇਆ।

"ਜੇ ਇਹ ਕੰਮ ਸਾਰਦਾ ਹੈ ਤਾਂ ਕਿਉਂ ਸੁੱਟਣੈ ?" ਮੈਂ ਆਪਣੇ ਆਪ ਨਾਲ ਗੱਲ ਕੀਤੀ। ਮੈਂ ਚਮਚੇ ਨੂੰ ਹੱਥ ਵਿਚ ਫੜ ਕੇ ਵੇਖਿਆ, ਪੂਛ ਤੋਂ ਥੋੜ੍ਹਾ ਜਿਹਾ ਟੁੱਟਿਆ ਸੀ। ਪਰ ਗਹੁ ਨਾਲ ਦੇਖਣ 'ਤੇ ਉਸ ਵਿੱਚੋਂ ਅਜੇ ਵੀ ਕਿਰਤ ਕਰਨ ਦੀ ਹਿੰਮਤ ਨਜ਼ਰ ਆਈ।

"ਇਹ ਤਾਂ ਮੱਖਣ ਪੱਟ ਸਕਦੈ, ਦਾਲ 'ਚ ਲੂਣ ਘੋਲ ਸਕਦੈ, ਚਾਹ 'ਚ ਖੰਡ ਰਲਾ ਸਕਦੈ। ਹੈਂ ਫੇਰ ਐਨੀ ਬੇਕਦਰੀ ਕਿਉਂ ?

ਤੇ ਮੇਰੀਆਂ ਅੱਖਾਂ ਸਾਹਮਣੇ ਪੁਰਾਣਾ ਵੇਲਾ ਉੱਡਣ ਲੱਗ ਪਿਆ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਹੋਸਟਲ ਦਾ ਕਮਰਾ, ਹੋਸਟਲ ਦੀ ਮੈੱਸ। ਉੱਥੇ ਅਸੀਂ ਕਿੰਨੇ ਹੀ ਵਾਰ ਇਹੋ ਜਿਹੇ ਚਮਚਿਆਂ ਨਾਲ ਕੰਮ ਚਲਾਉਂਦੇ ਸੀ। ਕਿਸੇ ਦੀ ਪੂਛ ਅੱਧੀ ਟੁੱਟੀ ਹੋਈ ਹੁੰਦੀ, ਕਿਸੇ ਦੀ ਵਿੰਗੀ ਹੋਈ ਹੁੰਦੀ ਪਰ ਉਹ ਸਾਡੇ ਲਈ ਖ਼ਾਸ ਸਨ। ਉਹਨਾਂ ਦੀ ਕਦਰ ਸੀ, ਕਿਉਂਕਿ ਉਹ ਸਾਡੇ ਢਿੱਡ ਭਰਨ ਵਿੱਚ ਮਦਦ ਕਰਦੇ ਸਨ। ਕਈਆਂ ਵਿੰਗ ਤੜਿੰਗਿਆਂ ਨਾਲ ਸਾਡੇ ਹਾਸੇ ਤੇ ਮਖੌਲ ਜੁੜ ਜਾਂਦੇ ਸਨ।

ਫੇਰ ਅੱਗੇ ਉਹ ਸਮਾਂ ਵੀ ਯਾਦ ਆਇਆ, ਜਦੋਂ ਦੋਸਤਾਂ ਨਾਲ ਇੱਕੋ ਪਿਆਲੇ ਵਿਚੋਂ ਚਾਹ ਪੀ ਕੇ, ਟੁੱਟੇ ਚਮਚੇ ਨਾਲ ਹੀ ਚੀਨੀ ਘੋਲ ਕੇ ਅਸੀਂ ਖ਼ੁਸ਼ੀ ਮਹਿਸੂਸ ਕਰਦੇ ਸਾਂ। ਉਸ ਵੇਲੇ ਨਾ ਟੁੱਟੇ-ਪਣ ਦਾ ਦਰਦ ਹੁੰਦਾ ਸੀ, ਨਾ ਹੀ ਨਵੇਂ ਦਾ ਲਾਲਚ। ਜੋ ਸੀ, ਉਹੀ ਪਿਆਰਾ ਸੀ।

ਤੇ ਮੈਂ ਹਕੀਕਤ ਵੱਲ ਮੁੜ ਆਇਆ। ਚਮਚੇ ਨੂੰ ਵੇਖ ਕੇ ਸੋਚਿਆ, ਕਈ ਇਨਸਾਨਾਂ ਵਾਂਗ ਇਹ ਚਮਚਾ ਵੀ ਬਾਰਾਂ ਆਨੇ ਡਿਸਏਬਲ ਹੈ। ਜਿਵੇਂ ਕਈ ਇਨਸਾਨ ਕਿਸੇ ਹਾਦਸੇ ਕਾਰਨ ਅਪਾਹਜ ਹੋ ਜਾਂਦੇ ਹਨ, ਕਈ ਵਕਤ ਦੀ ਮਾਰ ਨਾਲ ਟੁੱਟ ਜਾਂਦੇ ਹਨ। ਪਰ ਜੇ ਉਹ ਇਨਸਾਨ ਅਜੇ ਵੀ ਮਨ ਦੀ ਤਾਕਤ ਨਾਲ ਤੇ ਤਨ ਦੀ ਕਮਜ਼ੋਰੀ ਨਾਲ ਵੀ ਕੰਮ ਕਰ ਸਕਦੇ ਹਨ ਤਾਂ ਕੀ ਉਹਨਾਂ ਨੂੰ ਸੁੱਟ ਦੇਣਾ ਚਾਹੀਦਾ ਹੈ ?

ਮੈਂ ਉਹ ਟੁੱਟਿਆ ਚਮਚਾ ਧੋ ਕੇ ਦੁਬਾਰਾ ਰੈਕ 'ਤੇ ਰੱਖ ਦਿੱਤਾ।

ਝਾਂਜਰਾਂ ਵਾਲੀ ਹੱਸ ਕੇ ਕਹਿੰਦੀ, "ਤੈਨੂੰ ਤਾਂ ਹਰ ਟੁੱਟੀ ਚੀਜ਼ ਵਿੱਚ ਵੀ ਜਾਨ ਦਿਸਦੀ ਏ!" ਮੈਂ ਮੁਸਕਰਾ ਦਿੱਤਾ ਤੇ ਮੇਰੇ ਮਨ ਵਿੱਚ ਇਹ ਗੱਲ ਗੂੰਜ ਰਹੀ ਸੀ,"ਟੁੱਟੇ ਹੋਏ ਮਨੁੱਖ ਹੋਣ ਜਾਂ ਚੀਜ਼ਾਂ ਹੋਣ, ਜੇ ਉਹ ਅਜੇ ਵੀ ਸਾਡਾ ਸਾਥ ਨਿਭਾ ਸਕਦੇ ਹੋਣ ਤਾਂ ਉਹਨਾਂ ਨੂੰ ਕਦੇ ਵੀ ਸੁੱਟਣਾ ਨਹੀਂ ਚਾਹੀਦਾ।"

## ਇਕ ਅੰਡਰਗਰਾਊਂਡ ਸਿਆਸੀ ਕਾਰਕੁਨ ਦੀ ਖੁੱਲ੍ਹੀ ਚਿੱਠੀ

# ਫਾਸ਼ੀਵਾਦ, ਰਾਜ ਤੇ ਟੱਬਰ: ਮੈਂ ਅੰਡਰਗਰਾਊਂਡ ਕਿਉਂ ਹੋਈ?

*(ਜੂਨ ਮਹੀਨੇ 'ਚ ਜਦੋਂ ਦਿੱਲੀ ਪੁਲਿਸ ਦੇ ਸਪੈਸ਼ਲ ਸੈਲ ਵੱਲੋਂ ਅੱਧੀ ਦਰਜਨ ਦੇ ਕਰੀਬ ਜ਼ਹੀਨ ਵਿਦਿਆਰਥੀਆਂ ਤੇ ਇਨਕਲਾਬੀ ਕਾਰਕੁੰਨਾਂ ਨੂੰ ਅਗਵਾ ਕਰਕੇ ਅਤੇ ਹਫ਼ਤਾ ਭਰ ਗ਼ੈਰਕਾਨੂੰਨੀ ਹਿਰਾਸਤ ਵਿਚ ਰੱਖਕੇ ਤਸੀਹੇ ਦਿੱਤੇ ਗਏ, ਓਦੋਂ ਇਹ ਸਾਹਮਣੇ ਆਇਆ ਸੀ ਕਿ ਇਨਕਲਾਬੀ ਮੈਗਜ਼ੀਨ ਨਜ਼ਰੀਆ ਦੀ ਸੰਪਾਦਕ ਵਲਿਕਾ ਵਰਸ਼?ਰੀ ਵੀ ਲਾਪਤਾ ਹੈ। ਹੁਣ ਸੋਸ਼ਲ ਮੀਡੀਆ ਉਪਰ ਖੁੱਲ੍ਹੀ ਚਿੱਠੀ ਪੋਸਟ ਕੀਤੀ ਗਈ ਹੈ ਜਿਸ ਨਾਲ ਸਾਹਮਣੇ ਆਇਆ ਕਿ ਵਲਿਕਾ ਰੂਪੋਸ਼ ਹੋ ਗਈ ਸੀ। ਇਸ ਚਿੱਠੀ ਵਿਚ ਉਸਨੇ ਆਪਣੇ ਰੂਪੋਸ਼ ਹੋਣ ਦੇ ਹਾਲਾਤ ਬਿਆਨ ਕੀਤੇ ਹਨ।*




ਪਿਆਰੇ ਸਾਥੀਓ, ਲਾਲ ਸਲਾਮ!

ਮੈਂ ਇਹ ਚਿੱਠੀ ਉਨ੍ਹਾਂ ਹਾਲਾਤ ਦੇ ਜਵਾਬ ਵਿਚ ਲਿਖ ਰਹੀ ਹਾਂ ਜੋ ਮੇਰੇ ਪਰਿਵਾਰਕ ਘਰ ਛੱਡਣ ਤੋਂ ਬਾਅਦ ਬਣੇ ਹਨ। ਤੁਸੀਂ ਬਹੁਤ ਸਾਰੇ ਲੋਕ, ਖ਼ਾਸ ਕਰਕੇ ਮੀਡੀਆ ਵਾਲੇ, ਸੋਚ ਰਹੇ ਹੋਵੋਗੇ ਕਿ ਮੈਂ ਕਿੱਥੇ ਹਾਂ, ਜਾਂ ਜਦੋਂ ਕੋਈ ਸਾਥੀ ਕਹਿੰਦਾ ਹੈ ਕਿ ਮੈਂ ਆਪਣੀ ਮਾਂ ਨਾਲ ਵਿਚਾਰਧਾਰਕ ਮੱਤਭੇਦਾਂ ਕਾਰਨ ਘਰ ਛੱਡ ਦਿੱਤਾ, ਤਾਂ ਇਸ ਦਾ ਕੀ ਮਤਲਬ ਹੈ।

ਮੇਰਾ ਨਾਮ ਵਲਿਕਾ (ਵੈਲ) ਵਰਸ਼?ਰੀ ਹੈ। ਮੈਂ ਅਰਚਨਾ ਵਰਮਾ ਦੀ ਧੀ ਹਾਂ (1995 ਬੈਚ ਦੀ ਆਈਏਐੱਸ ਅਧਿਕਾਰੀ, ਜੋ ਇਸ ਵੇਲੇ ਜੁਆਇੰਟ ਸਕੱਤਰ ਪੱਧਰ 'ਤੇ ਕੰਮ ਰਹੀ ਹੈ)। ਇਹੀ ਸਾਡੀ ਐੱਮਐੱਲਐੱਮ (ਮਾਰਕਸਵਾਦ-ਲੈਨਿਨਵਾਦ-ਮਾਓਵਾਦ) ਸਿਆਸਤ ਹੈ ਅਤੇ ਇਹੀ ਵਜ੍ਹਾ ਹੈ ਕਿ ਮੈਂ ਅੰਡਰਗ੍ਰਾਊਂਡ (ਯੂਜੀ) ਹੋ ਗਈ। ਇਹ ਚਿੱਠੀ ਇਹ ਵੀ ਸਪੱਸ਼ਟ ਕਰਦੀ ਹੈ ਕਿ ਮੌਜੂਦਾ ਬ੍ਰਾਹਮਣਵਾਦੀ ਹਿੰਦੂਤਵਾਦੀ ਫਾਸ਼ੀਵਾਦੀ (ਬੀਐੱਚਐੱਫ) ਰਾਜ ਦੇ ਹਮਲਿਆਂ ਵਿਚ ਅਸੀਂ ਸਿਰਫ਼ ਅੰਡਰਗ੍ਰਾਊਂਡ ਰਹਿਕੇ ਹੀ ਕੰਮ ਕਰ ਸਕਦੇ ਹਾਂ।

ਸਾਮਰਾਜਵਾਦ, ਫਾਸ਼ੀਵਾਦ ਅਤੇ ਭਾਰਤ ਦੀ ਸਥਿਤੀ: ਅਸੀਂ ਭਿਆਨਕ ਪਿਛਾਖੜੀ ਦੌਰ ਵਿਚ ਜੀ ਰਹੇ ਹਾਂ—ਜਿੱਥੇ ਸਰਮਾਏਦਾਰੀ/ਸਾਮਰਾਜਵਾਦ ਲੁਟੀਂਦੇ ਤੇ ਦੱਬੇ-ਕੁਚਲੇ ਲੋਕਾਂ ਅਤੇ ਮੁਲਕਾਂ ਉੱਤੇ ਆਪਣਾ ਜਬਰ-ਜ਼ੁਲਮ ਹੋਰ ਤੇਜ਼ ਕਰ ਰਿਹਾ ਹੈ ਅਤੇ ਵਿਤੀ ਸਰਮਾਏ ਦੇ ਹਿੱਤਾਂ ਦੀ ਰਾਖੀ ਲਈ ਫਾਸ਼ੀਵਾਦ ਮਜ਼ਬੂਤ ਹੋ ਰਿਹਾ ਹੈ। ਆਲਮੀ ਸਾਮਰਾਜਵਾਦੀ ਪ੍ਰਬੰਧ ਸੰਕਟ ਵਿਚ ਹੈ; ਅਮਰੀਕੀ ਸਾਮਰਾਜਵਾਦ ਕਮਜ਼ੋਰ ਹੋ ਰਿਹਾ ਹੈ। ਚੌਧਰ ਡਗਮਾਉਣ ਨਾਲ ਅਮਰੀਕੀ ਸਾਮਰਾਜਵਾਦ ਹੁਣ ਬੌਖਲਾਇਆ ਹੋਇਆ ਕਾਗਜ਼ੀ ਸ਼ੇਰ ਹੈ, ਜੋ ਦੱਬੇ-ਕੁਚਲੇ ਮੁਲਕਾਂ ਦੀ ਦੌਲਤ ਲੁੱਟਣ ਦੀ ਕੋਸ਼ਿਸ਼ 'ਚ ਹੈ। ਜਦੋਂ ਵਧਾਰੇ-ਪਸਾਰੇ ਦੀ ਸਮਰੱਥਾ ਹੱਦ ਤੱਕ ਪਹੁੰਚ ਗਈ ਹੈ ਤਾਂ ਸਾਮਰਾਜਵਾਦੀ ਸਰਮਾਇਆ ਨਵੇਂ ਬਾਜ਼ਾਰ ਤੇ ਨਿਵੇਸ਼ ਦੇ ਮੌਕੇ ਲੱਭ ਰਿਹਾ ਹੈ। ਭਾਰਤ ਸਾਮਰਾਜਵਾਦ ਲਈ, ਖ਼ਾਸ ਕਰਕੇ ਅਮਰੀਕੀ ਸਾਮਰਾਜਵਾਦ ਲਈ, ਇਕ ਪ੍ਰਮੁੱਖ ਖੇਤਰ ਹੈ। ਇਸ ਲਈ ਅਮਰੀਕੀ ਸਾਮਰਾਜਵਾਦ ਨੇ ਭਾਰਤੀ ਲੋਟੂ ਜਮਾਤ ਨਾਲ ਹੱਥ ਮਿਲਾ ਲਿਆ ਹੈ, ਤਾਂ ਜੋ ਉਹ ਬੇਰੋਕ-ਟੋਕ ਆ-ਜਾ ਸਕੇ। ਭਾਰਤੀ ਹਾਕਮ ਜਮਾਤ ਇਸ ਨੂੰ ਕਬੂਲ ਕਿਉਂ ਕਰਦੀ ਹੈ? ਕਿਉਂਕਿ ਭਾਰਤ ਅਰਧ-ਬਸਤੀ, ਅਰਧ-ਜਗੀਰੂ ਸਮਾਜ ਹੈ—ਜੋ ਕਰਜ਼ਾਈ ਅਤੇ ਨਿਰਭਰ ਆਰਥਿਕਤਾ ਨੂੰ ਚੱਲਦੀ ਰੱਖਣ ਲਈ ਸਾਮਰਾਜਵਾਦੀ ਸਰਮਾਏ 'ਤੇ ਨਿਰਭਰ ਹੈ। ਇਸ ਲਈ, ਭਾਰਤ ਅਸਲ ਵਿਚ ਕਦੇ ਵੀ ਆਜ਼ਾਦ ਨਹੀਂ ਸੀ। ਪੈਦਾਵਾਰੀ ਪ੍ਰਣਾਲੀ ਹੀ ਹਾਕਮ ਜਮਾਤ ਦੇ ਖ਼ਾਸੇ ਨੂੰ ਤੈਅ ਕਰਦੀ ਹੈ—ਜੋ ਦਲਾਲ ਨੌਕਰਸ਼ਾਹੀ ਸਰਮਾਏਦਾਰਾਂ ਅਤੇ ਜਗੀਰਦਾਰਾਂ ਦੀ ਬਣੀ ਹੈ। ਇਨ੍ਹਾਂ ਦੇ ਪਿੱਛੇ ਖੜ੍ਹਾ ਹੈ ਦਲਾਲ ਨੌਕਰਸ਼ਾਹੀ ਰਾਜ, ਜੋ ਸਾਮਰਾਜਵਾਦੀ ਸਰਮਾਏ ਲਈ ਰਾਹ ਪੱਧਰਾ ਕਰਦਾ ਹੈ।

ਦਿਮਿਤ੍ਰੋਵ ਨੇ ਸਮਝਾਇਆ ਸੀ—ਫਾਸ਼ੀਵਾਦ ਸਰਮਾਏ ਦਾ ਖੁੱਲ੍ਹਾ ਦਹਿਸ਼ਤਗਰਦ, ਜਾਬਰ ਅਤੇ ਹਿੰਸਕ ਰੂਪ ਹੈ, ਜੋ ਸੰਕਟ ਦੇ ਸਮੇਂ ਆਪਣੇ ਆਪ ਨੂੰ ਬਚਾਉਣ ਲਈ ਉੱਭਰਕੇ ਸਾਹਮਣੇ ਆਉਂਦਾ ਹੈ। ਇਸ ਲਈ ਜਦੋਂ ਆਲਮੀ ਸਾਮਰਾਜਵਾਦੀ ਪ੍ਰਬੰਧ ਸੰਕਟ ਵਿਚ ਹੁੰਦਾ ਹੈ, ਤਾਂ ਦਲਾਲ ਨੌਕਰਸ਼ਾਹ ਰਾਜ ਸਾਮਰਾਜਵਾਦੀ ਸਰਮਾਏ ਦੀ ਸੇਵਾ ਵਿਚ ਜੁੱਟ ਜਾਂਦਾ ਹੈ।

ਅਮਰੀਕੀ ਸਾਮਰਾਜਵਾਦ ਦਾ ਸਭ ਤੋਂ ਵੱਡਾ ਦੁਸ਼ਮਣ ਐੱਮਐੱਲਐੱਮ ਹੈ। ਇਹੀ ਵਜ੍ਹਾ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਸੀ, "ਨਕਸਲਵਾਦ ਮੁਲਕ ਲਈ ਸਭ ਤੋਂ ਵੱਡਾ ਅੰਦਰੂਨੀ ਖ਼ਤਰਾ ਹੈ।" ਖ਼ੂਨੀ ਸਲਵਾ ਜੁਡੂਮ ਨੂੰ ਡੀਆਰਜੀ ਰਾਹੀਂ ਕਿਉਂ ਕਾਨੂੰਨੀ ਬਣਾਇਆ ਗਿਆ? ਸੀਆਈਏ ਦੀ "ਓਪਰੇਸ਼ਨ ਐਨਾਕੌਂਡਾ" ਦੀ ਮਨ ਜਿੱਤਣ ਦੀ ਯੁੱਧਨੀਤੀ ਨੂੰ ਅਪਣਾ ਕੇ "ਓਪਰੇਸ਼ਨ ਗ੍ਰੀਨ ਹੰਟ" ਕਿਉਂ ਚਲਾਇਆ ਗਿਆ? ਅਤੇ ਅਮਰੀਕੀ ਸਾਮਰਾਜਵਾਦ ਦੀ ਰੱਸੀ ਨਾਲ ਬੰਨ੍ਹਿਆ ਕੁੱਤਾ ਪ੍ਰਧਾਨ ਮੰਤਰੀ ਮੋਦੀ ਕਿਉਂ ਐਲਾਨ ਕਰਦਾ ਹੈ ਕਿ ਮਾਰਚ 2026 ਤੱਕ ਸੀਪੀਆਈ (ਮਾਓਵਾਦੀ) ਦਾ ਸਫ਼ਾਇਆ ਕਰ ਦਿੱਤਾ ਜਾਵੇਗਾ?—ਇਹ ਭਾਰਤੀ ਰਾਜ ਦੀ ਜਗੀਰੂ ਹੈਂਕੜ ਦਾ ਸਬੂਤ ਹੈ, ਜੋ ਸੋਚਦਾ ਹੈ ਕਿ ਉਹ ਜਮਾਤੀ ਸੰਘਰਸ਼ ਵਿਚ ਲਾਜ਼ਮੀ ਜੇਤੂ ਹੋਵੇਗਾ।

**ਰਾਜ, ਟੱਬਰ ਅਤੇ ਜਮਾਤ:** ਮੇਰੀ ਮਾਂ ਇਸ ਰਾਜ ਦਾ ਹਿੱਸਾ ਹੈ। ਅਤੇ ਜਦ ਤੱਕ ਉਹ ਹਾਕਮ ਜਮਾਤ ਦੀ ਨੁਮਾਇੰਦਗੀ ਕਰਦੀ ਹੈ ਅਤੇ ਮੈਂ ਕਮਿਊਨਿਸਟ ਹਾਂ, ਓਦੋਂ ਤੱਕ ਮੈਂ ਮੁਲਕ ਦੇ ਲੋਕਾਂ ਨਾਲ ਗ਼ਦਾਰੀ ਕਰਕੇ ਟੱਬਰ ਵਿਚ ਮੁੜ ਜਾਣ ਦੀ ਬਜਾਏ ਹਜ਼ਾਰ ਵਾਰ ਮਰਨਾ ਪਸੰਦ ਕਰਾਂਗੀ। ਟੱਬਰ ਕੋਈ ਨਿਰਪੱਖ ਇਕਾਈ ਨਹੀਂ ਹੈ; ਇਹ ਪੈਦਾਵਾਰੀ ਸੰਬੰਧਾਂ ਦਾ ਹਿੱਸਾ ਹੈ। ਜਗੀਰੂ ਟੱਬਰ ਸਾਂਝਾ ਸੀ—ਕਿਉਂਕਿ ਟੱਬਰ ਸਭ ਤੋਂ ਛੋਟੀ ਪੈਦਾਵਾਰੀ ਇਕਾਈ ਸੀ। ਸਰਮਾਏਵਾਦੀ ਟੱਬਰ ਨਿਊਕਲੀਅਰ ਹੈ—ਜਿੱਥੇ ਵਿਅਕਤੀ ਸਭ ਤੋਂ ਛੋਟੀ ਇਕਾਈ ਹੈ। ਇਸ ਲਈ ਟੱਬਰ ਪੈਦਾਵਾਰੀ ਪ੍ਰਣਾਲੀ ਦਾ ਹੀ ਪਰਛਾਵਾਂ ਹੈ।

ਰਾਜ ਹਾਕਮ ਜਮਾਤ ਦੀ ਤਾਨਾਸ਼ਾਹੀ ਦਾ ਸੰਦ ਹੈ। ਦਲਾਲ ਨੌਕਰਸ਼ਾਹੀ ਸਰਮਾਏਦਾਰੀ (ਅਡਾਣੀ, ਟਾਟਾ, ਜਿੰਦਲ) ਅਤੇ ਜਗੀਰੂ ਭੋਂਇਪਤੀ ਭਾਰਤ ਦੀ ਹਾਕਮ ਜਮਾਤ ਹੈ। ਟੱਬਰ ਉਸੇ ਉਸਾਰ-ਢਾਂਚੇ ਦਾ ਹਿੱਸਾ ਹੈ, ਜੋ ਹਾਕਮ ਜਮਾਤ ਦੀ ਵਿਚਾਰਧਾਰਾ ਥੋਪਦਾ ਹੈ। ਮਿਸਾਲ ਲਈ, ਭਾਰਤ ਵਿਚ ਵਿਆਹੁਤਾ ਬਲਾਤਕਾਰ ਨੂੰ ਕਾਨੂੰਨ ਨਹੀਂ ਮੰਨਦਾ, ਕਿਉਂਕਿ ਜਗੀਰੂ ਟੱਬਰ ਔਰਤ ਨੂੰ ਜਾਇਦਾਦ ਮੰਨਦਾ ਹੈ, ਜਿਸ ਨੂੰ ਸਹਿਮਤੀ ਦਾ ਕੋਈ ਹੱਕ ਨਹੀਂ ਹੈ। ਟੱਬਰ ਵੀ ਹਾਕਮ ਜਮਾਤ ਦੀ ਵਿਚਾਰਧਾਰਾ ਨੂੰ ਮੁੜ ਉਤਪਾਦਤ ਕਰਦਾ ਹੈ—ਜਿਵੇਂ ਬੱਚਿਆਂ ਨੂੰ ਇਨਕਲਾਬੀ ਬਣਨ ਤੋਂ ਇਹ ਕਹਿਕੇ ਰੋਕਿਆ ਜਾਂਦਾ ਹੈ ਕਿ "ਬੁਢਾਪੇ ਵਿਚ ਸਾਡੀ ਦੇਖਭਾਲ ਕੌਣ ਕਰੇਗਾ?—ਇਸ ਤਰ੍ਹਾਂ ਟੱਬਰ ਛੋਟੇ ਰਾਜ ਵਾਂਗ ਕੰਮ ਕਰਦਾ ਹੈ।

ਮੇਰੀ ਮਾਂ ਦਲਾਲ ਨੌਕਰਸ਼ਾਹ ਅਤੇ ਭੋਂਇਪਤੀ ਟੱਬਰ ਚੋਂ ਹੈ—ਉਹ ਹਾਕਮ ਜਮਾਤ ਦੀ ਸਟੀਕ ਤਸਵੀਰ ਹੈ, ਸਾਡੀ ਜਮਾਤੀ ਦੁਸ਼ਮਣ।

**ਮੇਰਾ ਅਨੁਭਵ:** 9 ਜੂਨ 2025 ਨੂੰ ਨਜ਼ਰੀਆ, ਫਾਕਾਮ (ਫੋਰਮ ਅਗੇਂਸਟ ਕਾਰਪੋਰੇਟਾਈਜੇਸ਼ਨ ਐਂਡ ਮਿਲਿਟਰਾਈਜੇਸ਼ਨ) ਅਤੇ ਬੀਐੱਸਸੀਈਐੱਮ (ਭਗਤ ਸਿੰਘ ਛਾਤਰ ਏਕਤਾ ਮੰਚ) ਦੇ ਕੁਝ ਸਾਥੀਆਂ ਨੂੰ ਦਿੱਲੀ ਪੁਲਿਸ ਦੀ ਸਪੈਸ਼ਲ ਬ੍ਰਾਂਚ ਨੇ ਚੁੱਕ ਲਿਆ। ਮੈਨੂੰ ਪੂਰਾ ਸ਼ੱਕ ਹੈ ਕਿ ਮੇਰੀ ਮਾਂ ਨੇ ਆਪਣੇ ਬੈਚਮੇਟ ਅਤੇ ਕਰੀਬੀ ਮਿੱਤਰ ਦੇਬੇਸ਼ ਕੁਮਾਰ (ਆਈਪੀਐੱਸ 1995, ਜੋ ਇਸ ਸਮੇਂ ਦਿੱਲੀ ਪੁਲਿਸ ਦੇ ਉੱਚੇ ਅਹੁਦੇ 'ਤੇ ਤਾਇਨਾਤ ਹੈ) ਨਾਲ ਮਿਲ ਕੇ ਇਹ ਕਰਵਾਇਆ। ਇਸ ਤੋਂ ਇਕ ਦਿਨ ਪਹਿਲਾਂ ਹੀ ਮੈਂ ਆਪਣੇ ਪਰਿਵਾਰ ਨੂੰ ਦੱਸਿਆ ਸੀ ਕਿ ਹੁਣ ਮੈਂ ਯੂਜੀ ਤਰੀਕੇ ਨਾਲ ਕੰਮ ਕਰਾਂਗੀ ਅਤੇ ਸੰਪਰਕ ਨਹੀਂ ਰੱਖਾਂਗੀ।

ਫਿਰ ਮੇਰੀ ਪੁੱਛਗਿੱਛ ਰੇਜ਼ਾਜ਼ ਦੀ ਗ੍ਰਿਫ਼ਤਾਰੀ ਸਬੰਧੀ ਹੋਈ। ਓਦੋਂ ਮੈਨੂੰ ਸਮਝ ਆਇਆ ਕਿ ਮੇਰੀ ਮਾਂ ਕਿੰਨੀ ਨਿੱਘਰ ਚੁੱਕੀ ਹੈ। ਉਸ ਨੇ ਮਹਾਰਾਸ਼ਟਰ ਏਟੀਐੱਸ (ਐਂਟੀ-ਟੈਰਰਿਸਟ ਸੁਕਐਡ) ਦੀ ਧਮਕੀ ਦੀ ਹਮਾਇਤ ਕਰਦੇ ਹੋਏ ਕਿਹਾ, "ਜੇਕਰ ਮੇਰੀ ਧੀ ਮਾਓਵਾਦੀਆਂ/ਜਿਹਾਦੀਆਂ ਨਾਲ ਮਿਲਦੀ ਹੈ ਤਾਂ ਚੰਗਾ ਹੈ ਕਿ ਨਾ ਹੀ ਰਹੇ।" ਬਾਅਦ ਵਿਚ ਓਪਰੇਸ਼ਨ ਕਗਾਰ 'ਤੇ ਬਹਿਸ ਦੌਰਾਨ ਉਸ ਨੇ ਕਿਹਾ: "ਸਾਰੇ ਨਕਸਲੀਆਂ ਤੇ ਉਨ੍ਹਾਂ ਦੇ ਪੇਂਡੂ ਹਮਾਇਤੀਆਂ ਨੂੰ ਲਾਈਨ 'ਚ ਖੜ੍ਹੇ ਕਰਕੇ ਗੋਲੀ ਮਾਰ ਦੇਣੀ ਚਾਹੀਦੀ ਹੈ।

ਅਜਿਹੀ ਮਾਂ ਕੋਲ ਵਾਪਸ ਜਾਣਾ ਲੋਕਾਂ ਨਾਲ ਦਗ਼ਾ ਕਰਨਾ ਹੋਵੇਗਾ। ਇਸੇ ਲਈ ਮੈਂ ਯੂਜੀ (ਅੰਡਰਗਰਾਊਂਡ) ਹੋ ਗਈ।

**ਯੂਜੀ ਹੋਣਾ ਕਿਉਂ ਜ਼ਰੂਰੀ ਹੈ:** ਅੱਜ ਦੇ ਹਾਲਾਤ ਵਿਚ ਬ੍ਰਾਹਮਣਵਾਦੀ ਹਿੰਦੂਤਵਾਦੀ ਫਾਸ਼ੀਵਾਦ (ਬੀਐੱਚਐੱਫ) ਖੁੱਲ੍ਹੇਆਮ ਕਤਲੇਆਮ ਕਰ ਰਿਹਾ ਹੈ—ਓਪਰੇਸ਼ਨ ਕਗਾਰ ਇਸ ਦਾ ਸਬੂਤ ਹੈ। ਮਈ 2025 ਵਿਚ ਇਕ ਮਹੀਨੇ 'ਚ ਕਰੇਗੁੱਟਾ ਪਹਾੜੀਆਂ ਵਿਚ 30 ਇਨਕਲਾਬੀ ਮਾਰੇ ਗਏ। ਉਹ ਸਿਰਫ਼ ਹਥਿਆਰਬੰਦ ਮਾਓਵਾਦੀ ਨਹੀਂ, ਸਗੋਂ ਉਨ੍ਹਾਂ 'ਚ ਆਮ ਲੋਕ, ਬੱਚੇ, ਨਿਹੱਥੇ ਇਨਕਲਾਬੀ ਵੀ ਸ਼ਾਮਲ ਸਨ।

ਰਾਜ ਸਾਮਰਾਜਵਾਦੀ ਸਰਮਾਏ ਦੇ ਹਿਤ ਵਿਚ ਆਦਿਵਾਸੀਆਂ 'ਤੇ ਯੁੱਧ ਥੋਪ ਰਿਹਾ ਹੈ, ਤਾਂ ਜੋ ਖਣਨ ਕੰਪਨੀਆਂ ਨੂੰ ਕੁਦਰਤੀ ਸਰੋਤ ਲੁਟਾਏ ਜਾ ਸਕਣ। ਲੋਕਤੰਤਰ ਦਾ ਹਰ ਦਿਖਾਵਾ ਹੁਣ ਛੱਡ ਦਿੱਤਾ ਗਿਆ ਹੈ—ਜੋ ਵੀ ਰਾਜ ਦਾ ਵਿਰੋਧ ਕਰੇਗਾ, ਉਸ 'ਤੇ ਜਬਰ ਕੀਤਾ ਜਾਵੇਗਾ।

ਲੈਨਿਨ ਨੇ ਵਟ ਇਜ਼ ਟੂ ਬੀ ਡਨ (ਕੀ ਕਰਨਾ ਲੋੜੀਏ) ਵਿਚ ਕਿਹਾ ਸੀ—ਸਾਜ਼ਗਾਰ ਹਾਲਾਤ ਵਿਚ ਕਮਿਊਨਿਸਟਾਂ ਨੂੰ ਖੁੱਲ੍ਹੇ ਤੌਰ 'ਤੇ ਕੰਮ ਕਰਨਾ ਚਾਹੀਦਾ ਹੈ। ਪਰ ਅੱਜ ਭਾਰਤ ਦੇ ਹਾਲਾਤ ਸਾਜ਼ਗਾਰ ਨਹੀਂ ਹਨ। ਅਸਹਿਮਤੀ ਦਾ ਮਤਲਬ ਹੈ ਗ੍ਰਿਫ਼ਤਾਰੀ ਜਾਂ ਫਰਜ਼ੀ ਮੁਕਾਬਲਾ। ਇਸ ਲਈ ਅੱਜ ਇਨਕਲਾਬੀ ਤਾਕਤਾਂ ਨੂੰ ਬਚਾਉਣ ਲਈ ਯੂਜੀ ਕੰਮ ਲਾਜ਼ਮੀ ਹੈ।

ਇਤਿਹਾਸ ਵਿਚ ਕਈ ਵਾਰ ਇਨਕਲਾਬੀਆਂ ਨੂੰ ਯੂਜੀ ਹੋਣਾ ਪਿਆ ਹੈ—ਜਿਵੇਂ ਇੰਦਿਰਾ ਗਾਂਧੀ ਦੀ ਐਮਰਜੈਂਸੀ ਦੇ ਸਮੇਂ। ਅੱਜ ਵੀ ਉਹੀ ਲੋੜ ਹੈ।

ਯੂਜੀ ਹੋਣ ਦਾ ਮਤਲਬ ਹੈ ਪੇਸ਼ਾਵਰ ਇਨਕਲਾਬੀ ਵਾਂਗ ਜਿਊਣਾ—ਜਿਸ ਦਾ ਇੱਕੋ ਮਕਸਦ ਹੈ ਇਨਕਲਾਬ, ਦੁਸ਼ਮਣ ਨੂੰ ਹਰਾਕੇ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਸਥਾਪਤ ਕਰਨਾ। ਰਾਜ ਨੂੰ ਸਿਰਫ਼ ਯੂਜੀ ਕੰਮ ਦੁਆਰਾ ਹੀ ਹਰਾਇਆ ਜਾ ਸਕਦਾ ਹੈ।

**ਇਨਕਲਾਬੀ ਸੱਦਾ:** ਸਾਥੀਓ, ਅਸੀਂ ਆਪਣੀ ਸਿਆਸੀ-ਵਿਚਾਰਧਾਰਕ-ਜਥੇਬੰਦਕ ਲੀਹ 'ਤੇ ਮਜ਼ਬੂਤੀ ਨਾਲ ਡੱਟੇ ਰਹੀਏ। ਸਭ ਕੁਝ ਕੁਰਬਾਨ ਕਰਨ ਲਈ ਤਿਆਰ ਰਹੀਏ। ਅਸੀਂ ਵਿਅਕਤੀ ਵਜੋਂ ਨਹੀਂ, ਸੱਚੇ ਇਨਕਲਾਬੀ, ਕਮਿਊਨਿਸਟ ਬਣਕੇ ਹੀ ਜੇਤੂ ਹੋਵਾਂਗੇ। ਜੇ ਯੂਜੀ ਹੋਣਾ ਪਵੇ ਤਾਂ ਹੋ ਜਾਈਏ, ਜਾਂ ਜੇ ਖੁੱਲ੍ਹੇ ਰਹਿਕੇ ਗ੍ਰਿਫ਼ਤਾਰੀ ਦੇਣੀ ਪਵੇ ਤਾਂ ਉਹ ਵੀ ਦੇਈਏ। ਜ਼ਿੰਦਗੀ ਪੂਰੀ ਤਰ੍ਹਾਂ ਇਨਕਲਾਬ ਨੂੰ ਸਮਰਪਿਤ ਕਰੋ—ਮੌਤ ਵੀ ਇਨਕਲਾਬ ਦੇ ਲੇਖੇ ਲਾਓ!

ਨਵ-ਜਮਹੂਰੀ ਇਨਕਲਾਬ ਜ਼ਿੰਦਾਬਾਦ! ਮਾਰਕਸਵਾਦ-ਲੈਨਿਨਵਾਦ-ਮਾਓਵਾਦ ਜ਼ਿੰਦਾਬਾਦ! ਬ੍ਰਾਹਮਣਵਾਦੀ ਹਿੰਦੂਤਵਾਦੀ ਫਾਸ਼ੀਵਾਦ ਮੁਰਦਾਬਾਦ! ਇਨਕਲਾਬ ਜ਼ਿੰਦਾਬਾਦ!


ਇਨਕਲਾਬੀ ਸ਼ੁਭਕਾਮਨਾਵਾਂ ਸਹਿਤ,
ਵਲਿਕਾ ਵਰਸ਼ਰੀ (ਵੈਲ)
ਨਜ਼ਰੀਆ ਮੈਗਜ਼ੀਨ ਦੀ ਸਾਬਕਾ ਸੰਪਾਦਕ ਅਤੇ ਬਾਨੀ ਮੈਂਬਰ, ਅੰਡਰਗ੍ਰਾਊਂਡ ਸਿਆਸੀ ਕਾਰਕੁਨ

**(ਲਾਲਸੰਵਾਦ ਫੇਸਬੁੱਕ ਪੇਜ ਦੇ ਧੰਨਵਾਦ ਸਹਿਤ)**

**ਅਨੁਵਾਦ : ਬੂਟਾ ਸਿੰਘ ਮਹਿਮੂਦਪੁਰ**

GALAXY
Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

BEAUTY BLISS
Mediaesthetics
INSTAGRAM: BOTOXINJECTORYYC_NAV
EMAIL: NAV.BEAUTYBLISS@GMAIL.COM
Contact :
Nav Gill RN BScN
587.971.0052
For
Wrinkle treatment,
Laser Hair Removal,
Skin tightening,
Double chin reduction,
Lip Enhancement, Lip filler


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

ਉਘੇ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਨੂੰ ਸਮਰਪਿਤ

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ:)

ਵਲੋਂ




# ਨਾਟਕ ਸਮਾਗਮ

27 ਸਤੰਬਰ, 2025 ਦਿਨ ਸ਼ਨੀਵਾਰ

ਸਮਾਂ ਦੁਪਹਿਰ 2.30 ਤੋਂ 6.00 ਵਜੇ ਤੱਕ

Venue - 5-Redstone Heights, NE Calgary T3N OT6



ਪਹਿਲਾ ਨਾਟਕ

## ਤੂੰ ਅਗਲਾ ਵਰਕਾ ਫੋਲ

ਲੇਖਕ, ਨਿਰਦੇਸ਼ਕ ਅਤੇ ਅਦਾਕਾਰ

ਡਾ. ਸਾਹਿਬ ਸਿੰਘ

ਦੂਜਾ ਨਾਟਕ

## ਬੇਸਮੈਂਟ 'ਚ ਤਰੇੜ ਹੈ !

ਲੇਖਕ ਤੇ ਨਿਰਦੇਸ਼ਕ

ਡਾ. ਸਾਹਿਬ ਸਿੰਘ

TICKET $20

ਪੇਸ਼ਕਸ਼ : ਪ੍ਰੌਗਰੈਸਿਵ ਕਲਾ ਮੰਚ, ਕੈਲਗਰੀ

ਜਸਵਿੰਦਰ ਮਾਨ (ਪ੍ਰਧਾਨ)

ਮਾਸਟਰ ਭਜਨ (ਸਕੱਤਰ) : 403-455-4220 | ਕਮਲਪ੍ਰੀਤ ਪੰਧੇਰ (ਵਿੱਤ ਸਕੱਤਰ) : 403-479-4220

ਵਿਸ਼ੇਸ਼ ਸਹਿਯੋਗ: ਹਰਚਰਨ ਸਿੰਘ ਸਿੱਖ ਵਿਰਸਾ : 403-681-8689 | ਸੁਖਵੀਰ ਗਰੇਵਾਲ : 403-402-0770

ਸਪਾਂਸਰਜ਼ ਅਤੇ ਮੀਡੀਆ ਦਾ ਧੰਨਵਾਦ


SUPER VISA INSURANCE
MDRT
The Premier Association of Financial Professionals
Punjab Insurance Inc
LIFE INSURANCE | CRITICAL ILLNESS INSURANCE
DISABILITY INSURANCE | TRAVEL INSURANCE
VISITOR INSURANCE | RESP, RRSP, TFSA & FHSA
HARPREET RANA 416-871-3571
NIAMAT RANA 416-206-1616
WWW.PUNJABINSURANCE.CA


Taralake Dental
Taralake Dental offers Full Range of General and Cosmetic Dental Services
TARALAKE DENTAL
We Offer
Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction
Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6


Buy or Sell Any Residential or Commercial Real Estate with Insta Realty Team.
Ramandeep Gill
Harcharan Parhar
Amandeep Gill
Amarjit Pangly
Gurpreet Kaur
Ashish Narula
Krishan Gupta
Amandeep Gill
Ramandeep Kaur
Jagdev Singh
Karmjit Singh Gill
Harsimran Bawa
Manpreet Kaur
Neha Kaur
Kamal Tomar
Navi Tiwana
Jaskaran Brar
Aman Batth
Sumeer Sidhu
We are Hiring New or Experienced Realtors!
Kirandeep Parmar
Karan Nanda
Mousam Mann
Sahil Lamba
Insta Realty
BUY SELL INSTANTLY
www.instarlt.com
403.681.8689
Email: info@instarlt.com
#3256, 4310-104 Ave NE Calgary AB T3N 1W3